**Start CDL TRAINING**

**Become Professional Truck Driver**

www.cdlstart.com

startcdl@gmail.com

**(844) 227-2162**

**We speak Hindi and English**

START CDL TRAINING

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Kamaljeet Kaur (Realtor/Broker)

**Ph: 317-809-1818** **Ph: 317-909-9295**

midlandrealtygroup@yahoo.com kahlonkamaljeet@gmail.com

**Midland Realty Group-Company You Trust**



*Kamaljeet Kaur*

*Mortgage rates available from 2.1% to 3%*



Twenty-Second Year of Publication

*ਨਿਊ ਯਾਰਕ ਐਡੀਸ਼ਨ* Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 34, August 21st, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਤਾਲਿਬਾਨ ਦੀ ਵੀਹ ਸਾਲ ਲੰਮੀ ਛਾਲ

## ਅਫਗਾਨਿਸਤਾਨ ‘ਤੇ ਕਬਜ਼ਾ; ਅਮਰੀਕਾ ਦੀਆਂ ਕੋਸ਼ਿਸ਼ਾਂ ’ਤੇ ਪਾਣੀ ਫਿਰਿਆ



**ਕਾਬੁਲ:** ਅਫਗਾਨਿਸਤਾਨ ‘ਚ ਤਾਲਿਬਾਨ ਨੇ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ ਦਾ ਤਖਤਾ ਪਲਟਦਿਆਂ 10 ਦਿਨਾਂ ਵਿਚ ਦੇਸ਼ ਨੂੰ ਪੂਰੇ 20 ਸਾਲ ਪਿੱਛੇ ਧੱਕ ਦਿੱਤਾ ਹੈ। ਅਮਰੀਕਾ ਵੱਲੋਂ ਭਾਵੇਂ ਆਪਣੀਆਂ ਫੌਜਾਂ ਵਾਪਸ ਸੱਦਣ ਦੇ ਐਲਾਨ ਤੋਂ ਬਾਅਦ ਇਸ ਮੁਲਕ ਦੀ ਇਹ ਹੋਣੀ ਤੈਅ ਸੀ ਪਰ ਤਾਲਿਬਾਨ ਨੂੰ ਇੰਨੀ ਸੌਖੀ ਅਤੇ ਛੇਤੀ ਇਹ ‘ਸਫਲਤਾ‘ ਮਿਲਣੀ ਕਈ ਸਵਾਲ ਖੜ੍ਹੇ ਕਰ ਗਈ ਹੈ। ਇਥੋਂ ਤੱਕ ਕਿ ਤਾਲਿਬਾਨ ਖੁਦ ਸਰਕਾਰ ਦੇ ਇੰਨੀ ਛੇਤੀ ਗੋਡੇ ਟੇਕਣ ਤੋਂ ਹੈਰਾਨ ਹੈ।

ਤਾਲਿਬਾਨ ਆਪਣੀ ਰਣਨੀਤੀ ਵਿਚ ਉਸ ਸਮੇਂ ਸਫਲ ਹੋਏ ਜਦੋਂ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਫੜ੍ਹਾਂ ਮਾਰ ਰਹੇ ਸਨ ਕਿ ਉਹ 20 ਸਾਲਾਂ ਦੀਆਂ ‘ਪ੍ਰਾਪਤੀਆਂ’ ਨੂੰ ਅਜਾਈਂ ਨਹੀਂ ਜਾਣ ਦੇਣਗੇ। ਇਥੋਂ ਤੱਕ ਕਿ ਅਮਰੀਕੀ ਖੁਫੀਆ ਵਿਭਾਗ ਦਾ ਅੰਦਾਜ਼ਾ ਸੀ ਕਿ ਤਾਲਿਬਾਨ ਲੜਾਕੇ ਅਗਲੇ 90 ਦਿਨਾਂ ਵਿਚ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ’ਤੇ ਕਬਜ਼ਾ ਕਰ ਸਕਦੇ ਹਨ ਪਰ ਇਨ੍ਹਾਂ ਦਾਅਵਿਆਂ ਦੇ ਕੁਝ ਘੰਟੇ ਬਾਅਦ ਰਾਸ਼ਟਰਪਤੀ ਅਸ਼ਰਫ ਗਨੀ ਦੇਸ਼ ਛੱਡ ਕੇ ਭੱਜ ਗਿਆ ਅਤੇ ਤਾਲਿਬਾਨ ਬੜੀ ਆਸਾਨੀ ਨਾਲ ਕਾਬੁਲ ਅੰਦਰ ਜਾ ਵੜੇ।

ਗਨੀ ਨੂੰ ਸੋਸ਼ਲ ਮੀਡੀਆ ਉਤੇ ਲੋਕਾਂ ਨੇ ਕਾਇਰ ਕਰਾਰ ਦਿੱਤਾ ਹੈ। ਤਾਲਿਬਾਨ ਨੂੰ ਕਾਬੁਲ ਵਿਚ ਕਿਸੇ ਵੀ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਉਹ ਰਾਸ਼ਟਰਪਤੀ ਮਹਿਲ ਅੰਦਰ ਦਾਖਲ ਹੋ ਗਏ। ਪੱਛਮੀ ਦੇਸ਼ ਹੁਣ ਅਫਗਾਨਿਸਤਾਨ ਵਿਚੋਂ ਆਪਣੇ ਨਾਗਰਿਕਾਂ ਤੇ ਹੋਰਾਂ ਨੂੰ ਸੁਰੱਖਿਅਤ ਕੱਢਣ ਲਈ ਜੱਦੋਜਹਿਦ ਕਰ ਰਹੇ ਹਨ। ਦੇਸ਼ ਛੱਡਣ ਲੱਗਿਆਂ ਗਨੀ ਇਹ ਦਾਅਵਾ ਕਰ ਰਹੇ ਸਨ ਕਿ ਉਹ ਖੂਨ-ਖਰਾਬੇ ਨੂੰ ਰੋਕਣਾ ਚਾਹੁੰਦੇ ਸਨ, ਜਦਕਿ ਹੁਣ ਹਜ਼ਾਰਾਂ ਅਫਗਾਨ ਨਾਗਰਿਕ ਕਾਬੁਲ ਦੇ ਹਵਾਈ ਅੱਡੇ ਉਤੇ ਜਹਾਜ਼ਾਂ ‘ਚ ਸਵਾਰ ਹੋਣ ਲਈ ਤਰਲੇ ਕਰਦੇ ਨਜ਼ਰ ਆ ਰਹੇ ਹਨ।

ਅਮਰੀਕਾ ਵੱਲੋਂ ਆਪਣੀ ਫੌਜੀ ਵਾਪਸੀ ਪਿੱਛੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਦਾਅਵਾ ਕੀਤਾ ਸੀ ਕਿ ਹੁਣ ਅਫਗਾਨਿਸਤਾਨ ਦੀਆਂ ਸੁਰੱਖਿਆ ਫੌਜਾਂ ਤਾਲਿਬਾਨ ਦਾ ਲੱਕ ਤੋੜਨ ਦੇ ਸਮਰੱਥ ਹਨ। ਅਮਰੀਕਾ ਨੇ ਪਿਛਲੇ 20 ਸਾਲਾਂ ਦੌਰਾਨ ਇਕ ਟ੍ਰਿਲੀਅਨ ਡਾਲਰ ਤੋਂ ਵਧੇਰੇ ਖਰਚ ਕੀਤਾ ਹੈ, ਤਿੰਨ ਲੱਖ ਤੋਂ ਵੱਧ ਅਫਗਾਨੀਆਂ ਨੂੰ ਫੌਜ ਦੀ ਸਿਖਲਾਈ ਦਿੱਤੀ ਹੈ ਤੇ ਉਨ੍ਹਾਂ ਨੂੰ ਹਥਿਆਰਬੰਦ ਕੀਤਾ ਹੈ, ਪਰ ਇਸ ਤਾਕਤ ਦੀ ਵਰਤੋਂ ਨਾ ਕਰ ਸਕਣਾ ਵੀ ਵੱਡਾ ਸਵਾਲ ਹੈ। ਤਾਲਿਬਾਨ ਨੇ ਭਾਵੇਂ ਸੰਕੇਤ ਦਿੱਤੇ ਹਨ ਕਿ ਇਸ ਵਾਰ ਉਸ ਦਾ ਰਵੱਈਆ ਨਰਮੀ ਵਾਲਾ ਰਹੇਗਾ, ਉਨ੍ਹਾਂ ਨੇ ਸਰਕਾਰੀ ਮੁਲਾਜ਼ਮਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਵੀ ਆਪੋ-ਆਪਣਾ ਕੰਮ ਜਾਰੀ ਰੱਖਣ ਦਾ ਸੱਦਾ ਦਿੱਤਾ ਹੈ ਪਰ ਇਸ ਅਤਿਵਾਦੀ ਜਥੇਬੰਦੀ ਦੇ ਪਿਛਲੇ ਇਤਿਹਾਸ ਤੋਂ ਲੋਕ ਖੌਫਜ਼ਦਾ ਹਨ।

ਗੁਆਂਢੀ ਮੁਲਕ ਖਾਸ ਕਰਕੇ ਭਾਰਤ ਲਈ ਇਹ ਬੜਾ ਨਾਜ਼ਕ ਦੌਰ ਮੰਨਿਆ ਜਾ ਰਿਹਾ ਹੈ। ਅਫਗਾਨਿਸਤਾਨ ‘ਤੇ


***(ਬਾਕੀ ਸਫਾ 6 ਉਤੇ)***


## ਔਰਤਾਂ ਤੇ ਘੱਟ ਗਿਣਤੀਆਂ ਲਈ ਫਿਕਰਮੰਦ ਹੈ ਮਲਾਲਾ

**ਲੰਡਨ:** ਪਾਕਿਸਤਾਨੀ ਕਾਰਕੁਨ ਤੇ ਸਭ ਤੋਂ ਛੋਟੀ ਉਮਰ ਵਿਚ ਨੋਬੇਲ ਸ਼ਾਂਤੀ ਪੁਰਸਕਾਰ ਜਿੱਤਣ ਵਾਲੀ ਮਲਾਲਾ ਯੂਸੁਫਜ਼ਈ ਤਾਲਿਬਾਨ ਲੜਾਕਿਆਂ ਦੇ ਅਫਗਾਨਿਸਤਾਨ ‘ਤੇ ਮੁੜ ਕਾਬਜ਼ ਹੋਣ ਤੋਂ ਨਾ ਸਿਰਫ ਹੈਰਾਨ ਹੈ, ਬਲਕਿ ਉਹ ਜੰਗ ਦੇ ਝੰਬੇ ਮੁਲਕ ਵਿਚ ਰਹਿ ਰਹੀਆਂ ਔਰਤਾਂ, ਘੱਟ ਗਿਣਤੀਆਂ ਤੇ ਮਨੁੱਖੀ ਹੱਕਾਂ ਦੀ ਵਕਾਲਤ ਕਰਨ ਵਾਲੇ ਕਾਰਕੁਨਾਂ ਨੂੰ ਲੈ ਕੇ ਵੱਡੀ ਫਿਕਰਮੰਦ ਹੈ। ਇਸ ਵੇਲੇ ਯੂ.ਕੇ. ਵਿਚ ਰਹਿ ਰਹੀ ਮਲਾਲਾ ਨੇ ਟਵੀਟ ਵਿਚ ਕਿਹਾ ਕਿ ‘ਆਲਮੀ, ਖੇਤਰੀ ਤੇ ਸਥਾਨਕ ਤਾਕਤਾਂ ਨੂੰ ਫੌਰੀ ਗੋਲੀਬੰਦੀ ਦਾ ਸੱਦਾ ਦਿੰਦਿਆਂ ਮਨੁੱਖਾਂ ਨੂੰ ਇਮਦਾਦ ਦੇ ਨਾਲ ਸ਼ਰਨਾਰਥੀਆਂ ਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਤਾਲਿਬਾਨ ਵੱਲੋਂ ਹਿੰਦੂ-ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ

**ਅੰਮ੍ਰਿਤਸਰ:** ਅਫਗਾਨਿਸਤਾਨ ‘ਤੇ ਤਾਲਿਬਾਨ ਦੇ ਕਬਜ਼ੇ ਨੇ ਉਥੇ ਰਹਿੰਦੇ ਘੱਟ ਗਿਣਤੀਆਂ ਦਾ ਫਿਕਰ ਵਧਾ ਦਿੱਤਾ ਹੈ। ਖਾਸ ਕਰਕੇ ਹਿੰਦੂ ਸਿੱਖ ਭਾਈਚਾਰਾ ਸਹਿਮਿਆ ਹੋਇਆ ਹੈ। ਉਨ੍ਹਾਂ ਦੇ ਭਾਰਤ ਰਹਿੰਦੇ ਰਿਸ਼ਤੇਦਾਰ ਡਾਢੇ ਫਿਕਰਮੰਦ ਹਨ ਤੇ ਉਨ੍ਹਾਂ ਵੱਲੋਂ ਲਗਾਤਾਰ ਭਾਰਤ ਸਰਕਾਰ ਪਾਸੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਲੀ ਲਿਆਉਣ



ਦੀ ਮੰਗ ਕੀਤੀ ਜਾ ਰਹੀ ਹੈ। ਹਾਲਾਂਕਿ ਤਾਲਿਬਾਨ ਆਗੂਆਂ ਨੇ ਸਿੱਖ ਭਾਈਚਾਰੇ ਨਾਲ ਬੈਠਕ ਕਰ ਕੇ ਨਾ ਸਿਰਫ ਉਨ੍ਹਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ, ਸਗੋਂ ਆਪਣੇ ਫੋਨ ਨੰਬਰ ਉਨ੍ਹਾਂ ਨੂੰ ਦੇ ਕੇ ਇਹ ਵੀ ਕਿਹਾ ਕਿ ਕੋਈ ਵੀ ਮੁਸੀਬਤ ਆਉਣ ‘ਤੇ ਉਹ ਤਾਲਿਬਾਨ ਦੇ ਸੁਰੱਖਿਆ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਅਫਗਾਨਿਸਤਾਨ ‘ਚ ਮੌਜੂਦਾ ਸਮੇਂ ਕੁਲ 19-20 ਸਿੱਖ ਪਰਿਵਾਰ ਰਹਿ ਰਹੇ ਹਨ। ਜਿਨ੍ਹਾਂ ਦੀ ਆਬਾਦੀ 150 ਤੋਂ ਵੀ ਘੱਟ ਹੈ, ਜਦਕਿ ਹਿੰਦੂ ਭਾਈਚਾਰੇ ਦੀ ਗਿਣਤੀ 65 ਤੋਂ 70 ਦੇ ਵਿਚਕਾਰ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸਮੇਂ ਸਿੱਖ ਗੁਰਦੁਆਰਾ ਕਰਤਾ-ਏ-ਪਰਵਾਨ ਅਤੇ ਆਪਣੇ ਘਰਾਂ ‘ਚ ਟਿਕੇ ਹੋਏ ਹਨ, ਜਦਕਿ ਜ਼ਿਆਦਾਤਰ ਹਿੰਦੂ ਪਰਿਵਾਰ ਜਲਾਲਾਬਾਦ ਸ਼ਹਿਰ ਦੇ ਆਸਾਮਾਈ ਮੰਦਰ ‘ਚ ਅਸਥਾਈ ਤੌਰ ‘ਚ ਰਹਿ ਰਹੇ ਹਨ।


**ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ**

**ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਕਿਸਾਨੀ ਮਸਲਿਆਂ ਦੇ ਹੱਲ ਲਈ ਸਰਗਰਮ ਹੋਈ ਕੈਪਟਨ ਸਰਕਾਰ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਸਰਕਾਰ ਕਿਸਾਨੀ ਮਸਲਿਆਂ ਦੇ ਹੱਲ ਲਈ ਸਰਗਰਮੀ ਫੜਦੀ ਨਜ਼ਰ ਆ ਰਹੀ ਹੈ। ਚਰਚਾ ਹੈ ਕਿ ਸਰਕਾਰ ਛੇਤੀ ਹੀ ਵਿਧਾਨ ਸਭਾ ਵਿਚ ਖੇਤੀ ਕਾਨੂੰਨਾਂ ਨੂੰ ਮੁੱਢੋਂ ਰੱਦ ਕਰਨ, ਬਿਜਲੀ ਸਮਝੌਤੇ ਤੋੜਨ ਸਮੇਤ ਹੋਰ ਕਿਸਾਨ ਪੱਖੀ ਫੈਸਲੇ ਲੈਣ ਜਾ ਰਹੀ ਹੈ। ਇਸ ਤੋਂ ਇਲਾਵਾ ਵੱਖਰੇ ਖੇਤੀ ਬਜਟ ਬਾਰੇ ਵੀ ਅੰਦਰੋਂ ਅੰਦਰੀਂ ਗੱਲ ਤੁਰ ਰਹੀ ਹੈ।

ਦੱਸ ਦਈਏ ਕਿ ਕਰਨਾਟਕ ਤੇ ਆਂਧਰਾ ਪ੍ਰਦੇਸ ਤੋਂ ਬਾਅਦ ਤਾਮਿਲਨਾਡੂ ਵੱਖਰਾ ਖੇਤੀ ਬਜਟ ਪਾਸ ਕਰਨ ਵਾਲਾ ਤੀਜਾ ਰਾਜ ਬਣ ਗਿਆ ਹੈ। ਇਸ ਨੂੰ ਦੇਖਦੇ ਹੋਏ ਹੁਣ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਲੋਂ ਵੀ ਖੇਤੀ ਦਾ ਵੱਖਰਾ ਬਜਟ ਪੇਸ਼ ਕੀਤਾ ਜਾਵੇ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਮੁੱਦਾ ਚੁੱਕ ਕੇ ਵਿਰੋਧੀ ਧਿਰਾਂ ਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਗਾਮੀ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਸਿਆਸੀ ਪੈਂਤੜਾ ਖੇਡਿਆ ਹੈ ਕਿਉਂਕਿ ਪੰਜਾਬ ਦੇ ਪਿੰਡਾਂ 'ਚ ਬਾਕੀ ਧਿਰਾਂ ਵਾਂਗ ਕਾਂਗਰਸ ਦੇ ਵਿਧਾਇਕਾਂ ਤੇ ਵਜ਼ੀਰਾਂ ਦੀ ਵੀ ਕਿਸਾਨ ਘੇਰਾਬੰਦੀ ਕਰ ਰਹੇ ਹਨ। ਦੱਸ ਦਈਏ ਕਿ ਕੈਪਟਨ ਭਾਵੇਂ ਇਸ ਤੋਂ ਪਹਿਲਾਂ ਵੀ ਅਮਿਤ ਸ਼ਾਹ ਕੋਲ ਕਿਸਾਨਾਂ ਦਾ ਮੁੱਦਾ ਚੁੱਕਣ ਗਏ ਸਨ ਪਰ ਉਨ੍ਹਾਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਮਸਲਾ ਹੱਲ ਕਰਨ ਦੀ ਥਾਂ ਅੰਦੋਲਨ ਕਾਰਨ ਸਰਹੱਦ ਪਾਰੋਂ ਅਤਿਵਾਦ ਆਉਣ ਦੇ ਤਰਕ ਦੇਣ ਉਤੇ ਵੱਧ ਜ਼ੋਰ ਦਿੱਤਾ ਸੀ। ਪਰ ਇਸ ਵਾਰ ਕੈਪਟਨ ਨੇ ਸੰਘਰਸ਼ ਦੌਰਾਨ ਕਿਸਾਨਾਂ ਦੀਆਂ ਮੁਸ਼ਕਲਾਂ ਦੀ ਗੱਲ ਵੀ ਰੱਖੀ।

ਚੇਤੇ ਰਹੇ ਕਿ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰ ਸਰਕਾਰ ਦਰਮਿਆਨ ਖੇਤੀ ਕਾਨੂੰਨਾਂ ਨੂੰ ਲੈ ਕੇ 22 ਜਨਵਰੀ ਤੋਂ ਸੰਵਾਦ ਬੰਦ ਹੈ। ਮਾਨਸੂਨ ਇਜਲਾਸ ਦੌਰਾਨ ਸੰਸਦੀ ਕਾਰਵਾਈ 'ਚ ਪਏ ਅੜਿੱਕਿਆਂ ਮਗਰੋਂ ਕੇਂਦਰ ਸਰਕਾਰ ਅੰਦਰੋਂ ਕਾਫੀ ਪ੍ਰੇਸ਼ਾਨ ਹੈ।

ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਵੀ ਖੇਤੀ ਕਾਨੂੰਨਾਂ ਦਾ ਮੁੱਦਾ ਚੁੱਕਿਆ। ਮੁੱਖ ਮੰਤਰੀ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਹੀ ਦਿੱਲੀ ਵਿਚ ਰੁਕੇ ਹੋਏ ਸਨ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਦਖਲ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਮੌਜੂਦਾ ਕਿਸਾਨ ਅੰਦੋਲਨ ਨਾ ਸਿਰਫ ਪੰਜਾਬ ਵਿਚ ਆਰਥਿਕ ਸਰਗਰਮੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਸਗੋਂ ਇਸ ਦਾ ਸਮਾਜਿਕ ਤਾਣੇ-ਬਾਣੇ ਉਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ। ਕੈਪਟਨ ਨੇ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਅਤੇ ਡੀ.ਏ.ਪੀ. ਦੀ ਘਾਟ ਦੇ ਖਦਸ਼ਿਆਂ ਦਾ ਹੱਲ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜ਼ਮੀਨਾਂ ਵੰਡੇ ਜਾਣ ਤੇ ਪਟੇ ਉਤੇ ਜ਼ਮੀਨ ਲੈਣ ਵਾਲਿਆਂ ਅਤੇ ਮਾਰਕੀਟ ਅਪਰੇਟਰਾਂ ਤੇ ਏਜੰਟਾਂ ਨਾਲ ਲਗਾਤਾਰ ਵਿਵਾਦ ਕਾਰਨ ਕਿਸਾਨਾਂ ਨੂੰ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨਾਲ ਉਨ੍ਹਾਂ ਦੇ ਪਹਿਲਾਂ ਹੀ ਨਿਗੂਣੇ ਵਿੱਤੀ ਵਸੀਲਿਆਂ ਉਤੇ ਹੋਰ ਬੋਝ ਪੈਂਦਾ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਕੇਂਦਰੀ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ-1987 ਵਿਚ ਕੁਝ ਖਾਸ ਸ਼੍ਰੇਣੀਆਂ ਦੇ ਉਨ੍ਹਾਂ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਮਦਦ ਦੇਣ ਦਾ ਉਪਬੰਧ ਹੈ ਜੋ ਕਿ ਸਮਾਜ ਦੇ ਕਮਜ਼ੋਰ ਤਬਕੇ ਸਮਝੇ ਜਾਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ-1987 ਦੇ ਸੈਕਸ਼ਨ 12 ਵਿਚ ਤਰਮੀਮ ਕਰਦੇ ਹੋਏ ਇਸ ਵਿਚ ਕਿਸਾਨਾਂ ਅਤੇ ਖੇਤੀ ਕਾਮਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ।

ਉਨ੍ਹਾਂ ਕੌਮੀ ਸੁਰੱਖਿਆ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨੂੰ ਇਹ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਅਪੀਲ ਕੀਤੀ ਹੈ। ਕੌਮੀ ਰਾਜਧਾਨੀ ਦੀ ਆਪਣੀ ਫੇਰੀ ਦੇ ਦੂਜੇ ਦਿਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦੋ ਵੱਖ-ਵੱਖ ਪੱਤਰ ਵੀ ਸੌਂਪੇ। ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਪੰਜਾਬ ਤੇ ਹੋਰਨਾਂ ਸੂਬਿਆਂ 'ਚ ਬਣੇ ਕਿਸਾਨੀ ਰੋਹ ਦੀ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੂੰ ਤਿੰਨੋਂ ਖੇਤੀ ਕਾਨੂੰਨਾਂ ਦਾ ਜਾਇਜ਼ਾ ਲੈ ਕੇ ਇਨ੍ਹਾਂ ਨੂੰ ਤੁਰਤ ਮਨਸੂਖ ਕਰਨ ਲਈ ਆਖਿਆ।

ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਦੌਰਾਨ ਆਪਣੀ ਜਾਨ ਗੁਆ ਚੁੱਕੇ 400 ਕਿਸਾਨਾਂ ਅਤੇ ਖੇਤ ਕਾਮਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਖਦਸ਼ਾ ਜਤਾਇਆ ਕਿ ਕਿਸਾਨੀ ਸੰਘਰਸ਼ ਕਾਰਨ ਪੰਜਾਬ ਤੇ ਮੁਲਕ ਦੀ ਸੁਰੱਖਿਆ ਨੂੰ ਵੱਡਾ ਖਤਰਾ ਖੜ੍ਹਾ ਹੋ ਸਕਦਾ ਹੈ ਕਿਉਂਕਿ ਭਾਰਤ ਵਿਰੋਧੀ ਤਾਕਤਾਂ ਸਰਕਾਰ ਪ੍ਰਤੀ ਕਿਸਾਨਾਂ ਦੀ ਨਾਰਾਜ਼ਗੀ ਦਾ ਨਾਜਾਇਜ਼ ਲਾਹਾ ਚੁੱਕਣ ਦੀ ਤਾਕ ਵਿਚ ਹਨ।

## 'ਆਪ' ਨੇ ਬਾਦਲ ਦੀ ਚੁੱਪ 'ਤੇ ਚੁੱਕੇ ਸੁਆਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਅਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਖੇਤੀ ਕਾਨੂੰਨਾਂ ਬਾਰੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੁੱਪ 'ਤੇ ਸੁਆਲ ਚੁੱਕਦਿਆਂ ਕਿਹਾ ਕਿ ਬਾਦਲ ਪਰਿਵਾਰ ਅਤੇ ਨਰਿੰਦਰ ਮੋਦੀ ਰਲੇ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਜਬਰੀ ਥੋਪੇ ਜਾ ਰਹੇ ਸਨ, ਉਦੋਂ ਸ੍ਰੀ ਬਾਦਲ ਨੇ ਵੀਡੀਓ ਰਾਹੀਂ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸਿਆ ਸੀ ਪਰ ਜਦੋਂ ਕਿਸਾਨਾਂ ਦੇ ਦਬਾਅ ਹੇਠ ਭਾਜਪਾ ਨਾਲੋਂ ਗੱਠਜੋੜ ਤੋੜਨਾ ਪਿਆ ਤਾਂ ਉਸ ਮਗਰੋਂ ਉਨ੍ਹਾਂ ਨੇ ਇਕ ਵਾਰ ਵੀ ਖੇਤੀ ਕਾਨੂੰਨਾਂ ਖ਼ਿਲਾਫ ਆਪਣਾ ਮੂੰਹ ਨਹੀਂ ਖੋਲ੍ਹਿਆ। 'ਆਪ' ਆਗੂ ਨੇ ਕਿਹਾ ਕਿ ਸਮਾਂ ਆਉਣ 'ਤੇ ਬਾਦਲ ਭਾਜਪਾ ਨਾਲ ਹੱਥ ਮਿਲਾ ਲੈਣਗੇ।

## ਕੈਪਟਨ ਨੇ ਮੋਦੀ ਨਾਲ ਕਿਸਾਨੀ ਦੀ ਗੱਲ ਨਹੀਂ ਕੀਤੀ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੀਟਿੰਗ ਮੌਕੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਲਈ ਦਿੱਤੀ ਦਲੀਲ 'ਤੇ ਇਤਰਾਜ਼ ਜਤਾਉਂਦੇ ਹੋਏ ਇਸ ਪਿੱਛੇ ਖਤਰਨਾਕ ਏਜੰਡਾ ਹੋਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਦੌਰਾਨ ਕੈਪਟਨ ਨੇ ਕਿਸਾਨੀ ਦੀ ਹੋਂਦ ਦੀ ਗੱਲ ਹੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਉਪਰੰਤ ਕੈਪਟਨ ਅਮਰਿੰਦਰ ਸਿੰਘ ਨੇ ਬਿਆਨ ਜਾਰੀ ਕਰ ਕੇ ਜਾਣਕਾਰੀ ਦਿੱਤੀ ਕਿ ਨਰਿੰਦਰ ਮੋਦੀ ਕੋਲ ਉਨ੍ਹਾਂ ਕਿਹੜੇ-ਕਿਹੜੇ ਮੁੱਦੇ ਰੱਖੇ। ਮੁੱਖ ਮੰਤਰੀ ਨੇ ਇਕ ਥਾਂ ਵੀ ਸਪੱਸ਼ਟ ਸ਼ਬਦਾਂ 'ਚ ਨਹੀਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਥੋਪੇ ਗਏ ਤਿੰਨੋਂ ਕਾਨੂੰਨ ਅੰਨਦਾਤਾ ਦੀ ਹੋਂਦ ਲਈ ਹੀ ਖਤਰਾ ਹਨ।



A & I Transport Inc.
123 E Lee Rd., Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜ਼ਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*
• Class A Driver. • Clean driving record • Ability to pass DOT drug test.

*We offer the following benefits of employment*
• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.
*Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਪੰਜਾਬ ਸਰਕਾਰ ਨੇ ਸਨਅਤਾਂ ਖਿੱਚਣ ਲਈ ਨਰਮ ਕੀਤੀਆਂ ਪਾਬੰਦੀਆਂ

**ਚੰਡੀਗੜ੍ਹ:** ਸੂਬੇ ਵਿਚੋਂ ਲਾਲ ਫੀਤਾਸ਼ਾਹੀ ਖਤਮ ਕਰਕੇ ਕਾਰੋਬਾਰ ਤੇ ਸਨਅਤਾਂ ਨੂੰ ਉਤਸ਼ਾਹਿਤ ਕਰਨ ਵੱਲ ਕਦਮ ਵਧਾਉਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਤੱਕ 1498 ਸ਼ਰਤਾਂ ਨੂੰ ਸਫਲਤਾਪੂਰਵਕ ਹਟਾ ਦਿੱਤਾ ਗਿਆ



ਹੈ ਅਤੇ ਭਵਿੱਖ ਵਿਚ ਕਾਰੋਬਾਰ ਅਤੇ ਉਦਯੋਗਾਂ ਲਈ ਸੁਖਾਵੇਂ ਮਾਹੌਲ ਵਾਸਤੇ ਹੋਰ ਲਾਜ਼ਮੀ ਸ਼ਰਤਾਂ ਘਟਾਈਆਂ ਜਾਣਗੀਆਂ।ਮੁੱਖ ਸਕੱਤਰ ਸ੍ਰੀਮਤੀ ਵਿਨੀ ਮਹਾਜਨ ਨੇ ਇਥੇ ਵੱਖ-ਵੱਖ ਵਿਭਾਗਾਂ ਵੱਲੋਂ ਸ਼ਰਤਾਂ ਘਟਾਉਣ ਲਈ ਚੁੱਕੇ ਕਦਮਾਂ ਦੀ ਸਮੀਖਿਆ ਲਈ ਬੁਲਾਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਸ਼ਰਤਾਂ ਹੋਰ ਘਟਾਉਣ ਦੀ ਪ੍ਰਕਿਰਿਆ ਨੂੰ ਇਸੇ ਮਹੀਨੇ ਦੇ ਅਖੀਰ ਤੱਕ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ। ਸ੍ਰੀਮਤੀ ਮਹਾਜਨ ਨੇ ਦੱਸਿਆ ਕਿ ਇਹ ਸ਼ਰਤਾਂ ਦੋ ਸ਼੍ਰੇਣੀਆਂ ਸਰਕਾਰ ਤੋਂ ਕਾਰੋਬਾਰ (ਜੀ.ਟੂ.ਬੀ.) ਅਤੇ ਸਰਕਾਰ ਤੋਂ ਨਾਗਰਿਕ (ਜੀ.ਟੂ.ਸੀ.) ਅਧੀਨ ਆਉਂਦੀਆਂ ਹਨ ਅਤੇ ਇਨ੍ਹਾਂ ਸ਼ਰਤਾਂ ਨੂੰ ਘਟਾਉਣ ਦਾ ਉਦੇਸ਼ ਉਪਭੋਗਤਾਵਾਂ ਦੇ ਖਰਚੇ ਅਤੇ ਸਮੇਂ ਨੂੰ ਬਚਾਉਣਾ ਹੈ। 'ਜੀ ਟੂ ਬੀ' ਸ਼ਰਤਾਂ ਨੂੰ ਸਮੇਂ ਸਿਰ ਲਾਗੂ ਕਰਨ ਲਈ ਸਾਰੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਨ ਵਾਸਤੇ ਇਨਵੈਸਟ ਪੰਜਾਬ ਨੋਡਲ ਏਜੰਸੀ ਹੈ, ਜਦੋਂਕਿ 'ਜੀ ਟੂ ਸੀ' ਸ਼ਰਤਾਂ ਲਈ ਪ੍ਰਸ਼ਾਸਨਿਕ ਸੁਧਾਰ ਵਿਭਾਗ ਨੋਡਲ ਏਜੰਸੀ ਹੈ। 'ਜੀ ਟੂ ਬੀ' ਸ਼ਰਤਾਂ ਦੀ ਮੌਜੂਦਾ ਸਥਿਤੀ ਬਾਰੇ ਇਨਵੈਸਟ ਪੰਜਾਬ ਦੇ ਸੀ.ਈ.ਓ. ਰਜਤ ਅਗਰਵਾਲ ਨੇ ਮੁੱਖ ਸਕੱਤਰ ਨੂੰ ਦੱਸਿਆ ਕਿ 16 ਵਿਭਾਗਾਂ ਨੇ ਪਹਿਲੇ ਅਤੇ ਦੂਜੇ ਪੜਾਅ ਅਧੀਨ 628 ਕਾਰੋਬਾਰ ਸਬੰਧੀ ਹਟਾਈਆਂ ਜਾਣ ਵਾਲੀਆਂ ਸ਼ਰਤਾਂ ਦੀ ਪਛਾਣ ਕਰਕੇ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਹੈ। 'ਜੀ ਟੂ ਸੀ' ਬਾਰੇ ਡਾਇਰੈਕਟਰ ਪ੍ਰਸ਼ਾਸਨਿਕ ਸੁਧਾਰ ਪਰਮਿੰਦਰਪਾਲ ਸਿੰਘ ਨੇ ਦੱਸਿਆ ਕਿ 28 ਵਿਭਾਗਾਂ ਨੇ ਪਹਿਲੇ ਅਤੇ ਦੂਜੇ ਪੜਾਅ ਵਿੱਚ 870 ਸ਼ਰਤਾਂ ਦੀ ਪਛਾਣ ਕਰਕੇ ਇਨ੍ਹਾਂ ਨੂੰ ਲਾਗੂ ਕਰ ਦਿੱਤਾ ਹੈ।

# ਚੰਡੀਗੜ੍ਹ ਲਈ ਵੱਖਰਾ ਪ੍ਰਸ਼ਾਸਕ ਲਾਉਣ ਦੇ ਫੈਸਲੇ ਤੋਂ ਅਕਾਲੀ ਦਲ ਫਿਕਰਮੰਦ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਚੰਡੀਗੜ੍ਹ ਲਈ ਪੰਜਾਬ ਦੇ ਰਾਜਪਾਲ ਤੋਂ ਪ੍ਰਸ਼ਾਸਕ ਦਾ ਚਾਰਜ ਖੋਹ ਕੇ ਵੱਖਰਾ ਪ੍ਰਸ਼ਾਸਕ ਲਾਉਣ ਦੇ ਫੈਸਲੇ ਦੀ ਮੁੜ ਸਮੀਖਿਆ ਕੀਤੀ ਜਾਵੇ।

ਅਕਾਲੀ ਦਲ ਦੇ ਪ੍ਰਧਾਨ ਨੇ ਗ੍ਰਹਿ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਇਸ ਕਦਮ ਨੂੰ ਪੰਜਾਬ ਦੇ ਰਾਜਧਾਨੀ ਵਾਲੇ ਸ਼ਹਿਰ 'ਤੇ ਦਾਅਵੇ ਨੂੰ ਖਤਮ ਕਰਨ ਦਾ ਇਕ ਹੋਰ ਯਤਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਅੰਗ ਹੈ ਤੇ ਇਹ ਛੇਤੀ ਇਸ ਦੇ ਪਿੱਤਰੀ ਰਾਜ ਨੂੰ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਸੁਖਬੀਰ ਬਾਦਲ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਸੂਬੇ ਬਾਹਰੋਂ ਚੰਡੀਗੜ੍ਹ ਲਈ ਨਿਰੋਲ ਪ੍ਰਸ਼ਾਸਕ ਲਾਉਣ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰ ਸ਼ਾਸਿਤ ਪ੍ਰਦੇਸ਼ ਪੰਜਾਬ ਨੂੰ ਤਬਦੀਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪ੍ਰਸ਼ਾਸਕ ਲਾਉਣਾ ਹੀ ਹੈ ਤਾਂ ਇਹ ਪਿਤਰੀ ਰਾਜ ਵਿਚੋਂ ਹੋਣਾ ਚਾਹੀਦਾ ਹੈ। ਪਹਿਲਾਂ ਵੀ ਚੰਡੀਗੜ੍ਹ ਦਾ ਚੀਫ ਕਮਿਸ਼ਨਰ ਪੰਜਾਬ ਤੋਂ ਹੁੰਦਾ ਸੀ।

ਉਨ੍ਹਾਂ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਅਫਸਰਾਂ ਦੀ ਤਾਇਨਾਤੀ ਵੇਲੇ 60:40 ਅਨੁਪਾਤ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਇਥੇ ਬਹੁ ਗਿਣਤੀ ਅਫਸਰ ਪੰਜਾਬ ਦੇ ਹੋਣੇ ਚਾਹੀਦੇ ਹਨ।

ਵੱਖਰੇ ਕੇਡਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਪੰਜਾਬ ਦੀਆਂ ਸੇਵਾਵਾਂ ਵਾਲੇ ਅਫਸਰਾਂ ਦੀ ਗਿਣਤੀ ਘਟਾ ਦਿੱਤੀ ਹੈ ਤੇ ਹੁਣ ਏ. ਜੀ. ਐਮ. ਯੂ. ਟੀ. ਅਫਸਰ 60:40 ਅਨੁਪਾਤ ਦੀ ਉਲੰਘਣਾ ਕਰਦਿਆਂ ਸਾਰੀਆਂ ਮੁੱਖ ਪੋਸਟਾਂ 'ਤੇ ਲਾਏ ਜਾ ਰਹੇ ਹਨ।

## ਵੱਖਰੇ ਪ੍ਰਸ਼ਾਸਕ ਦੀ ਕੋਈ ਯੋਜਨਾ ਨਹੀਂ: ਗ੍ਰਹਿ ਮੰਤਰਾਲਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਸਪਸ਼ਟ ਕੀਤਾ ਹੈ ਕਿ ਚੰਡੀਗੜ੍ਹ ਲਈ ਵੱਖਰਾ ਪ੍ਰਸ਼ਾਸਕ ਨਿਯੁਕਤ ਕਰਨ ਦੀ ਕੋਈ ਯੋਜਨਾ ਨਹੀਂ ਹੈ ਅਤੇ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਤੋਂ ਹਟਾਉਣ ਸਬੰਧੀ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ। ਗ੍ਰਹਿ ਮੰਤਰਾਲੇ ਨੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਉਸ ਦਾਅਵੇ ਨੂੰ ਵੀ ਖਾਰਜ ਕੀਤਾ ਕਿ ਉਨ੍ਹਾਂ ਇਹ ਮੁੱਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਉਠਾਇਆ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸਬੰਧੀ ਸ਼ੰਕਾਵਾਂ ਨੂੰ ਨਿਰਾਧਾਰ ਦੱਸਿਆ।


# Matrimonials

### ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5", US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029 28-31

### ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221 26-29


# ਕੇਂਦਰ ਵੱਲੋਂ ਪੈਟਰੋਲ-ਡੀਜ਼ਲ ਕੀਮਤਾਂ ਵਿਚ ਰਾਹਤ ਦੇਣ ਤੋਂ ਹੱਥ ਖੜ੍ਹੇ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚੀਆਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਲਈ ਐਕਸਾਈਜ਼ ਡਿਊਟੀ 'ਚ ਕਟੌਤੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਇਨ੍ਹਾਂ ਈਂਧਣਾਂ 'ਤੇ ਦਿੱਤੀ ਗਈ ਭਾਰੀ ਸਬਸਿਡੀ ਬਦਲੇ ਕੀਤੇ ਜਾ ਰਹੇ ਭੁਗਤਾਨ ਕਾਰਨ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਸਾਲਾਂ ਦੌਰਾਨ ਤੇਲ ਬਾਂਡ 'ਤੇ ਕੁੱਲ ਮਿਲਾ ਕੇ 70,195.72 ਕਰੋੜ ਰੁਪਏ ਦੇ ਵਿਆਜ ਦਾ ਭੁਗਤਾਨ ਕੀਤਾ ਗਿਆ ਹੈ।





## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

ਫੋਨ: 515-291-1961

31-34

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਮੋਦੀ ਸਰਕਾਰ ਕਾਨੂੰਨ ਵਾਪਸ ਲੈਣ ਲਈ ਵਿਚਕਾਰਲਾ ਰਸਤਾ ਲੱਭ ਰਹੀ: ਟਿਕੈਤ

**ਫਤਹਿਗੜ੍ਹ ਸਾਹਿਬ:** ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਿਕੈਤ ਨੇ ਦਾਅਵਾ ਕੀਤਾ ਕਿ ਕਿਸਾਨ ਅੰਦੋਲਨ ਦੀ ਸਫਲਤਾ ਬਹੁਤ ਨੇੜੇ ਹੈ, ਕਿਉਂਕਿ ਸੰਸਦ ਦੇ ਇਜਲਾਸ ਦੌਰਾਨ ਸਾਰੀਆਂ ਵਿਰੋਧੀ ਪਾਰਟੀਆਂ ਨੇ ਖੇਤੀ ਕਾਨੂੰਨਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਸਰਕਾਰ ਨੂੰ ਮਰਜ਼ੀ ਅਨੁਸਾਰ ਇਜਲਾਸ ਨਹੀਂ ਚਲਾਉਣ ਦਿੱਤਾ।



ਮੋਦੀ ਸਰਕਾਰ ਨੇ ਕਿਸਾਨ ਅੰਦੋਲਨ ਦਾ ਸੇਕ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਹੁਣ ਉਹ ਤਿੰਨੋਂ ਵਿਵਾਦਪੂਰਨ ਕਾਨੂੰਨਾਂ ਨੂੰ ਵਾਪਸ ਲੈਣ ਲਈ ਵਿਚਕਾਰਲਾ ਰਸਤਾ ਲੱਭ ਰਹੇ ਹਨ। ਟਿਕੈਤ ਜਿਲ੍ਹਾ ਫਤਹਿਗੜ੍ਹ ਸਾਹਿਬ ਅਧੀਨ ਪੈਂਦੇ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਡੇਰੇ 'ਤੇ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ ਅਤੇ ਜਿੱਤ ਦੀ ਅਰਦਾਸ ਕਰਨ ਪੁੱਜੇ ਸਨ, ਜਿਥੇ ਉਨ੍ਹਾਂ ਸੰਤ ਬਾਬਾ ਪਰਮਜੀਤ ਸਿੰਘ ਕੋਲੋਂ ਅਸ਼ੀਰਵਾਦ ਵੀ ਲਿਆ।

ਟਿਕੈਤ ਨੇ ਕਿਹਾ ਕਿ ਕਿਸਾਨ ਆਗਾਮੀ ਵਿਧਾਨ ਸਭਾ ਚੋਣਾਂ 'ਚ ਸਾਰੇ ਸੂਬਿਆਂ ਖਾਸ ਕਰ ਉੱਤਰ ਪ੍ਰਦੇਸ਼ ਤੇ ਉੱਤਰਾਖੰਡ 'ਚ ਪੂਰੇ ਜ਼ੋਰ ਨਾਲ ਭਾਜਪਾ ਦਾ ਵਿਰੋਧ ਕਰਨਗੇ। ਉਦਰ, ਰਾਕੇਸ਼ ਟਿਕੈਤ ਦੇ ਪਿੰਡ ਸਿਸੌਲੀ ਵਿਚ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਲੋਕਾਂ ਨੇ ਬੁਧਾਨਾ ਹਲਕੇ ਤੋਂ ਭਾਜਪਾ ਵਿਧਾਇਕ ਉਮੇਸ਼ ਮਲਿਕ ਦੀ ਕਾਰ 'ਤੇ ਹਮਲਾ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀ ਕਾਰ 'ਤੇ ਪੱਥਰਬਾਜ਼ੀ ਕੀਤੀ ਤੇ ਕਾਲੀ ਸਿਆਹੀ ਮਲ ਦਿੱਤੀ। ਇਸ ਘਟਨਾ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸੇ ਤਰ੍ਹਾਂ ਦੀ ਇਕ ਹੋਰ ਵੀਡੀਓ ਵਿਚ ਵਿਧਾਇਕ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਹਮਲਾਵਰ ਭਾਰਤੀ ਕਿਸਾਨ ਯੂਨੀਅਨ ਨਾਲ ਜੁੜੇ ਹੋਏ ਸਨ। ਸਿਸੌਲੀ ਬੀ.ਕੇ.ਯੂ. ਆਗੂ ਰਾਕੇਸ਼ ਟਿਕੈਤ ਦਾ ਪਿੰਡ ਹੈ ਅਤੇ ਯੂਨੀਅਨ ਦਾ ਮੁੱਖ ਦਫਤਰ ਵੀ ਇਥੇ ਹੀ ਹੈ।

## ਕਿਸਾਨ ਭਾਜਪਾ ਖਿਲਾਫ ਵੋਟ ਪਾਉਣਗੇ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਭਾਜਪਾ ਵੱਲੋਂ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਰੱਖੇ ਗਏ ਸਮਾਗਮ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਵੋਟਾਂ ਨੇੜੇ ਆਉਣ 'ਤੇ ਹੁਣ ਭਾਜਪਾ ਨੂੰ ਕਿਸਾਨ ਦਿਖਾਈ ਦੇ ਰਹੇ ਹਨ। ਸ੍ਰੀ ਯਾਦਵ ਨੇ ਕਿਹਾ ਕਿ ਅਗਲੀਆਂ ਚੋਣਾਂ ਵਿਚ ਕਿਸਾਨ ਬਿਨਾ ਝਿਜਕ ਭਾਜਪਾ ਦੇ ਖਿਲਾਫ ਵੋਟਾਂ ਪਾਉਣਗੇ। ਸਾਬਕਾ ਮੁੱਖ ਮੰਤਰੀ ਨੇ ਕਿਹਾ, 'ਸੁਣਨ ਵਿਚ ਆਇਆ ਹੈ ਕਿ ਭਾਜਪਾ ਵੱਲੋਂ ਉੱਤਰ ਪ੍ਰਦੇਸ਼ ਵਿਚ 'ਕਿਸਾਨ ਸੰਮੇਲਨ' ਰੱਖਿਆ ਗਿਆ ਹੈ। ਜਦੋਂ ਅੰਨਦਾਤਾ ਦੇ ਵੋਟਰ ਬਣਨ ਦਾ ਵੇਲਾ ਨੇੜੇ ਆਉਂਦਾ ਹੈ ਤਾਂ ਭਾਜਪਾ ਨੂੰ ਕਿਸਾਨ ਚੇਤੇ ਆ ਜਾਂਦੇ ਹਨ। ਪਰ ਇਸ ਵਾਰ ਕਿਸਾਨ ਭਾਜਪਾ ਦੇ ਜਾਲ ਵਿੱਚ ਨਹੀਂ ਫਸਣਗੇ।

# ਲਾਲਾ ਲਾਜਪਤ ਰਾਏ ਦੇ ਘਰ ਦੀ ਸੰਭਾਲ ਕਰੇਗੀ ਸਰਕਾਰ

**ਜਗਰਾਉਂ:** ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਘਰ, ਲਾਇਬ੍ਰੇਰੀ ਅਤੇ ਸ਼ਹਿਰ ਦੇ ਵਿਕਾਸ ਲਈ ਸੂਬਾ ਸਰਕਾਰ ਵੱਲੋਂ 1.62 ਕਰੋੜ ਦੀ ਗਰਾਂਟ ਜਾਰੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਲਾਲਾ ਜੀ ਦੇ ਜੱਦੀ ਘਰ ਦਾ ਦੌਰਾ ਕਰਕੇ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਇਥੋਂ ਦੀਆਂ ਸਮਾਜ ਸੇਵੀ ਸੰਸਥਾਵਾਂ ਤੇ ਲੋਕਾਂ ਨੇ ਕਈ ਵਾਰ ਸੂਬਾ ਅਤੇ ਕੇਂਦਰ ਸਰਕਾਰ ਨੂੰ ਲਾਲਾ ਲਾਜਪਤ ਰਾਏ ਦੇ ਜੱਦੀ ਸ਼ਹਿਰ ਜਗਰਾਉਂ ਤੇ ਉਨ੍ਹਾਂ ਦੇ ਪੁਸ਼ਤੈਨੀ ਘਰ ਦੀ ਸਾਰ ਲੈਣ ਦੀ ਅਪੀਲ ਕੀਤੀ ਸੀ ਪਰ ਸਰਕਾਰਾਂ ਨੇ ਸਾਰ ਨਹੀਂ ਲਈ।



ਡੀਸੀ ਨੇ ਕਿਹਾ ਕਿ ਸਰਕਾਰ ਆਉਂਦੇ ਦਿਨਾਂ 'ਚ ਲਾਲਾ ਲਾਜਪਤ ਰਾਏ ਭਵਨ ਦਾ ਨਿਰਮਾਣ ਕਰੇਗੀ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੋਵੇਗਾ। ਏ.ਡੀ.ਸੀ. ਨਯਨ ਜੱਸਲ ਤੇ ਉਪ-ਮੰਡਲ ਮੈਜਿਸਟਰੇਟ ਵਿਕਾਸ ਹੀਰਾ ਅਨੁਸਾਰ ਗਰਾਂਟ ਦੋ ਹਿੱਸਿਆਂ 'ਚ ਜਾਰੀ ਕੀਤੀ ਗਈ ਹੈ, ਪਹਿਲਾਂ 1.57 ਕਰੋੜ ਦਿੱਤੇ ਗਏ ਤੇ ਹੁਣ 5 ਲੱਖ ਰੁਪਏ ਹੋਰ ਭੇਜੇ ਗਏ ਹਨ। ਡੀ.ਸੀ. ਨੇ ਆਖਿਆ ਕਿ ਲਾਇਬਰੇਰੀ ਅਤੇ ਲਾਲਾ ਜੀ ਦੇ ਘਰ ਦੀ ਸੰਭਾਲ ਲਈ ਉਚਿਤ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਏ.ਡੀ.ਸੀ. ਤੇ ਐਸ.ਡੀ.ਐਮ. ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਗਰਾਂਟ ਦੇ ਖਰਚ ਕਰਨ ਸਬੰਧੀ ਸਾਰਾ ਬਿਓਰਾ ਆਉਂਦੇ ਦਿਨਾਂ 'ਚ ਸਾਂਝਾ ਕਰਨ ਬਾਰੇ ਆਖਿਆ। ਇਸ ਮੌਕੇ ਅਗਰਸੈਨ ਸਮਿਤੀ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਵੱਲੋਂ ਇਹ ਮੁੱਦਾ ਵਿਧਾਨ ਸਭਾ 'ਚ ਉਠਾਉਣ ਦੀ ਸ਼ਲਾਘਾ ਕੀਤੀ ਗਈ।

# ਖੱਟਰ ਦੇ ਛੋਟੇ ਭਰਾ ਦਾ ਦੇਹਾਂਤ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਛੋਟੇ ਭਰਾ ਗੁਲਸ਼ਨ ਖੱਟਰ (56) ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਨਿਮੋਨੀਏ ਦੀ ਸ਼ਿਕਾਇਤ ਸੀ ਤੇ ਉਨ੍ਹਾਂ ਨੂੰ ਗੁੜਗਾਓਂ ਦੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ ਤੇ ਤਿੰਨ ਬੱਚੇ ਹਨ।

ਮੁੱਖ ਮੰਤਰੀ ਨੇ ਆਪਣੇ ਟਵਿੱਟਰ ਹੈਂਡਲ 'ਤੇ ਭਰਾ ਦੇ ਅਕਾਲ ਚਲਾਣੇ ਦੀ ਖਬਰ ਸਾਂਝੀ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਹੈ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸੱਤ ਭੈਣ-ਭਰਾਵਾਂ 'ਚੋਂ ਸਭ ਤੋਂ ਵੱਡੇ ਹਨ। ਗੁਲਸ਼ਨ ਖੱਟਰ ਰੋਹਤਕ ਜਿਲ੍ਹੇ ਵਿਚ ਭਿਵਾਨੀ ਚੁੰਗੀ ਖੇਤਰ ਨੇੜੇ ਰਹਿੰਦੇ ਸੀ। ਉਹ ਪਹਿਲਾਂ ਪੀ.ਜੀ.ਆਈ. ਰੋਹਤਕ ਵਿਚ ਵੀ ਦਾਖਲ ਰਹੇ।

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

33-36

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਸਰਕਾਰਾਂ ਦੀ ਅਣਗਹਿਲੀ ਕਾਰਨ ਲੱਖ ਟਨ ਕਣਕ ਖਰਾਬ ਹੋਈ

**ਚੰਡੀਗੜ੍ਹ:** ਪੰਜਾਬ ਦੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਸੂਬੇ ਵਿਚ ਪਿਛਲੇ 11 ਸਾਲਾਂ 'ਚ ਸਰਕਾਰੀ ਏਜੰਸੀ ਵੱਲੋਂ ਖਰੀਦੀ ਗਈ 14 ਲੱਖ 36 ਹਜ਼ਾਰ ਟਨ ਤੋਂ ਵੱਧ ਕਣਕ ਖਰਾਬ ਹੋਈ ਹੈ, ਜਿਸ ਨੂੰ ਮਨੁੱਖੀ ਵਰਤੋਂ ਲਈ ਅਯੋਗ ਕਰਾਰ ਦਿੱਤਾ ਗਿਆ ਹੈ। ਇਹ ਖੁਲਾਸਾ ਇਥੋਂ ਦੇ ਇਕ ਵਪਾਰੀ ਅਰੁਣ ਕੁਮਾਰ ਵੱਲੋਂ ਭਾਰਤੀ ਖੁਰਾਕ ਨਿਗਮ ਪੰਜਾਬ, ਚੰਡੀਗੜ੍ਹ ਦੇ ਦਫਤਰ ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਹੋਇਆ ਹੈ।



ਜਾਣਕਾਰੀ ਅਨੁਸਾਰ ਸਾਲ 2009-10 ਤੋਂ 2020-21 ਤੱਕ ਕੁੱਲ 14,36,776 ਟਨ ਅਨਾਜ ਖਰਾਬ ਹੋਇਆ, ਜਿਸ ਨੂੰ ਮਨੁੱਖੀ ਇਸਤੇਮਾਲ ਲਈ ਅਯੋਗ ਕਰਾਰ ਦਿੱਤਾ ਗਿਆ ਸੀ। ਅਰੁਣ ਨੇ ਦੱਸਿਆ ਕਿ 11 ਸਾਲਾਂ ਦੌਰਾਨ ਐਮ.ਐਸ.ਪੀ. ਦੇ ਹਿਸਾਬ ਨਾਲ ਖਰਾਬ ਹੋਏ ਅਨਾਜ ਦੀ ਕੁੱਲ ਕੀਮਤ 20 ਅਰਬ, 15 ਕਰੋੜ, 48 ਲੱਖ, 43 ਹਜ਼ਾਰ, 485 ਰੁਪਏ ਬਣਦੀ ਹੈ। ਆਰ.ਟੀ.ਆਈ. ਅਨੁਸਾਰ ਸਾਲ 2009-10 ਵਿਚ 8,356 ਟਨ ਤੇ 2010-11 'ਚ 41,690, 2011-12 'ਚ 66,306, 2011-12 'ਚ 20,112, 2013-14 'ਚ 5,33,085, 2014-15 'ਚ 1,58,983, 2015-16 ਵਿਚ 2,20,629, 2016-17 ਵਿਚ 3,76,106, 2017-18 'ਚ 730, 2018-19, 2019-20 ਵਿਚ 5,557 ਤੇ 2020-21 'ਚ 5,221 ਟਨ ਅਨਾਜ ਖਰਾਬ ਹੋਇਆ।

ਵਪਾਰੀ ਅਰੁਣ ਕੁਮਾਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਈ-ਮੇਲ ਭੇਜ ਕੇ ਗਿਆਰਾਂ ਸਾਲਾਂ ਦੌਰਾਨ ਖਰਾਬ ਹੋਈ ਇਸ ਕਣਕ ਸਬੰਧੀ ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਦਫਤਰ ਨੇ ਈ-ਮੇਲ ਅੱਗੇ ਕਾਰਵਾਈ ਲਈ ਭੇਜ ਦਿੱਤੀ ਹੈ ਅਤੇ ਉਸ ਨੂੰ ਪ੍ਰਧਾਨ ਮੰਤਰੀ ਦਫਤਰ ਤੋਂ ਇਕ ਅਧਿਕਾਰੀ ਦਾ ਫੋਨ ਆਇਆ ਸੀ, ਜਿਸ ਨੇ ਦੱਸਿਆ ਕਿ ਉਨ੍ਹਾਂ ਖਰਾਬ ਹੋਈ ਕਣਕ ਸਬੰਧੀ ਭਾਰਤੀ ਖੁਰਾਕ ਨਿਗਮ, ਪੰਜਾਬ ਦੇ ਦਫਤਰ ਤੋਂ ਜਾਣਕਾਰੀ ਮੰਗ ਲਈ ਹੈ।

# ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਉਣ ਦੀ ਮੰਗ

**ਅੰਮ੍ਰਿਤਸਰ:** ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿਚ ਸ਼ਾਮਲ ਸਿਪਾਹੀ ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦੀ ਮੰਗ ਨੂੰ ਲੈ ਕੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕਾਰਕੁਨਾਂ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ।

ਜਥੇਬੰਦੀ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੀ ਅਗਵਾਈ ਵਿਚ ਭਾਈ ਭੁਪਿੰਦਰ ਸਿੰਘ, ਗਿਆਨੀ ਸਿਮਰਨਜੀਤ ਸਿੰਘ, ਭਾਈ ਗਗਨਦੀਪ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ। ਉਨ੍ਹਾਂ ਕਿਹਾ ਕਿ 2012 ਵਿਚ ਅਕਾਲ ਤਖਤ ਵਲੋਂ ਦਿਲਾਵਰ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਸੀ ਪਰ ਹੁਣ ਤਕ ਉਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਨਹੀਂ ਲਾਈ ਗਈ।

ਉਨ੍ਹਾਂ ਦੱਸਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫੈਡਰੇਸ਼ਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਤਸਵੀਰ ਜਲਦੀ ਲਗਵਾ ਦਿੱਤੀ ਜਾਵੇਗੀ। ਫੈਡਰੇਸ਼ਨ ਆਗੂਆਂ ਨੇ ਦੱਸਿਆ ਕਿ ਇਸ ਮੌਕੇ ਜਥੇਦਾਰ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਲਾਪਤਾ 328 ਪਾਵਨ ਸਰੂਪਾਂ, ਪੁਰਾਤਨ ਅਤੇ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ, ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਸਿੱਖ ਸੰਗਤਾਂ ਨਾਲ ਮਾੜੇ ਵਤੀਰੇ, ਗੁਰਦੁਆਰਾ ਕਮੇਟੀਆਂ ਦੇ ਮੈਂਬਰ ਅੰਮ੍ਰਿਤਧਾਰੀ ਹੋਣ ਬਾਰੇ ਤੇ ਸ਼ਹੀਦਾਂ ਦੇ ਪਰਿਵਾਰਾਂ ਦੀ ਆਰਥਿਕ ਸਹਾਇਤਾ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਗੱਲਬਾਤ ਕੀਤੀ ਗਈ।

# ਬੇਰੁਜ਼ਗਾਰਾਂ ਦੀਆਂ ਹੀ ਜੇਬਾਂ ਫਰੋਲਣ ਲੱਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਬੇਰੁਜ਼ਗਾਰਾਂ ਦੀਆਂ ਹੀ ਜੇਬਾਂ ਕੱਟਣ ਲੱਗੀ ਹੈ। ਸਰਕਾਰ ਨੇ ਪਹਿਲਾਂ ਪਟਵਾਰੀਆਂ ਦੀ ਭਰਤੀ ਲਈ ਮੋਟੀ ਫੀਸ ਰੱਖ ਕੇ ਬੇਰੁਜ਼ਗਾਰਾਂ ਕੋਲੋਂ ਕਰੋੜਾਂ ਰੁਪਏ ਵਸੂਲੇ ਤੇ ਹੁਣ ਰੀਚੈਕਿੰਗ (ਪੁਨਰ ਨਜ਼ਰਸਾਨੀ) ਦਾਅਵਾ ਕਰਨ ਲਈ ਪ੍ਰਤੀ ਸਵਾਲ 500 ਰੁਪਏ ਫੀਸ ਰੱਖ ਕੇ ਪ੍ਰੀਖਿਆਰਥੀਆਂ ਕੋਲੋਂ ਕਰੋੜਾਂ ਰੁਪਏ ਹੋਰ ਇਕੱਠੇ ਕਰਨ ਦੀ ਯੋਜਨਾ ਬਣਾਈ ਹੈ।

ਇਸ ਮੁੱਦੇ ਉਤੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਹਨ।

ਆਮ ਆਦਮੀ ਪਾਰਟੀ ਪੰਜਾਬ ਨੇ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਨੇ ਸੂਬੇ 'ਚ ਪੈਦਾ ਹੋਈ ਬੇਰੁਜ਼ਗਾਰੀ ਨੂੰ ਹੀ ਲੁੱਟ ਦਾ ਸਾਧਨ ਬਣਾ ਲਿਆ ਹੈ, ਕਿਉਂਕਿ ਸਰਕਾਰ ਨੇ ਪਹਿਲਾਂ ਪਟਵਾਰੀਆਂ ਦੀ ਭਰਤੀ ਲਈ ਮੋਟੀ ਫੀਸ ਰੱਖ ਕੇ ਬੇਰੁਜ਼ਗਾਰਾਂ ਕੋਲੋਂ ਕਰੋੜਾਂ ਰੁਪਏ ਵਸੂਲੇ ਤੇ ਹੁਣ ਰੀਚੈਕਿੰਗ ਦਾਅਵਾ ਕਰਨ ਲਈ ਪ੍ਰਤੀ ਸਵਾਲ 500 ਰੁਪਏ ਫੀਸ ਰੱਖ ਕੇ ਪ੍ਰੀਖਿਆਰਥੀਆਂ ਕੋਲੋਂ ਕਰੋੜਾਂ ਰੁਪਏ ਹੋਰ ਲੁੱਟਣ ਦੀ ਯੋਜਨਾ ਬਣਾਈ ਹੈ।

'ਆਪ' ਵਿਧਾਇਕ ਤੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਮੀਤ ਹੇਅਰ ਅਤੇ ਬੁਲਾਰੇ ਐਡਵੋਕੇਟ ਦਿਨੇਸ਼ ਚੱਢਾ ਨੇ ਦੱਸਿਆ ਕਿ ਪਿਛਲੇ ਦਿਨੀਂ



ਐਸ.ਐਸ.ਐਸ. ਬੋਰਡ ਨੇ ਪਟਵਾਰੀਆਂ ਦੀ ਭਰਤੀ ਲਈ ਮੁਕਾਬਲਾ ਪ੍ਰੀਖਿਆ ਕਰਵਾਈ ਸੀ, ਜਿਸ 'ਚ 5 ਸਵਾਲ ਹੀ ਗਲਤ ਦਰਜ ਕੀਤੇ ਗਏ। ਬੋਰਡ ਨੇ ਇਸ ਗਲਤੀ ਦੀ ਸਥਿਤੀ ਸਪੱਸ਼ਟ ਕਰਨ ਦੀ ਥਾਂ ਨਵਾਂ ਫਰਮਾਨ ਜਾਰੀ ਕਰ ਦਿੱਤਾ ਕਿ ਜੇਕਰ ਪ੍ਰੀਖਿਆਰਥੀ ਨੂੰ ਉਤਰ ਗਲਤ ਲਗਦੇ ਹਨ ਤਾਂ ਉਹ ਪ੍ਰਤੀ ਉਤਰ 500 ਰੁਪਏ ਜਮ੍ਹਾਂ ਕਰਵਾ ਕੇ ਰੀਚੈਕਿੰਗ ਕਰਵਾ ਸਕਦਾ ਹੈ। ਮੀਤ ਹੇਅਰ ਨੇ ਕਿਹਾ ਕਿ ਇਹ ਸ਼ਰੇਆਮ ਬੇਰੁਜ਼ਗਾਰਾਂ ਦੀ ਜੇਬ ਕੱਟਣਾ ਹੈ।

## ਦਰਜਨ ਪਰਿਵਾਰ ਭਾਜਪਾ ਛੱਡ ਕੇ ਕਾਂਗਰਸ 'ਚ ਸ਼ਾਮਲ

**ਦੀਨਾਨਗਰ:** ਭਾਰਤੀ ਜਨਤਾ ਪਾਰਟੀ ਨਾਲ ਚੱਲਦੇ ਆ ਰਹੇ ਪਿੰਡ ਗਾਹਲੜੀ ਅਤੇ ਮੁਗਲਾਨੀਚੱਕ ਦੇ ਇਕ ਦਰਜਨ ਪਰਿਵਾਰਾਂ ਨੇ ਬੇ.ਜੀ.ਪੀ. ਨੂੰ ਅਲਵਿਦਾ ਆਖਦਿਆਂ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ। ਇਹ ਪਰਿਵਾਰ ਸਰਪੰਚ ਕਿਰਨ ਬਾਲਾ, ਸੀਨੀਅਰ ਨੇਤਾ ਕਸ਼ਮੀਰ ਸਿੰਘ ਅਤੇ ਕਾਂਗਰਸ ਕਮੇਟੀ ਦੇ ਸਾਬਕਾ ਜ਼ਿਲ੍ਹਾ ਸਕੱਤਰ ਸਤਨਾਮ ਸਿੰਘ ਸੱਤੀ ਦੀ ਪ੍ਰੇਰਣਾ ਸਦਕਾ ਕਾਂਗਰਸ 'ਚ ਸ਼ਾਮਲ ਹੋਏ।

ਕੈਬਨਿਟ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਲੋਕਾਂ ਦਾ ਆਏ ਦਿਨ ਕਾਂਗਰਸ ਨਾਲ ਜੁੜਨਾ ਇਹ ਸਾਬਤ ਕਰਦਾ ਹੈ ਕਿ ਦੀਨਾਨਗਰ ਹਲਕੇ ਦੇ ਲੋਕ ਉਨ੍ਹਾਂ ਦੁਆਰਾ ਕਰਵਾਏ ਜਾ ਰਹੇ ਵਿਕਾਸ ਕੰਮਾਂ ਤੋਂ ਖੁਸ਼ ਹਨ ਅਤੇ ਇਸੇ ਕਰਕੇ ਉਹ ਕਾਂਗਰਸੀ ਨੇਤਾਵਾਂ ਨਾਲ ਸੰਪਰਕ ਕਰਕੇ ਉਨ੍ਹਾਂ ਤੱਕ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਭਾਜਪਾ ਪਰਿਵਾਰ ਕਾਂਗਰਸ ਵਿਚ ਸ਼ਾਮਲ ਹੋਏ ਹਨ, ਉਹ ਉਨ੍ਹਾਂ ਦਾ ਆਪਣੀ ਪਾਰਟੀ 'ਚ ਨਿੱਘਾ ਸਵਾਗਤ ਕਰਦੇ ਹਨ ਅਤੇ ਭਰੋਸਾ ਦਿੰਦੇ ਹਨ ਕਿ ਉਨ੍ਹਾਂ ਦਾ ਪਾਰਟੀ ਅੰਦਰ ਪੂਰਾ ਮਾਣ ਸਨਮਾਨ ਹੋਵੇਗਾ ਅਤੇ ਉਨ੍ਹਾਂ ਦੇ ਪਿੰਡਾਂ ਅੰਦਰ ਵਿਕਾਸ ਕੰਮਾਂ 'ਚ ਤੇਜ਼ੀ ਲਿਆਂਦੀ ਜਾਵੇਗੀ।

# ਕੈਪਟਨ ਸਰਕਾਰ 'ਤੇ ਆਰ.ਟੀ.ਆਈ. ਕਾਨੂੰਨ ਦੀ ਸੰਘੀ ਘੁੱਟਣ ਦਾ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਨੇ ਕਾਂਗਰਸ ਸਰਕਾਰ ਵੱਲੋਂ ਆਰ.ਟੀ.ਆਈ. ਐਕਟ ਦਾ ਦਾਇਰਾ ਘਟਾ ਕੇ ਕੀਤੀਆਂ ਗਈ ਸੋਧਾਂ ਨੂੰ ਲੋਕ ਪੱਖੀ ਕਾਨੂੰਨ ਦੀ ਹੱਤਿਆ ਅਤੇ ਲੋਕਾਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ ਹੈ। 'ਆਪ' ਦੇ ਵਿਧਾਇਕ ਅਤੇ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ, ਐਡਵੋਕੇਟ ਦਿਨੇਸ਼ ਚੱਢਾ ਅਤੇ ਨੀਲ ਗਰਗ ਨੇ ਕਿਹਾ ਕਿ ਸੂਚਨਾ ਪ੍ਰਾਪਤੀ ਅਧਿਕਾਰ ਕਾਨੂੰਨ ਲਾਗੂ ਹੋਣ ਨਾਲ ਦੇਸ਼ ਦੇ ਲੋਕ ਤਾਕਤਵਰ ਹੋ ਗਏ ਹਨ ਅਤੇ ਉਹ ਸਿਆਸੀ ਆਗੂਆਂ ਸਮੇਤ ਸਰਕਾਰੀ ਅਧਿਕਾਰੀਆਂ ਦੇ ਕਾਲੇ-ਚਿੱਟੇ ਕਾਰਨਾਮਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਲੱਗੇ ਹਨ, ਜਿਸ ਤੋਂ ਡਰ ਕੇ ਕਾਂਗਰਸ ਸਰਕਾਰ ਨੇ ਸੂਚਨਾ ਪ੍ਰਾਪਤੀ ਕਾਨੂੰਨ ਵਿਚ ਕੋਝੀਆਂ ਸੋਧਾਂ ਕਰ ਕੇ ਪੰਜਾਬ ਸਮੇਤ ਦੇਸ਼ ਦੇ ਲੋਕਾਂ ਨੂੰ ਅਸਹਿ ਤੇ ਲਾਚਾਰ ਬਣਾ ਦਿੱਤਾ ਹੈ।




ਸ੍ਰੀ ਸੰਧਵਾਂ ਨੇ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਆਪਣੇ ਭ੍ਰਿਸ਼ਟ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਕੀਤੇ ਗਏ ਗਲਤ ਕੰਮਾਂ 'ਤੇ ਪਰਦਾ ਪਾਉਣ ਲਈ ਅਜਿਹੇ ਲੋਕ ਵਿਰੋਧੀ ਫੈਸਲੇ ਲਾਗੂ ਕਰ ਰਹੀ ਹੈ। ਐਡਵੋਕੇਟ ਦਿਨੇਸ਼ ਚੱਢਾ ਨੇ ਕਿਹਾ ਕਿ ਕਾਂਗਰਸ ਸਰਕਾਰ ਨਿੱਜੀ ਜਾਣਕਾਰੀ ਦੇ ਨਾਂ 'ਤੇ ਆਪਣੀ ਕਾਰਗੁਜ਼ਾਰੀ ਦਾ ਸੱਚ ਛੁਪਾਉਣ ਦਾ ਯਤਨ ਕਰ ਰਹੀ ਹੈ। 'ਆਪ' ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਨ੍ਹਾਂ ਲੋਕ ਮਾਰੂ ਸੋਧਾਂ ਨੂੰ ਤੁਰਤ ਵਾਪਸ ਲਵੇ ਤੇ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਪਾਰਟੀ ਸੂਬੇ ਭਰ 'ਚ ਸੰਘਰਸ਼ ਸ਼ੁਰੂ ਕਰੇਗੀ।


YOU TAKE CARE OF THE BUSINESS.
I'LL TAKE CARE OF THE FINANCING.





When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

• BUSINESS GROWTH • NEW PRODUCT LAUNCHES
• SEASONAL SLUMPS • START UP BUSINESSES

Dr. Amul Purohit
Tel: (530) 750-2585
www.apurohit.liquidcapitalcorp.com

Liquid Capital FINANCING SUCCESS

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਪੁਲਿਸ ਵੱਲੋਂ ਵੱਡਾ ਅਤਿਵਾਦੀ ਹਮਲਾ ਟਾਲਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਆਜ਼ਾਦੀ ਦਿਹਾੜੇ ਵਾਲੇ ਦਿਨ ਜਾਂ ਉਸ ਤੋਂ ਬਾਅਦ ਕਿਸੇ ਸੰਭਾਵੀ ਅਤਿਵਾਦੀ ਹਮਲੇ ਨੂੰ ਟਾਲਦਿਆਂ ਯੂਕੇ ਅਧਾਰਿਤ ਅਤਿਵਾਦੀ ਸੰਗਠਨ ਨਾਲ ਜੁੜੇ ਦੋ ਅਤਿਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸੂਬਾ ਪੁਲਿਸ ਮੁਖੀ ਨੇ ਦੱਸਿਆ ਕਿ ਉਨ੍ਹਾਂ ਦੇ ਕਬਜ਼ੇ ਵਿਚੋਂ ਦੋ ਹੱਥ ਗੋਲੇ, ਇਕ ਪਿਸਤੌਲ (9 ਐਮ.ਐਮ.) ਸਣੇ ਕਾਰਤੂਸ ਸ਼ਾਮਲ ਸਨ।

ਡੀ.ਜੀ.ਪੀ. ਗੁਪਤਾ ਅਨੁਸਾਰ ਇਹ ਦੋਵੇਂ ਯੂਕੇ ਅਧਾਰਿਤ ਅਤਿਵਾਦੀ ਗੁਰਪ੍ਰੀਤ ਸਿੰਘ ਖ਼ਾਲਸਾ ਉਰਫ ਗੁਰਪ੍ਰੀਤ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਇਨ੍ਹਾਂ ਦੋਵਾਂ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਇਹਨਾਂ ਨੂੰ ਸਰਹੱਦ ਪਾਰੋਂ ਭੇਜੀ ਜਾ ਰਹੀ ਹਥਿਆਰਾਂ ਦੀ ਖੇਪ ਨੂੰ ਪ੍ਰਾਪਤ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ 15-16 ਅਗਸਤ ਦੀ ਦਰਮਿਆਨੀ ਰਾਤ ਨੂੰ ਥਾਣਾ ਘਰਿੰਡਾ (ਅੰਮ੍ਰਿਤਸਰ-ਦਿਹਾਤੀ) ਵਿਚ ਅੱਡਾ ਖਾਲਸਾ ਕੋਲ ਲਾਏ ਇਕ ਨਾਕੇ 'ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਵੱਲੋਂ ਮੋਟਰ ਸਾਈਕਲ ਸਵਾਰ ਦੋ ਵਿਅਕਤੀਆਂ ਨੂੰ ਰੋਕਿਆ ਗਿਆ। ਪੁਲਿਸ ਨੂੰ ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਹੋਇਆ। ਉਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਅਤੇ ਸੈਮੀ ਵਜੋਂ ਹੋਈ ਹੈ।

## ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਖਿਲਾਫ 'ਚਾਰਜਸ਼ੀਟ' ਜਾਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਸਰਕਾਰ ਨੂੰ ਸਿਰੇ ਦੀ ਭ੍ਰਿਸ਼ਟ ਤੇ ਨਿਕੰਮੀ ਕਰਾਰ ਦਿੰਦਿਆਂ ਸਰਕਾਰ ਦੇ ਖਿਲਾਫ ਚਾਰਜਸ਼ੀਟ ਜਾਰੀ ਕੀਤੀ ਹੈ। ਉਨ੍ਹਾਂ ਨੇ 100 ਦਿਨ ਪੰਜਾਬ ਯਾਤਰਾ ਕਰਕੇ ਰਾਜ ਦੇ ਹਰ ਪਿੰਡ ਤੇ ਸ਼ਹਿਰ ਦੇ ਲੋਕਾਂ ਤੱਕ ਪਹੁੰਚ ਕਰਨ ਦਾ ਐਲਾਨ।

ਸ੍ਰੀ ਬਾਦਲ ਨੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੇ ਦੁੱਖ ਦਰਦ ਸੁਣਨ ਲਈ ਪੰਜਾਬ ਦੇ ਕਿਸੇ ਪਿੰਡ ਜਾਂ ਸ਼ਹਿਰ ਜਾਣਾ ਤਾਂ ਦੂਰ ਮੁੱਖ ਮੰਤਰੀ ਆਪਣੇ ਘਰ ਤੋਂ ਨਿਕਲ ਕੇ ਦਫਤਰ ਤੱਕ ਨਹੀਂ ਗਏ। ਸਿਹਤ ਮੰਤਰੀ ਬਲਬੀਰ ਸਿੰਘ ਮੁਹਾਲੀ ਵਿਚ ਕਰੋੜਾਂ ਰੁਪਏ ਦੀ ਪੰਚਾਇਤੀ ਜ਼ਮੀਨ ਕਥਿਤ ਤੌਰ 'ਤੇ ਹੜੱਪਣ ਲਈ ਗੈਰ ਕਾਨੂੰਨੀ ਤੌਰ ਤਰੀਕੇ ਅਪਣਾ ਰਹੇ ਹਨ। ਸਾਧੂ ਸਿੰਘ ਧਰਮਸੋਤ ਵਜ਼ੀਫਾ ਰਾਸ਼ੀ ਹੜੱਪ ਕਰਨ ਦੇ ਦੋਸ਼ਾਂ 'ਚ ਘਿਰੇ ਹੋਏ ਹਨ। ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਸਰਕਾਰੀ ਜ਼ਮੀਨਾਂ ਕਥਿਤ ਤੌਰ 'ਤੇ ਵੇਚ ਰਹੇ ਹਨ। ਕਾਂਗਰਸ ਸਰਕਾਰ ਨੇ ਭ੍ਰਿਸ਼ਟਾਚਾਰ ਤੇ ਘਪਲਿਆ ਤੋਂ ਬਿਨਾਂ ਕੁਝ ਵੀ ਨਹੀਂ ਕੀਤਾ। ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ ਆਉਣ 'ਤੇ ਕਾਂਗਰਸ ਦੇ ਮੰਤਰੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਲੋਕਾਂ ਦੀ ਅਸਲ ਸੇਵਾ ਅਕਾਲੀ ਦਲ ਨੇ ਹੀ ਕੀਤੀ ਹੈ।

## ਲਾਹੌਰ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਭੰਨ ਤੋੜ

**ਲਾਹੌਰ:** ਪਾਕਿਸਤਾਨ ਦੇ ਲਾਹੌਰ ਵਿਚ 19ਵੀਂ ਸਦੀ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਤੀਜੀ ਵਾਰ ਤੋੜ-ਭੰਨ ਕੀਤੀ ਗਈ ਹੈ। ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਫਵਾਦ ਚੌਧਰੀ ਨੇ ਟਵਿੱਟਰ 'ਤੇ ਇਸ ਬਾਰੇ ਸਖਤ ਟਿੱਪਣੀ ਕਰਦਿਆਂ ਕਿਹਾ, 'ਇਹ ਸ਼ਰਮਨਾਕ ਕਾਰਾ ਜਾਹਲ ਲੋਕਾਂ ਦਾ ਹੈ, ਉਹ ਇਹ ਨਹੀਂ ਜਾਣਦੇ ਕਿ ਅਜਿਹੀਆਂ ਹਰਕਤਾਂ ਨਾਲ ਦੇਸ਼ ਦਾ ਅਕਸ ਦੁਨੀਆਂ ਵਿਚ ਖਰਾਬ ਹੋ ਰਿਹਾ ਹੈ।'

ਕੱਟੜਪੰਥੀ ਪਾਰਟੀ ਤਹਿਰੀਕ-ਏ-ਲਬਾਇਕ ਪਾਕਿਸਤਾਨ (ਟੀ.ਐਲ.ਪੀ.) ਦੇ ਮੈਂਬਰ ਨੇ ਲਾਹੌਰ ਦੇ ਕਿਲ੍ਹੇ ਵਿਚ ਰਣਜੀਤ ਸਿੰਘ ਦਾ ਬੁੱਤ ਨੂੰ ਨੁਕਸਾਨ ਪਹੁੰਚਾਇਆ। ਪਿਛਲੇ ਦਿਨੀਂ ਟੀ.ਐਲ.ਪੀ. ਵਰਕਰਾਂ ਦੁਆਰਾ ਘੱਟੋ ਘੱਟ ਦੋ ਵੱਖ-ਵੱਖ ਮੌਕਿਆਂ 'ਤੇ ਇਸ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ। ਟਵਿੱਟਰ 'ਤੇ ਸਾਂਝੇ ਕੀਤੇ ਵੀਡੀਓ ਵਿਚ ਇਕ ਵਿਅਕਤੀ ਬੁੱਤ ਨੁਕਸਾਨ ਪਹੁੰਚਾ ਰਿਹਾ ਹੈ। ਜੂਨ 2019 ਵਿਚ ਲਾਹੌਰ ਦੀ 'ਮਾਈ ਜਿੰਦਾ' ਹਵੇਲੀ ਵਿਚ ਇਸ ਬੁੱਤ ਦਾ ਉਦਘਾਟਨ ਕੀਤਾ ਗਿਆ ਸੀ।

## ਕੈਨੇਡਾ ਵਿਚ ਮੱਧਕਾਲੀ ਚੋਣਾਂ 20 ਸਤੰਬਰ ਨੂੰ

**ਵੈਨਕੂਵਰ:** ਕਈ ਮਹੀਨਿਆਂ ਤੋਂ ਕਿਆਸੀਆਂ ਜਾ ਰਹੀਆਂ ਕੈਨੇਡਾ ਦੀਆਂ ਮੱਧਕਾਲੀ ਚੋਣਾਂ 20 ਸਤੰਬਰ ਨੂੰ ਹੋਣਗੀਆਂ। 22 ਮਹੀਨਿਆਂ ਤੋਂ ਚੱਲ ਰਹੀ ਘੱਟ ਗਿਣਤੀ ਸਰਕਾਰ ਦੇ ਆਗੂ ਤੇ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਗਵਰਨਰ ਜਨਰਲ ਮੈਰੀ ਸਾਈਮਨ ਨਾਲ ਮਿਲਣੀ ਤੋਂ ਬਾਅਦ ਇਹ ਐਲਾਨ ਕੀਤਾ। ਇਸ ਦੀ ਭਿਣਕ ਤਿੰਨ ਦਿਨ ਪਹਿਲਾਂ ਪੈਣ ਕਾਰਨ ਲੋਕਾਂ ਨੂੰ ਇਸ ਐਲਾਨ 'ਤੇ ਬਹੁਤੀ ਹੈਰਾਨੀ ਨਹੀਂ ਹੋਈ। ਦੇਸ਼ ਦੀ 44ਵੀਂ ਸੰਸਦ ਦੀ ਚੋਣ ਤਿਆਰੀ ਤੇ ਮੁਹਿੰਮ ਲਈ 36 ਦਿਨ ਦਿੱਤੇ ਗਏ ਹਨ। ਐਨਾ ਘੱਟ ਸਮਾਂ ਸੰਸਦੀ ਚੋਣ ਲਈ ਪਹਿਲੀ ਵਾਰ ਦਿੱਤਾ ਗਿਆ ਹੈ।

ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ ਚੋਣਾਂ ਲੋਕਾਂ ਸਿਰ ਥੋਪੀਆਂ ਗਈਆਂ ਹਨ ਤੇ ਫੈਸਲੇ ਨੂੰ ਦੇਸ਼ ਲਈ ਮੰਦਭਾਗਾ ਕਰਾਰ ਦਿੱਤਾ ਹੈ। 'ਇਲੈਕਸ਼ਨ ਕੈਨੇਡਾ' ਮੁਤਾਬਕ ਇਸ ਚੋਣ ਉਤੇ ਕਰੀਬ 61 ਕਰੋੜ ਡਾਲਰ ਖਰਚਾ ਆਵੇਗਾ। ਦੋ ਸਾਲ ਪਹਿਲਾਂ 19 ਅਕਤੂਬਰ 2019 ਨੂੰ ਹੋਈਆਂ ਚੋਣਾਂ 'ਤੇ 52 ਕਰੋੜ ਡਾਲਰ ਖਰਚ ਹੋਏ ਸਨ। ਭੰਗ ਹੋਈ ਸੰਸਦ ਵਿਚ ਸੱਤਾਧਾਰੀ ਲਿਬਰਲ ਪਾਰਟੀ ਦੇ 155, ਕੰਜ਼ਰਵੇਟਿਵ (ਟੋਰੀ) ਪਾਰਟੀ ਦੇ 119, ਐਨ.ਡੀ.ਪੀ. ਦੇ 24, ਕਿਊਬਕਵਾ ਦੇ 32, ਗਰੀਨ ਪਾਰਟੀ ਦੇ 2 ਤੇ ਪੰਜ ਆਜ਼ਾਦ ਸੰਸਦ ਮੈਂਬਰ ਸਨ। 338 ਮੈਂਬਰੀ ਸਦਨ ਵਿਚ ਬਹੁਮਤ ਲਈ 170 ਮੈਂਬਰਾਂ ਦੀ ਲੋੜ ਹੁੰਦੀ ਹੈ।

# ਤਾਲਿਬਾਨ ਦੀ ਵੀਹ ਸਾਲ ਲੰਮੀ ਛਾਲ

*(ਸਫਾ ਇਕ ਦੀ ਬਾਕੀ)*

ਤਾਲਿਬਾਨ ਦੇ ਕਬਜ਼ੇ ਨੂੰ ਭਾਰਤ ਲਈ ਰਣਨੀਤਕ ਤੌਰ 'ਤੇ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਅਫਗਾਨਿਸਤਾਨ ਵਿਚ ਅਸ਼ਰਫ ਗਨੀ ਦੀ ਸਰਕਾਰ ਬਣਨ ਪਿੱਛੋਂ ਭਾਰਤ ਨੇ ਇਸ ਮੁਲਕ ਵਿਚ ਵੱਡੀ ਗਿਣਤੀ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਹੋਏ ਹਨ। ਭਾਰਤ ਪਿਛਲੇ ਕੁਝ ਸਾਲਾਂ ਵਿਚ ਜਿਸ ਤਰ੍ਹਾਂ ਇਸ ਮੁਲਕ ਦੀ ਮਦਦ ਲਈ ਡਟ ਕੇ ਖੜ੍ਹਿਆ, ਉਸ ਨੂੰ ਭੋਰਾ ਉਮੀਦ ਨਹੀਂ ਸੀ ਹਾਲਾਤ ਇੰਨੇ ਛੇਤੀ ਉਲਟ ਹੋ ਜਾਣਗੇ।

ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਖਬਰਦਾਰ ਕੀਤਾ ਹੈ ਕਿ ਅਫਗਾਨਿਸਤਾਨ ਦੇ ਮੁੜ ਤਾਲਿਬਾਨ ਦੇ ਹੱਥ ਆਉਣਾ ਭਾਰਤ ਲਈ ਸ਼ੁਭ ਸੰਕੇਤ ਨਹੀਂ ਹੈ। ਉਨ੍ਹਾਂ ਦਾ ਖਦਸ਼ਾ ਹੈ ਕਿ ਇਹ ਭਾਰਤ ਖਿਲਾਫ ਚੀਨ-ਪਾਕਿ ਗੱਠਜੋੜ ਨੂੰ ਮਜ਼ਬੂਤ ਕਰੇਗਾ। ਤਾਲਿਬਾਨ ਦੇ ਇਥੇ ਕੁਝ ਸਾਲਾਂ ਦੇ ਰਾਜ ਸਮੇਂ ਮਨੁੱਖੀ ਅਧਿਕਾਰਾਂ ਦੀ ਜੋ ਹਾਲਤ ਹੋਈ, ਜਿਸ ਤਰ੍ਹਾਂ ਲੋਕਾਂ ਨੂੰ ਚੌਰਾਹਿਆਂ ਵਿਚ ਖੜ੍ਹੇ ਕਰਕੇ ਗੋਲੀਆਂ ਨਾਲ ਉਡਾਇਆ ਗਿਆ, ਔਰਤਾਂ ਉਤੇ ਜਿਸ ਤਰ੍ਹਾਂ ਦੇ ਜ਼ੁਲਮ ਕੀਤੇ ਗਏ, ਉਸ ਨੂੰ ਯਾਦ ਕਰਕੇ ਦੇਸ਼ ਦੇ ਬਹੁਗਿਣਤੀ ਲੋਕ ਕੰਬ ਉਠਦੇ ਹਨ। ਇਸੇ ਲਈ ਲੋਕ ਪਾਕਿਸਤਾਨ ਸਮੇਤ ਤਜ਼ਾਕਿਸਤਾਨ, ਉਜ਼ਬੇਕਿਸਤਾਨ, ਇਰਾਨ ਆਦਿ ਦੇਸ਼ਾਂ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਨਾਰਥੀਆਂ ਵਜੋਂ ਦਾਖਲ ਹੋ ਰਹੇ ਹਨ।

ਲੋਕਾਂ ਦੇ ਮਨ ਵਿਚ ਸਭ ਤੋਂ ਜ਼ਿਆਦਾ ਡਰ ਤੇ ਸ਼ੰਕੇ ਨਵੇਂ ਹੁਕਮਰਾਨਾਂ ਦੇ ਪੁਰਾਣੀ ਹਕੂਮਤ (1996-2001) ਦੌਰਾਨ ਔਰਤਾਂ ਅਤੇ ਬੱਚਿਆਂ ਨਾਲ ਕੀਤੀ ਗਈ ਬਦਸਲੂਕੀ ਬਾਰੇ ਹਨ। ਤਾਲਿਬਾਨ ਧਾਰਮਿਕ ਨਿਯਮਾਂ ਦੀ ਕੱਟੜ ਵਿਆਖਿਆ ਕਰਦਿਆਂ ਹੋਇਆਂ ਔਰਤਾਂ ਦੀ ਆਜ਼ਾਦੀ ਨੂੰ ਖਤਮ ਕਰ ਦੇਣ ਦੇ ਹੱਕ ਵਿਚ ਹਨ।

ਤਾਲਿਬਾਨ ਆਗੂ ਭਾਵੇਂ ਭਰੋਸਾ ਦਿਵਾ ਰਹੇ ਹਨ ਕਿ ਉਹ ਔਰਤਾਂ ਦੇ ਹਿੱਤਾਂ ਦਾ ਖਿਆਲ ਰੱਖਣਗੇ ਪਰ ਦੇਸ਼ ਦੇ ਜਿਸ ਹਿੱਸੇ ਵਿਚ ਉਨ੍ਹਾਂ ਦਾ ਹੁਕਮ ਚੱਲਦਾ ਰਿਹਾ ਹੈ, ਉਥੇ ਔਰਤਾਂ ਦੀ ਹਾਲਤ ਦੇਖ ਕੇ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਸਮੁੱਚੇ ਦੇਸ਼ ਵਿਚ ਕਿਸ ਤਰ੍ਹਾਂ ਦੇ ਕਾਇਦੇ ਕਾਨੂੰਨ ਲਾਗੂ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਨੇ ਤਾਲਿਬਾਨ ਨੂੰ ਅਫਗਾਨਿਸਤਾਨ ਦੀ ਸੱਤਾ ਤੋਂ ਲਾਂਭੇ ਕੀਤਾ ਸੀ। 20 ਸਾਲ ਦੇ ਅਰਸੇ ਵਿਚ ਬਣੀਆਂ ਅਫਗਾਨ ਸਰਕਾਰਾਂ ਨੇ ਸ਼ਹਿਰੀ ਆਜ਼ਾਦੀਆਂ ਨੂੰ ਬਹਾਲ ਕੀਤਾ। ਦੇਸ਼ ਵਿਚ ਤਹਿਸ-ਨਹਿਸ ਹੋ ਕੇ ਗਏ ਮੁਢਲੇ ਢਾਂਚੇ ਦੀ ਨਵ-ਉਸਾਰੀ ਸ਼ੁਰੂ ਕੀਤੀ। ਭਾਰਤ ਨੇ ਇਸ ਵਿਚ ਵੱਡਾ ਯੋਗਦਾਨ ਪਾਇਆ। ਸੜਕਾਂ, ਸਕੂਲ, ਭਵਨ ਅਤੇ ਇਥੋਂ ਤੱਕ ਕਿ ਅਫਗਾਨਿਸਤਾਨ ਦੀ ਨਵੀਂ ਸੰਸਦ ਦੀ ਇਮਾਰਤ ਬਣਾਉਣ ਵਿਚ ਵੀ ਭਾਰਤ ਸਹਾਈ ਹੋਇਆ। ਅਜਿਹੇ ਕਾਰਜ ਅਖੀਰ ਤੱਕ ਚਲਦੇ ਰਹੇ ਹਨ। ਹੁਣ ਤਾਲਿਬਾਨ ਦੇ ਦੇਸ਼ 'ਤੇ ਕਾਬਜ਼ ਹੋਣ ਨਾਲ ਅਜਿਹੇ ਕਾਰਜਾਂ ਦੇ ਬੰਦ ਹੋਣ ਦੀ ਅਸ਼ੰਕਾ ਪੈਦਾ ਹੋ ਗਈ ਹੈ। ਦੁਨੀਆ ਭਰ ਦੇ ਦੇਸ਼ਾਂ ਤੋਂ ਅਫਗਾਨਿਸਤਾਨ ਨੂੰ ਮਿਲ ਰਹੀ ਹਰ ਤਰ੍ਹਾਂ ਦੀ ਮਦਦ ਵੀ ਰੁਕਣ ਦੀ ਸੰਭਾਵਨਾ ਹੈ।

ਅਮਰੀਕਾ ਨੇ 1980ਵਿਆਂ ਵਿਚ ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਲਈ ਮੁਜਾਹਿਦੀਨ ਨੂੰ ਸਮਰਥਨ ਦੇਣਾ ਸ਼ੁਰੂ ਕੀਤਾ। ਇਨ੍ਹਾਂ ਮੁਜਾਹਿਦੀਨ ਵਿਚੋਂ ਹੀ ਅਜੋਕਾ ਤਾਲਿਬਾਨ ਨਿਕਲੇ। ਸੋਵੀਅਤ ਫੌਜਾਂ ਚਲੇ ਜਾਣ ਤੋਂ ਪਿੱਛੋਂ 1996 ਵਿਚ ਤਾਲਿਬਾਨ ਦੇਸ਼ 'ਤੇ ਕਾਬਜ਼ ਹੋ ਗਏ। 2001 ਵਿਚ 9/11 ਤੋਂ ਬਾਅਦ ਅਮਰੀਕਾ ਨੇ ਅਫਗਾਨਿਸਤਾਨ ਵਿਚ ਸਿੱਧਾ ਦਖਲ ਦਿੱਤਾ। 20 ਸਾਲਾਂ ਦੀ ਅਮਰੀਕਾ ਦੀ ਮੌਜੂਦਗੀ ਅਫਗਾਨਿਸਤਾਨ ਵਿਚ ਨਾ ਤੇ ਜਮਹੂਰੀਅਤ ਬਹਾਲ ਕਰ ਸਕੀ ਅਤੇ ਨਾ ਹੀ ਸਥਿਰਤਾ ਲਿਆ ਸਕੀ। ਅਮਰੀਕਾ ਦੇ ਫੌਜਾਂ ਵਾਪਸ ਬੁਲਾਉਣ ਦੇ ਐਲਾਨ ਨੇ ਦੇਸ਼ ਨੂੰ ਖਲਾਅ ਦੀ ਸਥਿਤੀ ਵਿਚ ਧੱਕ ਦਿੱਤਾ। ਮੌਜੂਦਾ ਹਾਲਾਤ ਅਮਰੀਕਾ ਦੀ ਅਫਗਾਨਿਸਤਾਨ ਬਾਰੇ ਵਿਦੇਸ਼ ਨੀਤੀ ਦੀ ਅਸਫਲਤਾ ਦਾ ਪ੍ਰਤੀਕ ਹਨ।

## ਜਗਬੀਰ ਬਰਾੜ ਮੁੜ ਅਕਾਲੀ ਦਲ ਵਿਚ ਸ਼ਾਮਲ

**ਜਲੰਧਰ:** ਪੰਜਾਬ ਕਾਂਗਰਸ ਨੂੰ ਦੋਆਬੇ 'ਚ ਉਦੋਂ ਵੱਡਾ ਝਟਕਾ ਲੱਗਾ ਜਦੋਂ ਸਾਬਕਾ ਵਿਧਾਇਕ ਤੇ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਬੋਰਡ ਦੇ ਚੇਅਰਮੈਨ ਜਗਬੀਰ ਸਿੰਘ ਬਰਾੜ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸ੍ਰੀ ਬਰਾੜ ਨੂੰ ਪਾਰਟੀ 'ਚ ਸ਼ਾਮਲ ਕਰਦਿਆਂ ਹੀ ਜਲੰਧਰ ਛਾਉਣੀ ਤੋਂ 2022 ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਵੀ ਬਣਾਇਆ ਗਿਆ ਹੈ।

ਜਗਬੀਰ ਸਿੰਘ ਬਰਾੜ ਦੇ ਮਾਡਲ ਟਾਊਨ ਵਿਚਲੇ ਘਰ 'ਚ ਹੋਏ ਸੰਖੇਪ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਤੇ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਤੇ ਸ਼ਹਿਰੀ ਦੇ ਪ੍ਰਧਾਨ ਕੁਲਵੰਤ ਸਿੰਘ ਮੰਨਣ ਸਮੇਤ ਹੋਰ ਆਗੂਆਂ ਦੀ ਹਾਜ਼ਰੀ ਵਿਚ ਜਗਬੀਰ ਸਿੰਘ ਬਰਾੜ 10 ਸਾਲਾਂ ਮਗਰੋਂ ਮੁੜ ਅਕਾਲੀ ਦਲ ਵਿੱਚ ਪਰਤ ਆਏ।

ਜ਼ਿਕਰਯੋਗ ਹੈ ਕਿ ਜਗਬੀਰ ਸਿੰਘ ਬਰਾੜ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਜਲੰਧਰ ਛਾਉਣੀ ਤੋਂ ਅਕਾਲੀ ਦਲ ਵੱਲੋਂ ਜਿੱਤੇ ਸਨ। ਮਨਪ੍ਰੀਤ ਬਾਦਲ ਦੀ ਅਗਵਾਈ ਹੇਠ ਸਾਲ 2011 ਵਿਚ 'ਪੀਪਲਜ਼ ਪਾਰਟੀ ਆਫ ਪੰਜਾਬ' ਬਣਨ 'ਤੇ ਉਹ ਅਕਾਲੀ ਦਲ ਛੱਡ ਕੇ ਉਸ 'ਚ ਚਲੇ ਗਏ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਜਗਬੀਰ ਬਰਾੜ ਪੀ.ਪੀ.ਪੀ. ਦਾ ਸਾਥ ਛੱਡ ਕੇ ਕਾਂਗਰਸ 'ਚ ਸ਼ਾਮਲ ਹੋ ਗਏ ਸਨ।

## ਵਿਧਾਇਕਾਂ ਦੀ ਇਕ ਤੋਂ ਵੱਧ ਪੈਨਸ਼ਨਾਂ ਬੰਦ ਕਰਨ ਲਈ 'ਆਪ' ਵੱਲੋਂ ਸਪੀਕਰ ਨਾਲ ਮੁਲਾਕਾਤ

**ਚੰਡੀਗੜ੍ਹ:** ਪੰਜਾਬ ਦੇ ਵਿਧਾਇਕਾਂ ਨੂੰ ਕਈ ਪੈਨਸ਼ਨਾਂ ਦੇਣ ਖਿਲਾਫ ਆਮ ਆਦਮੀ ਪਾਰਟੀ ਦੇ ਵਫ਼ਦ ਨੇ ਵਿਧਾਨ ਸਭਾ ਸਪੀਕਰ ਰਾਣਾ ਕੇਪੀ ਸਿੰਘ ਨਾਲ ਇਥੇ ਮੁਲਾਕਾਤ ਕੀਤੀ। ਉਨ੍ਹਾਂ ਨੇ ਵਿਧਾਇਕਾਂ ਨੂੰ ਇਕ ਤੋਂ ਵੱਧ ਪੈਨਸ਼ਨਾਂ ਬੰਦ ਕਰਨ ਦੀ ਮੰਗ ਕੀਤੀ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸਾਲ 2004 'ਚ ਸੁਧਾਰਾਂ ਦੇ ਨਾਮ 'ਤੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਮਿਲਦੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ, ਜਿਸ ਦਾ ਸਮੁੱਚੇ ਕਰਮਚਾਰੀ ਅਤੇ ਪੈਨਸ਼ਨਰ ਵਰਗ ਨੇ ਵਿਰੋਧ ਕੀਤਾ। ਦੂਜੇ ਪਾਸੇ ਪੰਜਾਬ ਵਿਚ ਵਿਧਾਇਕਾਂ ਨੂੰ ਕਈ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਕਈ ਰਾਜਸੀ ਆਗੂ 5-5 ਪੈਨਸ਼ਨਾਂ ਦੇ ਆਨੰਦ ਭੋਗ ਰਹੇ ਹਨ। 'ਆਪ' ਆਗੂਆਂ ਨੇ ਮੰਗ ਕੀਤੀ ਕਿ ਅਗਾਮੀ ਵਿਧਾਨ ਸਭਾ ਸੈਸ਼ਨ ਦੌਰਾਨ ਕਾਨੂੰਨ ਪਾਸ ਕਰਕੇ ਇਕ ਤੋਂ ਵੱਧ ਪੈਨਸ਼ਨ ਨਿਯਮ ਨੂੰ ਖਤਮ ਕੀਤਾ ਜਾਵੇ।

## ਪੈਗਾਸਸ ਜਾਸੂਸੀ: ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੈਗਾਸਸ ਜਾਸੂਸੀ ਮਾਮਲੇ ਦੀ ਨਿਰਪੱਖ ਤੇ ਸੁਤੰਤਰ ਜਾਂਚ ਦੀ ਮੰਗ ਕਰਨ ਵਾਲੀਆਂ ਕਈ ਪਟੀਸ਼ਨਾਂ ਦੇ ਮਾਮਲੇ 'ਚ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਹੈ।

ਸਰਵਉੱਚ ਅਦਾਲਤ ਨੇ ਕਿਹਾ ਕਿ ਉਹ ਮਾਮਲੇ ਨੂੰ 10 ਦਿਨਾਂ ਬਾਅਦ ਸੂਚੀਬੱਧ ਕਰੇਗੀ ਤੇ ਉਦੋਂ ਤੈਅ ਕੀਤਾ ਜਾਵੇਗਾ ਕਿ ਇਸ ਮਾਮਲੇ 'ਤੇ ਕੀ ਰੁਖ ਅਖਤਿਆਰ ਕੀਤਾ ਜਾਵੇ। ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਅਜਿਹਾ ਕੁਝ ਜਨਤਕ ਕੀਤਾ ਜਾਵੇ ਜਿਹੜਾ ਕੌਮੀ ਸੁਰੱਖਿਆ ਦੇ ਹਿੱਤ ਵਿਚ ਨਹੀਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੰਸਦ ਮੈਂਬਰਾਂ ਨੇ ਕਿਸਾਨਾਂ ਦੇ 'ਪੀਪਲਜ਼ ਵ੍ਹਿਪ' ਉਤੇ ਠੋਕ ਕੇ ਪਹਿਰਾ ਦਿੱਤਾ

## ਸਨੀ ਦਿਓਲ ਨੂੰ ਛੱਡ ਸਾਰੇ ਸੰਸਦ ਮੈਂਬਰਾਂ ਦੀ ਭਰਵੀਂ ਹਾਜ਼ਰੀ




**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ ਵੱਲੋਂ ਜਾਰੀ 'ਪੀਪਲਜ਼ ਵ੍ਹਿਪ' ਉਤੇ ਪੰਜਾਬ ਦੇ ਸੰਸਦ ਮੈਂਬਰਾਂ ਨੇ ਪਹਿਰਾ ਦਿੱਤਾ ਹੈ, ਜਦਕਿ ਦੋ ਸੰਸਦ ਮੈਂਬਰ ਪੂਰੀ ਤਰ੍ਹਾਂ ਨਹੀਂ ਨਿਭ ਸਕੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਸੰਸਦ ਦੇ ਸੈਸ਼ਨ ਤੋਂ ਪਹਿਲਾਂ 'ਪੀਪਲਜ਼ ਵ੍ਹਿਪ' ਜਾਰੀ ਕੀਤਾ ਸੀ ਕਿ ਸਾਰੇ ਸੰਸਦ ਮੈਂਬਰ ਸੈਸ਼ਨ ਦੌਰਾਨ ਹਾਜ਼ਰ ਰਹਿਣ, ਸੈਸ਼ਨ ਦੌਰਾਨ ਵਾਕਆਊਟ ਨਾ ਕੀਤਾ ਜਾਵੇ ਅਤੇ ਖੇਤੀ ਕਾਨੂੰਨਾਂ ਸਬੰਧੀ ਪਾਰਲੀਮੈਂਟ ਚੱਲਣ ਨਾ ਦਿੱਤੀ ਜਾਵੇ। ਸੰਸਦ ਦਾ ਮਾਨਸੂਨ ਸੈਸ਼ਨ ਨਿਸ਼ਚਿਤ ਸਮੇਂ ਤੋਂ ਦੋ ਦਿਨ ਪਹਿਲਾਂ ਹੀ ਖ਼ਤਮ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਪੰਜਾਬ ਵਿਚੋਂ ਲੋਕ ਸਭਾ ਦੇ ਕੁੱਲ 13 ਸੰਸਦ ਮੈਂਬਰ ਹਨ, ਜਿਨ੍ਹਾਂ 'ਚੋਂ ਇਕ ਕੇਂਦਰੀ ਵਜ਼ੀਰ ਹੈ। ਪੰਜਾਬ ਦੇ ਦਰਜਨ ਸੰਸਦ ਮੈਂਬਰਾਂ 'ਚੋਂ ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ ਨੇ 'ਪੀਪਲਜ਼ ਵ੍ਹਿਪ' ਦੀ ਪਰਵਾਹ ਨਹੀਂ ਕੀਤੀ ਹੈ। ਉਨ੍ਹਾਂ ਸੈਸ਼ਨ ਦੌਰਾਨ ਸਿਰਫ ਤਿੰਨ ਦਿਨ ਹੀ ਹਾਜ਼ਰੀ ਭਰੀ ਜਦਕਿ 12 ਦਿਨ ਗੈਰਹਾਜ਼ਰ ਰਹੇ। ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨ ਘੋਲ ਸ਼ੁਰੂ ਹੋਣ ਤੋਂ ਸੰਸਦ ਮੈਂਬਰ ਸਨੀ ਦਿਓਲ ਪੰਜਾਬ 'ਚੋਂ ਵੀ ਗ਼ੈਰਹਾਜ਼ਰ ਹਨ, ਹਾਲਾਂਕਿ ਬਹੁਤੇ ਸੰਸਦ ਮੈਂਬਰਾਂ ਨੇ 'ਪੀਪਲਜ਼ ਵ੍ਹਿਪ' ਦੀ ਪਾਲਣਾ ਕੀਤੀ ਹੈ।

ਦੂਜੇ ਨੰਬਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਬਾਦਲ ਦਾ ਨਾਂ ਆਉਂਦਾ ਹੈ, ਜਿਨ੍ਹਾਂ ਦੀ ਸੰਸਦ ਦੇ ਰਜਿਸਟਰ 'ਤੇ ਹਾਜ਼ਰੀ 9 ਦਿਨ ਰਹੀ ਹੈ। ਇੰਜ ਉਹ ਸੈਸ਼ਨ 'ਚੋਂ ਛੇ ਦਿਨ ਗੈਰਹਾਜ਼ਰ ਰਹੇ ਹਨ। ਹਾਲਾਂਕਿ ਸੰਸਦ ਮੈਂਬਰ ਹਰਸਿਮਰਤ ਬਾਦਲ ਦੀ ਸੈਸ਼ਨ ਵਿਚ ਹਾਜ਼ਰੀ ਸੌ ਫੀਸਦੀ ਰਹੀ ਹੈ। ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਉਸ ਦਿਨ ਸੁਖਬੀਰ ਦੀ ਗ਼ੈਰਹਾਜ਼ਰੀ ਦਾ ਮਿਹਣਾ ਵੀ ਮਾਰਿਆ ਸੀ, ਜਿਸ ਦਿਨ ਉਨ੍ਹਾਂ ਦੀ ਹਰਸਿਮਰਤ ਬਾਦਲ ਨਾਲ ਸੰਸਦ ਤੋਂ ਬਾਹਰ ਬਹਿਸ ਹੋਈ ਸੀ।

ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਨੇ ਕਿਹਾ ਕਿ ਸੈਸ਼ਨ ਦੌਰਾਨ ਜਾਰੀ 'ਪੀਪਲਜ਼ ਵ੍ਹਿਪ' ਦਾ ਮਕਸਦ ਪੂਰਾ ਹੋ ਗਿਆ ਹੈ, ਜਿਸ ਕਰਕੇ ਸੈਸ਼ਨ ਦੋ ਦਿਨ ਪਹਿਲਾਂ ਹੀ ਖ਼ਤਮ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਗ਼ੈਰਹਾਜ਼ਰ ਰਹੇ ਮੈਂਬਰਾਂ ਦਾ ਨੋਟਿਸ ਲਿਆ ਜਾਵੇਗਾ। ਬੀ.ਕੇ.ਯੂ. (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨਾਂ ਦੀ ਲੋੜ ਵੇਲੇ ਜੋ ਸੰਸਦ ਮੈਂਬਰ ਗੈਰਹਾਜ਼ਰ ਰਹੇ ਹਨ, ਉਨ੍ਹਾਂ ਨੂੰ ਮੌਕਾ ਆਉਣ 'ਤੇ ਪੁੱਛਿਆ ਜਾਵੇਗਾ।

ਵੇਰਵਿਆਂ ਅਨੁਸਾਰ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਦੀ 14 ਦਿਨ ਹਾਜ਼ਰੀ ਰਹੀ ਹੈ ਅਤੇ ਇਸੇ ਤਰ੍ਹਾਂ ਸੰਸਦ ਮੈਂਬਰ ਮੁਨੀਸ਼ ਤਿਵਾੜੀ, ਅਮਰ ਸਿੰਘ, ਮੁਹੰਮਦ ਸਦੀਕ ਅਤੇ ਰਵਨੀਤ ਬਿੱਟੂ ਦੀ ਹਾਜ਼ਰੀ ਵੀ ਸੈਸ਼ਨ ਦੌਰਾਨ 14-14 ਦਿਨ ਰਹੀ ਹੈ। ਸੰਸਦ ਮੈਂਬਰ ਗੁਰਜੀਤ ਔਜਲਾ ਅਤੇ ਪਰਨੀਤ ਕੌਰ ਦੀ ਹਾਜ਼ਰੀ 13-13 ਦਿਨ ਰਹੀ ਹੈ ਜਦੋਂਕਿ ਹਰਸਿਮਰਤ ਕੌਰ ਬਾਦਲ ਅਤੇ ਜਸਬੀਰ ਡਿੰਪਾ ਦੀ ਹਾਜ਼ਰੀ ਦੇ ਮਾਮਲੇ ਵਿਚ ਝੰਡੀ ਲੈ ਗਏ ਹਨ, ਜੋ ਪੂਰੇ ਦਿਨ ਹਾਜ਼ਰ ਰਹੇ ਹਨ।

ਪੰਜਾਬ ਤੋਂ ਰਾਜ ਸਭਾ 'ਚ ਸੱਤ ਸੰਸਦ ਮੈਂਬਰ ਹਨ, ਜਿਨ੍ਹਾਂ 'ਚੋਂ ਭਾਜਪਾ ਦੇ ਸ਼ਵੇਤ ਮਲਿਕ ਅਤੇ ਨਰੇਸ਼ ਗੁਜਰਾਲ ਦੀ ਹਾਜ਼ਰੀ ਸੌ ਫੀਸਦੀ ਰਹੀ ਹੈ ਜਦਕਿ ਸੁਖਦੇਵ ਸਿੰਘ ਢੀਂਡਸਾ ਤਿੰਨ ਦਿਨ ਗੈਰਹਾਜ਼ਰ ਰਹੇ ਹਨ। ਕਾਂਗਰਸੀ ਸੰਸਦ ਮੈਂਬਰ ਅੰਬਿਕਾ ਸੋਨੀ ਅਤੇ ਪ੍ਰਤਾਪ ਸਿੰਘ ਬਾਜਵਾ ਸਿਰਫ ਇਕ-ਇਕ ਦਿਨ ਗ਼ੈਰਹਾਜ਼ਰ ਰਹੇ ਹਨ ਜਦਕਿ ਸ਼ਮਸ਼ੇਰ ਸਿੰਘ ਦੂਲੋ ਦੋ ਦਿਨ ਗੈਰਹਾਜ਼ਰ ਰਹੇ।

# ਕਰਨਾਟਕ ਤੇ ਆਂਧਰਾ ਤੋਂ ਬਾਅਦ ਹੁਣ ਤਾਮਿਲਨਾਡੂ 'ਚ ਖੇਤੀ ਲਈ ਵੱਖਰਾ ਬਜਟ

**ਚੇਨੱਈ:** ਕਰਨਾਟਕ ਤੇ ਆਂਧਰਾ ਪ੍ਰਦੇਸ਼ ਤੋਂ ਬਾਅਦ ਤਾਮਿਲਨਾਡੂ ਵੱਖਰਾ ਖੇਤੀ ਬਜਟ ਪਾਸ ਕਰਨ ਵਾਲਾ ਤੀਜਾ ਰਾਜ ਬਣ ਗਿਆ ਹੈ। ਚੋਣ ਵਾਅਦੇ ਮੁਤਾਬਕ ਤਾਮਿਲਨਾਡੂ ਦੀ ਡੀ.ਐਮ.ਕੇ. ਸਰਕਾਰ ਨੇ ਵਿਧਾਨ ਸਭਾ ਵਿਚ ਖੇਤੀ ਬਜਟ ਵੱਖਰੇ ਤੌਰ ਉਤੇ ਪੇਸ਼ ਕੀਤਾ ਹੈ। ਇਸ ਬਜਟ ਵਿਚ ਸਿਰਫ



ਖੇਤੀ ਨਾਲ ਸਬੰਧਤ ਸਕੀਮਾਂ ਹਨ ਜਿਨ੍ਹਾਂ ਦਾ ਮੰਤਵ ਖੇਤੀ ਸੈਕਟਰ ਦਾ ਵਿਆਪਕ ਵਿਕਾਸ ਹੈ। ਬਜਟ ਵਿਚ ਇਕ ਸਕੀਮ ਆਤਮ ਨਿਰਭਰ ਬਣਾਉਣ ਤੇ ਪਿੰਡਾਂ ਵਿਚ ਖੇਤੀ ਦੇ ਵਿਕਾਸ ਬਾਰੇ ਹੈ। ਬਜਟ ਪੇਸ਼ ਕਰਦਿਆਂ ਸੂਬੇ ਦੇ ਖੇਤੀ ਤੇ ਕਿਸਾਨ ਭਲਾਈ ਮੰਤਰੀ ਐਮ.ਆਰ.ਕੇ. ਪਨੀਰਸੇਲਵਮ ਨੇ ਕਿਹਾ ਕਿ ਕਿਸਾਨਾਂ ਤੇ ਮਾਹਿਰਾਂ ਦੇ ਵਿਚਾਰ ਮੰਗੇ ਗਏ ਸਨ ਤੇ ਬਜਟ ਉਨ੍ਹਾਂ ਮੁਤਾਬਕ ਹੀ ਤਿਆਰ ਕੀਤਾ ਗਿਆ ਹੈ। ਮੰਤਰੀ ਨੇ ਕਿਹਾ ਕਿ ਵਿੱਤੀ ਵਰ੍ਹੇ 2021-22 ਦੌਰਾਨ 34,220 ਕਰੋੜ ਰੁਪਏ ਖੇਤੀਬਾੜੀ ਤੇ ਸਬੰਧਤ ਵਿਭਾਗਾਂ ਜਿਵੇਂ ਕਿ ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ, ਡੇਅਰੀ ਵਿਕਾਸ, ਸਿੰਜਾਈ, ਦਿਹਾਤੀ ਵਿਕਾਸ ਤੇ ਜੰਗਲਾਤ ਵਿਭਾਗ ਲਈ ਰੱਖੇ ਗਏ ਹਨ।

ਇਸ ਤੋਂ ਇਲਾਵਾ 4508 ਕਰੋੜ ਰੁਪਏ ਤੋਂ ਵੱਧ ਸਰਕਾਰੀ ਬਿਜਲੀ ਕੰਪਨੀ ਨੂੰ ਅਲਾਟ ਕੀਤੇ ਜਾਣਗੇ ਤਾਂ ਕਿ ਖੇਤੀਬਾੜੀ ਪੰਪ ਸੈੱਟਾਂ ਨੂੰ ਮੁਫਤ ਬਿਜਲੀ ਮੁਹੱਈਆ ਕਰਵਾਈ ਜਾ ਸਕੇ। ਕਿਸਾਨਾਂ ਦੀ ਖੁਸ਼ਹਾਲੀ ਤੇ ਖੇਤੀ ਕਾਮਿਆਂ ਦੀ ਭਲਾਈ ਲਈ ਕਾਵੇਰੀ ਡੈਲਟਾ ਖੇਤਰ ਨੂੰ ਐਗਰੋ ਇੰਡਸਟਰੀਅਲ ਕੌਰੀਡੋਰ ਐਲਾਨਣ ਦੀ ਤਜਵੀਜ਼ ਵੀ ਰੱਖੀ ਗਈ ਹੈ।

### ਬਾਜਵਾ ਨੇ ਵੱਖਰੇ ਖੇਤੀ ਬਜਟ ਦੀ ਕੀਤੀ ਮੰਗ

**ਚੰਡੀਗੜ੍ਹ:** ਕਰਨਾਟਕ ਤੇ ਆਂਧਰਾ ਪ੍ਰਦੇਸ਼ ਤੋਂ ਬਾਅਦ ਤਾਮਿਲਨਾਡੂ ਵੱਲੋਂ ਵੱਖਰਾ ਖੇਤੀ ਬਜਟ ਪਾਸ ਕੀਤਾ ਹੈ। ਇਸ ਨੂੰ ਦੇਖਦੇ ਹੋਏ ਹੁਣ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਲੋਂ ਵੀ ਖੇਤੀ ਦਾ ਵੱਖਰਾ ਬਜਟ ਪੇਸ਼ ਕੀਤਾ ਜਾਵੇ। ਇਹ ਕਿਸਾਨਾਂ, ਖੇਤੀਬਾੜੀ ਵਿਗਿਆਨੀਆਂ ਅਤੇ ਇਸ ਦੇ ਨਾਲ ਜੁੜੀਆਂ ਇੰਡਸਟਰੀਆਂ ਲਈ ਸਰਕਾਰ ਨਾਲ ਹਿਤਧਾਰਕਾਂ ਸਬੰਧੀ ਵਿਚਾਰ ਵਟਾਂਦਰੇ ਲਈ ਅਹਿਮ ਕਦਮ ਹੋਵੇਗਾ।

# ਵਿਧਾਇਕਾਂ ਨੂੰ ਨਵੀਆਂ ਕਾਰਾਂ ਦੇਣ ਤੋਂ ਹੱਥ ਖੜ੍ਹੇ ਕੀਤੇ



**ਚੰਡੀਗੜ੍ਹ:** ਪੰਜਾਬ ਦੇ ਵਿੱਤ ਵਿਭਾਗ ਨੇ 27 ਵਿਧਾਇਕਾਂ ਲਈ ਇਨੋਵਾ ਗੱਡੀਆਂ ਵਾਸਤੇ ਫੰਡ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਜਾਣਕਾਰੀ ਮੁਤਾਬਕ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੇ ਖੇਮੇ ਦੇ ਜ਼ਿਆਦਾਤਰ ਵਿਧਾਇਕਾਂ ਨੂੰ ਇਹ ਗੱਡੀਆਂ ਮਿਲਣੀਆਂ ਸਨ। ਪਹਿਲੇ ਪੂਰ 'ਚ ਥੋੜ੍ਹੇ ਦਿਨ ਪਹਿਲਾਂ ਕੈਪਟਨ ਧੜੇ ਦੇ ਬਹੁਤੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ 22 ਗੱਡੀਆਂ ਦਿੱਤੀਆਂ ਗਈਆਂ ਸਨ।

ਸੂਤਰਾਂ ਅਨੁਸਾਰ ਉਸ ਮਗਰੋਂ ਨਵਜੋਤ ਸਿੱਧੂ ਧੜੇ ਦੇ ਬਹੁਤੇ ਵਿਧਾਇਕਾਂ ਨੇ ਰੌਲਾ ਪਾ ਦਿੱਤਾ ਸੀ ਜਿਸ ਮਗਰੋਂ ਸਰਕਾਰ ਨੇ ਹੱਥੋਂ ਹੱਥ 27 ਗੱਡੀਆਂ ਦੀ ਤਜਵੀਜ਼ ਬਣਾ ਕੇ ਵਿੱਤ ਵਿਭਾਗ ਨੂੰ ਭੇਜੀ ਸੀ। ਵਿੱਤ ਵਿਭਾਗ ਨੇ ਹੁਣ 4 ਅਗਸਤ ਨੂੰ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਵੀ.ਵੀ.ਆਈ.ਪੀਜ਼. ਲਈ 27 ਨਵੀਆਂ ਗੱਡੀਆਂ ਦੀ ਖਰੀਦ ਲਈ ਫੰਡ ਨਾ ਹੋਣ ਦੀ ਦਲੀਲ ਦੇ ਕੇ ਤਜਵੀਜ਼ ਵਾਪਸ ਭੇਜ ਦਿੱਤੀ ਹੈ। ਵਿੱਤ ਵਿਭਾਗ ਨੇ 29 ਜੂਨ, 2021 ਦੀਆਂ ਹਦਾਇਤਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਇਸ ਲਈ ਕੋਈ ਵੀ ਵਾਧੂ ਫੰਡ ਨਹੀਂ ਦਿੱਤੇ ਜਾਣੇ ਹਨ। ਇਸ ਗੱਲ ਦੇ ਚਰਚੇ ਹਨ ਕਿ ਪੰਜਾਬ ਸਰਕਾਰ ਨੇ ਅਜਿਹੇ ਤਰੀਕੇ ਨਾਲ ਇਹ ਪੈਂਤੜਾ ਲਿਆ ਹੈ ਕਿਉਂਕਿ ਬਹੁਤੇ ਸਿੱਧੂ ਹਮਾਇਤੀ ਵਿਧਾਇਕਾਂ ਵੱਲੋਂ ਹੀ ਇਹ ਗੱਡੀਆਂ ਮੰਗੀਆਂ ਗਈਆਂ ਸਨ।

ਵਿੱਤ ਵਿਭਾਗ ਅਨੁਸਾਰ ਪ੍ਰਤੀ ਗੱਡੀ 15.82 ਲੱਖ ਰੁਪਏ ਦਾ ਖਰਚਾ ਆਉਣਾ ਸੀ ਅਤੇ 27 ਗੱਡੀਆਂ ਦੀ ਖਰੀਦ ਲਈ 4.27 ਕਰੋੜ ਰੁਪਏ ਦੀ ਲੋੜ ਸੀ। ਗੱਡੀਆਂ ਆਦਿ ਦੀ ਖਰੀਦ ਲਈ ਵਰ੍ਹਾ 2021-22 ਲਈ ਕਰੀਬ ਪੰਜ ਕਰੋੜ ਦੇ ਫੰਡ ਰੱਖੇ ਗਏ ਸਨ ਜਿਨ੍ਹਾਂ 'ਚੋਂ ਜੁਲਾਈ ਤੱਕ ਕਰੀਬ ਚਾਰ ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਵਿੱਤ ਵਿਭਾਗ ਦਾ ਕਹਿਣਾ ਹੈ ਕਿ 27 ਨਵੀਆਂ ਗੱਡੀਆਂ ਖਰੀਦਣ ਲਈ 3.61 ਕਰੋੜ ਦੇ ਵਾਧੂ ਬਜਟ ਦੀ ਲੋੜ ਪੈਣੀ ਹੈ। ਇਸ ਤੋਂ ਪਹਿਲਾਂ 22 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਲਈ ਇਨੋਵਾ ਗੱਡੀਆਂ ਖਰੀਦੀਆਂ ਗਈਆਂ ਸਨ ਜਿਨ੍ਹਾਂ 'ਤੇ 3.45 ਕਰੋੜ ਦਾ ਖਰਚਾ ਆਇਆ ਸੀ।

ਇਸੇ ਤਰ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੁਰੱਖਿਆ ਲਈ ਚਾਰ ਨਵੀਆਂ ਗੱਡੀਆਂ ਖਰੀਦੀਆਂ ਗਈਆਂ ਸਨ ਜਿਨ੍ਹਾਂ 'ਤੇ ਕਰੀਬ 55 ਲੱਖ ਰੁਪਏ ਦਾ ਖਰਚਾ ਆਇਆ ਹੈ।

ਨਵਜੋਤ ਸਿੱਧੂ ਖੇਮੇ ਦੇ ਵਿਧਾਇਕ ਹੁਣ ਨਵੀਆਂ ਗੱਡੀਆਂ ਉਡੀਕ ਰਹੇ ਸਨ ਕਿ ਵਿੱਤ ਵਿਭਾਗ ਨੇ ਫੰਡਾਂ ਦੀ ਗੱਲ ਆਖ ਕੇ ਤਜਵੀਜ਼ ਰੱਦ ਕਰ ਦਿੱਤੀ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਫੰਡਾਂ ਕਰਕੇ ਹੀ ਨਵੀਆਂ ਗੱਡੀਆਂ ਦੀ ਖਰੀਦ ਨਹੀਂ ਕੀਤੀ ਜਾ ਸਕੀ ਹੈ ਅਤੇ ਵਿਧਾਇਕਾਂ ਦੇ ਵੇਰਵੇ ਹਾਲੇ ਤੱਕ ਟਰਾਂਸਪੋਰਟ ਵਿਭਾਗ ਕੋਲ ਨਹੀਂ ਪੁੱਜੇ ਸਨ। ਆਉਂਦੀਆਂ ਚੋਣਾਂ ਤੋਂ ਪਹਿਲਾਂ ਕੈਪਟਨ ਸਰਕਾਰ ਨਵੀਆਂ ਗੱਡੀਆਂ ਖਰੀਦ ਕੇ ਲੋਕਾਂ ਦੀ ਨਾਰਾਜ਼ਗੀ ਤੋਂ ਵੀ ਡਰ ਰਹੀ ਹੈ।

# ਪਾਕਿ ਰੇਂਜਰਾਂ ਵੱਲੋਂ ਬੀ.ਐਸ.ਐਫ. ਜਵਾਨਾਂ ਨੂੰ ਮਠਿਆਈ ਭੇਟ




**ਅਟਾਰੀ:** 75ਵੇਂ ਆਜ਼ਾਦੀ ਦਿਵਸ ਮੌਕੇ ਅਟਾਰੀ-ਵਾਹਗਾ ਸਰਹੱਦ ਦੀ ਸਾਂਝੀ ਜਾਂਚ ਚੌਕੀ 'ਤੇ ਪਾਕਿਸਤਾਨ ਰੇਂਜਰਾਂ ਅਤੇ ਸੀਮਾ ਸੁਰੱਖਿਆ ਬਲ ਵਿਚਕਾਰ ਮਠਿਆਈਆਂ ਦਾ ਆਦਾਨ-ਪ੍ਰਦਾਨ ਹੋਇਆ। ਪਾਕਿਸਤਾਨ ਰੇਂਜਰ ਦੇ ਵਿੰਗ ਕਮਾਂਡਰ ਹਸਨ ਨੇ ਅਟਾਰੀ-ਵਾਹਗਾ ਸਰਹੱਦ 'ਤੇ ਸੀਮਾ ਸੁਰੱਖਿਆ ਬਲ ਦੀ 144ਵੀਂ ਬਟਾਲੀਅਨ ਦੇ ਕਮਾਂਡੈਂਟ ਜਸਬੀਰ ਸਿੰਘ ਨੂੰ ਮਠਿਆਈ ਦੇ ਡੱਬੇ ਭੇਟ ਕਰਕੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ।

ਸੀਮਾ ਸੁਰੱਖਿਆ ਬਲ ਕਮਾਂਡੈਂਟ ਜਸਬੀਰ ਸਿੰਘ ਨੇ ਕਿਹਾ ਕਿ ਸੁਰੱਖਿਆ ਬਲ ਦੀਆਂ ਪਰੰਪਰਾਵਾਂ ਅਨੁਸਾਰ ਦੇਸ਼ ਦੇ ਇਤਿਹਾਸਕ ਮੌਕਿਆਂ 'ਤੇ ਦੇਸ਼ ਦੀ ਸੁਰੱਖਿਆ ਕਰਨ ਵਾਲੇ ਜਵਾਨ ਇਕ-ਦੂਜੇ ਨੂੰ ਮਠਿਆਈ ਭੇਟ ਕਰਦੇ ਹਨ। ਇਹ ਖਾਸ ਮੌਕੇ ਸਰਹੱਦ 'ਤੇ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ 'ਚ ਅਹਿਮ ਯੋਗਦਾਨ ਦਿੰਦੇ ਹਨ। ਇਸ ਕੜੀ ਵਜੋਂ ਪਾਕਿਸਤਾਨੀ ਰੇਂਜਰਜ਼ ਨੇ ਅਟਾਰੀ ਸਰਹੱਦ 'ਤੇ ਮਠਿਆਈ ਭੇਟ ਕੀਤੀ ਹੈ। ਗੌਰਤਲਬ ਹੈ ਕਿ ਕੌਮਾਂਤਰੀ ਸਰਹੱਦ ਅਟਾਰੀ-ਵਾਹਗਾ ਸਥਿਤ ਸਾਂਝੀ ਜਾਂਚ ਚੌਕੀ 'ਤੇ ਤਾਇਨਾਤ ਭਾਰਤ-ਪਾਕਿਸਤਾਨ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਸੀਮਾ ਸੁਰੱਖਿਆ ਬਲ ਅਤੇ ਪਾਕਿਸਤਾਨ ਰੇਂਜਰਜ਼ ਦੇ ਅਧਿਕਾਰੀ ਵੱਖ-ਵੱਖ ਧਾਰਮਿਕ ਤੇ ਰਾਸ਼ਟਰੀ ਤਿਉਹਾਰਾਂ ਮੌਕੇ ਇਕ-ਦੂਜੇ ਨੂੰ ਮਠਿਆਈ ਦੇ ਕੇ ਖੁਸ਼ੀਆਂ ਸਾਂਝੀਆਂ ਕਰਦੇ ਹਨ।

ਪੁਲਵਾਮਾ ਹਮਲੇ ਮਗਰੋਂ ਇਹ ਪਹਿਲਾ ਮੌਕਾ ਹੈ, ਜਦੋਂ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਵੱਲੋਂ ਅਟਾਰੀ-ਵਾਹਗਾ ਸਰਹੱਦ ਦੀ ਸਾਂਝੀ ਜਾਂਚ ਚੌਕੀ 'ਤੇ ਪਾਕਿਸਤਾਨ ਦੇ ਆਜ਼ਾਦੀ ਦਿਵਸ ਮੌਕੇ ਰੇਂਜਰਜ਼ ਅਧਿਕਾਰੀਆਂ ਨੇ ਮਠਿਆਈ ਭੇਟ ਕਰਕੇ ਖੁਸ਼ੀਆਂ ਸਾਂਝੀਆਂ ਕੀਤੀਆਂ।

### ਮੋਮਬੱਤੀਆਂ ਜਗਾ ਕੇ ਦਿੱਤਾ ਅਮਨ ਤੇ ਸਾਂਝ ਦਾ ਸੁਨੇਹਾ

**ਅਟਾਰੀ:** ਭਾਰਤ-ਪਾਕਿਸਤਾਨ ਵਿਚਕਾਰ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਯਤਨਸ਼ੀਲ ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ, ਸਾਫ਼ਮਾ ਅਤੇ ਪੰਜਾਬ ਜਾਗ੍ਰਿਤੀ ਮੰਚ ਵੱਲੋਂ ਅਟਾਰੀ ਸਰਹੱਦ ਦੇ ਗੇਟ ਨੇੜੇ ਮੋਮਬੱਤੀਆਂ ਜਗਾ ਕੇ ਦੋਵੇਂ ਮੁਲਕਾਂ 'ਚ ਅਮਨ ਅਤੇ ਸਾਂਝ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਮੋਮਬੱਤੀਆਂ ਜਗਾਉਣ ਲਈ ਅਟਾਰੀ ਸਰਹੱਦ ਵਿਖੇ ਪੁੱਜੇ ਵੱਖ-ਵੱਖ ਸੰਗਠਨਾਂ ਦੇ ਆਗੂਆਂ ਅਤੇ ਬੁੱਧੀਜੀਵੀਆਂ ਨੇ ਦੋਵਾਂ ਮੁਲਕਾਂ ਵਿਚਕਾਰ ਅਮਨ ਅਤੇ ਦੋਸਤੀ ਕਾਇਮ ਰੱਖਣ ਲਈ ਕਾਮਨਾ ਕੀਤੀ।

# ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਆਸ



**ਚੰਡੀਗੜ੍ਹ:** ਕਰਤਾਰਪੁਰ ਲਾਂਘਾ ਜੋ ਜੁਲਾਈ 2020 ਤੋਂ ਬੰਦ ਕੀਤਾ ਹੋਇਆ ਸੀ, ਦੇ ਖੁੱਲ੍ਹਣ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਦਿਆਂ ਪਾਕਿਸਤਾਨ ਸਰਕਾਰ ਨੇ ਭਾਰਤ ਖ਼ਿਲਾਫ ਕਰੋਨਾ ਕਾਰਨ ਲਗਾਈਆਂ ਪਾਬੰਦੀਆਂ ਹਟਾ ਦਿੱਤੀਆਂ ਹਨ। ਪਾਕਿਸਤਾਨ ਸਰਕਾਰ ਵਿਚਲੇ ਸੂਤਰਾਂ ਅਨੁਸਾਰ ਭਾਰਤ ਤੇ ਕਈ ਹੋਰ ਦੇਸ਼ਾਂ ਨੂੰ ਪਾਕਿਸਤਾਨ ਸਰਕਾਰ ਵੱਲੋਂ 'ਸੀ' ਸ਼੍ਰੇਣੀ ਵਿਚ ਪਾਇਆ ਗਿਆ ਸੀ ਜਿਸ ਮੁਤਾਬਕ ਇਨ੍ਹਾਂ ਦੇਸ਼ਾਂ ਦਾ ਕੋਈ ਵੀ ਵਿਅਕਤੀ ਜੋ ਪਾਕਿਸਤਾਨ ਵਿਚ ਦਾਖਲ ਹੋਣਾ ਚਾਹੁੰਦਾ ਹੋਵੇ, ਨੈਸ਼ਨਲ ਕਮਾਂਡ ਐਂਡ ਓਪਰੇਸ਼ਨ ਸੈਂਟਰ (ਐਨ.ਸੀ.ਓ.ਸੀ.) ਤੋਂ ਆਗਿਆ ਲੈ ਕੇ ਹੀ ਦੇਸ਼ ਅੰਦਰ ਦਾਖਲ ਹੋ ਸਕਦਾ ਸੀ। ਇਸ ਸਬੰਧੀ ਪਾਕਿਸਤਾਨ ਸਰਕਾਰ ਵੱਲੋਂ 11 ਦੇਸ਼ਾਂ ਨੂੰ 'ਸੀ' ਸ਼੍ਰੇਣੀ ਵਿਚੋਂ ਕੱਢ ਦਿੱਤਾ ਗਿਆ ਹੈ ਜਿਸ ਨਾਲ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਰਸਤਾ ਪੱਧਰਾ ਹੋ ਗਿਆ ਹੈ। ਇਸ ਦੇ ਨਾਲ ਹੀ ਵਾਹਗਾ ਤੋਂ ਆਉਣ ਜਾਣ ਵਾਲੇ ਯਾਤਰੀਆਂ ਲਈ ਵੀ ਹੁਣ ਪਾਕਿਸਤਾਨ ਜਾਣਾ ਸੌਖਾ ਹੋ ਜਾਵੇਗਾ। ਪਾਕਿ ਵਲੋਂ ਭਾਰਤ ਤੋਂ ਇਲਾਵਾ ਅਰਜਨਟਾਈਨਾ, ਭੂਟਾਨ, ਮਾਲਦੀਵਜ਼ ਅਤੇ ਬ੍ਰਾਜ਼ੀਲ ਤੋਂ ਟਰੈਵਲ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ, ਹਾਲਾਂਕਿ ਪਾਕਿਸਤਾਨ ਜਾਣ ਵਾਲੇ ਯਾਤਰੀਆਂ ਨੂੰ ਕੋਵਿਡ ਦੀ ਨੈਗੇਟਿਵ ਰਿਪੋਰਟ ਜ਼ਰੂਰੀ ਹੋਵੇਗੀ ਅਤੇ ਕੋਵਿਡ ਨਾਲ ਸਬੰਧਤ ਹੋਰ ਨਿਯਮਾਂ ਦੀ ਪਾਲਣਾ ਵੀ ਕਰਨੀ ਹੋਵੇਗੀ।

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

PUNJAB SPORTS & CULTURAL ASSOCIATION MICHIGAN
PSCA Punjabi Khed Mela

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 14ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 28 ਅਗਸਤ 2021

(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ ਤੱਕ)

## Heritage Park

46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

### ਕਬੱਡੀ ਓਪਨ

ਪਹਿਲਾ ਇਨਾਮ $18,000
ਦੂਜਾ ਇਨਾਮ $15,000
ਤੀਜਾ ਇਨਾਮ $12,000
ਚੌਥਾ ਇਨਾਮ $10,000

### ਸੌਕਰ

ਪਹਿਲਾ ਇਨਾਮ $4500
ਦੂਜਾ ਇਨਾਮ $3000

### ਵਾਲੀਬਾਲ (ਓਪਨ)

ਪਹਿਲਾ ਇਨਾਮ $3500 (2)
ਦੂਜਾ ਇਨਾਮ $2500 (2)

**Free Entry Free Food and Free Entertainment**

**ਸਭ ਨੂੰ ਖੁੱਲ੍ਹਾ ਸੱਦਾ**








ਗਾਇਕ ਗੈਰੀ ਸੰਧੂ, ਗੁਰਲੇਜ ਅਖਤਰ ਅਤੇ ਕੁਲਵਿੰਦਰ ਕੈਲੀ ਗਾਇਕੀ ਦਾ ਅਖਾੜਾ ਲਾਉਣਗੇ




## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Cruze tv CHANNEL 422 Real tv CHANNEL 136 f LIVE f/LIVEKABADDI LIVE KABADDI jadoo tv YouTube LIVE KABADDI IPTV jus punjabi

# ਮਿਸ਼ਨ 2022: ਪੰਜਾਬ ਵਿਚ ਤੀਜੇ ਫਰੰਟ ਲਈ ਬੱਝਣ ਲੱਗਾ ਪਿੜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੀਜੇ ਮੋਰਚੇ ਲਈ ਪਿੜ ਬੱਝਣ ਲੱਗਾ ਹੈ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਈ ਅਹਿਮ ਪਾਰਟੀਆਂ ਨਾਲ ਗਠਜੋੜ ਦਾ ਐਲਾਨ ਕੀਤਾ ਗਿਆ ਹੈ।



ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਪੰਜਾਬ ਨੂੰ ਬਚਾਉਣ ਲਈ ਬਾਦਲਾਂ ਅਤੇ ਕਾਂਗਰਸ ਦਾ ਸਫਾਇਆ ਜ਼ਰੂਰੀ ਹੈ। ਉਨ੍ਹਾਂ ਇਥੇ ਤੀਜੇ ਗੱਠਜੋੜ ਦੇ ਗਠਨ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਹਿਤੈਸ਼ੀ ਲੋਕ ਸੂਬੇ ਵਿਚ ਤੀਸਰਾ ਬਦਲ ਚਾਹੁੰਦੇ ਹਨ ਤੇ ਪੰਜਾਬ ਦੀ ਬਰਬਾਦੀ ਲਈ ਬਾਦਲ ਪਰਿਵਾਰ ਤੇ ਕਾਂਗਰਸ ਜ਼ਿੰਮੇਵਾਰ ਹਨ। ਸ੍ਰੀ ਢੀਂਡਸਾ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ), ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ), ਭੀਮ ਆਰਮੀ, ਸ਼੍ਰੋਮਣੀ ਅਕਾਲੀ ਦਲ (ਕਿਰਤੀ), ਜਨਤਾ ਦਲ (ਸੈਕੂਲਰ) ਦੇਵਗੌੜਾ, ਜਨਤਾ ਦਲ ਯੂਨਾਈਟਿਡ, ਇੰਡੀਅਨ ਯੂਨੀਅਨ ਮੁਸਲਿਮ ਲੀਗ ਇਕ ਮੰਚ 'ਤੇ ਇਕੱਠੇ ਹੋ ਗਏ ਹਨ। ਭੀਮ ਆਰਮੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ ਵੀਡੀਓ ਕਾਲ ਰਾਹੀਂ ਪੱਤਰਕਾਰਾਂ ਨਾਲ ਰੂਬਰੂ ਹੋਏ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸਿੱਖ ਧਰਮ ਦਾ ਬੇਹੱਦ ਨੁਕਸਾਨ ਕੀਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ ਤੋਂ ਬਾਦਲ ਪਰਿਵਾਰ ਦਾ ਗਲਬਾ ਹਟਾਇਆ ਜਾਵੇ। ਸ੍ਰੀ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ (ਸੰਯੁਕਤ) ਵੱਲੋਂ ਸਾਰੀਆਂ ਪੰਥਕ ਧਿਰਾਂ ਅਤੇ ਪੰਜਾਬ ਹਿਤੈਸ਼ੀਆਂ ਨਾਲ ਰਾਬਤਾ ਕਾਇਮ ਕਰ ਕੇ ਸਦੀ ਪੁਰਾਣੀ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਾਦਲ ਪਰਿਵਾਰ ਦਾ ਗਲਬਾ ਖਤਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੀ ਉਹੀ ਉਮੀਦਵਾਰ ਐਲਾਨੇ ਜਾਣਗੇ ਜੋ ਸਿਆਸੀ ਅਹੁਦਿਆਂ ਦੇ ਇੱਛੁਕ ਨਾ ਹੋਣ ਅਤੇ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਹੋਣ। ਸ੍ਰੀ ਢੀਂਡਸਾ ਨੇ ਕਿਹਾ ਕਿ ਤੀਸਰਾ ਮਜ਼ਬੂਤ ਫਰੰਟ ਬਣਾਉਣ ਦੀ ਦਿਸ਼ਾ ਵਿਚ ਇਹ ਗੱਠਜੋੜ ਉਨ੍ਹਾਂ ਦਾ ਪਹਿਲਾ ਕਦਮ ਹੈ।

ਇਸ ਮੌਕੇ ਆਜ਼ਾਦ ਸਮਾਜ ਪਾਰਟੀ ਦੇ ਕੌਮੀ ਜਨਰਲ ਸਕੱਤਰ ਐਮ.ਐਲ. ਤੋਮਰ, ਪੰਜਾਬ ਪ੍ਰਧਾਨ ਰਾਜੀਵ ਕੁਮਾਰ ਲਵਲੀ, ਆਜ਼ਾਦ ਸਮਾਜ ਪਾਰਟੀ (ਕਾਂਸ਼ੀਰਾਮ) ਦੇ ਸਰਪ੍ਰਸਤ ਕਾਂਸ਼ੀ ਰਾਮ ਦੀ ਭੈਣ ਬੀਬੀ ਸਵਰਨ ਕੌਰ, ਭੀਮ ਆਰਮੀ ਦੇ ਕੌਮੀ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ, ਸ਼੍ਰੋਮਣੀ ਅਕਾਲੀ ਦਲ (ਕਿਰਤੀ) ਦੇ ਪ੍ਰਧਾਨ ਬੂਟਾ ਸਿੰਘ ਰਣਸੀਂਹਕੇ, ਜਨਤਾ ਦਲ (ਸੈਕੂਲਰ) ਦੇਵਗੌੜਾ ਦੇ ਸੂਬਾ ਪ੍ਰਧਾਨ ਮਾਸਟਰ ਅਵਤਾਰ ਸਿੰਘ, ਜਨਤਾ ਦਲ ਯੂਨਾਈਟਿਡ ਦੇ ਸੂਬਾ ਪ੍ਰਧਾਨ ਮਨਵਿੰਦਰਪਾਲ ਸਿੰਘ ਬੈਨੀਪਾਲ ਆਦਿ ਮੌਜੂਦ ਸਨ।

## ਬਸਪਾ ਨੇ ਫਿਲੌਰ ਦੇ ਤਿੰਨ ਆਗੂ ਪਾਰਟੀ 'ਚੋਂ ਕੱਢੇ

**ਜਲੰਧਰ:** ਬਹੁਜਨ ਸਮਾਜ ਪਾਰਟੀ ਨੇ ਫਿਲੌਰ ਵਿਧਾਨ ਸਭਾ ਹਲਕੇ ਦੇ ਤਿੰਨ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਪਾਰਟੀ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦਿਆਂ ਅੰਮ੍ਰਿਤਪਾਲ ਭੌਂਸਲੇ, ਰਾਮ ਸਰੂਪ ਸਰੋਆ ਅਤੇ ਸਰਪੰਚ ਖੁਸ਼ੀ ਰਾਮ ਨੂੰ ਪਾਰਟੀ 'ਚੋਂ ਕੱਢਿਆ ਗਿਆ ਹੈ। ਉਧਰ, ਬਸਪਾ 'ਚੋਂ ਕੱਢੇ ਗਏ ਇਨ੍ਹਾਂ ਆਗੂਆਂ ਨੇ ਹੰਗਾਮੀ ਮੀਟਿੰਗ ਸੱਦ ਕੇ ਐਲਾਨ ਕੀਤਾ ਕਿ ਉਹ 2 ਸਤੰਬਰ ਨੂੰ ਮੀਟਿੰਗ ਕਰਕੇ ਫੈਸਲਾ ਕਰਨਗੇ ਕਿ ਦੋਆਬੇ ਵਿਚ ਪਰਦਾਫਾਸ਼ ਰੈਲੀ ਕਦੋਂ ਤੇ ਕਿਥੇ ਕਰਨੀ ਹੈ। ਅੰਮ੍ਰਿਤਪਾਲ ਭੌਂਸਲੇ ਨੇ ਕਿਹਾ ਕਿ ਗੁਰਾਇਆ ਵਿਚ ਕੀਤੇ ਵਰਕਰ ਸੰਮੇਲਨ ਨੇ ਸਪੱਸ਼ਟ ਰਾਹ ਦਿਖਾ ਦਿੱਤਾ ਹੈ ਕਿ ਸਮੁੱਚੇ ਫਿਲੌਰ ਵਿਧਾਨ ਸਭਾ ਹਲਕੇ ਦੇ ਬਸਪਾ ਵਰਕਰ ਇਕਜੁੱਟ ਹਨ ਤੇ ਉਹ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਸਬਕ ਸਿਖਾਉਣਗੇ ਜਿਹੜੇ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਅਤੇ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਵਿਰੁੱਧ ਅਪਸ਼ਬਦ ਬੋਲਦੇ ਰਹੇ ਸਨ।

## ਮਰਿਆਦਾ ਮਾਮਲਾ: ਗੁਰਦੁਆਰਾ ਨਾਨਕ ਮਤਾ ਦੀ ਪ੍ਰਬੰਧਕੀ ਕਮੇਟੀ ਨੂੰ ਤਨਖਾਹ

**ਅੰਮ੍ਰਿਤਸਰ:** ਉਤਰਾਖੰਡ ਦੇ ਗੁਰਦੁਆਰਾ ਸ੍ਰੀ ਨਾਨਕ ਮਤਾ ਵਿਖੇ ਮਰਿਆਦਾ ਨੂੰ ਭੰਗ ਕਰਨ ਦੇ ਦੋਸ਼ ਹੇਠ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਤਨਖਾਹ ਲਾਈ ਹੈ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੇਵਾ ਸਿੰਘ ਜਨਰਲ ਸਕੱਤਰ ਧੰਨਾ ਸਿੰਘ ਅਤੇ ਕਾਰ ਸੇਵਾ ਵਾਲੇ ਬਾਬਾ ਤਰਸੇਮ ਸਿੰਘ ਨੂੰ ਮਰਿਆਦਾ ਭੰਗ ਕਰਨ ਦੇ ਦੋਸ਼ ਹੇਠ ਪੰਦਰਾਂ ਦਿਨ ਕਥਾ ਸੁਣਨ, ਸੰਗਤ ਦੇ ਜੋੜੇ ਝਾੜਨ, ਜੂਠੇ ਬਰਤਨ ਸਾਫ ਕਰਨ ਅਤੇ ਗੁਰਦੁਆਰੇ ਵਿਚ ਝਾੜੂ ਮਾਰਨ ਦੀ ਤਨਖਾਹ ਲਾਈ ਗਈ ਹੈ। ਇਹ ਸੇਵਾ ਉਨ੍ਹਾਂ ਨੂੰ ਗੁਰਦੁਆਰਾ ਨਾਨਕ ਮਤਾ ਵਿਖੇ ਹੀ ਪੂਰੀ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# ਬਿਜਲੀ ਸਮਝੌਤਿਆਂ ਤੇ ਖੇਤੀ ਕਾਨੂੰਨਾਂ ਬਾਰੇ ਸਿੱਧੂ ਦੀ ਦੋ-ਟੁਕ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਦੁਹਰਾਇਆ ਕਿ ਉਹ ਸੂਬੇ ਵਿਚ ਲੋਕਾਂ ਨੂੰ ਸਸਤੀ ਬਿਜਲੀ ਸਪਲਾਈ ਦੇਣ ਲਈ ਪਿਛਲੀ ਸਰਕਾਰ ਵੱਲੋਂ ਕੀਤੇ ਗਏ ਬਿਜਲੀ ਸਮਝੌਤਿਆਂ ਨੂੰ ਰੱਦ ਕਰਵਾਉਣਗੇ। ਉਨ੍ਹਾਂ ਇਥੇ ਆਪਣੇ ਵਿਧਾਨ ਸਭਾ ਹਲਕਾ ਪੂਰਬੀ ਵਿਚ ਵੱਖ-ਵੱਖ ਥਾਵਾਂ 'ਤੇ ਲਗਭਗ 42 ਕਰੋੜ ਰੁਪਏ ਦੇ ਵਿਕਾਸ ਕਾਰਜ ਸ਼ੁਰੂ ਕੀਤੇ ਹਨ।

ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਆਉਂਦੇ ਵਿਧਾਨ ਸਭਾ ਸੈਸ਼ਨ ਵਿਚ ਪਿਛਲੀ ਸਰਕਾਰ ਵੱਲੋਂ ਕੀਤੇ ਗਏ ਬਿਜਲੀ ਸਮਝੌਤਿਆਂ ਨੂੰ ਰੱਦ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਸਸਤੀ ਬਿਜਲੀ ਤਿੰਨ ਤੋਂ ਪੰਜ ਰੁਪਏ ਪ੍ਰਤੀ ਯੂਨਿਟ ਮਿਲੇਗੀ, ਜੋ ਕਿ ਇਸ ਵੇਲੇ ਦਸ ਤੋਂ ਬਾਰਾਂ ਰੁਪਏ ਪ੍ਰਤੀ ਯੂਨਿਟ ਮਿਲ ਰਹੀ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੇ ਦਿਸ਼ਾ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਵਿਚ ਲੋਕਾਂ ਦੀ ਇੱਛਾ ਮੁਤਾਬਕ ਕੰਮ ਕੀਤੇ ਜਾਣ। ਇਸੇ ਤਹਿਤ ਹੀ ਬਿਜਲੀ ਸਮਝੌਤੇ ਰੱਦ ਕੀਤੇ ਜਾਣਗੇ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਨੂੰ ਗੈਰ-ਸੰਵਿਧਾਨਕ ਅਤੇ ਗੈਰਕਾਨੂੰਨੀ ਆਖਦਿਆਂ ਕਿਹਾ ਕਿ ਇਨ੍ਹਾਂ ਨੂੰ ਵੀ ਪੰਜਾਬ ਵਿਚ ਲਾਗੂ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਉਹ ਆਪਣਾ ਕਾਨੂੰਨ ਬਣਾਉਣਗੇ। ਨਵਜੋਤ ਸਿੰਘ ਸਿੱਧੂ ਨੇ ਇਥੇ ਮੁੜ ਦੁਹਰਾਇਆ ਕਿ ਅੰਮ੍ਰਿਤਸਰ ਉਨ੍ਹਾਂ ਦੀ ਕਰਮ ਭੂਮੀ ਹੈ ਅਤੇ ਉਹ ਆਪਣੇ ਆਖਰੀ ਸਾਹਾਂ ਤੱਕ ਇਸ ਨੂੰ ਨਹੀਂ ਛੱਡਣਗੇ। ਉਨ੍ਹਾਂ ਅਜਿਹਾ ਆਖ ਕੇ ਸਾਰੀਆਂ ਕਿਆਸਅਰਾਈਆਂ ਨੂੰ ਖਤਮ ਕਰ ਦਿੱਤਾ ਹੈ, ਜਿਸ ਰਾਹੀਂ ਇਥੇ ਚਰਚਾ ਚੱਲ ਰਹੀ ਸੀ ਕਿ ਸ੍ਰੀ ਸਿੱਧੂ ਹੁਣ ਅੰਮ੍ਰਿਤਸਰ ਦੀ ਥਾਂ ਪਟਿਆਲਾ ਵਿਚੋਂ ਚੋਣ ਲੜਨਗੇ। ਉਨ੍ਹਾਂ ਦੇ ਇਸ ਐਲਾਨ ਤੋਂ ਬਾਅਦ ਵਿਧਾਨ ਸਭਾ ਹਲਕਾ ਪੂਰਬੀ 'ਤੇ ਨਿਗਾਹ ਰੱਖੀ ਬੈਠੇ ਕਈ ਕਾਂਗਰਸੀ ਆਗੂਆਂ ਨੂੰ ਨਿਰਾਸ਼ਾ ਹੋਈ ਹੈ। ਦੱਸਣਯੋਗ ਹੈ ਕਿ ਸਿੱਧੂ ਦੀ ਗੈਰਹਾਜ਼ਰੀ ਵਿਚ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਸੀ ਇਸ ਹਲਕੇ 'ਤੇ ਆਪਣਾ ਹੱਕ ਜਤਾ ਰਹੇ ਸਨ।

# ਸਿੱਧੂ ਵੱਲੋਂ ਸਲਾਹਕਾਰਾਂ ਦੀ ਭਰਤੀ ਨੇ ਛੇੜੀ ਚਰਚਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਆਪਣੇ ਸਲਾਹਕਾਰਾਂ ਦੀ ਨਿਯੁਕਤੀ ਕੀਤੇ ਜਾਣ ਨਾਲ ਸਿਆਸੀ ਧੂੰਆਂ ਉਠਣ ਲੱਗਾ ਹੈ। ਹਾਲਾਂਕਿ ਨਵੇਂ ਸਲਾਹਕਾਰ ਮੁਹੰਮਦ ਮੁਸਤਫਾ ਨੇ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਸਲਾਹਕਾਰ ਟੀਮ ਦੀ ਨਿਯੁਕਤੀ ਤੋਂ ਨਵੇਂ ਚਰਚੇ ਛਿੜ ਗਏ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਰਫੋਂ ਹਾਲੇ ਤੱਕ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ ਹੈ ਪਰ ਮੁੱਖ ਮੰਤਰੀ ਇਸ ਸਲਾਹਕਾਰੀ ਟੀਮ ਦੇ ਫੈਸਲੇ ਨੂੰ ਇਕ ਮੌਕੇ ਵਜੋਂ ਲੈ ਰਹੇ ਹਨ। ਪੰਜਾਬ ਕਾਂਗਰਸ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਕਿ ਪ੍ਰਧਾਨ ਵੱਲੋਂ ਆਪਣੇ ਨਾਲ ਸਲਾਹਕਾਰ ਨਿਯੁਕਤ ਕੀਤੇ ਗਏ ਹੋਣ। ਕਾਂਗਰਸ ਦੇ ਸੰਵਿਧਾਨ ਵਿਚ ਵੀ ਕਾਂਗਰਸ ਪ੍ਰਧਾਨ ਦੇ ਸਲਾਹਕਾਰ ਦਾ ਕੋਈ ਅਹੁਦਾ ਦਰਜ ਨਹੀਂ ਹੈ। ਟਕਸਾਲੀ ਕਾਂਗਰਸੀ ਆਖਦੇ ਹਨ ਕਿ ਹਾਈਕਮਾਨ ਦੀ ਪ੍ਰਵਾਨਗੀ ਤੋਂ ਬਿਨਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਕੋਈ ਵੀ ਨਿਯੁਕਤੀ ਨਹੀਂ ਕਰ ਸਕਦਾ, ਇਥੋਂ ਤੱਕ ਕਿ ਬਲਾਕ ਪ੍ਰਧਾਨ ਵੀ ਖੁਦ ਨਹੀਂ ਲਾ ਸਕਦਾ। ਦੇਖਿਆ ਜਾਵੇ ਤਾਂ ਨਵਜੋਤ ਸਿੱਧੂ ਨੇ ਇਸ ਚੋਣ ਵਿਚ ਧਾਰਮਿਕ ਨਜ਼ਰੀਏ ਤੋਂ ਪੂਰਾ ਤਵਾਜ਼ਨ ਰੱਖਿਆ ਹੈ।

ਨਵੀਂ ਸਲਾਹਕਾਰੀ ਟੀਮ ਲਈ ਨਵਜੋਤ ਸਿੱਧੂ ਨੇ ਕਾਂਗਰਸ ਹਾਈਕਮਾਨ ਤੋਂ ਅਗਾਊਂ ਪ੍ਰਵਾਨਗੀ ਲਈ ਹੈ ਜਾਂ ਨਹੀਂ, ਇਹ ਵੀ ਚਰਚਾ ਦਾ ਮੁੱਦਾ ਬਣ ਗਿਆ ਹੈ। ਨਵਜੋਤ ਸਿੱਧੂ ਦੇ ਵਿਰੋਧੀ ਖੇਮੇ ਨੇ ਇਸ ਗੱਲ ਨੂੰ ਵੀ ਤੂਲ ਦੇਣੀ ਸ਼ੁਰੂ ਕਰ ਦਿੱਤੀ ਹੈ ਕਿ ਸਲਾਹਕਾਰੀ ਟੀਮ ਵਿਚ ਕਾਂਗਰਸੀ ਵਜੋਂ ਸਿਰਫ ਅਮਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਨਵੀਂ ਸਲਾਹਕਾਰ ਟੀਮ ਬਣਨ ਮਗਰੋਂ ਕਾਂਗਰਸ ਹਾਈਕਮਾਨ ਵੱਲੋਂ ਲਾਏ ਚਾਰ ਕਾਰਜਕਾਰੀ ਪ੍ਰਧਾਨ ਵੀ ਹੁਣ ਥੋੜ੍ਹੀ ਔਖ ਵਿਚ ਜਾਪ ਰਹੇ ਹਨ ਪਰ ਕੋਈ ਵੀ ਮੂੰਹ ਨਹੀਂ ਖੋਲ੍ਹ ਰਿਹਾ ਹੈ। ਦੇਖਣਾ ਹੋਵੇਗਾ ਕਿ ਨਵਜੋਤ ਸਿੱਧੂ ਆਪਣੇ ਕਾਰਜਕਾਰੀ ਪ੍ਰਧਾਨਾਂ ਨੂੰ ਤਰਜੀਹ ਦੇਣਗੇ ਜਾਂ ਫਿਰ ਆਪਣੀ ਸਲਾਹਕਾਰੀ ਟੀਮ ਨੂੰ।

ਦੱਸ ਦਈਏ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਨਵੇਂ ਚਾਰ ਸਲਾਹਕਾਰ ਨਿਯੁਕਤ ਕੀਤੇ ਹਨ ਜਿਨ੍ਹਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਸਮਝੇ ਜਾਂਦੇ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੀ ਸ਼ਮੂਲੀਅਤ ਨਾਲ ਨਵੇਂ ਚਰਚੇ ਛਿੜ ਗਏ ਹਨ। ਕਾਂਗਰਸ ਪ੍ਰਧਾਨ ਨੇ ਮੁਸਤਫਾ ਤੋਂ ਇਲਾਵਾ ਲੋਕ ਸਭਾ ਮੈਂਬਰ ਡਾ. ਅਮਰ ਸਿੰਘ, ਮਾਲਵਿੰਦਰ ਸਿੰਘ ਮਾਲੀ ਅਤੇ ਡਾ. ਪਿਆਰੇ ਲਾਲ ਗਰਗ ਨੂੰ ਆਪਣੇ ਸਲਾਹਕਾਰਾਂ ਦੀ ਟੀਮ 'ਚ ਸ਼ਾਮਲ ਕੀਤਾ ਹੈ। ਨਜ਼ਰ ਮਾਰੀਏ ਤਾਂ ਲੋਕ ਸਭਾ ਮੈਂਬਰ ਅਮਰ ਸਿੰਘ ਪਹਿਲਾਂ ਵੀ ਨਵਜੋਤ ਸਿੱਧੂ ਨਾਲ ਜੁੜੇ ਰਹੇ ਹਨ। ਪੰਜਾਬ ਵਜ਼ਾਰਤ ਵਿਚ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਸ਼ਾਮਲ ਹਨ ਜਦਕਿ ਉਨ੍ਹਾਂ ਦੇ ਪਤੀ ਮੁਹੰਮਦ ਮੁਸਤਫਾ ਹੁਣ ਸਿੱਧੂ ਦੇ ਸਲਾਹਕਾਰ ਬਣ ਗਏ ਹਨ। ਮਾਲਵਿੰਦਰ ਸਿੰਘ ਮਾਲੀ ਸਾਬਕਾ ਅਧਿਆਪਕ ਹਨ ਅਤੇ ਕਿਸਾਨੀ ਸੰਘਰਸ਼ ਨਾਲ ਨੇੜਿਓਂ ਜੁੜੇ ਰਹੇ ਹਨ। ਉਹ ਪਿਛਲੇ ਅਰਸੇ ਤੋਂ ਸੋਸ਼ਲ ਮੀਡੀਆ 'ਤੇ ਨਵਜੋਤ ਸਿੱਧੂ ਦੀ ਏਜੰਡਾ ਸਿਆਸਤ ਦੀ ਗੱਲ ਕਰਦੇ ਆ ਰਹੇ ਹਨ। ਨਵੇਂ ਸਲਾਹਕਾਰ ਡਾ. ਪਿਆਰੇ ਲਾਲ ਗਰਗ ਪੰਜਾਬ ਮਸਲਿਆਂ ਦੇ ਗਿਆਤਾ ਹਨ ਅਤੇ ਖਾਸ ਤੌਰ 'ਤੇ ਸਿੱਖਿਆ ਅਤੇ ਸਿਹਤ ਦੇ ਖੇਤਰ ਦੇ ਮੁੱਦੇ ਉਠਾਉਂਦੇ ਰਹਿੰਦੇ ਹਨ।

# ਹਾਈ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਰਾਹਤ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਸੈਣੀ ਨੇ ਸੀਨੀਅਰ ਵਕੀਲ ਏ.ਪੀ.ਐਸ. ਦਿਓਲ ਅਤੇ ਹਿੰਮਤ ਸਿੰਘ ਰਾਹੀਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਮੁਹਾਲੀ ਅਦਾਲਤ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ 'ਚ ਹੇਠਲੀ ਅਦਾਲਤ ਨੇ ਸਾਬਕਾ ਡੀ.ਜੀ.ਪੀ. ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ।



ਸੈਣੀ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਵਿਜੀਲੈਂਸ ਜਾਣ-ਬੁੱਝ ਕੇ ਝੂਠੇ ਕੇਸ ਵਿਚ ਫਸਾ ਰਹੀ ਹੈ। ਅਦਾਲਤ ਨੇ ਸੈਣੀ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ ਹਫਤੇ ਅੰਦਰ ਵਿਜੀਲੈਂਸ ਕੋਲ ਪੇਸ਼ ਹੋ ਕੇ ਜਾਂਚ ਵਿਚ ਸ਼ਾਮਲ ਹੋਣ ਦੀ ਹਦਾਇਤ ਕੀਤੀ ਹੈ। ਬਚਾਅ ਪੱਖ ਦੇ ਵਕੀਲ ਏ.ਪੀ.ਐਸ. ਦਿਓਲ ਨੇ ਸੁਮੇਧ ਸੈਣੀ ਨੂੰ ਅਗਾਊਂ ਜ਼ਮਾਨਤ ਦੇਣ ਦੀ ਅਪੀਲ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਪੰਜਾਬ ਪੁਲਿਸ ਵਿਚ ਡੀ.ਜੀ.ਪੀ. ਦੇ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਹੁਣ ਤੱਕ ਸੂਬਾ ਸਰਕਾਰ ਉਨ੍ਹਾਂ ਖ਼ਿਲਾਫ਼ ਚਾਰ ਝੂਠੇ ਕੇ ਦਰਜ ਕਰ ਚੁੱਕੀ ਹੈ ਤੇ ਇਹ ਸਾਰੇ ਕੇਸ ਸਿਆਸਤ ਤੋਂ ਪ੍ਰੇਰਿਤ ਹਨ। ਉਨ੍ਹਾਂ ਦੱਸਿਆ ਕਿ ਜ਼ੈੱਡ ਪਲੱਸ ਸੁਰੱਖਿਆ ਅਤੇ ਅਤਿਵਾਦ ਤੋਂ ਖਤਰਾ ਹੋਣ ਕਾਰਨ ਸੇਵਾਮੁਕਤੀ ਤੋਂ ਬਾਅਦ ਕੋਈ ਵੀ ਵਿਅਕਤੀ ਸੁਮੇਧ ਸੈਣੀ ਨੂੰ ਆਪਣਾ ਮਕਾਨ ਕਿਰਾਏ 'ਤੇ ਦੇਣ ਲਈ ਤਿਆਰ ਨਹੀਂ ਸੀ। ਉਸ ਨੇ ਬੜੀ ਮੁਸ਼ਕਲ ਨਾਲ ਨਿਰਮਤਦੀਪ ਸਿੰਘ ਅਤੇ ਉਸ ਦੇ ਪਿਤਾ ਨੂੰ ਸੈਕਟਰ-20, ਚੰਡੀਗੜ੍ਹ ਵਾਲੀ ਕੋਠੀ ਕਿਰਾਏ 'ਤੇ ਲੈਣ ਲਈ ਰਾਜ਼ੀ ਕਰ ਲਿਆ। ਬਾਅਦ ਵਿਚ ਉਨ੍ਹਾਂ ਉਕਤ ਕੋਠੀ ਖਰੀਦਣ ਦਾ ਮਨ ਬਣਾ ਲਿਆ ਅਤੇ ਨਿਮਰਤਦੀਪ ਦਾ ਪਰਿਵਾਰ ਵੀ ਰਾਜ਼ੀ ਹੋ ਗਿਆ। ਇਸ ਤਰ੍ਹਾਂ ਸੈਣੀ ਨੇ ਸੋਹਾਣਾ ਵਿਚਲੀ ਆਪਣੀ ਦੋ ਏਕੜ ਜ਼ਮੀਨ ਵੇਚ ਕੇ 6.40 ਕਰੋੜ ਵਿਚ ਸੌਦਾ ਤੈਅ ਕਰ ਲਿਆ ਅਤੇ ਹੁਣ ਤੱਕ 5 ਕਰੋੜ ਤੋਂ ਵੱਧ ਪੈਸੇ ਜਾ ਚੁੱਕੇ ਹਨ ਅਤੇ ਇਹ ਸਾਰੀ ਪੇਮੈਂਟ ਚੈੱਕ ਰਾਹੀਂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਨਿਮਰਤਦੀਪ ਤੇ ਉਸ ਦੇ ਪਿਤਾ ਨੂੰ ਸੈਣੀ ਸਿਰਫ ਦੋ ਵਾਰੀ ਮਿਲੇ ਹਨ। ਉਧਰ ਸਰਕਾਰੀ ਵਕੀਲ ਨੇ ਕਿਹਾ ਕਿ ਸਾਰੇ ਪਹਿਲੂਆਂ ਦੀ ਜਾਂਚ ਲਈ ਮੁਲਜ਼ਮਾਂ ਦੀ ਗ੍ਰਿਫਤਾਰੀ ਬਹੁਤ ਜ਼ਰੂਰੀ ਹੈ।

## ਬਜ਼ੁਰਗਾਂ ਦੀ ਸੰਭਾਲ ਦੇ ਮਾਮਲੇ ਵਿਚ ਕਾਰਗੁਜ਼ਾਰੀ ਵਧੀਆ

**ਨਵੀਂ ਦਿੱਲੀ:** ਬਜ਼ੁਰਗਾਂ ਦੇ ਉਚ ਜੀਵਨ ਪੱਧਰ ਤੇ ਉਨ੍ਹਾਂ ਦੀ ਸੰਭਾਲ ਵਿਚ ਰਾਜਸਥਾਨ, ਹਿਮਾਚਲ ਪ੍ਰਦੇਸ਼, ਮਿਜ਼ੋਰਮ ਤੇ ਚੰਡੀਗੜ੍ਹ ਦੀ ਕਾਰਗੁਜ਼ਾਰੀ ਵਧੀਆ ਰਹੀ ਹੈ ਤੇ ਕੌਮੀ ਰੈਂਕਿੰਗ ਵਿਚ ਇਹ ਤਿੰਨੋਂ ਸੂਬੇ ਤੇ ਯੂਟੀ (ਚੰਡੀਗੜ੍ਹ)



ਅੱਵਲ ਰਹੇ ਹਨ। ਇਹ ਸਰਵੇਖਣ ਆਰਥਿਕ ਸਲਾਹਕਾਰ ਕੌਂਸਲ ਨੇ ਪ੍ਰਧਾਨ ਮੰਤਰੀ ਨੂੰ ਸੌਂਪਿਆ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਦੇਸ਼ ਦੀ 8.6 ਫੀਸਦ ਆਬਾਦੀ ਬਜ਼ੁਰਗਾਂ ਦੀ ਹੈ ਤੇ ਵਰ੍ਹਾ 2050 ਤੱਕ ਬਜ਼ੁਰਗਾਂ ਦੀ ਗਿਣਤੀ ਮੌਜੂਦਾ ਸਮੇਂ ਨਾਲੋਂ ਤਿੰਨ ਗੁਣਾ ਵੱਧ ਜਾਵੇਗੀ। ਉਸ ਸਮੇਂ ਦੇਸ਼ ਦਾ ਬਜ਼ੁਰਗ ਵਰਗ ਕੁੱਲ ਆਬਾਦੀ ਦਾ 19.5 ਫੀਸਦ ਹਿੱਸਾ ਹੋਵੇਗਾ। ਇਨ੍ਹਾਂ ਵਿਚ ਬਿਰਧ ਔਰਤਾਂ ਦੀ ਗਿਣਤੀ ਜ਼ਿਆਦਾ ਹੋਵੇਗੀ। ਇਸ ਰਿਪੋਰਟ ਵਿਚ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਦੇਸ਼ ਵਿਚ ਬਜ਼ੁਰਗਾਂ ਦੀ ਸੰਭਾਲ ਲਈ ਯਤਨ ਕੀਤੇ ਜਾ ਰਹੇ ਹਨ। ਇਸ ਅਧਿਐਨ ਵਿਚ ਚਾਰ ਪੁਆਇੰਟਾਂ ਨੂੰ ਧੁਰ ਬਣਾਇਆ ਗਿਆ ਹੈ ਜਿਨ੍ਹਾਂ ਵਿਚ ਬਜ਼ੁਰਗਾਂ ਦੀ ਆਰਥਿਕ ਹਾਲਤ, ਸਮਾਜਿਕ ਰਹਿਣ-ਸਹਿਣ, ਤੰਦਰੁਸਤੀ ਤੇ ਰੈਗੂਲਰ ਆਮਦਨ ਦੇ ਵਸੀਲੇ ਸ਼ਾਮਲ ਹਨ।

# 'ਆਪ' ਨੇ ਸਿੱਧੂ ਨੂੰ ਯਾਦ ਕਰਵਾਏ ਚੋਣ ਵਾਅਦੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਇਕ ਪੱਤਰ ਲਿਖ ਕੇ ਕਾਂਗਰਸ ਦੇ 2017 ਦੇ ਅਧੂਰੇ ਪਏ ਸਾਰੇ ਚੋਣ ਵਾਅਦੇ ਤੁਰਤ ਪੂਰੇ ਕਰਨ ਦੀ ਮੰਗ ਕੀਤੀ ਹੈ।

ਚਿੱਠੀ ਦੇ ਨਾਲ ਕਾਂਗਰਸ ਦਾ 129 ਪੰਨਿਆਂ ਦਾ ਚੋਣ ਮੈਨੀਫੈਸਟੋ ਨੱਥੀ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਨੇ ਇਸ ਨੂੰ ਆਪਣੀ ਅਧਿਕਾਰਤ ਵੈੱਬਸਾਈਟ ਤੋਂ ਹਟਾ ਦਿੱਤਾ ਹੈ। 'ਆਪ' ਆਗੂ ਨੇ ਨਵਜੋਤ ਸਿੰਘ ਸਿੱਧੂ ਨੂੰ ਮੁਬਾਰਕਬਾਦ ਦੇ ਨਾਲ-ਨਾਲ ਨਸੀਹਤਾਂ ਵੀ ਦਿੱਤੀਆਂ ਹਨ।




ਰਾਘਵ ਚੱਢਾ ਨੇ ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਹੁਣ ਵਿਰੋਧੀ ਧਿਰ ਦੇ ਨੇਤਾ ਵਾਂਗ ਵਿਚਰਨਾ ਬੰਦ ਕਰਨ ਕਿਉਂਕਿ ਉਹ ਸੱਤਾਧਾਰੀ ਕਾਂਗਰਸ ਦਾ ਕੇਵਲ ਹਿੱਸਾ ਹੀ ਨਹੀਂ, ਸਗੋਂ ਪ੍ਰਧਾਨ ਵੀ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਦੇ ਅਧੀਨ ਹੈ। ਸੱਤਾਧਾਰੀ ਪਾਰਟੀ ਦਾ ਪ੍ਰਧਾਨ ਹੋਣ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਸਿੱਧੂ ਨੂੰ ਸਾਰੇ ਵਾਅਦੇ ਆਉਂਦੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਪੂਰੇ ਕਰਨੇ ਪੈਣਗੇ ਕਿਉਂਕਿ ਸਾਢੇ ਚਾਰ ਸਾਲਾਂ 'ਚ ਕਾਂਗਰਸ ਚੋਣ ਮੈਨੀਫੈਸਟੋ ਦਾ ਇਕ ਵੀ ਵਾਅਦਾ ਪੂਰਾ ਨਹੀਂ ਕਰ ਸਕੀ। ਰਾਘਵ ਚੱਢਾ ਨੇ ਕਿਹਾ ਕਿ ਸਿੱਧੂ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਨਾ ਕਰਨ ਕਿ ਅਗਲੀ ਸਰਕਾਰ ਕਾਂਗਰਸ ਦੀ ਬਣਾਓ, ਸਾਰੇ ਵਾਅਦੇ ਪੂਰੇ ਹੋਣਗੇ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਢੇ ਚਾਰ ਸਾਲਾਂ ਦੌਰਾਨ ਨਾ ਬੇਅਦਬੀ ਦਾ ਇਨਸਾਫ ਮਿਲਿਆ, ਨਾ ਮਾਫੀਆ ਰਾਜ ਖਤਮ ਹੋਇਆ ਤੇ ਨਾ ਹੀ ਮੁਲਾਜ਼ਮਾਂ ਦੇ ਮਸਲੇ ਹੱਲ ਹੋਏ ਅਤੇ ਇਹ ਗੱਲਾਂ ਨਵਜੋਤ ਸਿੱਧੂ ਵੀ ਆਖਦੇ ਹਨ।

## ਬਿਜਲੀ ਸਮਝੌਤਿਆਂ ਬਾਰੇ ਅੱਖੀਂ ਘੱਟਾ ਪਾ ਰਹੇ ਨੇ ਕੈਪਟਨ ਤੇ ਸਿੱਧੂ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਹੈ ਕਿ ਬਿਜਲੀ ਸਮਝੌਤਿਆਂ ਨੂੰ ਰੱਦ ਕਰਨ ਦੇ ਮੁੱਦੇ 'ਤੇ ਪੰਜਾਬ ਦੀ ਜਨਤਾ ਦੇ ਅੱਖੀਂ ਘੱਟਾ ਪਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਿੱਤ ਨਵੇਂ ਝੂਠ ਬੋਲ ਰਹੇ ਹਨ।

'ਆਪ' ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਕ ਬਿਆਨ ਰਾਹੀਂ ਕਿਹਾ ਕਿ ਆਮ ਆਦਮੀ ਪਾਰਟੀ ਸੱਤਾਧਾਰੀ ਕਾਂਗਰਸੀਆਂ ਦੇ ਇਸ ਝੂਠ ਦਾ ਅਗਲੇ ਹਫਤੇ ਤੱਥਾਂ ਅਤੇ ਦਸਤਾਵੇਜ਼ਾਂ ਨਾਲ ਪਰਦਾਫਾਸ਼ ਕਰੇਗੀ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਉਠਾਏ ਜਾਣ ਵਾਲੇ ਸਵਾਲਾਂ ਦੇ ਜਵਾਬ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਵੀ ਦੇਣੇ ਪੈਣਗੇ।

# ਅਫਗਾਨਿਸਤਾਨ ਤੋਂ ਆਉਣ ਵਾਲੇ ਸਿੱਖਾਂ ਦਾ ਪ੍ਰਬੰਧ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਅਫ਼ਗਾਨਿਸਤਾਨ ਵਿਚ ਬਣੇ ਹਿੰਸਕ ਮਾਹੌਲ ਦੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਕਿ ਅਜਿਹੀ ਸਥਿਤੀ ਵਿਚ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਿੱਖਾਂ ਦੇ ਰਹਿਣ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਫ਼ਗਾਨਿਸਤਾਨ ਵਿੱਚ ਵੱਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਜੋ ਸਿੱਖ ਅਫ਼ਗਾਨਿਸਤਾਨ ਤੋਂ ਭਾਰਤ ਆਉਣਾ ਚਾਹੁੰਦੇ ਹਨ, ਉਨ੍ਹਾਂ ਲਈ ਕੇਂਦਰ ਸਰਕਾਰ ਨੂੰ ਬਿਨਾਂ ਸ਼ਰਤ ਪ੍ਰਬੰਧ ਕਰਨੇ ਚਾਹੀਦੇ ਹਨ। ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ 'ਚ ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਦੇ ਮੌਜੂਦਾ ਹਾਲਾਤ ਵਿਚ ਸਿੱਖ ਭੈਭੀਤ ਹਨ ਅਤੇ ਉਹ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ਦੀ ਅਫ਼ਗਾਨਿਸਤਾਨ ਵਿਚ ਸੁਰੱਖਿਆ ਲਈ ਤੁਰਤ ਲੋੜੀਂਦੇ ਕਦਮ ਚੁੱਕੇ ਜਾਣ ਅਤੇ ਜੇ ਇਹ ਸਿੱਖ ਭਾਰਤ ਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਕਦੇ ਅਫ਼ਗਾਨਿਸਤਾਨ ਵਿਚ



ਵੱਡੀ ਗਿਣਤੀ 'ਚ ਸਿੱਖ ਵੱਸਦੇ ਸਨ ਪਰ ਦੁੱਖ ਦੀ ਗੱਲ ਹੈ ਕਿ ਅੱਜ ਸਿਰਫ ਕੁਝ ਸਿੱਖ ਪਰਿਵਾਰ ਹੀ ਉਥੇ ਰਹਿ ਰਹੇ ਹਨ ਅਤੇ ਉਹ ਵੀ ਡਰੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਿੱਖਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਕਰਨ ਲਈ ਤਿਆਰ ਹੈ।

ਦੱਸ ਦਈਏ ਕਿ ਅਫ਼ਗਾਨਿਸਤਾਨ ਵਿਚ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਨੇ ਅਫ਼ਗਾਨੀ ਸਿੱਖਾਂ ਦਾ ਫਿਕਰ ਵਧਾ ਦਿੱਤਾ ਹੈ। ਲੁਧਿਆਣਾ ਵਿਚ ਆ ਕੇ ਵੱਸੇ ਪਰਿਵਾਰਾਂ ਦਾ ਕਹਿਣਾ ਹੈ ਕਿ ਅਫ਼ਗਾਨਿਸਤਾਨ ਵਿਚ ਪਹਿਲਾਂ ਹੀ ਘੱਟ ਗਿਣਤੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਅਮਰੀਕੀ ਫੌਜਾਂ ਦੀ ਵਾਪਸੀ ਮਗਰੋਂ ਹੁਣ ਤਾਲਿਬਾਨੀਆਂ ਨੇ ਅਫ਼ਗਾਨਿਸਤਾਨ ਵਿਚ ਮੁੜ ਆਪਣਾ ਜ਼ੁਲਮ ਸ਼ੁਰੂ ਕਰ ਦਿੱਤਾ ਹੈ। ਤਾਲਿਬਾਨੀਆਂ ਵੱਲੋਂ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਮੰਦਰਾਂ ਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਜਾ ਰਹੇ ਹਨ।

ਇਥੇ ਵੱਸੇ ਅਫ਼ਗਾਨੀ ਸਿੱਖ ਪਰਿਵਾਰਾਂ ਨੇ ਦੱਸਿਆ ਕਿ ਉਹ ਸਾਲ 2012 ਵਿਚ ਅਫ਼ਗਾਨਿਸਤਾਨ ਤੋਂ ਕਾਬੁਲ ਪਰਤ ਆਏ ਸਨ ਅਤੇ ਹੁਣ ਉਥੇ ਹਾਲਾਤ ਹੋਰ ਵੀ ਖਰਾਬ ਹੋ ਗਏ ਹਨ, ਕਿਉਂਕਿ ਤਾਲਿਬਾਨੀਆਂ ਵੱਲੋਂ ਘੱਟ ਗਿਣਤੀਆਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ। ਇਸ ਤੋਂ ਬਾਅਦ ਉਹ ਲੁਧਿਆਣਾ ਵਿਚ ਆ ਗਏ।

ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਗੁਰਦੁਆਰਿਆਂ 'ਤੇ ਹਮਲੇ ਹੋ ਰਹੇ ਹਨ ਅਤੇ ਘੱਟ ਗਿਣਤੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਨ੍ਹਾਂ ਵਿਚ ਉਹ ਆਪਣੇ ਕਈ ਰਿਸ਼ਤੇਦਾਰ ਵੀ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕਈ ਰਿਸ਼ਤੇਦਾਰ ਹਾਲੇ ਵੀ ਅਫ਼ਗਾਨਿਸਤਾਨ ਵਿਚ ਫਸੇ ਹੋਏ ਹਨ, ਜਿਨ੍ਹਾਂ ਦੀ ਸੁਰੱਖਿਆ ਬਾਰੇ ਉਹ ਕਾਫੀ ਫਿਕਰਮੰਦ ਹਨ। ਕਾਬੁਲ ਤੋਂ ਆਏ ਸ਼ਾਮ ਸਿੰਘ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਮਦਦ ਕੀਤੀ ਜਾਵੇ। ਉਨ੍ਹਾਂ ਨੂੰ ਵੀ ਅਫ਼ਗਾਨਿਸਤਾਨ ਵਿਚੋਂ ਸੁਰੱਖਿਅਤ ਕੱਢ ਕੇ ਭਾਰਤ ਦੀ ਨਾਗਰਿਕਤਾ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਉਥੇ ਤਾਂ ਉਨ੍ਹਾਂ ਨੂੰ ਹਰ ਵੇਲੇ ਜਾਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਭਾਵੇਂ ਹੁਣ ਭਾਰਤ ਦੀ ਨਾਗਰਿਕਤਾ ਮਿਲ ਗਈ ਹੈ, ਪਰ ਹਾਲੇ ਤੱਕ ਆਧਾਰ ਕਾਰਡ ਨਹੀਂ ਬਣੇ ਹਨ ਤੇ ਨਾ ਹੀ ਸਰਕਾਰ ਵੱਲੋਂ ਕੋਈ ਸਹੂਲਤ ਮਿਲੀ ਹੈ। ਬੱਚੇ ਵੀ ਪੜ੍ਹ ਨਹੀਂ ਰਹੇ। ਰਿਕਸ਼ਾ ਤੇ ਆਟੋ ਚਲਾ ਕੇ ਉਹ ਆਪਣਾ ਗੁਜ਼ਾਰਾ ਕਰਦੇ ਹਨ, ਕੋਈ ਗਲੀਆਂ ਵਿਚ ਕੱਪੜੇ ਵੇਚ ਕੇ ਜ਼ਿੰਦਗੀ ਬਸਰ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਮਦਦ ਕੀਤੀ ਜਾਵੇ ਤੇ ਲੁਧਿਆਣਾ ਵਿਚ ਵੀ ਮਦਦ ਕੀਤੀ ਜਾਵੇ।

## ਹਿੰਦੂਆਂ ਤੇ ਸਿੱਖਾਂ ਨੂੰ ਸੁਰੱਖਿਅਤ ਲਿਆਉਣ ਦੀ ਅਪੀਲ

**ਨਵੀਂ ਦਿੱਲੀ:** 'ਵਰਲਡ ਪੰਜਾਬੀ ਆਰਗੇਨਾਈਜੇਸ਼ਨ' ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਕਾਬੁਲ ਵਿਚੋਂ 257 ਅਫ਼ਗਾਨ ਹਿੰਦੂ ਤੇ ਸਿੱਖ ਪਰਿਵਾਰਾਂ ਨੂੰ ਜਲਦੀ ਕੱਢਿਆ ਜਾਵੇ। ਸੰਗਠਨ ਦੇ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਇਹ ਸਮੇਂ ਦੀ ਮੰਗ ਹੈ ਕਿ ਅਫ਼ਗਾਨ ਮੂਲ ਦੇ ਸਿੱਖਾਂ ਤੇ ਹਿੰਦੂਆਂ ਨੂੰ ਸੁਰੱਖਿਅਤ ਭਾਰਤ ਲਿਆਂਦਾ ਜਾਵੇ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਇਸ ਵੇਲੇ ਗੰਭੀਰ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਸੰਗਠਨ ਇਨ੍ਹਾਂ ਦੇ ਪੁਨਰਵਾਸ ਲਈ ਹਰ ਸੰਭਵ ਯਤਨ ਕਰੇਗਾ। ਸਾਹਨੀ ਨੇ ਪਹਿਲਾਂ ਹੀ ਭਾਰਤ ਆ ਚੁੱਕੇ ਅਜਿਹੇ ਸ਼ਰਨਾਰਥੀਆਂ ਨੂੰ ਲੰਮੀ ਮਿਆਦ ਦੇ ਵੀਜ਼ੇ ਦੇਣ ਲਈ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਅਪੀਲ ਕੀਤੀ ਕਿ ਇਨ੍ਹਾਂ ਨੂੰ ਜਲਦੀ ਨਾਗਰਿਕਤਾ ਵੀ ਦਿੱਤੀ ਜਾਵੇ।

# ਕਰੋਨਾ ਦਾ ਸਹਿਮ: ਪੰਜਾਬ ਵਿਚ ਮੁੜ ਸਖਤ ਹੋਈਆਂ ਪਾਬੰਦੀਆਂ



**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਦੇ ਵਧਦੇ ਕਹਿਰ ਦੇ ਮੱਦੇਨਜ਼ਰ ਮੁੜ ਪਾਬੰਦੀਆਂ ਸਖਤ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਦਾਖਲ ਹੋਣ ਵਾਲੇ ਸਾਰੇ ਵਿਅਕਤੀਆਂ ਲਈ ਮੁਕੰਮਲ ਕੋਵਿਡ ਟੀਕਾਕਰਨ ਦਾ ਸਰਟੀਫਿਕੇਟ ਜਾਂ ਆਰ.ਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਲਾਜ਼ਮੀ ਕਰਾਰ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਖਾਸ ਕਰਕੇ ਹਿਮਾਚਲ ਪ੍ਰਦੇਸ਼ ਤੇ ਜੰਮੂ ਤੋਂ ਆਉਣ ਵਾਲੇ ਲੋਕਾਂ 'ਤੇ ਨਿਗਰਾਨੀ ਦੀ ਜ਼ਰੂਰਤ ਹੈ ਕਿਉਂਕਿ ਪਹਾੜੀ ਸੂਬਿਆਂ ਵਿਚ ਪਿਛਲੇ ਦਿਨਾਂ ਤੋਂ ਕੋਵਿਡ ਦੇ ਮਰੀਜ਼ਾਂ ਦੀ ਗਿਣਤੀ 'ਚ ਇਕਦਮ ਵਾਧਾ ਹੋਇਆ ਹੈ।

ਸਕੂਲਾਂ ਵਿਚ ਕੋਵਿਡ ਦੇ ਮਾਮਲੇ ਮਿਲਣ ਦੀਆਂ ਰਿਪੋਰਟਾਂ ਵਿਚਾਲੇ ਮੁੱਖ ਮੰਤਰੀ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਪੜ੍ਹਾਉਣ ਦੀ ਇਜਾਜ਼ਤ ਸਿਰਫ ਮੁਕੰਮਲ ਟੀਕਾਕਰਨ ਵਾਲੇ ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ, ਜਾਂ ਜੋ ਹਾਲ ਹੀ ਵਿਚ ਕੋਵਿਡ ਤੋਂ ਸਿਹਤਯਾਬ ਹੋਏ ਹਨ, ਨੂੰ ਹੋਵੇਗੀ। ਉਨ੍ਹਾਂ ਟੀਕਾਕਰਨ ਲਈ ਅਧਿਆਪਕਾਂ ਅਤੇ ਗੈਰ-ਅਧਿਆਪਨ ਅਮਲੇ ਨੂੰ ਤਰਜੀਹ ਦੇਣ ਦੇ ਆਦੇਸ਼ ਵੀ ਦਿੱਤੇ। ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਵਿਚ ਪਿਛਲੇ ਹਫਤੇ ਦੌਰਾਨ ਪਾਜ਼ੀਟੀਵਿਟੀ ਦਰ ਵੀ 0.2 ਫੀਸਦੀ ਤੱਕ ਦਾ ਮਾਮੂਲੀ ਵਾਧਾ ਹੋਣ 'ਤੇ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਕੈਂਬਰਿਜ ਯੂਨੀਵਰਸਿਟੀ ਦੇ ਅਧਿਐਨ 'ਚ ਭਵਿੱਖਬਾਣੀ ਕੀਤੀ ਗਈ ਹੈ ਕਿ ਅਗਲੇ 64 ਦਿਨਾਂ ਵਿਚ ਕੇਸ ਦੁੱਗਣੇ ਹੋਣ ਦੀ ਸੰਭਾਵਨਾ ਹੈ, ਇਸ ਲਈ ਸਾਵਧਾਨੀ ਵਜੋਂ ਅਗਾਊਂ ਪਾਬੰਦੀਆਂ ਐਲਾਨੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਵਿਦਿਆਰਥੀਆਂ ਅਤੇ ਸਟਾਫ ਦੇ ਘੱਟੋ-ਘੱਟ 10,000 ਟੈਸਟ ਪ੍ਰਤੀ ਦਿਨ ਕਰਨ ਲਈ ਕਿਹਾ। ਉਨ੍ਹਾਂ 0.2 ਪ੍ਰਤੀਸ਼ਤ ਤੋਂ ਉੱਪਰ ਪਾਜ਼ੀਟਿਵਿਟੀ ਦਰ ਵਾਲੇ ਜ਼ਿਲ੍ਹਿਆਂ 'ਚ ਸੁਧਾਰ ਹੋਣ ਤੱਕ ਚੌਥੀ ਅਤੇ ਇਸ ਤੋਂ ਹੇਠਲੀਆਂ ਕਲਾਸਾਂ ਲਈ ਸਕੂਲ ਬੰਦ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਮੁਕੰਮਲ ਟੀਕਾਕਰਨ ਅਤੇ ਆਰ.ਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਦਾ ਨਿਯਮ ਉਨ੍ਹਾਂ ਸਾਰਿਆਂ 'ਤੇ ਲਾਗੂ ਹੋਵੇਗਾ, ਜੋ ਪੰਜਾਬ ਵਿਚ ਸੜਕੀ, ਰੇਲ ਜਾਂ ਹਵਾਈ ਮਾਰਗ ਰਾਹੀਂ ਦਾਖਲ ਹੋਣਗੇ।

## ਪੰਜਾਬ ਲਈ ਕੋਵਿਡ ਟੀਕਿਆਂ ਦੀ ਵੰਡ 'ਚ 25 ਫੀਸਦੀ ਵਾਧੇ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸਿਹਤ ਮੰਤਰੀ ਮਨਸੁੱਖ ਮਾਂਡਵੀਆ ਨਾਲ ਮੁਲਾਕਾਤ ਕਰਕੇ ਪੰਜਾਬ ਲਈ ਕੋਵੀਸ਼ੀਲਡ ਟੀਕਿਆਂ ਦੀ ਵੰਡ 'ਚ ਵਾਧੇ ਅਤੇ ਡੀ.ਏ.ਪੀ. ਖਾਦ ਦਾ ਮਾਮਲਾ ਉਠਾਇਆ। ਕੇਂਦਰੀ ਸਿਹਤ ਮੰਤਰੀ ਨੇ ਫੌਰੀ ਪੰਜਾਬ ਨੂੰ ਟੀਕਿਆਂ ਦੀ ਵੰਡ 'ਚ 25 ਫੀਸਦੀ ਵਾਧਾ ਕਰਨ ਦੇ ਹੁਕਮ ਦਿੱਤੇ ਤਾਂ ਜੋ ਅਗਾਮੀ ਤਿਉਹਾਰਾਂ ਦੇ ਮੱਦੇਨਜ਼ਰ ਕੋਈ ਮੁਸ਼ਕਲ ਪੇਸ਼ ਨਾ ਆਵੇ। ਮੁੱਖ ਮੰਤਰੀ ਵੱਲੋਂ ਕੋਵੀਸ਼ੀਲਡ ਦੇ ਦੂਜੇ ਟੀਕੇ ਲਈ ਉਡੀਕ ਕਰ ਰਹੇ 26 ਲੱਖ ਲੋਕਾਂ ਦੀ ਗਿਣਤੀ ਦਾ ਹਵਾਲਾ ਦਿੱਤਾ ਗਿਆ। ਮੁੱਖ ਮੰਤਰੀ ਨੇ ਕੇਂਦਰ ਤੋਂ ਕੋਵਿਡ ਟੀਕਿਆਂ ਦੀਆਂ 55 ਲੱਖ ਖੁਰਾਕਾਂ ਦੀ ਮੰਗ ਕੀਤੀ ਸੀ। ਕੇਂਦਰੀ ਮੰਤਰੀ ਮਾਂਡਵੀਆ ਨੇ 31 ਅਕਤੂਬਰ ਤੱਕ ਪੰਜਾਬ ਦੀ ਲੋੜ ਪੂਰੀ ਕਰ ਦੇਣ ਦਾ ਭਰੋਸਾ ਦਿੱਤਾ ਅਤੇ ਸੂਬੇ ਦਾ ਕੋਟਾ ਵਧਾਉਣ ਲਈ ਹੁਕਮ ਦਿੱਤੇ।

## ਵੈਕਸੀਨ ਦੀ ਮੁਕੰਮਲ ਵਰਤੋਂ ਲਈ ਤਿਆਰੀਆਂ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਹਤ ਵਿਭਾਗ ਨੂੰ ਆਉਣ ਵਾਲੀ ਵਾਧੂ ਸਪਲਾਈ ਨੂੰ ਮੁਕੰਮਲ ਵਰਤੋਂ ਵਿਚ ਲਿਆਉਣ ਲਈ ਪੁਖਤਾ ਤਿਆਰੀਆਂ ਕਰਨ ਦੇ ਹੁਕਮ ਦਿੱਤੇ ਹਨ। ਸੂਬੇ ਵਿਚ ਟੀਕਾਕਰਨ ਲਈ ਯੋਗ ਆਬਾਦੀ ਵਿਚੋਂ ਅੱਧੀ ਤੋਂ ਵੱਧ ਵਸੋਂ ਦੇ ਇਕ ਖੁਰਾਕ ਲੱਗ ਜਾਣ ਤੇ ਮੌਜੂਦਾ ਸਟਾਕ ਨੂੰ ਬਿਨਾਂ ਕਿਸੇ ਬਰਬਾਦੀ ਤੋਂ ਵਰਤੋਂ ਵਿਚ ਲਿਆਂਦੇ ਜਾਣ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਹਫਤੇ ਦੀ ਸ਼ੁਰੂਆਤ ਵਿਚ ਕੇਂਦਰੀ ਸਿਹਤ ਮੰਤਰੀ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੇ ਪੰਜਾਬ ਦੀ ਯੋਗ ਵਸੋਂ ਦੇ ਟੀਕਾਕਰਨ ਲਈ ਤੁਰਤ 55 ਲੱਖ ਖੁਰਾਕਾਂ ਦੀ ਸਪਲਾਈ ਮੰਗੀ ਸੀ।

## ਸਕੂਲਾਂ 'ਚ ਰੋਜ਼ਾਨਾ 10,000 ਕੋਵਿਡ ਟੈਸਟ ਕਰਨ ਦੇ ਹੁਕਮ

**ਚੰਡੀਗੜ੍ਹ:** ਮੁੱਖ ਸਕੱਤਰ ਵਿਨੀ ਮਹਾਜਨ ਨੇ ਸੂਬੇ ਵਿਚ ਕੋਵਿਡ ਮਹਾਮਾਰੀ ਨੂੰ ਕਾਬੂ ਹੇਠ ਰੱਖਣ ਅਤੇ ਇਸ ਦੇ ਫੈਲਾਅ ਦੀ ਰੋਕਥਾਮ ਲਈ ਸਬੰਧਤ ਵਿਭਾਗਾਂ ਨੂੰ ਆਰ.ਟੀ-ਪੀ.ਸੀ.ਆਰ. ਟੈਸਟਾਂ ਦੀ ਗਿਣਤੀ ਵਧਾਉਣ ਅਤੇ ਸਕੂਲਾਂ ਵਿਚ ਰੋਜ਼ਾਨਾ 10,000 ਆਰ.ਟੀ-ਪੀ.ਸੀ.ਆਰ. ਟੈਸਟ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਵਿਡ ਰੋਕੂ ਟੀਕੇ ਦੀਆਂ ਦੋਵੇਂ ਖੁਰਾਕਾਂ ਲਵਾਉਣ ਵਾਲੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੂੰ ਹੀ ਸਕੂਲ ਆਉਣ ਦੀ ਆਗਿਆ ਦਿੱਤੀ ਜਾਵੇ।

# ਸਿੱਖ ਕਤਲੇਆਮ: ਯੂ.ਪੀ. ਸਰਕਾਰ ਨੇ ਦਿਖਾਈ ਸਰਗਰਮੀ

**ਕਾਨਪੁਰ:** 1984 ਵਿਚ ਉਤਰ ਪ੍ਰਦੇਸ਼ ਦੇ ਕਾਨਪੁਰ 'ਚ ਸਿੱਖਾਂ ਦੇ ਹੋਏ ਕਤਲੇਆਮ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ 36 ਸਾਲ ਬਾਅਦ ਕਾਨਪੁਰ ਦੇ ਇਕ ਬੰਦ ਕਮਰੇ ਦਾ ਤਾਲਾ ਤੋੜ ਕੇ ਮ੍ਰਿਤਕਾਂ ਦੀਆਂ ਹੱਡੀਆਂ ਸਮੇਤ ਕਈ ਅਹਿਮ ਸਬੂਤ ਇਕੱਤਰ ਕੀਤੇ ਹਨ। ਉਤਰ ਪ੍ਰਦੇਸ਼ ਦੀ ਯੋਗੀ ਆਦਿੱਤਿਆਨਾਥ ਸਰਕਾਰ ਵੱਲੋਂ 2019 'ਚ ਇਸ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ, ਕਾਨਪੁਰ 'ਚ ਹੋਏ ਦੰਗਿਆਂ ਦੇ ਮਾਮਲੇ ਦੀ ਇਹ ਪਹਿਲੀ ਜਾਂਚ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਤੋਂ ਬਾਅਦ ਸਿੱਖਾਂ ਖਿਲਾਫ ਸਭ ਤੋਂ ਵਧੇਰੇ ਦੰਗੇ ਕਾਨਪੁਰ 'ਚ ਹੋਏ ਸਨ ਅਤੇ ਇਥੇ 127 ਲੋਕ ਮਾਰੇ ਗਏ ਸਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਕਾਨਪੁਰ ਦੇ ਗੋਬਿੰਦ ਨਗਰ ਇਲਾਕੇ 'ਚ ਪਹਿਲੀ ਨਵੰਬਰ 1984 ਨੂੰ ਕਾਰੋਬਾਰੀ ਤੇਜ ਪ੍ਰਤਾਪ ਸਿੰਘ (45) ਤੇ ਉਸ ਦੇ ਬੇਟੇ ਸਤਪਾਲ ਸਿੰਘ (22) ਦੀ ਭੜਕੀ ਭੀੜ ਨੇ ਘਰ ਅੰਦਰ ਹੱਤਿਆ ਕਰਨ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਕਮਰੇ ਦੇ ਅੰਦਰ ਹੀ ਸਾੜ ਦਿੱਤਾ ਸੀ। ਉਨ੍ਹਾਂ ਦੇ ਪਰਿਵਾਰ ਦੇ ਬਚੇ ਲੋਕ ਬਾਅਦ 'ਚ ਸ਼ਰਨਾਰਥੀ ਕੈਂਪਾਂ ਵਿਚ ਚਲੇ ਗਏ ਸਨ ਅਤੇ ਪਰਿਵਾਰ ਦੇ ਕਈ ਜੀਅ ਆਪਣੇ ਘਰ ਵੇਚ ਕੇ ਪੰਜਾਬ ਜਾਂ ਦਿੱਲੀ ਆ ਗਏ ਸਨ, ਪਰ ਉਨ੍ਹਾਂ ਦਾ ਘਰ ਖਰੀਦਣ ਵਾਲਾ ਉਸ ਕਮਰੇ 'ਚ ਕਦੇ ਨਹੀਂ ਗਿਆ ਜਿਸ ਅੰਦਰ ਲਾਸ਼ਾਂ ਨੂੰ ਸਾੜਿਆ ਗਿਆ ਸੀ।

ਯੋਗੀ ਸਰਕਾਰ ਵੱਲੋਂ ਅਜਿਹੇ ਮਾਮਲਿਆਂ ਦੀ ਜਾਂਚ ਲਈ ਐਸ.ਆਈ.ਟੀ. ਦਾ ਗਠਨ ਕੀਤੇ ਜਾਣ ਬਾਅਦ ਤੇਜ ਪ੍ਰਤਾਪ ਸਿੰਘ ਦੀ ਪਤਨੀ ਤੇ ਦੂਸਰੇ ਬੇਟੇ ਚਰਨਜੀਤ ਸਿੰਘ (61) ਨੇ ਕੁਝ ਅਣਪਛਾਤੇ ਲੋਕਾਂ ਖ਼ਿਲਾਫ਼ ਹੱਤਿਆ ਤੇ ਡਕੈਤੀ ਦਾ ਮਾਮਲਾ ਦਰਜ ਕਰਵਾਇਆ ਸੀ। ਮ੍ਰਿਤਕ ਦੇ ਬੇਟੇ ਚਰਨਜੀਤ ਸਿੰਘ ਨੇ ਮੈਜਿਸਟ੍ਰੇਟ ਸਾਹਮਣੇ ਆਪਣਾ ਬਿਆਨ ਵੀ ਦਰਜ ਕਰਵਾਇਆ ਸੀ, ਉਹ ਇਸ ਸਮੇਂ ਆਪਣੇ ਪਰਿਵਾਰ ਨਾਲ ਦਿੱਲੀ 'ਚ ਰਹਿ ਰਿਹਾ ਹੈ। ਦੱਸਣਯੋਗ ਹੈ ਕਿ ਪਰਿਵਾਰ ਦੇ ਇਨ੍ਹਾਂ ਮੈਂਬਰਾਂ ਨੇ ਦੰਗਾਕਾਰੀਆਂ ਦੀ ਭੀੜ ਦੇ ਘਰ 'ਚ ਦਾਖਲ ਹੋਣ ਉਤੇ ਲੁਕ ਕੇ ਆਪਣੀਆਂ ਜਾਨਾਂ ਬਚਾਈਆਂ ਸਨ ਅਤੇ ਆਪਣੇ ਜੀਆਂ ਦੀ ਹੱਤਿਆ ਤੇ ਸਾੜੇ ਜਾਣ ਦੀ ਘਟਨਾ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ।

# ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਯਾਦਗਾਰ ਦਾ ਉਦਘਾਟਨ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਥੋਂ ਦੇ ਰਣਜੀਤ ਐਵੇਨਿਊ ਨੇੜੇ ਆਨੰਦ ਅੰਮ੍ਰਿਤ ਪਾਰਕ ਵਿਚ ਸਾਕਾ ਜਲ੍ਹਿਆਂਵਾਲਾ ਬਾਗ ਦੀ ਯਾਦਗਾਰ ਦਾ ਉਦਘਾਟਨ ਕੀਤਾ ਗਿਆ। ਇਹ ਯਾਦਗਾਰ 13 ਅਪਰੈਲ 1919 ਨੂੰ ਵਾਪਰੇ ਸਾਕੇ ਦੀ ਸ਼ਤਾਬਦੀ ਅਤੇ ਇਸ ਦੇ ਗੁੰਮਨਾਮ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ।

ਸ਼ਹੀਦਾਂ ਦੇ ਪਰਿਵਾਰਾਂ ਦੀ ਮੌਜੂਦਗੀ ਵਿਚ ਮੁੱਖ ਮੰਤਰੀ ਨੇ ਯਾਦਗਾਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਦੂਜੀ ਯਾਦਗਾਰ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਕੀਤੀ ਗਈ ਹੈ, ਜਿਨ੍ਹਾਂ ਦੀ ਹਾਲੇ ਪਛਾਣ ਨਹੀਂ ਹੋ ਸਕੀ। ਇਸ ਮੌਕੇ ਮੁੱਖ ਮੰਤਰੀ ਨੇ 29 ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ।

ਉਨ੍ਹਾਂ ਕਿਹਾ ਕਿ ਇਸ ਦੁਖਾਂਤ ਵਿਚ ਜਾਨਾਂ ਗੁਆ ਚੁੱਕੇ ਲੋਕਾਂ ਦੀ ਹਾਲੇ ਸਹੀ ਗਿਣਤੀ ਨਹੀਂ ਹੋ ਸਕੀ। ਡਿਪਟੀ ਕਮਿਸ਼ਨਰ ਦਫਤਰ ਕੋਲ ਸਿਰਫ 488 ਵਿਅਕਤੀਆਂ ਦੇ ਨਾਂਵਾਂ ਦੀ ਸੂਚੀ ਹੈ। ਉਨ੍ਹਾਂ ਕਿਹਾ ਕਿ ਉਸ ਦਿਨ 1250 ਗੋਲੀਆਂ ਚੱਲੀਆਂ, ਜਿਸ ਕਰਕੇ ਅਸਲ ਵਿਚ ਗਿਣਤੀ ਹਜ਼ਾਰਾਂ ਵਿਚ ਹੋਵੇਗੀ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਵੱਖ-ਵੱਖ ਥਾਵਾਂ ਤੋਂ ਮਿੱਟੀ ਲਿਆ ਕੇ ਇਸ ਸਮਾਰਕ




ਦਾ ਨਿਰਮਾਣ ਕੀਤਾ ਗਿਆ ਹੈ। ਮੌਜੂਦਾ ਸਮੇਂ ਇਸ ਯਾਦਗਾਰ 'ਤੇ ਸਰਕਾਰੀ ਤੌਰ ਉਤੇ ਸ਼ਨਾਖ਼ਤ ਕੀਤੇ ਗਏ 488 ਸ਼ਹੀਦਾਂ ਦੇ ਨਾਂ ਉਕਰੇ ਹੋਏ ਹਨ। ਇਸ ਨਵੇਂ ਸਮਾਰਕ ਵਿਚ ਚਿੱਟੇ ਪੱਥਰ ਦੇ ਪੰਜ ਥੰਮ੍ਹ ਬਣਾਏ ਗਏ ਹਨ, ਜੋ ਸ਼ਹੀਦਾਂ ਦੀ ਸਰਵਉੱਚ ਭਾਵਨਾ ਦਾ ਪ੍ਰਤੀਕ ਹਨ।

ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 'ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ' ਦੇ ਨਾਂ 'ਤੇ ਚੇਅਰ ਸਥਾਪਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਸ਼ੂਟਿੰਗ ਰੇਂਜ, ਸਪੋਰਟਸ ਹੋਸਟਲ (ਲੜਕੇ), ਗੋਲਡਨ ਜੁਬਲੀ ਸੈਂਟਰ, ਸਕੂਲ ਆਫ ਐਜੂਕੇਸ਼ਨ ਸਕੀਮ, ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਵਿਭਾਗ ਦਾ ਉਦਘਾਟਨ ਵੀ ਕੀਤਾ। ਜ਼ਿਕਰਯੋਗ ਹੈ ਕਿ 'ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ' ਲੱਖੀ ਸ਼ਾਹ ਵਣਜਾਰੇ ਦੇ ਵਾਰਸ ਸਨ। ਉਨ੍ਹਾਂ ਅਨਪੜ੍ਹਤਾ ਨੂੰ ਦੂਰ ਕਰਨ ਲਈ 1921 ਵਿਚ ਗੁਰੂ ਗੋਬਿੰਦ ਸਿੰਘ ਕਾਲਜ ਲਬਾਣਾ ਸਥਾਪਤ ਕੀਤਾ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੌਜੂਦਾ ਵਿੱਤੀ ਸਾਲ ਲਈ ਇਕ ਕਰੋੜ ਰੁਪਏ ਦੀ ਗ੍ਰਾਂਟ ਦਿੰਦਿਆਂ ਉਮੀਦ ਜ਼ਾਹਰ ਕੀਤੀ ਕਿ ਇਹ ਪ੍ਰੋਜੈਕਟ 'ਵਰਸਿਟੀ ਨੂੰ ਮੁਲਕ ਦੀਆਂ ਉੱਚ ਦਰਜੇ ਦੀਆਂ ਯੂਨੀਵਰਸਿਟੀਆਂ ਵਿਚ ਆਪਣਾ ਸਥਾਨ ਹੋਰ ਮਜ਼ਬੂਤ ਕਰਨ ਵਿਚ ਸਹਾਈ ਹੋਣਗੇ।

# ਕੈਪਟਨ ਵੱਲੋਂ ਵਾਅਦਾਖਿਲਾਫੀ ਦਾ 'ਦਾਗ' ਧੋਣ ਲਈ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ਹਿਰਾਂ 'ਚ ਅਣਅਧਿਕਾਰਤ ਜਲ ਸਪਲਾਈ ਤੇ ਸੀਵਰੇਜ ਕੁਨੈਕਸ਼ਨਾਂ ਨੂੰ ਨਿਯਮਤ ਕਰਨ ਅਤੇ ਦਿਹਾਤੀ ਖੇਤਰ 'ਚ ਲਾਲ ਲਕੀਰ ਦੇ ਅੰਦਰ ਜਾਇਦਾਦ ਦੇ ਹੱਕ ਦੇਣ ਲਈ ਨਵੇਂ ਨਿਯਮਾਂ ਨੂੰ ਹਰੀ ਝੰਡੀ ਦੇ ਕੇ ਰਾਹਤ ਦਿੱਤੀ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿਚ ਏਜੰਡਿਆਂ 'ਤੇ ਵਿਧਾਨ ਸਭਾ-2022 ਚੋਣਾਂ ਦਾ ਪਰਛਾਵਾਂ ਸਾਫ ਨਜ਼ਰ ਆਇਆ। ਸਰਕਾਰ ਲਟਕਦੇ ਮਸਲਿਆਂ ਨੂੰ ਜਲਦ ਨਿਬੇੜਨ ਦੇ ਰਾਹ ਪਈ ਹੋਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਵੀਡੀਓ ਕਾਨਫਰੰਸ ਜਰੀਏ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਅਣਅਧਿਕਾਰਤ ਕੁਨੈਕਸ਼ਨਾਂ ਨੂੰ ਨਿਯਮਤ ਕਰਨ ਅਤੇ ਪਾਣੀ ਦੀ ਸਪਲਾਈ ਤੇ ਸੀਵਰੇਜ ਦੇ ਖਰਚਿਆਂ ਦੇ ਬਕਾਏ ਦੀ ਵਸੂਲੀ ਲਈ ਯਕਮੁਸ਼ਤ ਨਿਬੇੜਾ ਨੀਤੀ (ਓ.ਟੀ.ਐਸ.) ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਨਾਲ ਲਗਭਗ 93,000 ਕੁਨੈਕਸ਼ਨ ਨਿਯਮਤ ਕੀਤੇ ਜਾਣਗੇ। ਫੈਸਲੇ ਅਨੁਸਾਰ ਘਰੇਲੂ ਸ਼੍ਰੇਣੀ ਤਹਿਤ 125 ਵਰਗ ਗਜ ਦੇ ਪਲਾਟ ਲਈ ਪਾਣੀ ਦੀ ਸਪਲਾਈ ਅਤੇ ਸੀਵਰੇਜ ਕੁਨੈਕਸ਼ਨ ਨੂੰ ਨਿਯਮਤ ਕਰਨ ਲਈ ਇਕ ਵਾਰ ਦੀ ਫੀਸ ਵਜੋਂ 200 ਰੁਪਏ ਪ੍ਰਤੀ ਕੁਨੈਕਸ਼ਨ (ਪਾਣੀ ਸਪਲਾਈ ਅਤੇ ਸੀਵਰੇਜ ਲਈ 100-100 ਰੁਪਏ) ਲਏ ਜਾਣਗੇ। ਇਸੇ ਤਰ੍ਹਾਂ 125 ਤੋਂ 250 ਵਰਗ ਗਜ ਦੇ ਪਲਾਟ ਲਈ 500 ਅਤੇ 250 ਵਰਗ ਗਜ ਤੋਂ ਵੱਧ ਦੇ ਪਲਾਟ ਲਈ 1000 ਰੁਪਏ ਪ੍ਰਤੀ ਕੁਨੈਕਸ਼ਨ ਲਏ ਜਾਣਗੇ। ਇਸੇ ਤਰ੍ਹਾਂ ਵਪਾਰਕ/ਸੰਸਥਾਗਤ ਸ਼੍ਰੇਣੀ ਵਿਚ 250



ਵਰਗ ਗਜ ਤੱਕ ਦੇ ਪਲਾਟ ਲਈ 1000 ਰੁਪਏ ਪ੍ਰਤੀ ਕੁਨੈਕਸ਼ਨ (ਪਾਣੀ ਦੀ ਸਪਲਾਈ ਅਤੇ ਸੀਵਰੇਜ ਲਈ 500-500 ਰੁਪਏ) ਅਤੇ 250 ਵਰਗ ਗਜ ਤੋਂ ਵੱਧ ਦੇ ਪਲਾਟ ਲਈ 2000 ਰੁਪਏ ਪ੍ਰਤੀ ਕੁਨੈਕਸ਼ਨ ਚਾਰਜ ਕੀਤੇ ਜਾਣਗੇ। ਨੋਟੀਫਿਕੇਸ਼ਨ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੇ ਅੰਦਰ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ 'ਚ ਫੀਸ ਦਾ 100 ਫੀਸਦੀ ਜੁਰਮਾਨਾ ਦੇਣਾ ਹੋਵੇਗਾ ਅਤੇ ਛੇ ਮਹੀਨੇ ਕੁਨੈਕਸ਼ਨ ਨਿਯਮਤ ਨਾ ਕਰਵਾਉਣ 'ਤੇ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ।

ਕੈਬਨਿਟ ਨੇ ਉਧਰ ਪੇਂਡੂ ਖੇਤਰਾਂ ਨੂੰ ਰਾਹਤ ਦਿੰਦਿਆਂ ਪਿੰਡਾਂ ਵਿੱਚ ਲਾਲ ਲਕੀਰ ਅੰਦਰ ਆਉਣ ਵਾਲੀਆਂ ਜਾਇਦਾਦਾਂ ਦੇ ਅਧਿਕਾਰਾਂ ਨੂੰ ਸੰਕਲਿਤ ਕਰਨ ਲਈ 'ਦੀ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਨਿਯਮ-2021 ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫ਼ੈਸਲੇ ਦਾ ਮਕਸਦ ਕੇਂਦਰੀ ਸਵਮਿਤਾ ਸਕੀਮ ਅਧੀਨ ਪਿੰਡਾਂ ਵਿਚ ਲਾਲ ਲਕੀਰ ਅੰਦਰ ਆਉਂਦੀਆਂ ਜਾਇਦਾਦਾਂ ਦਾ ਰਿਕਾਰਡ ਤਿਆਰ ਕਰਨ ਵਿਚ ਸਹਾਇਤਾ ਕਰਨਾ ਹੈ ਤਾਂ ਕਿ 'ਲਾਲ ਲਕੀਰ ਮਿਸ਼ਨ' ਨੂੰ ਲਾਗੂ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਲਾਲ ਲਕੀਰ ਦੇ ਅੰਦਰ ਆਏ ਖੇਤਰ ਦੀਆਂ ਜਮ੍ਹਾਂਬੰਦੀਆਂ ਜਾਂ ਕੋਈ ਰਿਕਾਰਡ ਤਿਆਰ ਨਹੀਂ ਕੀਤਾ ਗਿਆ ਸੀ। ਲਾਲ ਲਕੀਰ ਦੇ ਅੰਦਰ ਕਿਸੇ ਵੀ ਜ਼ਮੀਨ ਉੱਤੇ ਕਬਜ਼ੇ ਨੂੰ ਆਧਾਰ ਮੰਨਦੇ ਹੋਏ ਮਲਕੀਅਤ ਦਿੱਤੀ ਗਈ ਸੀ। ਕੈਬਨਿਟ ਨੇ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗ ਸਬੰਧੀ ਉਦਮ ਸਥਾਪਨਾ ਕਰਨ ਲਈ ਲੋੜੀਂਦੀ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' (ਐਨ.ਓ.ਸੀ.) ਦੀ ਸੂਚੀ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸੇ ਤਰ੍ਹਾਂ ਕੈਬਨਿਟ ਨੇ ਸੂਬੇ ਵਿਚ ਵੱਖ-ਵੱਖ ਜ਼ਿਲ੍ਹਾਂ ਵਿਚ 12 ਥਾਵਾਂ ਉੱਤੇ ਰਿਟੇਲ ਆਊਟਲੈਟ (ਪੈਟਰੋਲ, ਡੀਜ਼ਲ, ਸੀ.ਐਨ.ਜੀ. ਆਦਿ) ਦੀ ਸਥਾਪਨਾ ਕਰਨ ਲਈ ਸੀ.ਐਲ.ਯੂ. (ਜ਼ਮੀਨ ਦੀ ਵਰਤੋਂ ਦੀ ਤਬਦੀਲੀ) ਮੁਆਫ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਨਾਲ 48,77,258 ਕਰੋੜ ਰੁਪਏ ਮੁਆਫ ਹੋਣਗੇ। ਮੰਤਰੀ ਮੰਡਲ ਨੇ ਪੰਜਾਬ ਐਗਰੋ ਜੂਸ ਲਿਮਟਿਡ (ਪੀ.ਏ.ਜੇ.ਐਲ.) ਦੇ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ (ਪੈਗਰੇਕਸੋ) ਵਿਚ ਰਲੇਵੇਂ ਦੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਹੈ। ਮੰਤਰੀ ਮੰਡਲ ਨੇ ਜ਼ਿਲ੍ਹਾ ਐਸ.ਏ.ਐਸ. ਨਗਰ ਵਿਚ ਨਵਾਂ ਬਲਾਕ ਮੁਹਾਲੀ ਬਣਾਉਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਬਲਾਕ ਵਿਚ ਮਾਜਰੀ ਬਲਾਕ ਤੋਂ 7 ਪੰਚਾਇਤਾਂ ਅਤੇ ਖਰੜ ਬਲਾਕ ਤੋਂ 66 ਪੰਚਾਇਤਾਂ ਸ਼ਾਮਲ ਹੋਣਗੀਆਂ। ਮੁਹਾਲੀ 'ਚ ਪ੍ਰਾਈਵੇਟ ਪਲਾਕਸ਼ਾ ਯੂਨੀਵਰਸਿਟੀ ਵੀ ਸਥਾਪਤ ਹੋਵੇਗੀ, ਜੋ ਇਸੇ ਵਿੱਦਿਅਕ ਸੈਸ਼ਨ ਤੋਂ ਕਾਰਜਸ਼ੀਲ ਹੋਵੇਗੀ। 'ਪਲਾਕਸ਼ਾ ਯੂਨੀਵਰਸਿਟੀ ਆਰਡੀਨੈਂਸ-2021' ਦੇ ਖਰੜੇ ਨੂੰ ਮਨਜ਼ੂਰ ਕਰਦਿਆਂ ਮੁੱਖ ਮੰਤਰੀ ਨੂੰ ਮੁੜ ਮੰਤਰੀ ਮੰਡਲ ਅੱਗੇ ਪੇਸ਼ ਕੀਤੇ ਬਗੈਰ ਕਾਨੂੰਨੀ ਮਸ਼ੀਰ ਵੱਲੋਂ ਤਿਆਰ ਅੰਤਿਮ ਖਰੜੇ ਨੂੰ ਪ੍ਰਵਾਨਗੀ ਦੇਣ ਲਈ ਅਧਿਕਾਰ ਦੇ ਦਿੱਤੇ ਗਏ ਹਨ। ਮੰਤਰੀ ਮੰਡਲ ਨੇ ਸਾਲ 2014 ਵਿਚ ਮੋਸੂਲ (ਇਰਾਕ) ਵਿਚ ਮਾਰੇ ਗਏ 27 ਪੰਜਾਬੀਆਂ ਵਿਚੋਂ ਅੱਠ ਦੇ ਪਰਿਵਾਰਕ ਮੈਂਬਰਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਦੇਣ ਦੀ ਪ੍ਰਵਾਨਗੀ ਦੇ ਦਿੱਤੀ। ਇਹ 24 ਅਕਤੂਬਰ 2019 ਤੋਂ ਲਾਗੂ ਹੋਵੇਗਾ।

### ਕੱਚੇ ਅਧਿਆਪਕਾਂ ਲਈ ਰਾਹ ਪੱਧਰਾ ਹੋਇਆ

ਮੰਤਰੀ ਮੰਡਲ ਨੇ ਕੱਚੇ ਅਧਿਆਪਕਾਂ ਨੂੰ ਰਾਹਤ ਦਿੱਤੀ ਹੈ, ਜਿਨ੍ਹਾਂ ਵੱਲੋਂ ਮੁਹਾਲੀ ਵਿਚ ਪੱਕਾ ਮੋਰਚਾ ਲਾਇਆ ਹੋਇਆ ਸੀ। ਮੰਤਰੀ ਮੰਡਲ ਵੱਲੋਂ 'ਦ ਪੰਜਾਬ ਸਟੇਟ ਐਲੀਮੈਂਟਰੀ ਐਜੂਕੇਸ਼ਨ' (ਪ੍ਰੀ ਪ੍ਰਾਇਮਰੀ ਸਕੂਲ ਟੀਚਰ) ਗਰੁੱਪ -ਸੀ ਸੇਵਾ ਨਿਯਮਾਂ, 2020 ਵਿਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਸਰਕਾਰੀ ਸਕੂਲਾਂ ਵਿਚ ਐਜੂਕੇਸ਼ਨ ਪ੍ਰੋਵਾਇਡਰ, ਐਜੂਕੇਸ਼ਨ ਵਾਲੰਟੀਅਰ, ਐਜੂਕੇਸ਼ਨ ਗਰੰਟੀ ਸਕੀਮ ਵਲੰਟੀਅਰ (ਈ.ਜੀ.ਐਸ.ਵੀ.), ਆਲਟਰਨੇਟਿਵ ਜਾਂ ਇਨੋਵੇਟਿਵ ਐਜੂਕੇਸ਼ਨ ਵਾਲੰਟੀਅਰ (ਏ.ਆਈ.ਈ.ਵੀ.), ਸਪੈਸ਼ਲ ਟਰੇਨਿੰਗ ਰਿਸੋਰਸ ਵਾਲੰਟੀਅਰ (ਐਸ.ਟੀ.ਆਰ.ਵੀ.) ਜਾਂ ਇਨਕਲੂਸਿਵ ਐਜੂਕੇਸ਼ਨਲ ਵਾਲੰਟੀਅਰ (ਆਈ.ਈ.ਵੀ.) ਸਬੰਧੀ ਘੱਟੋ-ਘੱਟ ਤਿੰਨ ਸਾਲ ਦੇ ਪੜ੍ਹਾਉਣ ਦੇ ਤਜਰਬੇ ਦੀ ਸ਼ਰਤ ਰੱਖੀ ਗਈ ਹੈ ਜਿਸ ਨਾਲ ਕੱਚੇ ਅਧਿਆਪਕਾਂ ਦੇ ਰੈਗੂਲਰ ਹੋਣ ਦਾ ਰਾਹ ਖੁੱਲ੍ਹ ਗਿਆ ਹੈ।

# ਕਿਸਾਨਾਂ-ਮਜ਼ਦੂਰਾਂ ਵੱਲੋਂ ਆਜ਼ਾਦੀ ਅਧੂਰੀ ਕਰਾਰ

**ਚੰਡੀਗੜ੍ਹ:** ਪਿਛਲੇ ਸਾਢੇ ਦਸ ਮਹੀਨਿਆਂ ਤੋਂ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਆਜ਼ਾਦੀ ਦਿਹਾੜੇ ਨੂੰ 'ਕਿਸਾਨ ਮਜ਼ਦੂਰ ਮੁਕਤੀ ਸੰਘਰਸ਼ ਦਿਵਸ' ਵਜੋਂ ਮਨਾਉਂਦਿਆਂ 75 ਸਾਲ ਪਹਿਲਾਂ ਮਿਲੀ ਆਜ਼ਾਦੀ ਨੂੰ 'ਅਧੂਰੀ' ਕਰਾਰ ਦਿੱਤਾ। ਸੂਬੇ ਵਿਚ ਤਕਰੀਬਨ ਪੌਣੇ ਦੋ ਸੌ ਥਾਵਾਂ 'ਤੇ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਅਤੇ ਮਜ਼ਦੂਰਾਂ ਨੇ ਭਰਵੀਂ ਹਾਜ਼ਰੀ ਲਵਾਈ। ਹਰ ਥਾਂ ਮੌਜੂਦਾ ਕਿਸਾਨ ਘੋਲ ਦੇ 500 ਤੋਂ ਵੱਧ ਸ਼ਹੀਦਾਂ ਅਤੇ ਕਿਸਾਨ ਲਹਿਰ ਦੇ ਆਗੂ ਚਾਚਾ ਅਜੀਤ ਸਿੰਘ ਦੀ 74ਵੀਂ ਬਰਸੀ ਮੌਕੇ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸਰਧਾਂਜਲੀ ਭੇਟ ਕਰਨ ਰਾਹੀਂ ਸਟੇਜ ਦੀ ਸ਼ੁਰੂਆਤ ਕੀਤੀ ਗਈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ 44 ਥਾਵਾਂ 'ਤੇ ਵੱਡੇ ਇਕੱਠ ਕੀਤੇ ਗਏ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਪ੍ਰਧਾਨ ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ ਅਤੇ ਸੁਖਵਿੰਦਰ ਸਿੰਘ ਸਭਰਾ ਦੀ ਅਗਵਾਈ ਹੇਠ 15 ਅਗਸਤ ਦਾ ਦਿਨ ਪੰਜਾਬ ਭਰ ਵਿਚ ਅਧੂਰਾ ਆਜ਼ਾਦੀ ਦਿਹਾੜਾ ਵਜੋਂ

**'ਕਿਸਾਨ ਮਜ਼ਦੂਰ ਮੁਕਤੀ ਸੰਘਰਸ਼ ਦਿਵਸ' ਵਜੋਂ ਮਨਾਇਆ ਆਜ਼ਾਦੀ ਦਿਹਾੜਾ**

ਮਨਾਇਆ ਗਿਆ। ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ 15 ਅਗਸਤ ਨੂੰ ਇਸ ਵਾਰ ਅਧੂਰੀ ਆਜ਼ਾਦੀ ਦਿਵਸ ਮਨਾ ਰਹੀ ਹੈ ਜਿਸ ਦਾ ਕਾਰਨ ਆਜ਼ਾਦੀ ਤੋਂ ਪਹਿਲਾਂ ਦੀਆਂ ਸਮੱਸਿਆਵਾਂ ਅੱਜ ਵੀ ਬਰਕਰਾਰ ਹਨ ਅਤੇ ਲੋਕ ਇਨ੍ਹਾਂ ਸਮੱਸਿਆਵਾਂ ਨਾਲ ਜੂਝ ਰਹੇ ਹਨ।

ਸਾਰੇ ਜਨਤਕ ਅਦਾਰੇ ਕੌਡੀਆਂ ਦੇ ਭਾਅ ਵੇਚੇ ਗਏ ਹਨ ਅਤੇ ਬਚਿਆ ਖੇਤੀ ਸੈਕਟਰ ਵੀ ਤਿੰਨ ਕਾਲੇ ਖੇਤੀ ਕਾਨੂੰਨ ਲਿਆ ਕੇ ਉਨ੍ਹਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ।

ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਅਤੇ ਜਮਹੂਰੀ ਕਿਸਾਨ ਸਭਾ ਵੱਲੋਂ ਸਾਂਝੇ ਤੌਰ 'ਤੇ ਵਿਸ਼ਾਲ ਟਰੈਕਟਰ, ਕਾਰ ਅਤੇ ਮੋਟਰਸਾਈਕਲ ਮਾਰਚ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਨੂੰ ਕਦੇ ਹਕੀਕੀ ਆਜ਼ਾਦੀ ਨਹੀਂ ਮਿਲੀ ਸਗੋਂ 15 ਅਗਸਤ 1947 ਨੂੰ ਅੰਗਰੇਜ਼ ਇਕ ਸਮਝੌਤੇ ਤਹਿਤ ਰਾਜ ਭਾਗ ਭਾਰਤੀ ਹਾਕਮਾਂ ਦੇ ਹਵਾਲੇ ਕਰਕੇ ਖੁਦ ਪਰਦੇ ਪਿੱਛੇ ਹੋ ਗਏ ਸਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਕੇਵਲ ਕਾਰਪੋਰੇਟ ਘਰਾਣੇ ਹੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ।

ਆਗੂਆਂ ਨੇ 74 ਸਾਲ ਪਹਿਲਾਂ ਮਿਲੀ ਆਜ਼ਾਦੀ ਨੂੰ ਅਧੂਰੀ ਆਖਦਿਆਂ ਕਿਹਾ ਕਿ ਅਜੇ ਦੇਸ਼ ਨੂੰ ਸ਼ਹੀਦਾਂ ਦੇ ਸੁਪਨਿਆਂ ਵਾਲਾ ਦੇਸ਼ ਬਣਾਉਣ ਲਈ ਕਾਰਪੋਰੇਟ ਘਰਾਣਿਆਂ, ਭ੍ਰਿਸ਼ਟ ਪ੍ਰਸ਼ਾਸਕਾਂ, ਸਰਮਾਏਦਾਰੀ ਪ੍ਰਬੰਧ ਆਦਿ ਲੋਕ ਵਿਰੋਧੀ ਅਨਸਰਾਂ ਤੋਂ ਆਜ਼ਾਦੀ ਹਾਸਲ ਕਰਨੀ ਬਾਕੀ ਹੈ। ਆਗੂਆਂ ਨੇ ਕਿਹਾ ਕਿ ਸਕੂਲ ਸੜਕਾਂ ਆਦਿ ਤੋਂ ਲੈ ਕੇ ਬਿਜਲੀ ਪ੍ਰਣਾਲੀ, ਹਵਾਈ ਜਹਾਜ਼, ਰੇਲ ਤੱਕ ਆਦਿ ਨੂੰ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ। ਜਥੇਬੰਦੀ ਦੇ ਵਰਕਰਾਂ ਨੇ ਰਾਤ ਵੇਲੇ ਪਿੰਡਾਂ ਅੰਦਰ ਮੋਮਬੱਤੀਆਂ ਬਾਲ ਕੇ ਕਿਸਾਨਾਂ-ਮਜ਼ਦੂਰਾਂ ਨੂੰ ਜਾਗਰੂਕ ਹੋਣ ਦਾ ਹੋਕਾ ਦਿੱਤਾ।

# ਪੰਜਾਬ ਦੇ ਉਲੰਪਿਕ ਖਿਡਾਰੀਆਂ ਨੂੰ 28.36 ਕਰੋੜ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਆ

**ਚੰਡੀਗੜ੍ਹ:** ਪੰਜਾਬ ਭਵਨ ਵਿਚ ਟੋਕੀਓ ਉਲੰਪਿਕ-2020 'ਚ ਤਗਮਾ ਜਿੱਤਣ ਤੇ ਹਿੱਸਾ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ਦੇ ਸਨਮਾਨ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 28.36 ਕਰੋੜ ਰੁਪਏ ਦੀ ਨਕਦ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ 'ਚ ਮੁੱਖ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਨਕਦ ਇਨਾਮੀ ਰਾਸ਼ੀ ਨੂੰ ਉਲੰਪਿਕ ਤਗਮਾ ਜੇਤੂਆਂ ਤੇ ਹਿੱਸਾ ਲੈਣ ਵਾਲਿਆਂ ਦੇ ਖਾਤਿਆਂ 'ਚ ਆਨਲਾਈਨ ਟਰਾਂਸਫਰ ਕੀਤਾ। ਇਸ ਮੌਕੇ ਮਹਿਲਾ ਹਾਕੀ ਖਿਡਾਰੀਆਂ ਵਲੋਂ ਮੁੱਖ ਮੰਤਰੀ ਨੂੰ ਆਪਣੀ ਸਮੁੱਚੀ ਟੀਮ ਦੇ ਦਸਤਖਤਾਂ ਵਾਲੀ ਹਾਕੀ ਵੀ ਭੇਟ ਕੀਤੀ ਗਈ। ਟੋਕੀਓ ਉਲੰਪਿਕ-2020




ਮੰਤਰੀ ਨੇ ਕਿਹਾ ਕਿ ਪੰਜਾਬ ਨੇ ਦੇਸ਼ ਦੇ ਖੇਡ ਇਤਿਹਾਸ 'ਚ ਮੁੜ ਇਤਿਹਾਸ ਸਿਰਜਿਆ ਹੈ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਤਗਮਾ ਜੇਤੂਆਂ ਨੂੰ ਨੌਕਰੀਆਂ ਦੇਣ ਲਈ ਜਲਦ ਹੀ ਰੂਪ ਰੇਖਾ ਤਿਆਰ ਕਰੇਗੀ। ਮੰਤਰੀ ਤੇ 'ਚ 41 ਸਾਲਾਂ ਦੇ ਅੰਤਰਾਲ ਤੋਂ ਬਾਅਦ ਕਾਂਸੀ ਦਾ ਤਗਮਾ ਜਿੱਤਣ 'ਚ ਪੁਰਸ਼ ਹਾਕੀ ਟੀਮ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਨੂੰ ਹਾਕੀ 'ਚ ਭਾਰਤ ਦੀ ਗੁਆਚੀ ਸ਼ਾਨ ਨੂੰ ਮੁੜ ਬਹਾਲ ਕਰਨ ਦੀ ਸ਼ੁਰੂਆਤ ਦੱਸਿਆ। ਟੋਕੀਓ ਉਲੰਪਿਕ-2020 'ਚ ਸੂਬਾਈ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਖਿਡਾਰੀਆਂ ਦੇ ਨਾਂ 'ਤੇ ਸਕੂਲਾਂ ਤੇ ਉਨ੍ਹਾਂ ਦੇ ਜੱਦੀ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਦਾ ਨਾਂ ਰੱਖਣ ਦਾ ਐਲਾਨ ਕੀਤਾ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਤੇ ਸਕੂਲ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਨੂੰ ਅਜਿਹੇ ਸਕੂਲਾਂ ਤੇ ਸੜਕਾਂ ਦੀ ਪਛਾਣ ਕਰਨ ਲਈ ਵੀ ਕਿਹਾ ਤਾਂ ਜੋ ਇਨ੍ਹਾਂ ਖਿਡਾਰੀਆਂ ਨੂੰ ਬਣਦਾ ਸਨਮਾਨ ਦਿੱਤਾ ਜਾ ਸਕੇ। ਇਸ ਮੌਕੇ ਮੁੱਖ ਮੰਤਰੀ ਨੇ ਪੁਰਸ਼ ਹਾਕੀ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ ਪੰਜਾਬ ਪੁਲਿਸ 'ਚ ਡੀ.ਐਸ.ਪੀ. ਤੋਂ ਐਸ.ਪੀ. ਵਜੋਂ ਤਰੱਕੀ ਦਿੱਤੀ। ਹਾਕੀ ਦੇ ਮਹਾਨ ਖਿਡਾਰੀ ਬਲਬੀਰ ਸਿੰਘ ਸੀਨੀਅਰ ਤੇ ਉਘੇ ਅਥਲੀਟ ਮਿਲਖਾ ਸਿੰਘ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਉਹ ਅੱਜ ਜ਼ਿੰਦਾ ਹੁੰਦੇ ਤਾਂ ਇਸ ਦੁਰਲਭ ਪ੍ਰਾਪਤੀ 'ਤੇ ਸਭ ਤੋਂ ਜ਼ਿਆਦਾ ਖੁਸ਼ੀ ਇਨ੍ਹਾਂ ਦੋਹਾਂ ਮਹਾਨ ਖਿਡਾਰੀਆਂ ਨੂੰ ਹੋਣੀ ਸੀ।

# ਟਵਿੱਟਰ ਨੇ ਕਾਂਗਰਸ ਤੇ ਰਾਹੁਲ ਦਾ ਖਾਤਾ ਬਹਾਲ ਕੀਤਾ

**ਨਵੀਂ ਦਿੱਲੀ:** ਟਵਿੱਟਰ ਨੇ ਰਾਹੁਲ ਗਾਂਧੀ, ਕਾਂਗਰਸ ਪਾਰਟੀ ਅਤੇ ਉਸ ਦੇ ਹੋਰ ਆਗੂਆਂ ਦੇ ਖਾਤੇ ਬਹਾਲ ਕਰ ਦਿੱਤੇ ਹਨ। ਜਬਰ ਜਨਾਹ ਦੀ ਕਥਿਤ ਪੀੜਤਾ ਦੇ ਪਰਿਵਾਰ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਨ 'ਤੇ ਕਾਂਗਰਸ ਦੇ ਟਵਿੱਟਰ ਹੈਂਡਲ, ਰਾਹੁਲ ਅਤੇ ਪਾਰਟੀ ਦੇ ਹੋਰ ਆਗੂਆਂ ਦੇ ਖਾਤੇ ਬਲਾਕ ਕਰ ਦਿੱਤੇ ਗਏ ਸਨ।

ਟਵਿੱਟਰ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਪਾਰਟੀ ਅਤੇ ਉਸ ਦੇ ਆਗੂਆਂ ਨੇ ਨੇਮਾਂ ਦੀ ਉਲੰਘਣਾ ਕੀਤੀ ਹੈ। ਕਾਂਗਰਸ ਨੇ ਟਵੀਟ ਕਰਕੇ ਸਭ ਤੋਂ ਪਹਿਲਾਂ ਬਿਆਨ ਦਿੰਦਿਆਂ ਕਿਹਾ, 'ਸਤਿਅਮੇਵ ਜਯਤੇ' ਯਾਨੀ ਸੱਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਖਾਤੇ ਬਹਾਲ ਹੋਣ ਤੋਂ ਬਾਅਦ ਕਾਂਗਰਸ ਪਾਰਟੀ ਅਤੇ ਕੁਝ ਆਗੂਆਂ ਨੇ ਹੈਸ਼ਟੈਗ 'ਟਵਿੱਟਰ ਦੇ ਪਾਖੰਡ ਖਿਲਾਫ ਆਵਾਜ਼ ਬੁਲੰਦ ਕਰੋ' ਮੁਹਿੰਮ ਚਲਾ ਦਿੱਤੀ। ਇਕ ਕਾਂਗਰਸ ਆਗੂ ਨੇ ਕਿਹਾ ਕਿ ਟਵਿੱਟਰ ਤੋਂ ਭਾਰਤ ਦੇ ਲੋਕ ਜਵਾਬਦੇਹੀ ਦੀ ਮੰਗ ਕਰਦੇ ਹਨ। ਉਨ੍ਹਾਂ ਟਵਿੱਟਰ ਨੂੰ ਕਿਹਾ ਕਿ ਮੋਦੀ ਸਰਕਾਰ ਦੇ ਡਰ ਕਾਰਨ ਸਿਆਸਤ 'ਚ ਦਖਲ ਦੇਣ ਤੋਂ ਗੁਰੇਜ਼ ਕੀਤਾ ਜਾਵੇ। ਕਈ ਕਾਂਗਰਸ ਆਗੂਆਂ ਨੇ ਟਵੀਟ ਕਰਕੇ ਕਿਹਾ ਕਿ ਮੋਦੀ ਸਰਕਾਰ ਦੇ ਦਬਾਅ ਹੇਠ ਭਾਰਤੀਆਂ ਦੀ ਆਵਾਜ਼ ਦਬਾਉਣੀ ਬੰਦ ਕੀਤੀ ਜਾਵੇ। 'ਭਾਜਪਾ ਤੋਂ ਨਾ ਡਰੋ ਅਤੇ ਨਿਆਂ ਮੰਗਣ ਵਾਲੇ ਸਾਰੇ ਖਾਤੇ ਬਹਾਲ ਕੀਤੇ ਜਾਣ।'

ਇਸ ਦੌਰਾਨ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਨੇ ਕਿਹਾ ਕਿ ਟਵਿੱਟਰ ਵੀ ਸਿਆਸਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂਆਂ ਦਾ ਟਵਿੱਟਰ ਖਾਤਾ ਬੰਦ ਕਰਨਾ ਗੈਰਕਾਨੂੰਨੀ ਕਦਮ ਹੈ। ਉਧਰ, ਟਵਿੱਟਰ ਨੇ ਆਪਣੇ ਭਾਰਤ 'ਚ ਮੁਖੀ ਮਨੀਸ਼ ਮਹੇਸ਼ਵਰੀ ਨੂੰ ਅਮਰੀਕਾ 'ਚ ਸੀਨੀਅਰ ਡਾਇਰੈਕਟਰ ਬਣਾ ਕੇ ਤਬਦੀਲ ਕਰ ਦਿੱਤਾ ਹੈ। ਉਸ ਖਿਲਾਫ ਉੱਤਰ ਪ੍ਰਦੇਸ਼ 'ਚ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਉਂਜ ਇਸ ਤਬਾਦਲੇ ਬਾਰੇ ਟਵਿੱਟਰ ਨੇ ਕੋਈ ਸਪੱਸ਼ਟ ਕਾਰਨ ਨਹੀਂ ਦੱਸਿਆ ਹੈ।

# ਭਾਰਤੀ ਚੋਣ ਕਮਿਸ਼ਨ ਦੀ ਵੈੱਬਸਾਈਟ ਹੈਕ

**ਸਹਾਰਨਪੁਰ:** ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਤੋਂ ਨੌਜਵਾਨ ਨੂੰ ਭਾਰਤੀ ਚੋਣ ਕਮਿਸ਼ਨ ਦੀ ਵੈੱਬਸਾਈਟ ਹੈਕ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸਹਾਰਨਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਐਸ. ਚੇਨੱਪਾ ਨੇ ਦੱਸਿਆ ਕਿ ਵਿਪੁਲ ਸੈਣੀ ਨੇ ਕਥਿਤ ਤੌਰ 'ਤੇ ਇਥੋਂ ਦੇ ਨਕੁੜ ਇਲਾਕੇ ਵਿਚ ਆਪਣੀ ਕੰਪਿਊਟਰ ਦੁਕਾਨ ਵਿਚ ਹਜ਼ਾਰਾਂ ਵੋਟਰ ਆਈ.ਡੀ. ਕਾਰਡ ਬਣਾਏ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੈਣੀ ਉਸੇ ਪਾਸਵਰਡ ਨਾਲ ਕਮਿਸ਼ਨ ਦੀ ਵੈੱਬਸਾਈਟ 'ਤੇ ਲੌਗਇਨ ਕਰਦਾ ਸੀ ਜਿਸ ਦੀ ਵਰਤੋਂ ਕਮਿਸ਼ਨ ਦੇ ਅਧਿਕਾਰੀ ਕਰਦੇ ਸਨ। ਕਮਿਸ਼ਨ ਨੂੰ ਕੁਝ ਗਲਤ ਹੋਣ ਦਾ ਸ਼ੱਕ ਸੀ ਅਤੇ ਉਸ ਨੇ ਇਸ ਦੀ ਜਾਣਕਾਰੀ ਜਾਂਚ ਏਜੰਸੀਆਂ ਨੂੰ ਦਿੱਤੀ।

ਏਜੰਸੀਆਂ ਦੀ ਜਾਂਚ ਦੌਰਾਨ ਸੈਣੀ ਸ਼ੱਕ ਦੇ ਘੇਰੇ ਵਿਚ ਆ ਗਿਆ। ਉਨ੍ਹਾਂ ਨੇ ਸਹਾਰਨਪੁਰ ਪੁਲਿਸ ਨੂੰ ਸੈਣੀ ਬਾਰੇ ਸੂਚਿਤ ਕੀਤਾ। ਪੁੱਛ ਪੜਤਾਲ ਦੌਰਾਨ ਸੈਣੀ ਨੇ ਦੱਸਿਆ ਕਿ ਉਹ ਮੱਧ ਪ੍ਰਦੇਸ਼ ਦੇ ਹਰਦਾ ਵਾਸੀ ਅਰਮਾਨ ਮਲਿਕ ਦੇ ਕਹਿਣ 'ਤੇ ਕੰਮ ਕਰ ਰਿਹਾ ਸੀ ਅਤੇ ਉਸ ਨੇ ਤਿੰਨ ਮਹੀਨਿਆਂ ਵਿਚ ਦਸ ਹਜ਼ਾਰ ਤੋਂ ਵੱਧ ਵੋਟਰ ਆਈ.ਡੀ. ਕਾਰਡ ਬਣਾਏ ਹਨ। ਸਾਈਬਰ ਸੈੱਲ ਅਤੇ ਸਹਾਰਨਪੁਰ ਕ੍ਰਾਈਮ ਬ੍ਰਾਂਚ ਦੀ ਸਾਂਝੀ ਟੀਮ ਨੇ ਸੈਣੀ ਨੂੰ ਗ੍ਰਿਫਤਾਰ ਕੀਤਾ। ਸ੍ਰੀ ਚੇਨੱਪਾ ਨੇ ਦੱਸਿਆ ਕਿ ਜਾਂਚ ਦੌਰਾਨ ਸੈਣੀ ਦੇ ਬੈਂਕ ਖਾਤੇ ਵਿਚ 60 ਲੱਖ ਰੁਪਏ ਮਿਲੇ, ਜਿਸ ਤੋਂ ਬਾਅਦ ਖਾਤੇ ਵਿਚੋਂ ਲੈਣ-ਦੇਣ ਤੁਰਤ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੈਣੀ ਦੇ ਖਾਤੇ ਵਿਚ ਇੰਨਾ ਪੈਸਾ ਕਿੱਥੋਂ ਆਇਆ, ਇਸ ਦੀ ਜਾਂਚ ਕੀਤੀ ਜਾਵੇਗੀ। ਪੁੱਛ ਪੜਤਾਲ ਦੌਰਾਨ ਸੈਣੀ ਨੇ ਦੱਸਿਆ ਕਿ ਉਸ ਨੂੰ ਪਛਾਣ ਪੱਤਰ ਦੇ ਬਦਲੇ 100 ਤੋਂ 200 ਰੁਪਏ ਮਿਲਦੇ ਹਨ। ਪੁਲਿਸ ਨੇ ਉਸ ਦੇ ਘਰ ਤੋਂ ਦੋ ਕੰਪਿਊਟਰ ਵੀ ਬਰਾਮਦ ਕੀਤੇ ਹਨ।

# ਖੁਰਾਕ ਮੰਤਰੀ ਆਸ਼ੂ ਨੂੰ ਬਰਖਾਸਤ ਕੀਤਾ ਜਾਵੇ: ਬਿਕਰਮ ਸਿੰਘ ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਅਨਾਜ ਦੀ ਖਰੀਦੋ-ਫਰੋਖਤ 'ਚ ਘਪਲਾ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਬਰਖਾਸਤ ਕਰਨ ਅਤੇ ਚੀਫ ਵਿਜੀਲੈਂਸ ਅਫਸਰ ਸਮੇਤ ਵਿਭਾਗੀ ਅਫਸਰਾਂ ਖਿਲਾਫ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਭਾਰਤ ਭੂਸ਼ਣ ਆਸ਼ੂ ਨੇ ਹਜ਼ਾਰਾਂ ਕਰੋੜ ਰੁਪਏ ਦਾ ਭ੍ਰਿਸ਼ਟਾਚਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੰਤਰੀ ਸੂਬੇ ਵਿਚੋਂ ਕਣਕ ਲਿਆਉਣ ਦੀ ਆਗਿਆ ਦੇਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਜੋ ਪੰਜਾਬ ਵਿਚ ਐਮ.ਐਸ.ਪੀ. ਅਨੁਸਾਰ ਖਰੀਦੀ ਗਈ। ਉਨ੍ਹਾਂ ਕਿਹਾ ਕਿ ਸੂਬੇ ਦੇ ਬਾਹਰੋਂ 1000 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਣਕ ਖਰੀਦੀ ਗਈ ਤੇ ਸੂਬੇ 'ਚ 1883 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚੀ ਗਈ। ਪਨਸਪ ਦੇ ਡੀ.ਐਮ. ਵੱਲੋਂ ਇਕ ਆੜ੍ਹਤੀਏ ਨਾਲ ਕੀਤੀ ਗੱਲਬਾਤ ਵੀ ਪਿਛਲੇ ਸਾਲ ਵਾਇਰਲ ਹੋ ਗਈ ਸੀ, ਜਿਸ 'ਚ ਅਫਸਰ ਆੜ੍ਹਤੀ ਤੋਂ ਕਮਿਸ਼ਨ ਮੰਗ ਰਿਹਾ ਸੀ। ਉਨ੍ਹਾਂ ਕਿਹਾ ਕਿ ਖੁਰਾਕ ਤੇ ਸਪਲਾਈ ਮੰਤਰੀ ਇਕ ਦਾਗੀ ਅਫਸਰ ਰਾਕੇਸ਼ ਕੁਮਾਰ ਸਿੰਗਲਾ ਨੂੰ ਚੀਫ ਵਿਜੀਲੈਂਸ ਕਮਿਸ਼ਨਰ ਨਿਯੁਕਤ ਕਰਨ ਲਈ ਜ਼ਿੰਮੇਵਾਰ ਹੈ ਤੇ ਸੂਬੇ ਨੂੰ ਸੈਂਕੜੇ ਕਰੋੜ ਦਾ ਘਾਟਾ ਪਿਆ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਅਗਸਤ 2021*

# ਖਾਨਾਜੰਗੀ ਦੀ ਸਿਆਸਤ

ਅਫਗਾਨਿਸਤਾਨ ਦਹਾਕਿਆਂ ਤੋਂ ਖਾਨਾਜੰਗੀ ਦੀ ਮਾਰ ਝੱਲ ਰਿਹਾ ਹੈ। ਹੁਣ ਤਾਲਿਬਾਨ ਵਲੋਂ ਮੁਲਕ ਦੀ ਰਾਜਧਾਨੀ ਕਾਬੁਲ ਅਤੇ ਮੁਲਕ ਦੇ ਵਡੇਰੇ ਹਿੱਸੇ ਉਤੇ ਕਬਜ਼ੇ ਦੀਆਂ ਖਬਰਾਂ ਨਾਲ ਇਸ ਖਾਨਾਜੰਗੀ ਵਿਚ ਇਕ ਹੋਰ ਅਧਿਆਇ ਜੁੜ ਗਿਆ ਹੈ। ਤਾਲਿਬਾਨ ਪੂਰੇ ਦੋ ਦਹਾਕਿਆਂ ਬਾਅਦ ਮੁਲਕ ਉਤੇ ਮੁੜ ਕਾਬਜ਼ ਹੋਏ ਹਨ। ਪਹਿਲਾਂ 1996 ਵਿਚ ਉਨ੍ਹਾਂ ਨੇ ਅਫਗਾਨ ਸਰਕਾਰ ਦਾ ਤਖਤਾ ਪਲਟਿਆ ਸੀ। ਤਾਲਿਬਾਨ ਦੀ ਇਹ ਸਰਕਾਰ 2001 ਤੱਕ ਜਾਰੀ ਰਹੀ। ਅਮਰੀਕਾ ਵਿਚ ਸਤੰਬਰ 2001 ਨੂੰ ਹੋਏ ਹਮਲਿਆਂ ਤੋਂ ਬਾਅਦ ਅਮਰੀਕਾ ਨੇ ਤਾਲਿਬਾਨ ਨੂੰ ਬੁਰੀ ਤਰ੍ਹਾਂ ਖਦੇੜ ਦਿੱਤਾ ਅਤੇ ਹਾਮਿਦ ਕਰਜ਼ਈ ਨੂੰ ਰਾਸ਼ਟਰਪਤੀ ਬਣਾਇਆ ਜੋ ਇਸ ਅਹੁਦੇ ਉਤੇ 2014 ਤੱਕ ਰਹੇ। ਉਹ ਅਫਗਾਨਿਸਤਾਨ ਉਤੇ ਸੋਵੀਅਤ ਯੂਨੀਅਨ ਦੇ ਕਬਜ਼ੇ (1979-1989) ਖਿਲਾਫ ਮੁਜਾਹਿਦੀਨ ਲਈ ਵਾਹਵਾ ਸਰਗਰਮੀ ਕਰਦੇ ਰਹੇ ਹਨ। ਫਿਰ ਅਮਰੀਕਾ ਨੇ ਅਫਗਾਨਿਸਤਾਨ ਤੋਂ ਆਪਣੀ ਫੌਜਾਂ ਵਾਪਸ ਬੁਲਾਉਣ ਦਾ ਫੈਸਲਾ ਕਰ ਲਿਆ। ਇਸੇ ਦੌਰਾਨ ਸੱਤਾ ਦੀ ਵੰਡ ਬਾਰੇ ਤਾਲਿਬਾਨ ਨਾਲ ਗੱਲਬਾਤ ਵੀ ਚੱਲਦੀ ਰਹੀ। ਪਿਛਲੇ ਵੀਹ ਸਾਲਾਂ ਦੌਰਾਨ ਤਾਲਿਬਾਨ ਮੁਲਕ ਦੇ ਆਪਣੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਸਰਗਰਮ ਰਹੇ ਅਤੇ ਸਰਕਾਰ ਖਿਲਾਫ ਜੰਗ ਜਾਰੀ ਰੱਖੀ। ਪਿਛਲੇ ਕੁਝ ਸਮੇਂ ਦੌਰਾਨ ਇਨ੍ਹਾਂ ਨੇ ਵੱਖ-ਵੱਖ ਇਲਾਕਿਆਂ ਉਤੇ ਕਬਜ਼ਾ ਕਰਨ ਦੀ ਮੁਹਿੰਮ ਛੇੜ ਦਿੱਤੀ ਅਤੇ ਆਖਕਰਕਾਰ ਕਾਬੁਲ ਉਤੇ ਕਬਜ਼ਾ ਕਰਕੇ ਜੰਗ ਖਤਮ ਹੋਣ ਦਾ ਐਲਾਨ ਕਰ ਦਿੱਤਾ।

ਸਮੁੱਚਾ ਸੰਸਾਰ ਅਫਗਾਨਿਸਤਾਨ ਵਿਚ ਹੋਈਆਂ ਇਨ੍ਹਾਂ ਘਟਨਾਵਾਂ ਨੂੰ ਬਹੁਤ ਉਤਸੁਕਤਾ ਨਾਲ ਦੇਖ ਰਿਹਾ ਹੈ। ਮੀਡੀਆ ਵਿਚ ਇਸ ਤਰ੍ਹਾਂ ਦੀਆਂ ਜਾਣਕਾਰੀਆਂ ਨਸ਼ਰ ਹੋ ਰਹੀਆਂ ਹਨ ਜਿਸ ਵਿਚ ਬਾਕਾਇਦਾ ਕਿਹਾ ਜਾ ਰਿਹਾ ਹੈ ਕਿ ਹੁਣ ਵਾਲੇ ਤਾਲਿਬਾਨ 1996 ਵਾਲੇ ਤਾਲਿਬਾਨ ਤੋਂ ਬਿਲਕੁਲ ਵੱਖਰੇ ਹਨ। ਉਸ ਵਕਤ ਤਾਂ ਤਾਲਿਬਾਨ ਨੇ ਆਪਣਾ ਬਹੁਤ ਖੂੰਖਾਰ ਰੰਗ-ਢੰਗ ਦਿਖਾਇਆ ਸੀ। ਇਸ ਤੋਂ ਪਹਿਲਾਂ ਸੋਵੀਅਤ ਯੂਨੀਅਨ ਖਿਲਾਫ ਲੜ ਰਹੇ ਮੁਜਾਹਿਦੀਨ ਨੇ ਨਜੀਬੁੱਲਾ ਦਾ ਤਖਤਾ ਪਲਟਾਇਆ ਸੀ। ਇਨ੍ਹਾਂ ਮੁਜਾਹਿਦੀਨ ਨੂੰ ਅਮਰੀਕਾ ਦੀ ਵੀ ਪੂਰੀ ਹਮਾਇਤ ਸੀ। ਮੁਜਾਹਿਦੀਨ ਖਾਨਾਜੰਗੀ ਵਿਚੋਂ 1994 ਵਿਚ ਤਾਲਿਬਾਨ ਹੋਂਦ ਵਿਚ ਆਏ। ਇਹ ਕੱਟੜ ਪਖਤੂਨਾਂ ਦਾ ਟੋਲਾ ਸੀ ਜੋ ਇਸਲਾਮੀ ਸ਼ਰੀਅਤ ਨੂੰ ਬਹੁਤ ਸਖਤੀ ਨਾਲ ਲਾਗੂ ਕਰਨ ਦੀ ਪੈਰਵੀ ਕਰਦਾ ਸੀ। ਇਨ੍ਹਾਂ ਦੇ ਉਭਾਰ ਲਈ ਪਾਕਿਸਤਾਨ ਅਤੇ ਇਸ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਇਹ ਪਖਤੂਨ ਪਾਕਿਸਤਾਨ ਵਿਚ ਸਥਿਤ ਮਦਰੱਸਿਆਂ ਵਿਚ ਪੜ੍ਹੇ। ਤਾਲਿਬ ਦਾ ਅਰਥ ਵਿਦਿਆਰਥੀ ਹੈ ਤਾਲਿਬਾਨ ਤਾਲਿਬ, ਭਾਵ ਵਿਦਿਰਆਥੀ ਦਾ ਬਹੁ ਵਚਨ ਹੈ। ਇਉਂ ਪਾਕਿਸਤਾਨ ਦੇ ਸ਼ਿਸਕੇਰੇ ਤਾਲਿਬਾਨ ਨੇ 1996 ਵਿਚ ਕਾਬੁਲ 'ਤੇ ਕਬਜ਼ਾ ਕਰ ਲਿਆ। ਉਸ ਵਕਤ ਵਿਰੋਧੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਸਾਬਕਾ ਰਾਸ਼ਟਰਪਤੀ ਨਜੀਬੱਲ੍ਹਾ ਜਿਸ ਨੇ 1992 ਤੋਂ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਵਿਚ ਸ਼ਰਨ ਲਈ ਹੋਈ ਸੀ, ਨੂੰ ਚੌਰਾਹੇ ਵਿਚ ਫਾਂਸੀ ਲਾ ਦਿੱਤੀ ਗਈ। ਔਰਤਾਂ ਉਤੇ ਸ਼ਰੀਅਤ ਬਹੁਤ ਸਖਤੀ ਨਾਲ ਲਾਗੂ ਕੀਤੀ। ਨਿੱਤ ਦਿਨ ਤਾਲਿਬਾਨ ਦੀਆਂ ਜ਼ਿਆਦਤੀਆਂ ਦੀਆਂ ਖਬਰਾਂ ਆਉਣ ਲੱਗੀਆਂ। ਕਤਲੋ-ਗਾਰਤ ਇਕ ਦਿਨ ਵੀ ਬੰਦ ਨਾ ਹੋਈ। ਛੇਤੀ ਹੀ ਇਹ ਉਸਾਮਾ ਬਿਨ-ਲਾਦਿਨ ਦਾ ਅੱਡਾ ਬਣ ਗਿਆ। ਅਮਰੀਕਾ ਵਿਚ ਸਤੰਬਰੀ ਹਮਲਿਆਂ ਤੋਂ ਬਾਅਦ ਤਾਲਿਬਾਨ ਅਮਰੀਕੀ ਹਮਲਾ ਝੱਲ ਨਾ ਸਕੇ ਅਤੇ 2001 ਵਿਚ ਇਨ੍ਹਾਂ ਦੀ ਸਰਕਾਰ ਦਾ ਅੰਤ ਹੋ ਗਿਆ।

ਵੀਹ ਸਾਲ ਪਹਿਲਾਂ ਤਾਲਿਬਾਨ ਦੀ ਸਰਕਾਰ ਦਾ ਅੰਤ ਭਾਵੇਂ ਹੋ ਗਿਆ ਸੀ ਪਰ ਜਥੇਬੰਦੀ ਦੇ ਆਮਦਨ ਅਤੇ ਹਥਿਆਰਾਂ ਦੇ ਸਰੋਤ ਕਾਇਮ ਰਹਿਣ ਕਾਰਨ ਇਹ ਲਗਾਤਾਰ ਸਰਗਰਮ ਰਹੇ। ਤਾਲਿਬਾਨ ਸੰਸਾਰ ਦੀਆਂ ਸਭ ਤੋਂ ਅਮੀਰ ਅਤਿਵਾਦੀ ਤਨਜ਼ੀਮਾਂ ਵਿਚ ਗਿਣੀ ਜਾਂਦੀ ਰਹੀ ਹੈ। ਇਸ ਦੀ ਇਸੇ ਤਾਕਤ ਕਰਕੇ ਅਮਰੀਕਾ ਨੂੰ ਇਸ ਨਾਲ ਗੱਲਬਾਤ ਲਈ ਮਜਬੂਰ ਹੋਣਾ ਪਿਆ। ਉਂਝ, ਇਸ ਗੱਲਬਾਤ ਦਾ ਚੰਗਾ ਨਤੀਜਾ ਇਹ ਨਿੱਕਲਿਆ ਕਿ ਕੱਟੜ ਤਾਲਿਬਾਨ ਹੁਣ ਕੁਝ ਨਰਮ ਪਏ ਹਨ। ਉਹ ਆਪਣੀ ਨਵੀਂ ਸਰਕਾਰ ਦੀ ਕਾਇਮੀ ਲਈ ਗੈਰ-ਤਾਲਿਬਾਨ ਧਿਰਾਂ ਅਤੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਤੇ ਅਹਿਮ ਆਗੂ ਅਬਦੁੱਲਾ-ਅਬਦੁੱਲਾ ਨਾਲ ਗੱਲਬਾਤ ਕਰ ਰਹੇ ਹਨ। ਰਿਪੋਰਟਾਂ ਹਨ ਕਿ ਉਹ ਆਪਣੀ ਸਰਕਾਰ ਵਿਚ ਔਰਤਾਂ ਨੂੰ ਨੁਮਾਇੰਦਗੀ ਦੇਣ ਬਾਰੇ ਵੀ ਵਿਚਾਰਾਂ ਕਰ ਰਹੇ ਹਨ। ਔਰਤਾਂ ਦੇ ਹੱਕਾਂ ਬਾਰੇ ਵੀ ਗੱਲਾਂ ਕਹੀਆਂ ਜਾ ਰਹੀਆਂ ਹਨ ਪਰ ਨਾਲ ਹੀ ਕਿਹਾ ਜਾ ਰਿਹਾ ਹੈ ਕਿ ਔਰਤਾਂ ਦੇ ਹੱਕ ਸ਼ਰੀਅਤ ਦੇ ਘੇਰੇ ਅੰਦਰ ਹੀ ਦਿੱਤੇ ਜਾਣਗੇ। ਆਪਣੇ ਵਿਰੋਧੀਆਂ ਨੂੰ ਮੁਆਫ ਕਰਨ ਦਾ ਐਲਾਨ ਕੀਤਾ ਗਿਆ ਹੈ। ਤਾਲਿਬਾਨ ਆਪਣੇ ਮੁਲਕ ਵਾਸੀਆਂ ਨੂੰ ਕਿਹੋ ਜਿਹਾ ਨਿਜ਼ਾਮ ਦਿੰਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਫਿਲਹਾਲ ਉਨ੍ਹਾਂ ਬਾਰੇ ਖਦਸ਼ੇ ਹੀ ਜ਼ਾਹਿਰ ਕੀਤੇ ਜਾ ਰਹੇ ਹਨ।

ਉਂਜ, ਇਹ ਤਾਂ ਤੈਅ ਹੀ ਹੈ ਕਿ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਦਾ ਅਸਰ ਇਸ ਖਿੱਤੇ ਉਤੇ ਜ਼ਰੂਰ ਪੈਣਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤਾਲਿਬਾਨ ਦੀ ਆਮਦ ਦਾ ਸਵਾਗਤ ਕੀਤਾ ਹੈ ਅਤੇ ਜੱਗ ਜਾਣਦਾ ਹੈ ਕਿ ਪਾਕਿਸਤਾਨ ਅੱਜ ਕੱਲ੍ਹ ਚੀਨ ਦਾ ਮਿੱਤਰ ਹੈ, ਜਿਸ ਦਾ ਅਮਰੀਕਾ ਨਾਲ ਕਈ ਮਾਮਲਿਆਂ 'ਚ ਪੇਚਾ ਪਿਆ ਹੋਇਆ ਹੈ। ਇਸ ਕੋਣ ਤੋਂ ਅਫਗਾਨਿਸਤਾਨ ਵਿਚ ਹੋਣ ਵਾਲੀ ਸਿਆਸਤ ਬਹੁਤ ਅਹਿਮੀਅਤ ਰੱਖਦੀ ਹੈ। ਦੂਜੇ, ਭਾਰਤ ਉਤੇ ਇਸ ਤਖਤਾ ਪਲਟ ਦੇ ਪੈਣ ਵਾਲੇ ਅਸਰਾਂ ਬਾਰੇ ਵੀ ਸਿਆਸੀ ਵਿਸ਼ਲੇਸ਼ਕ ਵਿਚਾਰ ਕਰ ਰਹੇ ਹਨ। ਅਫਗਾਨਿਸਤਾਨ ਦੀਆਂ ਸਿੱਖ ਅਤੇ ਹਿੰਦੂ ਘੱਟ ਗਿਣਤੀਆਂ ਦੀ ਇਮਦਾਦ ਕਰਨ ਬਾਰੇ ਮੋਦੀ ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ। ਅਫਗਾਨਿਸਤਾਨ ਦੀ ਪਿਛਲੀ ਸਰਕਾਰ ਦੌਰਾਨ ਭਾਰਤ ਨੇ ਉਥੇ ਅਰਬਾਂ-ਕਰੋੜਾਂ ਦੇ ਪ੍ਰੋਜੈਕਟ ਆਰੰਭ ਕੀਤੇ ਹਨ। ਚੰਗੀ ਗੱਲ ਇਹ ਹੋਈ ਹੈ ਕਿ ਤਾਲਿਬਾਨ ਦੇ ਬੁਲਾਰਿਆਂ ਨੇ ਇਨ੍ਹਾਂ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਤਾਲਿਬਾਨ ਦੀ ਦੂਜੀ ਪਾਰੀ ਪਹਿਲੀ ਪਾਰੀ ਜਿੰਨੀ ਘਾਤਕ ਨਹੀਂ ਹੋਵੇਗੀ ਤੇ ਉਹ ਗੁਆਂਢੀ ਮੁਲਕਾਂ ਨਾਲ ਰਾਬਤਾ ਬਣਾ ਕੇ ਰੱਖਣਗੇ। ਇਨ੍ਹਾਂ ਹਾਲਾਤ ਉਤੇ ਹੀ ਵੱਖ-ਵੱਖ ਮੁਲਕਾਂ ਦੀ ਆਰਥਿਕਤਾ ਉਤੇ ਅਸਰ ਪੈਣਾ ਹੈ। ਹੁਣ ਮਸਲਾ ਵੱਖ-ਵੱਖ ਮੁਲਕਾਂ ਦੀ ਲੀਡਰਸ਼ਿਪ ਦਾ ਵੀ ਹੈ ਜਿਨ੍ਹਾਂ ਦੀ ਸਿਆਣਪ ਦੀ ਅਜ਼ਮਾਇਸ਼ ਹੁਣ ਹੋਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਰਮਕਾਂਡੀ ਸਿੱਖ?*

ਕਹਿਣ ਸੁਣਨ ਨੂੰ ਸ਼ਬਦ ਹੈ ਗੁਰੂ ਸਾਡਾ, ਐਪਰ ਅਮਲ ਕੁਝ ਹੋਰ ਹੀ ਦੱਸਦੇ ਨੇ।
ਬਾਣੀ ਰੋਕਦੀ ਉਲਟੇ ਰਾਹ ਜਾਂਦਿਆਂ ਨੂੰ, 'ਵਾਗਾਂ' ਖੁੱਲ੍ਹੀਆਂ ਭੋਰਾ ਨਾ ਕੱਸਦੇ ਹਾਂ।
ਭਰਮ-ਜਾਲ ਪਖੰਡੀ ਫੈਲਾਈ ਫਿਰਦੇ, ਭੈਣ-ਭਾਈ ਹੀ ਸਾਡੇ ਜਾ ਫੱਸਦੇ ਨੇ।
ਫਿਰਦੇ ਭਟਕਦੇ ਦੇਖ ਕੇ ਡੇਰਿਆਂ 'ਤੇ, ਹੋਰ ਧਰਮਾਂ ਦੇ ਲੋਕ ਵੀ ਹੱਸਦੇ ਨੇ।
ਸੱਭਿਆਚਾਰ ਦੇ ਨਾਮ 'ਤੇ ਗੰਦ ਸੁਣਦੇ, ਬੋਲ ਗੁਰਮਤਿ ਦੇ ਸੁਣਨ ਤੋਂ ਨੱਸਦੇ ਨੇ।
ਭੇਡ-ਚਾਲ ਵਿਚ ਬਣ ਗਏ ਕਰਮ-ਕਾਂਡੀ, ਬਿਪਰਵਾਦ ਦੇ 'ਨਾਗ' ਵੀ ਡੱਸਦੇ ਨੇ।

# ਲੰਡਨ ਵਿਚ 'ਮੋਦੀ ਅਸਤੀਫਾ ਦੇਵੇ' ਦੀ ਆਵਾਜ਼

***ਭਾਰਤੀ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਯੂ.ਕੇ. ਵਿਚ ਪਰਵਾਸੀ ਭਾਰਤੀ ਕਾਰਕੁਨਾਂ ਦੇ ਇਕ ਸਮੂਹ ਨੇ ਲੰਡਨ ਦੇ ਵੈਸਟਮਿੰਸਟਰ ਬ੍ਰਿਜ ਉਪਰ ਬੈਨਰ ਲਟਕਾ ਦਿੱਤਾ ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਦੀ ਮੰਗ ਕੀਤੀ। ਉਨ੍ਹਾਂ ਪ੍ਰੈੱਸ ਬਿਆਨ ਵਿਚ ਮੋਦੀ ਸਰਕਾਰ ਦੇ ਵਿਰੋਧ ਦੇ ਕਈ ਕਾਰਨਾਂ ਨੂੰ ਸੂਚੀਬੱਧ ਕੀਤਾ ਜਿਸ ਵਿਚ ਧਾਰਮਕ ਨਸਲਕੁਸ਼ੀ, ਕਸ਼ਮੀਰ ਵਿਚ ਭਾਰਤ ਦਾ 'ਆਬਾਦਕਾਰ ਬਸਤੀਵਾਦ', ਖੇਤੀਬਾੜੀ ਦਾ ਕਾਰਪੋਰੇਟੀਕਰਨ ਅਤੇ ਸਰਕਾਰ ਦੁਆਰਾ ਕੋਵਿਡ-19 ਦੀ ਦੂਜੀ ਲਹਿਰ ਨਾਲ ਗਲਤ ਤਰੀਕੇ ਨਾਲ ਨਜਿੱਠਣਾ ਸ਼ਾਮਿਲ ਹਨ। ਸਮੂਹ ਨੇ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਮੋਮਬੱਤੀ ਪ੍ਰਦਰਸ਼ਨ ਵੀ ਕੀਤਾ। ਸਮੂਹ ਦੁਆਰਾ ਜਾਰੀ ਪ੍ਰੈਸ ਰਿਲੀਜ਼ ਆਪਣੇ ਪਾਠਕਾਂ ਲਈ ਛਾਪੀ ਜਾ ਰਹੀ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਯੂ.ਕੇ. ਵਿਚ ਡਾਇਸਪੋਰਾ ਮੈਂਬਰ ਅਤੇ ਭਾਰਤ ਦੇ ਮਿੱਤਰ ਸਮੂਹ ਨੇ ਸੁਤੰਤਰਤਾ ਦਿਵਸ (15 ਅਗਸਤ) ਮੌਕੇ ਲੰਡਨ ਦੇ ਵੈਸਟਮਿੰਸਟਰ ਬ੍ਰਿਜ 'ਤੇ ਬੈਨਰ ਟੰਗ ਕੇ 'ਮੋਦੀ ਅਸਤੀਫਾ ਦੇਵੇ' ਦੀ ਮੰਗ ਕੀਤੀ ਹੈ।

ਜਿਵੇਂ ਹੀ ਲੰਡਨ ਵਿਚ ਉਸ ਦਿਨ ਸਵੇਰ ਹੋਈ, ਯੂ.ਕੇ. ਵਿਚ ਡਾਇਸਪੋਰਾ ਦੇ ਮੈਂਬਰਾਂ ਅਤੇ ਭਾਰਤ ਦੇ ਮਿੱਤਰਾਂ ਨੇ ਲੰਡਨ ਦੇ ਮਸ਼ਹੂਰ ਵੈਸਟਮਿੰਸਟਰ ਬ੍ਰਿਜ ਤੋਂ 'ਮੋਦੀ ਅਸਤੀਫਾ ਦੇਵੇ' ਦਾ ਵਿਸ਼ਾਲ ਬੈਨਰ ਟੰਗ ਦਿੱਤਾ। ਪੁਲ ਨੂੰ ਜਾਂਦੇ ਰਸਤੇ ਉਪਰ ਪ੍ਰਦਰਸ਼ਨਕਾਰੀਆਂ ਨੇ ਮੋਦੀ ਰਾਜ ਦੇ ਸਾਰੇ ਪੀੜਤਾਂ ਨੂੰ ਯਾਦ ਕਰਦੇ ਹੋਏ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਮੋਮਬੱਤੀ ਪ੍ਰਦਰਸ਼ਨ ਵੀ ਕੀਤਾ।

ਪ੍ਰਬੰਧਕਾਂ ਵਿਚੋਂ ਇਕ, ਦੱਖਣੀ ਏਸ਼ੀਆ ਸੌਲੀਡੈਰਿਟੀ ਗਰੁੱਪ ਦੇ ਮੁਕਤੀ ਸ਼ਾਹ ਨੇ ਕਾਰਵਾਈ ਦੇ ਕਾਰਨਾਂ ਬਾਰੇ ਦੱਸਿਆ:

ਜਿਵੇਂ ਭਾਰਤ ਦਾ 75ਵਾਂ ਸੁਤੰਤਰਤਾ ਦਿਵਸ ਸ਼ੁਰੂ ਹੋ ਰਿਹਾ ਹੈ, ਮੁਲਕ ਦਾ ਧਰਮਨਿਰਪੱਖ ਸੰਵਿਧਾਨ ਲੀਰੋ-ਲੀਰ ਕੀਤਾ ਜਾ ਚੁੱਕਾ ਹੈ। ਫਿਰਕੂ ਅਤੇ ਜਾਤੀ ਹਿੰਸਾ ਮੁਲਕ 'ਚ ਦਨਦਨਾ ਰਹੀ ਹੈ। ਹਜ਼ਾਰਾਂ ਰਾਜਨੀਤਕ ਕੈਦੀ ਕੋਵਿਡ-19 ਸੰਕਰਮਿਤ ਜੇਲ੍ਹਾਂ ਵਿਚ ਬੰਦ ਹਨ ਅਤੇ ਸੈਂਕੜੇ ਹਜ਼ਾਰਾਂ ਲੋਕ ਕਰੋਨਾ ਵਾਇਰਸ ਸੰਕਟ ਦੋਰਾਨ ਲਾਪਰਵਾਹੀ ਅਤੇ ਬਦਇੰਤਜ਼ਾਮੀ ਦੇ ਨਤੀਜੇ ਵਜੋਂ ਆਪਣੇ ਅਜ਼ੀਜ਼ਾਂ ਦੇ ਤੁਰ ਜਾਣ ਦਾ ਸੋਗ ਮਨਾ ਰਹੇ ਹਨ। ਅਸੀਂ, ਭਾਰਤ ਦੇ ਲੋਕਾਂ ਦੇ ਨਾਲ ਇਕਜੁੱਟ ਹੋ ਕੇ ਖੜ੍ਹੇ ਪਰਵਾਸੀ ਮੈਂਬਰਾਂ ਅਤੇ ਦੋਸਤਾਂ ਦੇ ਸਮੂਹ, ਇਸ ਹਿੰਸਾ, ਬੇਇਨਸਾਫੀ ਅਤੇ ਮੁਜਰਮਾਨਾ ਲਾਪਰਵਾਹੀ ਦੇ ਮੁੱਖ ਘਾੜੇ ਨਰਿੰਦਰ ਮੋਦੀ ਦੇ ਅਸਤੀਫੇ ਦੀ ਮੰਗ ਕਰ ਰਹੇ ਹਾਂ।

ਬੈਨਰ ਲਗਾਉਣ ਵਕਤ ਜਾਰੀ ਕੀਤੇ ਬਿਆਨ ਵਿਚ ਮੋਦੀ ਦੇ ਅਸਤੀਫੇ ਦੀ ਮੰਗ ਦੇ ਇਨ੍ਹਾਂ ਦਸ ਖਾਸ ਕਾਰਨਾਂ ਦੀ ਸ਼ਨਾਖਤ ਕੀਤੀ ਗਈ ਹੈ:

**1. ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਹਜੂਮੀ ਕਤਲਾਂ ਅਤੇ ਕਤਲੇਆਮ ਨੂੰ ਆਮ ਬਣਾਉਣ ਦੇ ਸੱਦੇ**

ਕੌਮੀ ਰਾਜਧਾਨੀ ਅਤੇ ਮੁਲਕ ਦੇ ਹੋਰਨਾਂ ਹਿੱਸਿਆਂ ਵਿਚ ਉਨ੍ਹਾਂ ਲੋਕਾਂ ਦੁਆਰਾ ਮੁਸਲਮਾਨਾਂ ਦੀ ਨਸਲਕੁਸ਼ੀ ਲਈ ਖੁੱਲ੍ਹੇਆਮ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਸਬੰਧ ਹਿੰਦੂ ਅਤਿਵਾਦੀ ਸਮੂਹਾਂ ਨਾਲ ਹੈ। ਇਨ੍ਹਾਂ ਸਮੂਹਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਤਾਂ ਬਹੁਤ ਦੂਰ, ਇਨ੍ਹਾਂ ਘਟਨਾਵਾਂ ਨੂੰ 'ਆਮ ਗੱਲ' ਦੇ ਹਿੱਸੇ ਵਜੋਂ ਦਬਾਇਆ ਜਾ ਰਿਹਾ ਹੈ। ਇਹ 2014 ਵਿਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਦ ਮੁਸਲਮਾਨਾਂ ਵਿਰੁੱਧ ਭਿਆਨਕ ਹਿੰਸਾ ਦੇ ਹੌਲੀ-ਹੌਲੀ ਸਾਧਾਰਨ ਹੋਣ ਤੋਂ ਬਾਅਦ ਹੋਇਆ ਹੈ। ਮੁਸਲਿਮ ਇਲਾਕਿਆਂ ਵਿਚ ਹਜੂਮੀ ਕਤਲ, ਕਤਲੇਆਮ ਅਤੇ ਪੁਲਿਸ ਹਮਲੇ ਹੁਣ ਆਮ ਘਟਨਾਵਾਂ ਹਨ। ਇਹ ਸਾਧਾਰਨੀਕਰਨ, ਇਸ ਤੱਥ ਦੇ ਨਾਲ ਜੁੜ ਕੇ ਕਿ ਮੋਦੀ ਨੇ 2002 ਦੇ ਗੁਜਰਾਤ ਕਤਲੇਆਮ ਲਈ ਕਦੇ ਮੁਆਫੀ ਨਹੀਂ ਮੰਗੀ ਜੋ ਮੁੱਖ ਮੰਤਰੀ ਵਜੋਂ ਉਸ ਦੀ ਨਿਗਰਾਨੀ ਹੇਠ ਹੋਇਆ ਸੀ। ਇਹ ਦਰਸਾਉਂਦਾ ਹੈ ਕਿ ਮੋਦੀ ਦੁਆਰਾ ਮੁਸਲਮਾਨਾਂ 'ਤੇ ਵੱਡੇ ਪੱਧਰ 'ਤੇ ਨਸਲਕੁਸ਼ੀ ਦੇ ਹਮਲੇ ਲਈ ਭਾਰਤ ਨੂੰ ਤਿਆਰ ਕੀਤਾ ਜਾ ਰਿਹਾ ਹੈ। ਇਸ ਨੂੰ ਕਦੇ ਵੀ ਦੁਬਾਰਾ ਵਾਪਰਨ ਨਹੀਂ ਦੇਣਾ ਚਾਹੀਦਾ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**2. ਦਲਿਤ ਔਰਤਾਂ ਅਤੇ ਲੜਕੀਆਂ ਦੇ ਬਲਾਤਕਾਰ ਅਤੇ ਕਤਲ**

ਨਰਿੰਦਰ ਮੋਦੀ ਦੇ ਅਧੀਨ ਦਲਿਤਾਂ ਦੇ ਵਿਰੁੱਧ ਲਗਾਤਾਰ ਹੋ ਰਹੀ ਹਿੰਸਾ ਵਿਚ ਕਈ ਗੁਣਾ ਵਾਧਾ ਹੋਇਆ ਹੈ, ਦਲਿਤ ਔਰਤਾਂ ਅਤੇ ਲੜਕੀਆਂ ਦੇ ਸਮੂਹਿਕ ਬਲਾਤਕਾਰ ਕੀਤੇ ਜਾਂਦੇ ਹਨ ਅਤੇ ਜਾਬਰ ਜਾਤੀ ਦੇ ਮਰਦਾਂ ਵੱਲੋਂ ਉਨ੍ਹਾਂ ਦੇ ਕਤਲ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਰਾਜ ਅਤੇ ਕੇਂਦਰ ਪੱਧਰ 'ਤੇ ਹੁਕਮਰਾਨ ਭਾਜਪਾ




ਸਰਕਾਰਾਂ ਬਚਾ ਰਹੀਆਂ ਹਨ। ਹਾਥਰਸ ਸਮੂਹਿਕ ਬਲਾਤਕਾਰ ਅਤੇ ਕਤਲ ਮਸ਼ਹੂਰ ਹੈ। ਇਸੇ ਤਰ੍ਹਾਂ ਦੇ ਮਾਮਲੇ ਵਿਆਪਕ ਹਨ ਅਤੇ ਹਰ ਰੋਜ਼ ਤਾਜ਼ਾ ਭਿਆਨਕਤਾ ਸਾਹਮਣੇ ਆ ਰਹੀ ਹੈ। ਹਾਲ ਹੀ ਵਿਚ ਦਿੱਲੀ ਵਿਚ ਇਕ ਸ਼ਮਸ਼ਾਨਘਾਟ ਦੇ ਪੁਜਾਰੀ ਨੇ ਇਕ ਨੌਂ ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਕੀਤਾ ਅਤੇ ਉਸ ਦਾ ਕਤਲ ਕਰ ਦਿੱਤਾ ਜਿਸ ਨੇ ਉਸ ਦੀ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਦੀ ਅਕਹਿ ਹਿੰਸਾ ਅਤੇ ਬ੍ਰਾਹਮਣਵਾਦੀ ਕੁਕਰਮ ਦੇ ਬਾਵਜੂਦ ਪ੍ਰਧਾਨ ਮੰਤਰੀ ਚੁੱਪ ਰਿਹਾ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**3. ਖੇਤੀਬਾੜੀ ਉਪਰ ਕਾਰਪੋਰੇਟ ਕਬਜ਼ਾ**

ਮੋਦੀ ਸਰਕਾਰ ਨੇ ਤਿੰਨ ਖੇਤੀਬਾੜੀ ਕਾਨੂੰਨ ਪਾਸ ਕੀਤੇ ਹਨ ਜੋ ਸਮੁੱਚੇ ਖੇਤੀਬਾੜੀ ਸੈਕਟਰ ਨੂੰ ਉਨ੍ਹਾਂ ਦੇ ਕਾਰਪੋਰੇਟ ਸਾਥੀਆਂ ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ ਨੂੰ ਸੌਂਪਣ ਦਾ ਰਾਹ ਸਾਫ ਕਰਦੇ ਹਨ। ਇਹ ਕਾਰਪੋਰੇਟੀਕਰਨ ਭਾਰਤ ਦੇ ਪਹਿਲਾਂ ਹੀ ਗਰੀਬ ਕਿਸਾਨਾਂ ਨੂੰ ਤਬਾਹੀ ਅਤੇ ਬੇਜ਼ਮੀਨੇਪਣ ਵੱਲ ਧੱਕ ਦੇਵੇਗਾ। ਮੁਲਕ ਦੀ ਭੋਜਨ ਦੀ ਸਵੈ-ਨਿਰਭਰਤਾ ਤਬਾਹ ਹੋ ਜਾਵੇਗੀ, ਭੁੱਖਮਰੀ ਹੋਰ ਡੂੰਘੀ ਹੋਵੇਗੀ। ਇਨ੍ਹਾਂ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਵਿਸ਼ਾਲ ਕਿਸਾਨ ਅੰਦੋਲਨ ਉਠਿਆ ਹੈ ਅਤੇ ਪਿਛਲੇ ਸਾਲ ਨਵੰਬਰ ਤੋਂ ਰਾਜਧਾਨੀ ਦੀਆਂ ਬਰੂਹਾਂ 'ਤੇ ਡੇਰੇ ਲਾਈ ਬੈਠਾ ਹੈ। ਮੋਦੀ ਨੇ ਭਾਰਤ ਦੇ ਕਿਰਤੀ ਲੋਕਾਂ ਦੇ ਇਸ ਮੁੱਖ ਹਿੱਸੇ ਦੀਆਂ ਆਵਾਜ਼ਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਹੈ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**4. ਅਸਹਿਮਤੀ ਅਤੇ ਮਨੁੱਖੀ ਹੱਕਾਂ ਦੇ ਰਖਵਾਲਿਆਂ ਦੀ ਜੇਲ੍ਹਬੰਦੀ**

ਮੋਦੀ ਹਕੂਮਤ ਨੇ ਹਜ਼ਾਰਾਂ ਲੋਕਾਂ ਨੂੰ ਕੈਦ ਕੀਤਾ ਹੈ ਜਿਨ੍ਹਾਂ ਦਾ 'ਜੁਰਮ' ਸਿਰਫ ਸਰਕਾਰ ਨਾਲ ਅਸਹਿਮਤੀ, ਸਭ ਤੋਂ ਹਾਸ਼ੀਏ 'ਤੇ ਧੱਕੇ ਅਤੇ ਦੱਬੇ-ਕੁਚਲੇ ਸਮੂਹਾਂ ਦੀ ਵਕਾਲਤ ਕਰਨਾ, ਜਾਂ ਯੂ.ਏ.ਪੀ.ਏ. ਵਰਗੇ ਸਖਤ ਕਾਨੂੰਨਾਂ ਅਧੀਨ ਅਹਿੰਸਕ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲੈਣਾ ਹੈ। ਬਜ਼ੁਰਗ ਅਤੇ ਕਮਜ਼ੋਰ ਸਿਹਤ ਵਾਲੇ ਸਿੱਖਿਆ ਵਿਗਿਆਨੀ ਅਤੇ ਵਕੀਲ, ਵਿਦਿਆਰਥੀ ਅਤੇ ਨੌਜਵਾਨ ਕਾਰਕੁਨ, ਜਿਨ੍ਹਾਂ ਦੇ ਨਾਲ ਹਜ਼ਾਰਾਂ ਆਦਿਵਾਸੀ ਨੌਜਵਾਨ ਸ਼ਾਮਿਲ ਹਨ, ਮਹਾਂਮਾਰੀ ਦਰਮਿਆਨ ਭੀੜ-ਭੜੱਕੇ ਅਤੇ ਮਨੁੱਖੀ ਸਿਹਤ ਦੇ ਪ੍ਰਤੀਕੂਲ ਹਾਲਾਤ ਵਿਚ ਬੰਦ ਹਨ। ਉਨ੍ਹਾਂ ਦੀ ਜਾਨ ਬਹੁਤ ਜ਼ਿਆਦਾ ਖਤਰੇ ਵਿਚ ਹੈ। ਕੁਝ ਪਹਿਲਾਂ ਹੀ ਵਾਇਰਸ ਲਪੇਟ 'ਚ ਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਲਾਜ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜਾਂ ਸਿਰਫ ਉਨ੍ਹਾਂ ਦੇ ਦੋਸਤਾਂ ਅਤੇ ਪਰਿਵਾਰਾਂ ਦੇ ਭਾਰੀ ਦਬਾਅ ਤੋਂ ਬਾਅਦ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਦੂਸਰੇ, ਜਿਵੇਂ 84 ਸਾਲਾ ਈਸਾਈ ਪਾਦਰੀ ਫਾਦਰ ਸਟੈਨ ਸਵਾਮੀ ਜੋ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਉਨ੍ਹਾਂ ਦੀਆਂ ਕੁਝ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਗਿਆ, ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ - ਮੋਦੀ ਹਕੂਮਤ ਵੱਲੋਂ ਹਿਰਾਸਤ ਵਿਚ ਕਤਲ ਕਰ ਦਿੱਤੇ ਗਏ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**5. ਕਸ਼ਮੀਰ ਵਿਚ ਬਸਤੀਵਾਦ ਦਾ ਕਬਜ਼ਾ**

ਕਸ਼ਮੀਰੀ ਲੋਕ ਦਹਾਕਿਆਂ ਤੋਂ ਭਾਰੀ ਫੌਜੀ ਕਬਜ਼ੇ, ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ ਅਤੇ ਉਨ੍ਹਾਂ ਦੇ ਸਵੈ-ਨਿਰਣੇ ਦੇ ਹੱਕ ਤੋਂ ਇਨਕਾਰ ਦਾ ਸਾਹਮਣਾ ਕਰ ਰਹੇ ਹਨ। ਨਰਿੰਦਰ ਮੋਦੀ ਦੇ ਅਧੀਨ, ਕਸ਼ਮੀਰ ਦੇ ਨਾਲ ਭਾਰਤ ਦੇ ਰਿਸ਼ਤੇ ਇਜ਼ਰਾਈਲ ਦੇ ਕਾਬਜ਼ ਬਸਤੀਵਾਦ ਦੀ ਤਰ੍ਹਾਂ ਕਬਜ਼ੇ ਦੇ ਨਵੇਂ ਪੜਾਅ ਵਿਚ ਦਾਖਲ ਹੋਏ ਹਨ। 5 ਅਗਸਤ, 2019 ਨੂੰ ਧਾਰਾ 370 ਨੂੰ ਹਟਾਉਣਾ, ਭਾਰਤ ਦੇ ਸੰਵਿਧਾਨ ਅਤੇ ਕੌਮਾਂਤਰੀ ਕਾਨੂੰਨ ਦੋਵਾਂ ਦੀ ਉਲੰਘਣਾ ਦੇ ਬਾਅਦ, ਦੋ ਸਾਲਾਂ ਤੋਂ ਬੇਕਿਰਕੀ ਨਾਲ ਤਾਲਾਬੰਦੀ, ਕਰਫਿਊ, ਜਨਤਕ ਕੈਦ ਅਤੇ ਕਿਸੇ ਵੀ ਲੋਕਤੰਤਰ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਲੰਮੀ ਇੰਟਰਨੈੱਟ ਅਤੇ ਸੰਚਾਰ ਨਾਕਾਬੰਦੀ ਹੈ। ਇਸ ਦੇ ਤਹਿਤ ਕਸ਼ਮੀਰ ਵਿਚ ਮੋਦੀ ਸਰਕਾਰ ਦੀਆਂ ਯੋਜਨਾਵਾਂ ਜਨਸੰਖਿਆ 'ਚ ਰੱਦੋਬਦਲ, ਕਾਰਪੋਰੇਟ ਲੁੱਟ ਅਤੇ ਵਾਤਾਵਰਣ ਤਬਾਹੀ ਦੀਆਂ ਹਨ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**6. ਮੋਦੀ ਦੇ ਨਿਊਰਮਬਰਗ ਕਾਨੂੰਨ**

ਮੋਦੀ ਸਰਕਾਰ ਦੁਆਰਾ ਲਿਆਂਦਾ ਗਿਆ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਭਾਰਤੀ ਨਾਗਰਿਕਤਾ ਦੇ ਆਧਾਰ 'ਤੇ ਹੀ ਹਮਲਾ ਹੈ। ਇਹ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਦੇ ਪਰਵਾਸੀਆਂ ਨੂੰ ਭਾਰਤੀ ਨਾਗਰਿਕ ਬਣਨ ਦੀ ਆਗਿਆ ਦਿੰਦਾ ਹੈ ਬਸ਼ਰਤੇ ਉਹ ਹਿੰਦੂ, ਸਿੱਖ, ਪਾਰਸੀ, ਜੈਨ ਜਾਂ ਈਸਾਈ ਹੋਣ। ਭਾਰਤੀ ਨਾਗਰਿਕਤਾ ਨੂੰ ਸਪੱਸ਼ਟ ਤੌਰ 'ਤੇ ਧਾਰਮਿਕ ਮਾਨਤਾ ਨਾਲ ਜੋੜ ਕੇ, ਅਤੇ ਮੁਸਲਮਾਨਾਂ ਨੂੰ ਸਾਫ-ਸਾਫ ਛੱਡ ਕੇ, ਸੀ.ਏ.ਏ. ਭਾਰਤ ਦੇ ਧਰਮ ਨਿਰਪੱਖ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਅਤੇ ਫਾਸ਼ੀਵਾਦੀ ਹਿੰਦੂ ਰਾਜ ਬਣਾਉਣ ਦੇ ਭਾਜਪਾ ਦੇ ਐਲਾਨੇ ਸੁਪਨੇ ਲਈ ਕਾਨੂੰਨੀ ਨੀਂਹ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਖਤਰਾ ਇਹ ਹੈ ਕਿ ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਅਤੇ ਰਾਸ਼ਟਰੀ ਜਨਸੰਖਿਆ ਰਜਿਸਟਰ (ਐਨ.ਪੀ.ਆਰ.) ਨਾਲ ਜੁੜ ਕੇ, ਨਵੇਂ ਨਾਗਰਿਕਤਾ ਨਿਯਮ ਭਾਰਤ ਦੇ 20 ਕਰੋੜ ਮੁਸਲਮਾਨਾਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰ ਦੇਣਗੇ। ਇਸ ਦੌਰਾਨ ਭਾਜਪਾ ਕੀ ਹਕੂਮਤ ਵਾਲੇ ਰਾਜਾਂ ਨੇ ਅਖੌਤੀ 'ਲਵ ਜਹਾਦ' ਕਾਨੂੰਨ ਲਿਆਂਦੇ ਹਨ ਜੋ ਅੰਤਰ-ਧਰਮ ਸੰਬੰਧਾਂ ਨੂੰ ਗੈਰ ਕਨੂੰਨੀ ਬਣਾਉਣ ਦੀ ਕੋਸ਼ਿਸ਼ ਹਨ। ਇਹ ਸਾਰੇ ਕਾਨੂੰਨ ਨਾਜ਼ੀਆਂ ਦੇ ਨਿਊਰਮਬਰਗ ਕਾਨੂੰਨਾਂ ਨਾਲ ਬਹੁਤ ਮਿਲਦੇ-ਜੁਲਦੇ ਹਨ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

*(ਬਾਕੀ ਅਗਲੇ ਸਫੇ 'ਤੇ)*

# ਅਫਗਾਨਿਸਤਾਨ ਵਿਚ ਤਾਲਿਬਾਨ ਅਤੇ ਸੰਸਾਰ ਸਿਆਸਤ

ਰੌਬਰਟ

ਤਾਲਿਬਾਨ ਨੱਬੇਵਿਆਂ ਦੇ ਆਰੰਭ ਵਿਚ ਉਸ ਵਕਤ ਉੱਭਰੇ, ਜਦੋਂ ਸੋਵੀਅਤ ਯੂਨੀਅਨ ਅਫਗਾਨਿਸਤਾਨ ਤੋਂ ਆਪਣੀਆਂ ਫੌਜਾਂ ਵਾਪਸ ਬੁਲਾ ਰਿਹਾ ਸੀ। ਇਹ ਮੰਨਿਆ ਜਾਂਦਾ ਹੈ ਕਿ ਇਹ ਪਸ਼ਤੋ ਅੰਦੋਲਨ ਪਹਿਲਾਂ ਧਾਰਮਿਕ ਮਦਰੱਸਿਆਂ ਵਿਚ ਉੱਭਰਿਆ ਸੀ ਅਤੇ ਅਤੇ ਇਸ ਨੂੰ ਸਾਊਦੀ ਅਰਬ ਵੱਲੋਂ ਫੰਡ ਦਿੱਤਾ ਗਿਆ ਸੀ। ਇਸ ਅੰਦੋਲਨ ਵਿਚ ਸੁੰਨੀ ਇਸਲਾਮ ਦੇ ਕੱਟੜਵਾਦੀ ਵਿਸ਼ਵਾਸਾਂ ਦਾ ਪ੍ਰਚਾਰ ਕੀਤਾ ਗਿਆ ਸੀ। ਤਾਲਿਬਾਨ ਜਿਨ੍ਹਾਂ ਨੇ ਦਹਾਕਿਆਂ ਤੋਂ ਅਫਗਾਨਿਸਤਾਨ ਦੀ ਧਰਤੀ ਨੂੰ ਲੜਾਈ ਦਾ ਮੈਦਾਨ ਬਣਾ ਕੇ ਰੱਖਿਆ ਹੋਇਆ ਹੈ, ਕੋਲ ਅਥਾਹ ਸ਼ਕਤੀ ਹੈ।



**1990 ਦੇ ਦਹਾਕੇ ਵਿਚ ਉੱਤਰੀ ਪਾਕਿਸਤਾਨ ਵਿਚ ਤਾਲਿਬਾਨ ਦੀ ਹੋਂਦ**

ਉੱਤਰੀ ਪਾਕਿਸਤਾਨ ਵਿਚ 1990 ਦੇ ਦਹਾਕੇ ਵਿਚ ਤਾਲਿਬਾਨ ਦੀ ਹੋਂਦ ਸੀ। ਇਹ ਉਹ ਸਮਾਂ ਸੀ ਜਦੋਂ ਤਤਕਾਲੀ ਸੋਵੀਅਤ ਯੂਨੀਅਨ ਦੀ ਫੌਜ ਅਫਗਾਨਿਸਤਾਨ ਵਾਪਸ ਜਾ ਰਹੀ ਸੀ। ਸੋਵੀਅਤ ਫੌਜਾਂ ਦੀ ਵਾਪਸੀ ਤੋਂ ਬਾਅਦ ਅਫਗਾਨਿਸਤਾਨ ਵਿਚ ਤਾਲਿਬਾਨ ਦਾ ਦਬਦਬਾ ਵਧ ਗਿਆ। ਤਾਲਿਬਾਨ ਨੇ ਕੰਧਾਰ ਸ਼ਹਿਰ ਵਿਚ ਆਪਣਾ ਪਹਿਲਾ ਕੇਂਦਰ ਬਣਾਇਆ। ਅਫਗਾਨਿਸਤਾਨ ਦੀ ਜ਼ਮੀਨ ਕਿਸੇ ਸਮੇਂ ਸੋਵੀਅਤ ਯੂਨੀਅਨ ਦੇ ਹੱਥਾਂ ਵਿਚ ਸੀ ਅਤੇ 1989 ਵਿਚ ਮੁਜਾਹਿਦੀਨ ਨੇ ਇਸ ਨੂੰ ਬਾਹਰ ਦਾ ਰਸਤਾ ਵਿਖਾਇਆ। ਪਖਤੂਨ ਕਬਾਇਲੀ ਭਾਈਚਾਰੇ ਦਾ ਮੈਂਬਰ ਮੁੱਲਾ ਮੁਹੰਮਦ ਉਮਰ ਇਸ ਮੁਜਾਹਿਦੀਨ ਦਾ ਕਮਾਂਡਰ ਬਣ ਗਿਆ। ਉਮਰ ਨੇ ਬਾਅਦ ਵਿਚ ਤਾਲਿਬਾਨ ਦੀ ਸਥਾਪਨਾ ਕੀਤੀ। ਤਾਲਿਬਾਨ ਨੇ ਅਫਗਾਨਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਬੁਰਹਾਨੁਦੀਨ ਰਬਾਨੀ ਨੂੰ ਹਟਾ ਦਿੱਤਾ ਸੀ। ਰਬਾਨੀ ਸੋਵੀਅਤ ਫੌਜਾਂ ਦੇ ਹਮਲੇ ਦਾ ਵਿਰੋਧ ਕਰਨ ਵਾਲੇ ਅਫਗਾਨ ਮੁਜਾਹਿਦੀਨ ਦੇ ਸੰਸਥਾਪਕ ਮੈਂਬਰਾਂ ਵਿਚੋਂ ਇੱਕ ਸਨ।

ਸਾਲ 1998 ਤਕ, ਤਾਲਿਬਾਨ ਨੇ ਲਗਭਗ 90% ਅਫਗਾਨਿਸਤਾਨ ਉੱਤੇ ਕਬਜ਼ਾ ਕਰ ਲਿਆ ਸੀ। ਸੋਵੀਅਤ ਫੌਜਾਂ ਦੇ ਜਾਣ ਤੋਂ ਬਾਅਦ, ਅਫਗਾਨਿਸਤਾਨ ਦੇ ਆਮ ਲੋਕ ਮੁਜਾਹਿਦੀਨ ਦੀਆਂ ਵਧੀਕੀਆਂ ਅਤੇ ਸੰਘਰਸ਼ਾਂ ਤੋਂ ਤੰਗ ਆ ਗਏ ਸਨ। ਇਹੀ ਕਾਰਨ ਹੈ ਕਿ ਤਾਲਿਬਾਨ ਦਾ ਸਭ ਤੋਂ ਪਹਿਲਾਂ ਸਵਾਗਤ ਕੀਤਾ ਗਿਆ ਸੀ। ਭ੍ਰਿਸ਼ਟਾਚਾਰ 'ਤੇ ਰੋਕ ਲਗਾਉਣਾ, ਅਰਾਜਕਤਾ ਵਿਚ ਸੁਧਾਰ ਕਰਨਾ, ਸੜਕਾਂ ਦਾ ਨਿਰਮਾਣ ਕਰਨਾ ਅਤੇ ਕੰਟਰੋਲ ਅਧੀਨ ਖੇਤਰ ਵਿਚ ਵਪਾਰਕ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਦੇਣਾ - ਇਹਨਾਂ ਕੰਮਾਂ ਨੇ ਤਾਲਿਬਾਨ ਨੂੰ ਵੀ ਸ਼ੁਰੂ ਵਿਚ ਮਸ਼ਹੂਰ ਕੀਤਾ।

**ਤਾਲਿਬਾਨ ਅਮਰੀਕਾ ਨਾਲ ਉਲਝਿਆ**

ਅਮਰੀਕਾ ਦੇ ਵਰਲਡ ਟ੍ਰੇਡ ਸੈਂਟਰ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਤਾਲਿਬਾਨ ਦੁਨੀਆ ਦੀਆਂ ਨਜ਼ਰਾਂ' ਚ ਆ ਗਿਆ। ਕਿਹਾ ਜਾਂਦਾ ਹੈ ਕਿ ਅਲ-ਕਾਇਦਾ ਦੇ ਨੇਤਾ ਉਸਾਮਾ ਬਿਨ-ਲਾਦਿਨ ਨੇ 11 ਸਤੰਬਰ 2001 ਨੂੰ ਅਮਰੀਕਾ 'ਤੇ ਅਤਿਵਾਦੀ ਹਮਲੇ ਦੀ ਯੋਜਨਾ ਬਣਾਈ ਸੀ, ਨੂੰ ਤਾਲਿਬਾਨ ਨੇ ਪਨਾਹ ਦਿੱਤੀ ਸੀ। ਅਮਰੀਕਾ ਨੇ ਤਾਲਿਬਾਨ ਨੂੰ ਇਸ ਹਮਲੇ ਲਈ ਬਿਨ-ਲਾਦਿਨ ਨੂੰ ਸੌਂਪਣ ਲਈ ਕਿਹਾ ਸੀ ਪਰ ਤਾਲਿਬਾਨ ਨੇ ਸਪਸ਼ਟ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕਾ ਅਫਗਾਨਿਸਤਾਨ ਵਿਚ ਦਾਖਲ ਹੋਇਆ ਅਤੇ ਮੁੱਲਾ ਉਮਰ ਦੀ ਸਰਕਾਰ ਨੂੰ ਹੇਠਾਂ ਲਿਆਂਦਾ। ਉਮਰ ਅਤੇ ਹੋਰ ਤਾਲਿਬਾਨ ਆਗੂ ਪਾਕਿਸਤਾਨ ਭੱਜ ਗਏ। ਇੱਥੇ ਉਸ ਨੇ ਦੁਬਾਰਾ ਅਫਗਾਨਿਸਤਾਨ ਪਰਤਣ ਦੀ ਤਿਆਰੀ ਸ਼ੁਰੂ ਕਰ ਦਿੱਤੀ।

**85 ਹਜ਼ਾਰ ਲੜਾਕ ਸੰਗਠਨ ਵਿਚ ਸ਼ਾਮਲ**

ਇਹ ਦਾਅਵਾ ਕੀਤਾ ਗਿਆ ਹੈ ਕਿ ਤਾਲਿਬਾਨ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਮਜ਼ਬੂਤ ਹੋਇਆ ਹੈ। ਇਸ ਸੰਗਠਨ ਵਿਚ 85 ਹਜ਼ਾਰ ਲੜਾਕੂ ਸ਼ਾਮਲ ਹਨ। ਅਫਗਾਨਿਸਤਾਨ ਦਾ ਕਿੰਨਾ ਹਿੱਸਾ ਪੂਰੀ ਤਰ੍ਹਾਂ ਉਨ੍ਹਾਂ ਦੇ ਹੱਥਾਂ ਵਿਚ ਹੈ, ਇਹ ਸਮਝਣਾ ਮੁਸ਼ਕਿਲ ਹੈ ਪਰ ਹੁਣ ਮੁਲਕ ਉਤੇ ਇਨ੍ਹਾਂ ਦਾ ਕਬਜ਼ਾ ਹੋ ਗਿਆ ਹੈ। ਤਕਰੀਬਨ 20 ਸਾਲਾਂ ਦੀ ਲੜਾਈ ਤੋਂ ਬਾਅਦ ਅਮਰੀਕਾ ਵਰਗੀ ਮਹਾਂਸ਼ਕਤੀ ਨੇ ਵੀ ਇੱਥੋਂ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਸੰਭਵ ਹੈ ਕਿ ਤਾਲਿਬਾਨ ਇਸ ਨੂੰ ਆਪਣੀ ਜਿੱਤ ਵਜੋਂ ਲੈ ਰਹੇ ਹੋਣ।

**ਤਾਲਿਬਾਨ ਸਰਕਾਰ ਨੂੰ ਮਾਨਤਾ**

ਪਾਕਿਸਤਾਨ ਦੁਨੀਆ ਦੇ ਉਨ੍ਹਾਂ ਤਿੰਨ ਦੇਸ਼ਾਂ ਵਿਚੋਂ ਇੱਕ ਸੀ ਜਿਨ੍ਹਾਂ ਨੇ ਤਾਲਿਬਾਨ ਸਰਕਾਰ ਨੂੰ ਮਾਨਤਾ ਦਿੱਤੀ ਸੀ। ਪਾਕਿਸਤਾਨ ਤੋਂ ਇਲਾਵਾ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਨੇ ਵੀ ਤਾਲਿਬਾਨ ਸਰਕਾਰ ਨੂੰ ਮਾਨਤਾ ਦਿੱਤੀ ਹੈ।

**ਤਾਲਿਬਾਨ ਦੇ ਫਰਮਾਨ**

ਅਫਗਾਨਿਸਤਾਨ ਵਿਚ ਤਾਲਿਬਾਨ ਦਾ ਸ਼ੁਰੂ ਵਿਚ ਸਵਾਗਤ ਅਤੇ ਸਮਰਥਨ ਕੀਤਾ ਗਿਆ ਸੀ। ਇਹ ਮੰਨਿਆ ਜਾ ਰਿਹਾ ਸੀ ਕਿ ਤਾਲਿਬਾਨ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਲੀਹੋਂ ਲੱਥੀ ਅਰਥ ਵਿਵਸਥਾ ਨੂੰ ਠੀਕ ਕਰੇਗਾ। ਤਾਲਿਬਾਨ ਨੇ ਹੌਲੀ-ਹੌਲੀ ਸਖਤ ਇਸਲਾਮਿਕ ਨਿਯਮ ਲਾਗੂ ਕਰ ਦਿੱਤੇ। ਚੋਰੀ ਤੋਂ ਕਤਲ ਤੱਕ, ਦੋਸ਼ੀਆਂ ਨੂੰ ਜਨਤਕ ਤੌਰ 'ਤੇ ਮੌਤ ਦੀ ਸਜ਼ਾ ਦਿੱਤੀ ਗਈ ਸੀ। ਕੱਟੜਪੰਥੀ ਨਿਯਮ ਲਾਗੂ ਕੀਤੇ ਜਾਣੇ ਸ਼ੁਰੂ ਹੋ ਗਏ। ਟੀ.ਵੀ. ਅਤੇ ਸੰਗੀਤ 'ਤੇ ਪਾਬੰਦੀ ਸੀ, ਲੜਕੀਆਂ ਨੂੰ ਸਕੂਲ ਜਾਣ ਦੀ ਮਨਾਹੀ ਸੀ, ਔਰਤਾਂ 'ਤੇ ਬੁਰਕਾ ਪਾਉਣ ਦਾ ਦਬਾਅ ਸੀ। ਲੋਕ ਤਾਲਿਬਾਨ ਦੇ ਇਸਲਾਮੀ ਤਰੀਕਿਆਂ ਤੋਂ ਥੱਕ ਗਏ ਸਨ। ਇਸ ਸਮੇਂ ਦੌਰਾਨ ਤਾਲਿਬਾਨ ਨੇ ਸਜ਼ਾ ਦੇ ਇਸਲਾਮੀ ਢੰਗ ਲਾਗੂ ਕੀਤੇ। ਇਨ੍ਹਾਂ ਵਿਚ ਸਜ਼ਾਵਾਂ ਸ਼ਾਮਲ ਹਨ ਜਿਵੇਂ ਕਤਲ ਅਤੇ ਵਿਭਚਾਰ ਦੇ ਦੋਸ਼ੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਅਤੇ ਚੋਰੀ ਦੇ ਦੋਸ਼ੀਆਂ ਦੇ ਅੰਗਾਂ ਨੂੰ ਕੱਟਣਾ। ਅਫਗਾਨਿਸਤਾਨ ਵਿਚ ਮਰਦਾਂ ਲਈ ਦਾੜ੍ਹੀ ਅਤੇ ਔਰਤਾਂ ਲਈ ਪੂਰੇ ਸਰੀਰ ਵਾਲਾ ਬੁਰਕਾ ਪਹਿਨਣਾ ਲਾਜ਼ਮੀ ਕਰ ਦਿੱਤਾ ਗਿਆ ਸੀ। ਤਾਲਿਬਾਨ ਨੇ ਟੈਲੀਵਿਜ਼ਨ, ਸੰਗੀਤ ਅਤੇ ਸਿਨੇਮਾ 'ਤੇ ਪਾਬੰਦੀ ਲਗਾ ਦਿੱਤੀ ਅਤੇ 10 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ।

# 'ਮੋਦੀ ਅਸਤੀਫਾ ਦੇਵੇ' ਦੀ ਆਵਾਜ਼

*(ਪਿਛਲੇ ਸਫੇ ਦੀ ਬਾਕੀ)*

**7. ਮੋਦੀ ਦੇ ਵਾਤਾਵਰਨ ਸਬੰਧੀ ਜੁਰਮ**

ਵਾਤਾਵਰਨ ਕਾਰਗੁਜ਼ਾਰੀ ਸੂਚਕ-ਅੰਕ ਵਿਚ ਭਾਰਤ ਸੰਸਾਰ ਦਾ ਚੌਥਾ ਸਭ ਤੋਂ ਖਰਾਬ ਮੁਲਕ ਹੈ। ਜਦੋਂ ਸੰਸਾਰਵਿਆਪੀ ਜਲਵਾਯੂ ਸੰਕਟ ਵਧ ਰਿਹਾ ਹੈ, ਮੋਦੀ ਪ੍ਰਮੁੱਖ ਵਾਤਾਵਰਨ ਜੁਰਮਾਂ ਦਾ ਦੋਸ਼ੀ ਹੈ। ਉਸ ਨੇ ਖਣਨ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਜੰਗਲਾਂ, ਜ਼ਮੀਨ ਅਤੇ ਪਾਣੀ ਉਪਰ ਕਬਜ਼ਾ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ ਅਤੇ ਬਦਨਾਮ ਗੌਤਮ ਅਡਾਨੀ ਸਮੇਤ ਉਸ ਦੇ ਸਰਮਾਏਦਾਰ ਜੋਟੀਦਾਰਾਂ ਵੱਲੋਂ ਵਪਾਰਕ ਖਣਨ ਲਈ ਵੱਡੇ ਕੋਲਾ ਖੇਤਰਾਂ ਦੀ ਨਿਲਾਮੀ ਕੀਤੀ ਜਾ ਰਹੀ ਹੈ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**8. ਲੋਕਤੰਤਰੀ ਚੋਣ ਅਮਲ ਦੀ ਉਲੰਘਣਾ**

ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਕੋਈ ਵੀ ਚੋਣ ਆਜ਼ਾਦ ਅਤੇ ਨਿਰਪੱਖ ਨਹੀਂ ਹੋਈ। ਚੋਣਾਂ ਮੁਸਲਮਾਨਾਂ ਨੂੰ ਬਲੀ ਦੇਣ, ਬੈਲਟ ਬਕਸਿਆਂ ਅਤੇ ਈ.ਵੀ.ਐਮ. ਨਾਲ ਛੇੜਛਾੜ ਕਰਨ ਅਤੇ ਹਾਲ ਹੀ ਵਿਚ ਘਾਤਕ ਹਿੰਸਾ ਦੇ ਮੌਕੇ ਰਹੀਆਂ ਹਨ। ਇਸ ਸਾਲ ਦੇ ਸ਼ੁਰੂ ਵਿਚ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਹਥਿਆਰਬੰਦ ਪੁਲਿਸ ਜਿਸ ਉਪਰ ਕੇਂਦਰ ਦਾ ਕੰਟਰੋਲ ਹੈ, ਨੇ ਵੋਟ ਪਾਉਣ ਲਈ ਕਤਾਰ ਵਿਚ ਖੜ੍ਹੇ ਲੋਕਾਂ ਉਤੇ ਗੋਲੀਆਂ ਦੀ ਵਾਛੜ ਕੀਤੀ - ਚਾਰ ਜਣਿਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਮੋਦੀ ਰਾਜ ਅਧੀਨ ਭਾਰਤ ਦੇ 'ਲੋਕਤੰਤਰ' ਦੀ ਹਾਲਤ ਇਹ ਹੈ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**9. ਕੋਵਿਡ -19 ਮਹਾਂਮਾਰੀ ਦੀ ਮੁਜਰਮਾਨਾ ਬਦਇੰਤਜ਼ਾਮੀ**

ਆਖਰੀ, ਪਰ ਨਿਸ਼ਚਤ ਤੌਰ 'ਤੇ ਇਹ ਵੀ ਘੱਟ ਮਹੱਤਵਪੂਰਨ ਨਹੀਂ, ਕੋਵਿਡ-19 ਨਾਲ ਬੇਥਾਹ ਮੌਤਾਂ ਲਈ ਮੋਦੀ ਜ਼ਿੰਮੇਵਾਰ ਹੈ ਜਿਨ੍ਹਾਂ ਨੂੰ ਰੋਕਿਆ ਜਾ ਸਕਦਾ ਸੀ। ਚਾਰ ਘੰਟਿਆਂ ਦੇ ਨੋਟਿਸ 'ਤੇ ਥੋਪੀ ਤਾਲਾਬੰਦੀ ਕਾਰਨ ਲੱਖਾਂ ਪਰਵਾਸੀ ਮਜ਼ਦੂਰਾਂ ਲਈ ਗੰਭੀਰ ਪ੍ਰੇਸ਼ਾਨੀ ਅਤੇ ਬੇਸ਼ੁਮਾਰ ਮੌਤਾਂ ਹੋਈਆਂ ਜੋ ਆਪਣੇ ਘਰਾਂ ਤੋਂ ਦੂਰ ਸ਼ਹਿਰਾਂ ਵਿਚ ਫਸੇ ਹੋਏ ਸਨ ਜਿਨ੍ਹਾਂ ਕੋਲ ਰੋਜ਼ੀ-ਰੋਟੀ ਦਾ ਕੋਈ ਸਾਧਨ ਨਹੀਂ ਸੀ ਅਤੇ ਜੋ ਬਿਨਾ ਸਾਧਨ ਪੈਦਲ ਘਰਾਂ ਨੂੰ ਜਾਣ ਲਈ ਮਜਬੂਰ ਸਨ। ਹਾਲ ਹੀ ਵਿਚ ਕੋਵਿਡ-19 ਦੀ ਦੂਜੀ ਲਹਿਰ ਨੇ ਅੰਦਾਜ਼ਨ ਚਾਲੀ ਲੱਖ ਮੌਤਾਂ ਨਾਲ ਮੁਲਕ ਨੂੰ ਤਬਾਹ ਕਰ ਦਿੱਤਾ ਹੈ। ਇਹ ਮੋਦੀ ਦੀ ਲਾਪਰਵਾਹੀ ਅਤੇ ਘੋਰ ਨਲਾਇਕੀ ਦਾ ਨਤੀਜਾ ਹੈ ਜਿਸ ਵਿਚ ਪੱਛਮੀ ਬੰਗਾਲ ਚੋਣਾਂ ਦੌਰਾਨ ਕੁੰਭ ਮੇਲਾ ਅਤੇ ਉਸ ਦੀ ਆਪਣੀ ਪਾਰਟੀ ਦੇ ਜਨਤਕ ਰੋਡ ਸ਼ੋਅ ਵਰਗੇ 'ਸੁਪਰ ਸਪੈਡਰ' ਸਮਾਗਮਾਂ ਦੀ ਪ੍ਰਵਾਨਗੀ ਅਤੇ ਉਸ ਦੇ ਕਾਰਪੋਰੇਟ ਮਿੱਤਰਾਂ ਦੁਆਰਾ ਟੀਕਿਆਂ ਤੋਂ 'ਸੁਪਰ ਮੁਨਾਫਿਆਂ' ਨੂੰ ਤਰਜੀਹ ਦੇਣਾ ਸ਼ਾਮਲ ਹੈ। ਮੋਦੀ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਦੇ ਲਈ, ਜ਼ਿੰਦਗੀਆਂ ਬਚਾਉਣ ਨਾਲੋਂ ਆਪਣੀ ਸੱਤਾ ਨੂੰ ਮਜ਼ਬੂਤ ਕਰਨਾ ਜ਼ਿਆਦਾ ਮਹੱਤਵਪੂਰਨ ਹੈ। ਇਹ ਮਨੁੱਖਤਾ ਵਿਰੁੱਧ ਜੁਰਮ ਹਨ! ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

**10. ਯੂ.ਕੇ. ਵਿਚ ਘੋਰ ਸੱਜੇਪੱਖੀ ਹਿੰਦੂ ਸਰਵ ਉਚਵਾਦੀ ਸਾਡੇ ਲਈ ਨਹੀਂ ਬੋਲਦੇ!**

ਵਰਤਮਾਨ ਵਿਚ ਯੂ.ਕੇ. ਸਰਕਾਰ ਦੇ ਸੱਜੇਪੱਖੀ ਮੰਤਰੀ ਪ੍ਰੀਤੀ ਪਟੇਲ, ਰਿਸ਼ੀ ਸੁਨਕ ਅਤੇ ਆਲੋਕ ਸ਼ਰਮਾ ਸਾਰੇ ਮੋਦੀ ਦੇ ਸਹਿਯੋਗੀ ਹਨ ਅਤੇ ਐਚ.ਐਸ.ਐੱਸ (ਖੁੱਲ੍ਹੇ ਰੂਪ ਵਿਚ ਫਾਸ਼ੀਵਾਦੀ ਆਰ.ਐਸ.ਐਸ. ਦਾ ਕੌਮਾਂਤਰੀ ਵਿੰਗ ਜਿਸ ਵਿਚ ਮੋਦੀ ਜੀਵਨ ਭਰ ਮੈਂਬਰ ਹਨ) ਅਤੇ ਹੋਰ ਹਿੰਦੂ ਸਰਵ ਉਚਵਾਦੀ ਸੰਗਠਨ ਹਨ। ਯੂ.ਕੇ. ਵਿਚ ਸਰਗਰਮੀ ਨਾਲ ਨਫਰਤ ਫੈਲਾ ਰਿਹਾ ਹੈ। ਉਹ ਦਾਅਵਾ ਕਰਦੇ ਹਨ ਕਿ ਮੋਦੀ ਨੂੰ ਪਰਵਾਸੀਆਂ ਦੀ ਹਮਾਇਤ ਪ੍ਰਾਪਤ ਹੈ ਪਰ ਉਹ ਸਾਡੇ ਨਾਂ 'ਤੇ ਨਹੀਂ ਬੋਲਦੇ। ਮੋਦੀ ਨੂੰ ਜ਼ਰੂਰ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

# ... ਤੇ ਕਾਫਲਾ ਬਣਦਾ ਗਿਆ

ਡਾ. ਹਜ਼ਾਰਾ ਸਿੰਘ ਚੀਮਾ

ਪੰਜ ਛੇ ਮਹੀਨੇ ਪਹਿਲਾਂ ਦੀ ਗੱਲ ਹੈ। ਕਰੋਨਾ ਦਾ ਕਹਿਰ ਅਜੇ ਘੱਟ ਨਹੀਂ ਸੀ ਹੋਇਆ। ਸਰਕਾਰੀ ਸੇਵਾ ਤੋਂ ਸੇਵਾ-ਮੁਕਤ ਮੇਰੇ ਵਰਗੇ ਮੱਧ ਵਰਗੀ ਸੀਨੀਅਰ ਸਿਟੀਜ਼ਨ ਆਪਣੇ ਘਰਾਂ ਵਿਚ ਤੜੇ ਬੈਠੇ ਉਪਰਾਮਤਾ ਮਹਿਸੂਸ ਕਰ ਰਹੇ ਸਨ। ਇਸ ਉਪਰਾਮਤਾ ਤੋਂ ਛੁਟਕਾਰਾ ਪਾਉਣ ਲਈ ਜਸਬੀਰ ਮੰਡ ਦਾ ਕਿਸਾਨੀ ਨਾਲ ਸਬੰਧਤ ਨਾਵਲ 'ਆਖ਼ਰੀ ਬਾਬੇ' ਪੜ੍ਹ ਰਿਹਾ ਸੀ। ਅਚਾਨਕ ਇੱਕ ਬੀਬੀ ਦਾ ਫੋਨ ਆਉਂਦਾ ਹੈ, "ਚੀਮਾ ਸਾਹਿਬ! ਘਰੇ ਹੀ ਹੋ? ਦੋ ਕੁ ਮਿੰਟ ਗੱਲ ਕਰਨੀ ਸੀ।" ਮੇਰੇ ਹਾਂ ਕਹਿਣ 'ਤੇ ਦਸ ਕੁ ਮਿੰਟ ਵਿਚ ਹੀ ਉਹ ਆਪਣੀ ਵੱਡੀ ਭੈਣ ਨੂੰ ਨਾਲ ਲੈ ਕੇ ਮੇਰੇ ਘਰ ਆ ਪਧਾਰੀ। ਰਸਮੀ ਗੱਲਬਾਤ ਮਗਰੋਂ ਉਹਨੇ ਦੱਸਿਆ ਕਿ ਉਨ੍ਹਾਂ ਨਾਰੀ ਸ਼ਕਤੀਕਰਨ ਨਾਮ ਦੀ ਸੰਸਥਾ ਬਣਾਈ ਹੋਈ ਹੈ। ਸੰਸਥਾ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਬੀਬੀਆਂ ਦੀ ਮੀਟਿੰਗ ਕਰ ਰਹੀ ਹੈ, ਇਸ ਮੀਟਿੰਗ ਵਿਚ ਉਹ ਖੇਤੀ ਕਾਨੂੰਨਾਂ ਬਾਰੇ ਮੇਰਾ ਭਾਸ਼ਣ ਕਰਾਉਣਾ ਚਾਹੁੰਦੀ ਹੈ।

ਪਹਿਲਾਂ ਤਾਂ ਮੈਂ ਸੋਚਿਆ ਕਿ ਇਹ ਬੀਬੀ ਸ਼ਾਇਦ ਆ ਰਹੀਆਂ ਨਗਰ ਨਿਗਮ ਚੋਣਾਂ ਲੜਨ ਦੀ ਇਛੁੱਕ ਹੋਣ ਕਾਰਨ ਜੁਗਾੜ ਕਰ ਰਹੀ ਹੈ ਪਰ ਬਾਅਦ ਵਿਚ ਖਿਆਲ ਆਇਆ- ਮਕਸਦ ਭਾਵੇਂ ਕੋਈ ਵੀ ਹੋਵੇ ਪਰ ਗੱਲ ਤਾਂ ਕਿਸਾਨ ਸੰਘਰਸ਼ ਦੀ ਹੀ ਕਰਨਗੀਆਂ; ਤੇ ਮੈਂ ਹਾਮੀ ਭਰ ਦਿੱਤੀ। ਇਸ ਭਾਸ਼ਣ ਨਾਲ ਮੈਨੂੰ ਇਹ ਲਾਹਾ ਮਿਲਣਾ ਸੀ ਕਿ ਅੰਮ੍ਰਿਤਸਰੋਂ ਇਥੇ ਆਏ ਨੂੰ ਅਜੇ ਥੋੜ੍ਹਾ ਹੀ ਸਮਾਂ ਹੋਣ ਕਾਰਨ ਮੇਰੀ ਵਾਕਫੀਅਤ ਦਾ ਘੇਰਾ ਵਧਣ ਦਾ ਮੌਕਾ ਸੀ।

ਮਿਥੇ ਸਮੇਂ ਅਤੇ ਸਥਾਨ ਉੱਤੇ ਮੈਂ ਪਹੁੰਚਿਆ ਤਾਂ 20-25 ਔਰਤਾਂ ਤੋਂ ਇਲਾਵਾ ਇੰਨੇ ਕੁ ਮਰਦ ਫੁੱਟਪਾਥ ਉਪਰ ਦਰੀਆਂ ਵਿਛਾ ਕੇ ਬੈਠੇ ਸਨ। ਮੈਥੋਂ ਇਲਾਵਾ ਇੱਕ ਦੋ ਹੋਰ ਸੱਜਣਾਂ ਨੇ ਵੀ ਕਿਸਾਨ ਸੰਘਰਸ਼ ਬਾਰੇ ਵਿਚਾਰ ਰੱਖੇ। ਵਿਚੋਂ ਹੀ ਕੁਝ ਨੌਜਵਾਨ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ', 'ਕਾਲੇ ਕਾਨੂੰਨ ਵਾਪਸ ਲਵੋ' ਆਦਿ ਨਾਅਰੇ ਲਾਉਣ ਲੱਗੇ। ਮੀਟਿੰਗ ਰੋਸ ਰੈਲੀ ਵਿਚ ਬਦਲ ਗਈ। ਚੰਗਾ ਇਕੱਠ ਦੇਖ ਕੇ ਸਾਡਾ ਹੌਸਲਾ ਵਧ ਗਿਆ। ਧਰਨਿਆਂ-ਮੁਜ਼ਾਹਰਿਆਂ ਉਪਰ ਪਾਬੰਦੀ ਦੇ ਬਾਵਜੂਦ ਅਸੀਂ ਮੁਹਾਲੀ ਦੇ ਡਿਪਲਾਸਟ ਚੌਕ ਤੋਂ ਫਰੈਂਕੋ ਹੋਟਲ ਅਤੇ ਵਾਪਸ ਉਸੇ ਥਾਂ ਤੱਕ ਪ੍ਰਭਾਵਾਲੀ ਰੋਸ ਮਾਰਚ ਕਰਨ ਦੀ ਸ਼ੁਰੂਆਤ ਵੀ ਕਰ ਲਈ।

ਦਿਨ ਲੰਘਦੇ ਗਏ। ਚੰਡੀਗੜ੍ਹ ਦੇ ਕੁਝ ਕੁ ਚੌਕਾਂ ਉਪਰ ਕੁਝ ਸ਼ਹਿਰੀ ਕਿਸਾਨੀ ਝੰਡੇ ਲੈ ਕੇ ਰਾਹਗੀਰਾਂ ਦੀ ਜ਼ਮੀਰ ਜਗਾਉਣ ਲੱਗੇ। ਪਹਿਲਾਂ ਪਹਿਲ ਮਨ ਵਿਚ ਆਇਆ ਕਿ ਮੱਧ ਵਰਗੀ ਸ਼ਹਿਰੀਆਂ ਦੀ ਇਹ ਕਵਾਇਦ ਕੜ੍ਹੀ ਦੇ ਉਬਾਲ ਵਾਂਗ ਥੋੜ੍ਹਚਿਰਾ ਹੀ ਹੈ ਪਰ ਹੌਲੀ-ਹੌਲੀ ਸਾਂਝੇ ਕਿਸਾਨ ਮੋਰਚੇ ਦੀ ਲੀਡਰਸ਼ਿਪ ਦੀ ਵਿਉਂਤਬੰਦੀ ਉਪਰ ਰਸ਼ਕ ਹੋਣ ਲੱਗਾ ਜਿਹੜੀ ਥਾਲੀ ਦੇ ਬੈਂਗਣ ਵਰਗਾ ਤਿਲਕਵਾਂ ਸੁਭਾਅ ਰੱਖਣ ਵਾਲੇ ਸ਼ਹਿਰੀ ਮੱਧ ਵਰਗ ਦੇ ਹੱਥ ਵਿਚ ਮਾਟੋ ਲਿਖੀਆਂ ਤਖਤੀਆਂ/ਝੰਡੇ ਫੜਾਉਣ ਵਿਚ ਕਾਮਯਾਬ ਹੋਈ ਸੀ। ਇਹ ਸਭ ਦੇਖ ਕੇ ਫੁਰਨੇ ਫੁਰਨ ਲੱਗੇ ਕਿ ਅਸੀਂ ਵੀ ਆਪਣੇ ਸਾਹਮਣੇ ਵਾਲੇ ਡਿਪਲਾਸਟ ਚੌਕ ਵਿਚ ਸ਼ਾਮ ਨੂੰ ਘੰਟੇ ਦੋ ਘੰਟੇ ਲਈ ਕਿਸਾਨੀ ਝੰਡੇ ਲੈ ਕੇ ਕਿਸਾਨ ਮੋਰਚੇ ਦੀ ਨੈਤਿਕ ਸਹਾਇਤਾ ਕਰਿਆ ਕਰੀਏ।

ਇੱਕ ਦਿਨ ਦੋ ਨੌਜਵਾਨ ਕਾਰ ਵਿਚੋਂ ਉਤਰੇ। ਉਨ੍ਹਾਂ ਸਪੀਕਰ ਬਾਹਰ ਕੱਢ ਕੇ ਫੁੱਟਪਾਥ 'ਤੇ ਰੱਖਿਆ ਅਤੇ ਹੱਥਾਂ ਵਿਚ ਕਿਸਾਨੀ ਮੰਗਾਂ ਵਾਲੇ ਝੰਡੇ/ਤਖਤੀਆਂ ਲੈ ਕੇ ਨਾਅਰੇ ਲਾਉਣ ਲੱਗੇ। 'ਨਿਕਲੋ ਬਾਹਰ ਮਕਾਨੋ ਸੇ, ਜੰਗ ਲੜੋ ਬੇਈਮਾਨੋ ਸੇ'। ਮੈਂ ਵੀ ਉਨ੍ਹਾਂ ਨਾਲ ਰਲ ਕੇ ਨਾਅਰੇ ਲਾਉਣ ਲੱਗ ਪਿਆ। ਟਰੇਡ ਯੂਨੀਅਨ ਵਿਚ ਚਾਰ ਦਹਾਕਿਆਂ ਦਾ ਤਜਰਬਾ ਹੋਣ ਕਾਰਨ ਜਦੋਂ ਮੈਂ ਬੁਲੰਦ ਆਵਾਜ਼ ਵਿਚ 'ਜੀਹਨੇ ਲੋਕਾਂ ਨਾਲ ਖਹਿਣਾ, ਓਹਦਾ ਕੱਖ ਨ੍ਹੀਂ ਰਹਿਣਾ' ਨਾਅਰਾ ਲਾਇਆ ਤਾਂ ਉਨ੍ਹਾਂ ਨੌਜਵਾਨਾਂ ਨਾਲ ਮੇਰੀ ਸਾਂਝ ਹੋਰ ਪੱਕੀ ਹੋ ਗਈ। ਫਿਰ ਉਹ ਨੌਜਵਾਨ ਰੋਜ਼ਾਨਾ ਸ਼ਾਮ ਨੂੰ ਉਥੇ ਆਉਣ ਲੱਗੇ। ਸਾਨੂੰ ਦੇਖ ਕੇ ਨਾਲ ਦੇ ਘਰਾਂ ਤੋਂ ਹੋਰ ਲੋਕ ਵੀ ਇਸ ਕਾਫ਼ਲੇ ਵਿਚ ਸ਼ਾਮਲ ਹੁੰਦੇ ਗਏ। ਹੌਲੀ ਹੌਲੀ ਕਾਫ਼ਲਾ ਵਧਦਾ ਗਿਆ। ਪਤਾ ਹੀ ਨਾ ਲੱਗਾ, ਕਦੋਂ ਨੇਕ ਰੂਹ ਵਾਲੀ ਬੀਬੀ ਜੋ ਚੌਕ ਦੇ ਨਾਲ ਹੀ ਕਿਰਾਏ ਦੀ ਕੋਠੀ ਵਿਚ ਪੀ.ਜੀ. ਚਲਾ ਰਹੀ ਹੈ, ਨੇ ਵਿਖਾਵਾਕਾਰੀਆਂ ਲਈ ਖਾਣ-ਪੀਣ ਲਈ ਸਮਾਨ ਲਿਆਉਣਾ ਸ਼ੁਰੂ ਕਰ ਦਿੱਤਾ। ਸੀਨੀਅਰ ਸਿਟੀਜ਼ਨਾਂ ਦੇ ਬੈਠਣ ਲਈ ਉਸ ਕੁਰਸੀਆਂ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਇਸ ਬੀਬੀ ਤੋਂ ਉਤਸ਼ਾਹਿਤ ਹੋ ਕੇ ਹੋਰਨਾਂ ਨੇ ਵੀ ਆਪਣੀ ਸਮਰੱਥਾ ਅਨੁਸਾਰ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਇੱਕ ਹੋਰ ਨੌਜਵਾਨ ਵੀਰ ਜਲਜ਼ੀਰਾ/ਸ਼ਿਕੰਜਵੀ ਦੀ ਛਬੀਲ ਦਾ ਬਿਨਾ ਨਾਗਾ ਪ੍ਰਬੰਧ ਕਰਨ ਲੱਗਾ। ਰਾਹਗੀਰਾਂ ਵਿਚੋਂ ਵੀ ਕੋਈ ਕਾਰ/ਟਰੱਕ ਵਾਲਾ ਕੇਲੇ, ਪਾਣੀ ਦੀਆਂ ਬੋਤਲਾਂ ਆਦਿ ਦੀ ਸੇਵਾ ਕਰ ਜਾਂਦਾ।

ਇੱਕ ਦਿਨ ਹੱਦ ਹੋ ਗਈ। ਵੱਡੀ ਕਾਰ ਵਿਚੋਂ ਮਟਿਆਰੀ ਉਤਰੀ, ਸਿੱਧਾ ਮੇਰੇ ਵੱਲ ਆਈ, ਸਿਰ ਨਿਵਾਇਆ ਅਤੇ ਮੇਰੇ ਗੋਡੀਂ ਹੱਥ ਲਾ ਕੇ ਵਾਪਿਸ ਚਲੇ ਗਈ। ਭਾਵੁਕਤਾ ਵਸ ਮੇਰੇ ਲੂੰ ਕੰਡੇ ਖੜ੍ਹੇ ਹੋ ਗਏ, ਮਹਿਸੂਸ ਹੋਇਆ ਕਿ ਅੰਨਦਾਤੇ ਦੀ ਹਮਾਇਤ ਵਿਚ ਕੁਝ ਸਮਾਂ ਕੱਢ ਕੇ ਸ਼ਾਇਦ ਅਸੀਂ ਦੁਨੀਆ ਦਾ ਸਭ ਤੋਂ ਪਵਿੱਤਰ ਕੰਮ ਕਰ ਰਹੇ ਹੋਈਏ। ਮੈਨੂੰ ਜੰਗਲ ਵਿਚ ਲੱਗੀ ਅੱਗ ਨੂੰ ਆਪਣੀ ਚੁੰਝ ਨਾਲ ਬੁਝਾਉਣ ਦਾ ਯਤਨ ਕਰਨ ਵਾਲੀ ਉਸ ਚਿੜੀ ਦੀ ਯਾਦ ਆਈ। ਮਖੌਲ ਕਰਨ ਵਾਲਿਆਂ ਨੂੰ ਉਹਦਾ ਜਵਾਬ ਸੀ: ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਮੇਰੀ ਗਿਣਤੀ ਉਨ੍ਹਾਂ ਲੋਕਾਂ ਵਿਚ ਹੋਵੇਗੀ ਜੋ ਅੱਗ ਬੁਝਾਉਣ ਵਾਲਿਆਂ ਵਿਚ ਸ਼ਾਮਲ ਸਨ।

ਦਿੱਲੀ ਬਾਰਡਰ 'ਤੇ ਅੱਠ ਮਹੀਨਿਆਂ ਤੋਂਵੱਧ ਸਮੇਂ ਤੋਂ ਕਹਿਰ ਦੀ ਸਰਦੀ, ਪਿੰਡਾ ਲੂੰਹਦੀ ਗਰਮੀ, ਮੀਂਹ, ਝੱਖੜ ਅਤੇ ਹੋਰ ਦੁਸ਼ਵਾਰੀਆਂ ਝੱਲਦੇ ਹੋਏ ਖੇਤੀ ਕਾਨੂੰਨ ਰੱਦ ਕਰਵਾਉਣ ਹਿੱਤ ਮੋਰਚਾ ਮੱਲੀ ਬੈਠੇ ਕਿਸਾਨਾਂ ਦੇ ਹੱਕ 'ਚ ਹੁੰਦੇ ਵਿਖਾਵੇ ਨਾਲ ਤਸੱਲੀ ਇਸ ਗੱਲ ਦੀ ਵੀ ਹੈ ਕਿ ਇਸ 'ਚ ਅੱਧ ਤੋਂ ਵੱਧ ਬੀਬੀਆਂ ਅਤੇ ਬੱਚੇ ਹੁੰਦੇ ਹਨ।

# ਕਿਸਾਨੀ ਸੰਘਰਸ਼ ਨੇ ਭਾਜਪਾ ਦੇ ਟਾਕਰੇ ਲਈ ਬੁਲੰਦ ਕੀਤੇ ਵਿਰੋਧੀ ਧਿਰਾਂ ਦੇ ਹੌਸਲੇ

**ਨਵੀਂ ਦਿੱਲੀ:** ਪਿਛਲੇ ਕੁਝ ਹਫਤਿਆਂ ਤੋਂ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵਿਚ ਤਾਲਮੇਲ ਅਤੇ ਉਤਸ਼ਾਹ ਵਧਦਾ ਦਿਖਾਈ ਦੇ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਹਾਰਨ ਤੋਂ ਬਾਅਦ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਡੀ ਉਦਾਸੀਨਤਾ ਦਾ ਸ਼ਿਕਾਰ ਹੋ ਗਈਆਂ ਸਨ। ਇਸ ਉਦਾਸੀਨਤਾ ਨੇ ਭਾਜਪਾ ਨੂੰ ਉਹ ਕਦਮ ਚੁੱਕਣ ਲਈ ਉਤਸ਼ਾਹਿਤ ਕੀਤਾ ਜਿਨ੍ਹਾਂ ਬਾਰੇ ਉਹ ਲੰਮੇ ਸਮੇਂ ਤੋਂ ਸੋਚ ਰਹੀ ਸੀ।

ਇਨ੍ਹਾਂ ਕਦਮਾਂ ਵਿਚ ਸੰਵਿਧਾਨ ਦੀ ਧਾਰਾ 370 ਮਨਸੂਖ ਕਰਕੇ ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡਣਾ, ਸਨਅਤੀ ਕਾਮਿਆਂ ਦੇ ਹੱਕਾਂ ਨੂੰ ਸੀਮਤ ਕਰਨ ਵਾਲੇ ਕੋਡ ਅਤੇ ਖੇਤੀ ਖੇਤਰ ਸਬੰਧੀ ਕਾਨੂੰਨ ਬਣਾਉਣਾ ਆਦਿ ਸ਼ਾਮਲ ਹਨ। ਵਿਰੋਧੀ ਧਿਰਾਂ ਵਿਚ ਤਾਲਮੇਲ ਨਾ ਹੋਣ ਕਾਰਨ ਇਨ੍ਹਾਂ ਕਦਮਾਂ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਰੋਧ ਨਹੀਂ ਹੋ ਸਕਿਆ। ਇਸੇ ਤਰ੍ਹਾਂ ਵਿਰੋਧੀ ਪਾਰਟੀਆਂ ਰੇਲਵੇ, ਬੀਮਾ, ਵਿੱਦਿਆ, ਸਿਹਤ ਅਤੇ ਹੋਰ ਖੇਤਰਾਂ ਵਿਚ ਵਧਦੇ ਨਿੱਜੀਕਰਨ ਨੂੰ ਲੋਕਾਂ ਦੇ ਧਿਆਨ ਦੇ ਕੇਂਦਰ ਵਿਚ ਨਹੀਂ ਲਿਆ ਸਕੀਆਂ। ਇਸ ਕਾਰਨ ਸਿਆਸੀ ਖਲਾਅ ਵਧਿਆ ਅਤੇ ਲੋਕਾਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਭਾਰਤੀ ਜਨਤਾ ਪਾਰਟੀ ਕਿਸੇ ਵੀ ਤਰ੍ਹਾਂ ਦੇ ਕਾਨੂੰਨ ਬਣਾ ਸਕਦੀ ਹੈ ਅਤੇ ਉਨ੍ਹਾਂ ਦਾ ਵਿਰੋਧ ਕਰਨਾ ਮੁਮਕਿਨ ਨਹੀਂ ਹੈ।



ਮੌਜੂਦਾ ਕਿਸਾਨ ਅੰਦੋਲਨ ਨੇ ਇਸ ਸਿਆਸੀ ਉਦਾਸੀਨਤਾ ਦੇ ਜਮੂਦ ਨੂੰ ਤੋੜਿਆ ਹੈ। ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਜੂਨ 2020 ਵਿਚ ਆਰਡੀਨੈਂਸ ਜਾਰੀ ਹੋਣ ਤੋਂ ਬਾਅਦ ਜਲਦੀ ਹੀ ਸ਼ੁਰੂ ਹੋ ਗਿਆ ਸੀ। 26 ਨਵੰਬਰ 2020 ਤੋਂ ਇਸ ਅੰਦੋਲਨ ਨੇ ਵੱਡੇ ਕਦਮ ਚੁੱਕੇ ਅਤੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ 8 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਡੇਰੇ ਲਾਏ ਹੋਏ ਹਨ।

ਅੰਦੋਲਨ ਨੇ ਦਰਸਾਇਆ ਕਿ ਭਾਜਪਾ ਦੀਆਂ ਨੀਤੀਆਂ ਦਾ ਕਾਰਗਰ ਤਰੀਕੇ ਨਾਲ ਵਿਰੋਧ ਕੀਤਾ ਜਾ ਸਕਦਾ ਹੈ। ਅੰਦੋਲਨ ਨੇ ਸਿਆਸਤ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਲੀ ਦਹਾਕਿਆਂ ਪੁਰਾਣੀ ਸਾਂਝ ਟੁੱਟ ਗਈ। ਬਾਕੀ ਸਿਆਸੀ ਪਾਰਟੀਆਂ ਨੂੰ ਵੀ ਖੇਤੀ ਕਾਨੂੰਨਾਂ ਵਿਰੁੱਧ ਪੈਂਤੜੇ ਲੈਣੇ ਪਏ। ਸੰਸਦ ਦੇ ਇਸ ਇਜਲਾਸ ਵਿਚ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਵੱਖ-ਵੱਖ ਤਰੀਕਿਆਂ ਨਾਲ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ। ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਨੇ ਵਿਰੋਧੀ ਪਾਰਟੀਆਂ ਨੂੰ ਇਕੱਠੇ ਕਰਨ ਦੇ ਯਤਨ ਆਰੰਭੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਖੇਤਰੀ ਪਾਰਟੀਆਂ ਨੇ ਸਾਂਝਾ ਖੇਤਰੀ ਮੰਚ ਬਣਾਉਣ ਸਬੰਧੀ ਕੁਝ ਪਹਿਲਕਦਮੀਆਂ ਕੀਤੀਆਂ ਹਨ।

ਗਿਆਰਾਂ ਤੋਂ ਵੱਧ ਸਿਆਸੀ ਪਾਰਟੀਆਂ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਵਿਚ ਮਾਰਚ ਕੀਤਾ ਜਿਸ ਵਿਚ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਰਾਜ ਸਭਾ ਦੇ ਮੈਂਬਰਾਂ ਨਾਲ ਧੱਕਾ-ਮੁੱਕੀ ਕੀਤੀ ਗਈ। ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਰਾਜ ਸਭਾ ਵਿਚ ਖੇਤੀ ਕਾਨੂੰਨਾਂ ਬਾਰੇ ਕਈ ਪ੍ਰਸਤਾਵ ਪੇਸ਼ ਕੀਤੇ ਸਨ। ਰਾਜ ਸਭਾ ਦੇ ਚੇਅਰਮੈਨ ਨੇ ਇਨ੍ਹਾਂ ਪ੍ਰਸਤਾਵਾਂ ਦੀ ਥਾਂ 'ਖੇਤੀ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ' ਦੇ ਵਿਸ਼ੇ 'ਤੇ ਸੀਮਤ ਸਮੇਂ ਵਿਚ ਬਹਿਸ ਕਰਨ ਦੀ ਇਜਾਜ਼ਤ ਦਿੱਤੀ। ਇਸ ਤੋਂ ਬਾਅਦ ਰਾਜ ਸਭਾ ਵਿਚ ਹੰਗਾਮਾ ਹੋਇਆ। ਰਾਜ ਸਭਾ ਦੇ ਚੇਅਰਮੈਨ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਅਨੁਸਾਰ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਦਾ ਵਤੀਰਾ ਬਹੁਤ ਸ਼ਰਮਨਾਕ ਸੀ। ਇਸ ਤੋਂ ਪਹਿਲਾਂ ਤ੍ਰਿਣਮੂਲ ਕਾਂਗਰਸ ਦੇ ਕੁਝ ਮੈਂਬਰਾਂ ਨੂੰ ਰਾਜ ਸਭਾ 'ਚੋਂ ਮੁਅੱਤਲ ਕਰ ਦਿੱਤਾ ਗਿਆ ਸੀ। ਭਾਜਪਾ ਦਾ ਕਹਿਣਾ ਹੈ ਕਿ ਵਿਰੋਧੀ ਪਾਰਟੀਆਂ ਰਾਹੁਲ ਗਾਂਧੀ ਦੀ ਅਗਵਾਈ ਵਿਚ ਅਰਾਜਕਤਾ ਫੈਲਾ ਰਹੀਆਂ ਹਨ। ਭਾਜਪਾ ਨੇ ਵਿਰੋਧੀ ਪਾਰਟੀਆਂ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਕਈ ਮੰਤਰੀਆਂ ਅਤੇ ਬੁਲਾਰਿਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਸਭ ਘਟਨਾਵਾਂ ਨੂੰ ਦੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਵਿਰੋਧੀ ਪਾਰਟੀਆਂ ਊਰਜਿਤ ਹੋਈਆਂ ਹਨ। ਸਿਆਸੀ ਮਾਹਿਰਾਂ ਅਨੁਸਾਰ ਇਸ ਦਾ ਆਧਾਰ ਕਿਸਾਨ ਅੰਦੋਲਨ ਦੁਆਰਾ ਬਦਲਿਆ ਗਿਆ ਸਿਆਸੀ ਮਾਹੌਲ ਹੈ।

## ਚੰਦਰਮਾ 'ਤੇ ਪਾਣੀ ਦੇ ਅਣੂਆਂ ਦੀ ਮੌਜੂਦਗੀ ਦਾ ਪਤਾ ਲੱਗਾ

**ਨਵੀਂ ਦਿੱਲੀ:** ਚੰਦਰਯਾਨ-2, ਜੋ ਕਿ ਇਸਰੋ ਦਾ ਦੂਜਾ 'ਚੰਦਰ ਮਿਸ਼ਨ' ਹੈ, ਨੇ ਚੰਦਰਮਾ ਦੀ ਸਤ੍ਹਾ 'ਤੇ ਪਾਣੀ ਦੇ ਅਣੂਆਂ ਦੀ ਮੌਜੂਦਗੀ ਦਾ ਪਤਾ ਲਾਇਆ ਹੈ। ਮਿਸ਼ਨ ਦੌਰਾਨ ਪ੍ਰਾਪਤ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ।

ਭਾਰਤੀ ਪੁਲਾੜ ਖੋਜ ਸੰਸਥਾ (ਆਈ.ਐਸ.ਆਰ.ਓ.) ਦਾ ਸਾਬਕਾ ਚੇਅਰਮੈਨ ਏ.ਐਸ. ਕਿਰਨ ਕੁਮਾਰ ਦੇ ਸਹਿਯੋਗ ਨਾਲ ਲਿਖੇ ਗਏ ਇਕ ਪਰਚੇ ਵਿਚ ਕਿਹਾ ਗਿਆ ਹੈ ਕਿ 'ਚੰਦਰਯਾਨ-2' ਵਿਚ ਲੱਗੇ ਉਪਕਰਨਾਂ ਵਿਚ 'ਇਮੇਜਿੰਗ ਇੰਫਰਾਰੈੱਡ ਸਪੈਕਟੋਮੀਟਰ ਨਾਂ ਇਕ ਯੰਤਰ ਵੀ ਹੈ ਜੋ ਆਲਮੀ ਵਿਗਿਆਨਕ ਅੰਕੜਾ ਪ੍ਰਾਪਤ ਕਰਨ ਲਈ 100 ਕਿਲੋਮੀਟਰ ਦੇ ਇਕ ਧਰੁਵੀ ਕੇਂਦਰ ਨਾਲ ਸਬੰਧਤ ਕੰਮ ਰਿਹਾ ਹੈ।

'ਕਰੰਟ ਸਾਇੰਸ' ਰਸਾਲੇ ਵਿਚ ਛਪੇ ਪਰਚੇ 'ਚ ਕਿਹਾ ਗਿਆ ਹੈ, 'ਆਈ.ਆਈ.ਆਰ.ਐਸ. ਤੋਂ ਮਿਲੇ ਸ਼ੁਰੂਆਤੀ ਅੰਕੜਿਆਂ ਤੋਂ ਚੰਦਰਮਾ 'ਤੇ 29 ਡਿਗਰੀ ਉਤਰੀ ਅਤੇ 62 ਡਿਗਰੀ ਉੱਤਰੀ ਅਕਸ਼ਾਂਸ਼ ਵਿਚਾਲੇ ਵਿਆਪਕ ਜਲ ਮਿਸ਼ਰਣ ਅਤੇ



ਅਮਿਸ਼ਰਤ ਹਾਈਡ੍ਰੋਕਸਿਲ (ਓਐਚ) ਅਤੇ ਪਾਣੀ (ਐਚ2ਓ) ਅਣੂਆਂ ਦੀ ਮੌਜੂਦਗੀ ਸਪੱਸ਼ਟ ਰੂਪ 'ਚ ਦਿਖਾਈ ਦਿੰਦੀ ਹੈ।' ਇਸ ਵਿਚ ਕਿਹਾ ਗਿਆ ਹੈ ਕਿ ਪਲੇਜੀਓਕਲੇਸ ਭਰਪੂਰ ਚਟਾਨਾਂ 'ਚ ਚੰਦਰਮਾ ਦੇ ਹਨੇਰੇ ਵਾਲੇ ਮੈਦਾਨੀ ਖੇਤਰ ਦੀ ਤੁਲਨਾ 'ਚ ਜ਼ਿਆਦਾ ਓਐਚ (ਹਾਈਡ੍ਰੋਕਸਿਲ) ਜਾਂ ਸੰਭਾਵਿਤ ਐੱਚ2ਓ (ਪਾਣੀ) ਅਣੂ ਮਿਲੇ ਹਨ। ਜ਼ਿਕਰਯੋਗ ਹੈ ਕਿ ਮਿਸ਼ਨ 'ਚੰਦਰਯਾਨ-2' ਤੋਂ ਭਾਵੇਂ ਮਨਚਾਹੇ ਨਤੀਜੇ ਨਹੀਂ ਮਿਲੇ ਪਰ ਇਸ ਨਾਲ ਸਬੰਧਤ ਇਹ ਘਟਨਾਕ੍ਰਮ ਕਾਫੀ ਮਾਅਨੇ ਰੱਖਦਾ ਹੈ।

## ਵੈਨਕੂਵਰ ਵਿਚ ਕਰੋਨਾ ਮਰੀਜ਼ਾਂ ਦੀ ਪਛਾਣ ਕਰਨਗੇ ਕੁੱਤੇ

**ਵੈਨਕੂਵਰ:** ਵੈਨਕੂਵਰ ਕੋਸਟਲ ਹੈਲਥ ਅਥਾਰਿਟੀ ਵੱਲੋਂ ਕੁਝ ਕੁੱਤਿਆਂ ਨੂੰ ਸਿੱਖਿਅਤ ਕੀਤਾ ਗਿਆ ਹੈ, ਜੋ ਕਿਸੇ ਵਿਅਕਤੀ ਨੂੰ ਸੁੰਘ ਕੇ ਉਸ ਦੇ ਕਰੋਨਾ ਪੀੜਤ ਹੋਣ ਜਾਂ ਨਾ ਹੋਣ ਬਾਰੇ ਜਾਣਕਾਰੀ ਦੇਣ ਦੇ ਸਕਣਗੇ। ਇਸ ਸਬੰਧੀ ਤਿੰਨ ਕੁੱਤਿਆਂ ਨੂੰ 6 ਮਹੀਨਿਆਂ ਦੀ ਸਿਖਲਾਈ ਦੇ ਕੇ ਉਨ੍ਹਾਂ ਦਾ ਟੈਸਟ ਲਿਆ ਗਿਆ, ਜਿਸ ਦੇ ਨਤੀਜੇ 93 ਫੀਸਦ ਸਹੀ ਨਿਕਲੇ। ਵਿਭਾਗੀ ਅਧਿਕਾਰੀ ਟੈਰੇਸਾ ਜੁਰਬਰਗ ਅਨੁਸਾਰ ਕੁੱਤਿਆਂ ਨੂੰ ਹਵਾਈ ਅੱਡੇ ਜਾਂ ਭੀੜ-ਭਾੜ ਤੇ ਆਵਾਜਾਈ ਵਾਲੀਆਂ ਥਾਵਾਂ 'ਤੇ ਤਾਇਨਾਤ ਕੀਤਾ ਜਾਵੇਗਾ, ਜਿਸ ਨਾਲ ਕਰੋਨਾ ਦੇ ਫੈਲਾਅ 'ਤੇ ਕਾਫੀ ਰੋਕ ਲੱਗ ਸਕੇਗੀ। ਉਸ ਨੇ ਦੱਸਿਆ ਕਿ ਮਨੁੱਖਾਂ ਦੇ ਮੁਕਾਬਲੇ ਕੁੱਤਿਆਂ ਦੀ ਸੁੰਘਣ ਸ਼ਕਤੀ (ਓਲਫੈਕਟਰੀ ਰਿਸੈੱਪਟਰਜ) ਹਜ਼ਾਰਾਂ ਗੁਣਾ ਵੱਧ (ਮਨੁੱਖ 400 ਤੇ ਕੁੱਤਾ 30 ਕਰੋੜ) ਹੁੰਦੀ ਹੈ ਤੇ ਇਸ ਦਾ ਲਾਭ ਲਿਆ ਜਾਣਾ ਚਾਹੀਦਾ ਹੈ। ਜੁਰਬਰਗ ਨੇ ਦੱਸਿਆ ਕਿ ਇਸ ਢੰਗ ਦੀ ਵਰਤੋਂ ਬਾਰੇ ਅਗਲੇ ਦਿਨਾਂ ਵਿਚ ਫੈਸਲਾ ਲੈ ਲਿਆ ਜਾਵੇਗਾ ਤੇ ਟੀਮ ਵਿਚ ਕੁਝ ਹੋਰ ਕੁੱਤੇ ਸ਼ਾਮਲ ਕੀਤੇ ਜਾ ਸਕਦੇ ਹਨ।

## ਘਰੇਲੂ ਹਵਾਈ ਯਾਤਰਾ ਹੋਈ ਮਹਿੰਗੀ

**ਨਵੀਂ ਦਿੱਲੀ:** ਘਰੇਲੂ ਹਵਾਈ ਯਾਤਰਾ ਹੁਣ ਪਹਿਲਾਂ ਨਾਲੋਂ ਮਹਿੰਗੀ ਪਵੇਗੀ ਕਿਉਂਕਿ ਨਾਗਰਿਕ ਹਵਾਬਾਜ਼ੀ ਮੰਤਰਾਲੇ ਨੇ ਘੱਟੋ-ਘੱਟ ਤੇ ਵੱਧ ਤੋਂ ਵੱਧ ਘਰੇਲੂ ਹਵਾਈ ਕਿਰਾਇਆ ਦੋਵਾਂ ਪੱਧਰਾਂ ਉਤੇ 9.83 ਤੋਂ 12.82 ਪ੍ਰਤੀਸ਼ਤ ਵਧਾ ਦਿੱਤਾ ਹੈ। 25 ਮਈ ਨੂੰ ਜਦ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਸਨ ਤਾਂ ਸਰਕਾਰ ਨੇ ਉਡਾਣ ਦੇ ਸਮੇਂ ਦੇ ਹਿਸਾਬ ਨਾਲ ਕਿਰਾਏ ਦੀ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਹੱਦ ਤੈਅ ਕੀਤੀ ਸੀ। ਇਹ ਫੈਸਲਾ ਕਰੋਨਾ ਕਾਰਨ ਘਾਟੇ ਵਿਚ ਜਾ ਰਹੀਆਂ



ਏਅਰਲਾਈਨ ਕੰਪਨੀਆਂ ਨੂੰ ਰਾਹਤ ਦੇਣ ਲਈ ਲਿਆ ਗਿਆ ਸੀ। 12 ਅਗਸਤ ਨੂੰ ਜਾਰੀ ਹੁਕਮ ਵਿਚ 40 ਮਿੰਟ ਤੋਂ ਘੱਟ ਦੀਆਂ ਉਡਾਣਾਂ ਲਈ ਘੱਟੋ-ਘੱਟ ਕਿਰਾਇਆ 2600 ਤੋਂ 2900 ਕਰ ਦਿੱਤਾ ਗਿਆ ਹੈ।

## ਜੁਲਾਈ ਮਹੀਨੇ ਵਿਚ ਪਰਚੂਨ ਮਹਿੰਗਾਈ ਦਰ 5.59 ਫੀਸਦ ਰਹੀ

**ਨਵੀਂ ਦਿੱਲੀ:** ਖਾਧ ਪਦਾਰਥਾਂ ਦੀਆਂ ਕੀਮਤਾਂ ਘਟਣ ਕਾਰਨ ਜੁਲਾਈ ਮਹੀਨੇ ਵਿਚ ਪਰਚੂਨ ਮਹਿੰਗਾਈ ਦਰ ਘਟ ਕੇ 5.59 ਰਹਿ ਗਈ ਹੈ। ਵੇਰਵਿਆਂ ਅਨੁਸਾਰ ਮਹਿੰਗਾਈ ਦਰ ਜੂਨ ਮਹੀਨੇ ਵਿਚ 6.26 ਫੀਸਦ ਸੀ ਤੇ ਇਕ ਸਾਲ ਪਹਿਲਾਂ ਜੁਲਾਈ ਮਹੀਨੇ ਵਿਚ ਮਹਿੰਗਾਈ ਦਰ 6.73 ਫੀਸਦ ਸੀ। ਬੀਤੇ ਜੁਲਾਈ ਮਹੀਨੇ ਵਿਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਘਟਣ ਕਾਰਨ ਮਹਿੰਗਾਈ ਵਿਚ ਕੁਝ ਰਾਹਤ ਮਹਿਸੂਸ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤੀ ਰਿਜ਼ਰਵ ਬੈਂਕ ਨੂੰ ਦੇਸ਼ ਵਿਚ ਮਹਿੰਗਾਈ ਦਰ 4 ਫੀਸਦ 'ਤੇ ਸਥਿਰ ਰੱਖਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ ਜੋ ਕਿ ਦੋ ਫੀਸਦ ਤੱਕ ਘੱਟ ਜਾਂ ਵੱਧ ਸਕਦੀ ਹੈ।

## ਹਰਿਆਣਾ ਦੇ ਸਾਰੇ ਸੇਵਾ ਨਿਯਮਾਂ ਵਿਚੋਂ 'ਪੰਜਾਬ' ਸ਼ਬਦ ਹਟਾਇਆ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਸਾਂਝੇ ਪੰਜਾਬ ਦੇ ਸਮੇਂ ਤੋਂ ਚੱਲਦੇ ਆ ਰਹੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਸੇਵਾ ਨਿਯਮਾਂ ਵਿਚੋਂ 'ਪੰਜਾਬ' ਸ਼ਬਦ ਹਟਾਉਣ ਦਾ ਫੈਸਲਾ ਕੀਤਾ ਹੈ। ਇਸ ਨਾਲ ਕਰਮਚਾਰੀਆਂ ਅਤੇ ਅਧਿਕਾਰੀਆਂ ਨਾਲ ਸਬੰਧਤ ਸਾਰੇ ਨਿਯਮ ਅਤੇ ਕਾਨੂੰਨ ਹਰਿਆਣਾ ਰਾਜ ਦੇ ਹੀ ਹੋਣਗੇ। ਹਰਿਆਣਾ ਦੇ ਮੁੱਖ ਸਕੱਤਰ ਨੇ ਕਿਹਾ ਕਿ ਹਰਿਆਣਾ ਦੇ ਨਿਰਮਾਣ ਨੂੰ 55 ਸਾਲ ਬੀਤ ਚੁੱਕੇ ਹਨ, ਜਿਸ ਦੇ ਬਾਵਜੂਦ ਹਰਿਆਣਾ ਦੇ ਨਿਯਮਾਂ ਅਤੇ ਕਾਨੂੰਨਾਂ ਵਿਚ 'ਪੰਜਾਬ' ਦਾ ਨਾਮ ਵਰਤਿਆ ਜਾਂਦਾ ਹੈ। ਭਵਿੱਖ ਵਿਚ ਇਹ ਸਾਰੇ ਨਿਯਮ ਹਰਿਆਣਾ ਦੇ ਹੋਣਗੇ।

# ਹੰਗਾਮਿਆਂ 'ਚ ਹੀ ਲੰਘ ਗਿਆ ਸੰਸਦ ਦਾ ਮਾਨਸੂਨ ਇਜਲਾਸ



**ਨਵੀਂ ਦਿੱਲੀ:** ਸੰਸਦ ਦਾ ਪੂਰਾ ਮਾਨਸੂਨ ਇਜਲਾਸ ਹੰਗਾਮਿਆਂ ਦੀ ਭੇਟ ਚੜ੍ਹ ਗਿਆ। ਸਰਕਾਰ ਦੀ ਅੜੀ ਕਾਰਨ ਪੂਰੇ ਇਜਲਾਸ ਵਿਚ ਰੁਕਾਵਟਾਂ ਤੇ ਹੰਗਾਮੇ ਜਾਰੀ ਰਹੇ। ਅਜਿਹੇ ਮਾਹੌਲ ਵਿਚ ਸਦਨ ਦੀ ਕਾਰਵਾਈ ਦੋ ਦਿਨ ਪਹਿਲਾਂ ਖਤਮ ਕਰਨੀ ਪਈ। ਇਸ ਵਾਰ ਲੋਕ ਸਭਾ ਵਿਚ ਸਿਰਫ 22 ਫੀਸਦੀ ਕੰਮ ਹੀ ਹੋ ਸਕਿਆ। 17 ਬੈਠਕਾਂ ਵਿਚ 21 ਘੰਟੇ ਹੀ ਕਾਰਵਾਈ ਚੱਲ ਸਕੀ।

ਇਸ ਸਮੁੱਚੀ ਕਾਰਵਾਈ ਵਿਚ ਸਿਰਫ ਓ.ਬੀ.ਸੀ. (ਹੋਰ ਪਛੜੇ ਵਰਗ) ਰਾਖਵੇਂਕਰਨ ਬਾਰੇ ਬਿੱਲ ਹੀ ਸਭ ਧਿਰਾਂ ਦੀ ਸਹਿਮਤੀ ਨਾਲ ਪਾਸ ਹੋ ਸਕਿਆ। ਇਸ ਬਿੱਲ ਅਧੀਨ ਹੋਰ ਪਛੜੇ ਵਰਗਾਂ ਦੇ ਰਾਖਵੇਂਕਰਨ ਦੇ ਅਧਿਕਾਰ ਰਾਜਾਂ ਨੂੰ ਦਿੱਤੇ ਗਏ ਹਨ। ਬਾਕੀ ਸਾਰਾ ਸਮਾਂ ਵਿਰੋਧੀ ਧਿਰਾਂ ਅਤੇ ਸਰਕਾਰੀ ਧਿਰ ਇਕ-ਦੂਜੇ 'ਤੇ ਸਖਤ ਇਲਜ਼ਾਮ ਲਾਉਂਦੀਆਂ ਰਹੀਆਂ। ਵਿਰੋਧੀ ਧਿਰਾਂ ਪੈਗਾਸਸ ਜਾਸੂਸੀ ਕਾਂਡ ਅਤੇ ਨਵੇਂ ਬਣੇ ਕਿਸਾਨ ਕਾਨੂੰਨਾਂ ਨੂੰ ਮੁੱਖ ਮੁੱਦਾ ਬਣਾ ਕੇ ਇਸ ਗੱਲ 'ਤੇ ਅੜ ਗਈਆਂ ਕਿ ਪਹਿਲਾਂ ਇਨ੍ਹਾਂ ਉਤੇ ਚਰਚਾ ਕੀਤੀ ਜਾਏ। ਜੇ ਅਜਿਹਾ ਨਹੀਂ ਹੁੰਦਾ ਤਾਂ ਉਹ ਦੋਵਾਂ ਸਦਨਾਂ ਵਿਚ ਕਾਰਵਾਈ ਨਹੀਂ ਚੱਲਣ ਦੇਣਗੇ। ਇਸ ਨਾਲ ਸੰਸਦ ਦਾ ਉਹ ਸਮਾਂ ਵੀ ਯਾਦ ਆ ਗਿਆ ਜਦੋਂ ਸਾਂਝਾ ਪ੍ਰਗਤੀਸ਼ੀਲ ਗੱਠਜੋੜ ਸਰਕਾਰ ਵੇਲੇ 2-ਜੀ ਘੁਟਾਲੇ ਦਾ ਮਾਮਲਾ ਉਛਲਿਆ ਸੀ। ਉਸ ਸਮੇਂ ਵਿਰੋਧੀ ਧਿਰ ਹੁੰਦਿਆਂ ਭਾਜਪਾ ਨੇ ਵੀ ਸੰਸਦ ਦੇ ਸਦਨਾਂ ਦੀ ਕਾਰਵਾਈ ਵੱਡੀ ਹੱਦ ਤੱਕ ਚੱਲਣ ਨਹੀਂ ਸੀ ਦਿੱਤੀ। ਇਜ਼ਰਾਈਲੀ ਕੰਪਨੀ ਵੱਲੋਂ ਤਿਆਰ ਪੈਗਾਸਸ ਜਾਸੂਸੀ ਸਾਫਟਵੇਅਰ ਦੀ ਦੁਰਵਰਤੋਂ ਦਾ ਖੁਲਾਸਾ ਦੁਨੀਆਂ ਭਰ ਵਿਚ ਹੋਇਆ ਹੈ। ਜਿਥੋਂ-ਜਿਥੋਂ ਵੀ ਅਜਿਹੀਆਂ ਖਬਰਾਂ ਆਈਆਂ ਹਨ, ਉਥੋਂ ਦੀਆਂ ਬਹੁਤੀਆਂ ਸਰਕਾਰਾਂ ਨੇ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਪਰ ਕੇਂਦਰ ਸਰਕਾਰ ਵਲੋਂ ਸਦਨ ਵਿਚ ਇਸ ਬਾਰੇ ਬਹਿਸ ਨਾ ਕਰਵਾਉਣ ਦੀ ਅੜੀ ਨੇ ਇਸ ਮੁੱਦੇ ਨੂੰ ਹੋਰ ਵੀ ਮਘਾ ਦਿੱਤਾ।

ਦੋਵੇਂ ਧਿਰਾਂ ਹੀ ਆਪੋ-ਆਪਣੇ ਪੱਖ 'ਤੇ ਅੜੀਆਂ ਰਹੀਆਂ। ਵਿਰੋਧੀ ਪਾਰਟੀਆਂ ਦੀ ਸਦਨ ਵਿਚ ਘੱਟ-ਗਿਣਤੀ ਹੋਣ ਕਰਕੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਸੀ ਕਿ ਸਰਕਾਰ ਇਸ ਹੰਗਾਮੇ ਦੌਰਾਨ ਵੀ ਬਿੱਲ ਪਾਸ ਕਰਵਾ ਲਵੇਗੀ। ਇਸ ਵਾਰ ਕੁੱਲ 30 ਬਿੱਲ ਪੇਸ਼ ਕੀਤੇ ਜਾਣੇ ਸਨ। ਸੰਸਦ ਦੇ ਦੋਵਾਂ ਸਦਨਾਂ ਵਿਚ ਹੰਗਾਮਿਆਂ ਕਾਰਨ ਭਾਵੇਂ ਤੈਅਸ਼ੁਦਾ ਏਜੰਡੇ ਮੁਤਾਬਕ ਕੰਮ ਨਹੀਂ ਹੋ ਸਕਿਆ ਪਰ ਫਿਰ ਵੀ ਇਨ੍ਹਾਂ ਹੰਗਾਮਿਆਂ ਦੌਰਾਨ ਸਰਕਾਰ ਨੇ ਦੋਵਾਂ ਸਦਨਾਂ ਵਿਚ ਆਪਣੀ ਬਹੁਗਿਣਤੀ ਦੇ ਬਲਬੂਤੇ 15 ਬਿੱਲ ਪਾਸ ਕਰਵਾ ਲਏ ਹਨ। ਪਰ ਦੂਜੇ ਪਾਸੇ ਬਹੁਤ ਸਾਰੀਆਂ ਵਿਰੋਧੀਆਂ ਪਾਰਟੀਆਂ ਹੁਣ ਸਰਕਾਰ ਵਿਰੁੱਧ ਇਕ ਮੰਚ 'ਤੇ ਨਜ਼ਰ ਆ ਰਹੀਆਂ ਹਨ। ਇਸੇ ਦੌਰਾਨ ਹੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਦਿੱਲੀ ਦੇ ਦੌਰੇ ਨੇ ਵੀ ਵਿਰੋਧੀ ਇਕਜੁੱਟਤਾ ਨੂੰ ਹੋਰ ਮਜ਼ਬੂਤ ਕੀਤਾ ਹੈ।

### ਲੋਕਤੰਤਰ ਦੀ ਹੱਤਿਆ ਹੋਈ: ਰਾਹੁਲ

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਨੇ ਸਦਨ 'ਚ ਲੋਕਤੰਤਰ ਦੀ ਹੱਤਿਆ ਕੀਤੀ ਹੈ। ਰਾਹੁਲ ਗਾਂਧੀ ਨੇ ਰਾਜ ਸਭਾ 'ਚ ਹੋਏ ਹੰਗਾਮੇ ਦੀ ਘਟਨਾ 'ਤੇ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਸਦਨ ਦੇ ਅੰਦਰ ਸੰਸਦ ਮੈਂਬਰਾਂ ਨਾਲ ਧੱਕਾ-ਮੁੱਕੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰਾਜ ਸਭਾ ਦੇ ਚੇਅਰਮੈਨ ਕਹਿੰਦੇ ਹਨ ਕਿ ਉਹ ਪ੍ਰੇਸ਼ਾਨ ਹਨ, ਸਪੀਕਰ ਵੀ ਇਹੀ ਕਹਿੰਦੇ ਹਨ ਪਰ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਯਕੀਨੀ ਬਣਾਉਣ ਕਿ ਸਦਨ ਸੁਚਾਰੂ ਢੰਗ ਨਾਲ ਚੱਲੇ।

### ਮੋਦੀ ਨੇ ਸੰਸਦ ਨੂੰ ਗੈਰ ਪ੍ਰਸੰਗਿਕ ਬਣਾਇਆ: ਜੈਰਾਮ

**ਨਵੀਂ ਦਿੱਲੀ:** ਸੀਨੀਅਰ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਦੇਸ਼ ਦੀ ਸੰਸਦ ਨੂੰ ਗੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਾਨਸੂਨ ਇਜਲਾਸ ਦੌਰਾਨ ਭਾਜਪਾ ਦੀਆਂ ਕਥਿਤ ਆਪਹੁਦਰੀਆਂ ਕਰਕੇ ਵਿਰੋਧੀ ਧਿਰਾਂ ਗੁੱਸੇ ਵਿਚ ਹਨ, ਕਿਉਂਕਿ ਸੰਸਦ ਵਿਚ ਪੇਸ਼ ਕਈ ਬਿੱਲਾਂ ਨੂੰ ਅਜੇ ਤੱਕ ਸੰਸਦੀ ਕਮੇਟੀ ਕੋਲ ਨਜ਼ਰਸਾਨੀ ਲਈ ਵੀ ਨਹੀਂ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਵਿਚ ਸਿਰਫ 12 ਫੀਸਦ ਬਿੱਲ ਸੰਸਦ ਕਮੇਟੀ ਕੋਲ ਨਜ਼ਰਸਾਨੀ ਲਈ ਭੇਜੇ ਗਏ ਹਨ ਜਦੋਂ ਕਿ ਸਰਕਾਰ ਦੇ ਪਹਿਲੇ ਕਾਰਜਕਾਲ ਵਿਚ 27 ਫੀਸਦ ਬਿੱਲ ਅਤੇ ਇਸ ਤੋਂ ਪਹਿਲਾਂ ਯੂਪੀਏ ਦੇ ਦੋ ਕਾਰਜਕਾਲਾਂ ਵਿੱਚ 60 ਫੀਸਦ ਬਿੱਲ ਸੰਸਦ ਕਮੇਟੀ ਕੋਲ ਨਜ਼ਰਸਾਨੀ ਲਈ ਭੇਜੇ ਗਏ ਸਨ।

## ਅਮਰੀਕਾ 'ਚ ਪਹਿਲੀ ਵਾਰ ਗੋਰਿਆਂ ਦੀ ਆਬਾਦੀ 'ਚ ਵਾਧਾ ਦਰ ਹੇਠਾਂ ਆਈ

**ਵਾਸ਼ਿੰਗਟਨ:** ਅਮਰੀਕਾ ਵਿਚ ਮਰਦਮਸ਼ੁਮਾਰੀ2020 ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਇਤਿਹਾਸ ਵਿਚ 1776 ਤੋਂ ਬਾਅਦ ਪਹਿਲੀ ਵਾਰੀ ਗੋਰੇ ਲੋਕਾਂ ਦੀ ਆਬਾਦੀ ਵਿਚ ਕਮੀ ਆਈ ਹੈ। ਜਨਗਣਨਾ ਬਿਊਰੋ ਦੇ ਆਬਾਦੀ ਵਿਭਾਗ ਮੁਤਾਬਕ ਅਮਰੀਕਾ ਦੀ ਆਬਾਦੀ ਵਿਚ ਪਹਿਲਾਂ ਨਾਲੋਂ ਵੱਧ ਵਿਭਿੰਨਤਾ ਆ ਗਈ ਹੈ। ਅੰਕੜਿਆਂ ਅਨੁਸਾਰ 2010 ਤੋਂ ਬਾਅਦ ਗੋਰਿਆਂ ਦੀ ਆਬਾਦੀ ਵਿਚ 8.6 ਫੀਸਦ ਕਮੀ ਆਈ ਹੈ। ਇਸ ਦੇ ਬਾਵਜੂਦ ਉਹ ਦੇਸ਼ ਦੀ ਕੁੱਲ ਆਬਾਦੀ ਦੇ 57.8 ਫੀਸਦ ਹਨ। ਇਨ੍ਹਾਂ ਤੋਂ ਇਲਾਵਾ 18.7 ਲਾਤੀਨੀ ਅਮਰੀਕੀ, 12.4 ਫੀਸਦ ਕਾਲੇ ਤੇ 6 ਫੀਸਦ ਏਸ਼ੀਅਨ ਮੂਲ ਦੇ ਲੋਕ ਹਨ।

# ਕਿਸ ਹਾਲ ਹੈ ਪਝੱਤਰਵੇਂ ਸਾਲ ਵਿਚ ਪਹੁੰਚੇ ਦੇਸ਼ ਦੀ ਆਜ਼ਾਦੀ ਦੀ ਦੇਵੀ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਆਜ਼ਾਦੀ ਆਪਣੇ ਚੁਹੱਤਰ ਸਾਲ ਪਾਰ ਕਰ ਕੇ ਪੌਣੀ ਸਦੀ ਵਾਲੇ ਸਾਲ ਵਿਚ ਦਾਖਲ ਹੁੰਦੇ ਵਕਤ ਲੋਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਤੇ ਜਵਾਬ ਮੰਗਦੇ ਹਨ। ਏਦਾਂ ਦੇ ਸਵਾਲਾਂ ਦੀ ਗੱਲ ਕਰਨ ਤੋਂ ਪਹਿਲਾਂ ਇਹ ਯਾਦ ਕਰਨ ਦੀ ਲੋੜ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ ਸੀ, ਉਦੋਂ ਕਿੱਦਾਂ ਦੀ ਲੀਡਰਸ਼ਿਪ ਸੀ ਤੇ ਚੁਹੱਤਰ ਸਾਲ ਟੱਪਣ ਵੇਲੇ ਦੇਸ਼ ਦੀ ਵਾਗਡੋਰ ਕਿੱਦਾਂ ਦੇ ਲੋਕਾਂ ਦੇ ਹੱਥਾਂ ਵਿਚ ਹੈ! ਉਦੋਂ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਆਗੂ ਦੀ ਰਾਜਨੀਤੀ ਅਤੇ ਆਮ ਨੀਤੀ ਬਾਰੇ ਜਿਨ੍ਹਾਂ ਲੋਕਾਂ ਦੇ ਲੱਖ ਵਿਰੋਧ ਸਨ, ਉਹ ਵੀ ਉਸ ਦੀ ਅਕਲਮੰਦੀ ਤੇ ਉਸ ਦੀ ਪੜ੍ਹਾਈ ਬਾਰੇ ਕਦੀ ਕਿੰਤੂ ਨਹੀਂ ਸਨ ਕਰਦੇ। ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਪੜ੍ਹਾਈ ਦੇ ਮਾਮਲੇ ਵਿਚ ਹੀ ਲੋਕਾਂ ਦੀ ਤਸੱਲੀ ਕਰਾਉਣ ਜੋਗਾ ਨਹੀਂ। ਆਪਣੀ ਪੜ੍ਹਾਈ ਦੀਆਂ ਜਿਹੜੀਆਂ ਡਿਗਰੀਆਂ ਉਹ ਆਪ ਦੱਸਦਾ ਹੈ ਜਾਂ ਉਸ ਦੀ ਪਾਰਟੀ ਦੱਸਦੀ ਹੈ, ਉਨ੍ਹਾਂ ਬਾਰੇ ਕਈ ਕਿੰਤੂ ਉੱਠਦੇ ਹਨ ਤੇ ਤਸੱਲੀ ਕਰਾਉਣ ਜੋਗਾ ਜਵਾਬ ਕਿਤੋਂ ਨਹੀਂ ਮਿਲਦਾ। ਨਹਿਰੂ ਦੀ ਟੀਮ ਵਿਚ ਹੋਰ ਲੋਕ ਵੀ ਏਨੇ ਉੱਚੇ ਕਿਰਦਾਰ ਵਾਲੇ ਸਨ ਕਿ ਉਨ੍ਹਾਂ ਦੇ ਬਰਾਬਰ ਦਾ ਕੋਈ ਨਹੀਂ ਸੀ ਲੱਭਦਾ। ਸਰਦਾਰ ਵੱਲਭ ਭਾਈ ਪਟੇਲ ਤੋਂ ਖਵਾਜ਼ਾ ਅਬਦੁਲ ਕਲਾਮ ਆਜ਼ਾਦ ਤੱਕ ਸਾਰੇ ਉੱਚੀ ਸੋਚ ਵਾਲੇ ਮੰਤਰੀ ਸਨ, ਡਾ. ਰਾਜਿੰਦਰ ਪ੍ਰਸਾਦ ਤੇ ਰਾਧਾ ਕ੍ਰਿਸ਼ਨਨ ਵਰਗੇ ਵਿਦਵਾਨ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਹੁੰਦੇ ਸਨ। ਅੱਜ ਕੱਲ੍ਹ ਬੌਣੇ ਕੱਦ ਵਾਲੇ ਆਗੂ ਇਸ ਡਰ ਹੇਠ ਕਿ ਲੋਕਾਂ ਨੂੰ ਸਾਡਾ ਬੌਣਾਪਣ ਦਿੱਸ ਨਾ ਜਾਵੇ, ਪਹਿਲੇ ਆਗੂਆਂ ਦਾ ਕੱਦ ਛਾਂਗਣ ਰੁੱਝੇ ਹੋਏ ਦਿਖਾਈ ਦਿੰਦੇ ਹਨ।




ਉਸ ਵੇਲੇ ਭਾਰਤ ਦੇ ਲੋਕਾਂ ਨੂੰ ਇੱਕ ਪਾਸੇ ਆਜ਼ਾਦੀ ਮਿਲਣ ਦੀ ਖੁਸ਼ੀ ਸੀ, ਦੂਸਰੇ ਪਾਸੇ ਦੇਸ਼ ਦੀ ਵੰਡ ਹੋਣ ਕਾਰਨ ਆਬਾਦੀ ਦੇ ਤਬਾਦਲੇ ਦੌਰਾਨ ਇਥੋਂ ਜਾਂਦੇ ਅਤੇ ਨਵੇਂ ਬਣੇ ਦੇਸ਼ ਤੋਂ ਏਧਰ ਆਉਂਦੇ ਕਾਫਲਿਆਂ ਵਾਲੇ ਲੋਕਾਂ ਦੇ ਕਤਲੇਆਮ ਦਾ ਦਰਦ ਸਹਿਣਾ ਪੈ ਰਿਹਾ ਸੀ। ਲੋਕ ਖੁਸ਼ੀ ਨਾਲ ਖੀਵੇ ਹੋਣ ਜਾਂ ਦੁੱਖ ਨਾਲ ਧਾਹੀਂ ਮਾਰ ਕੇ ਰੋਣ ਦੀ ਹਾਲਤ ਦੇ ਵਿਚਾਲੇ ਫਸੇ ਹੋਏ ਕਿਹੋ ਜਿਹੇ ਦਿਨ ਗੁਜ਼ਾਰਦੇ ਸਨ, ਅੱਜ ਦੇ ਰਾਜ-ਕਰਤਿਆਂ ਨੂੰ ਅੰਦਾਜ਼ਾ ਨਹੀਂ ਹੋ ਸਕਦਾ। ਹਰ ਸਾਲ ਜਦੋਂ ਦੇਸ਼ ਦੀ ਆਜ਼ਾਦੀ ਦਾ ਦਿਨ ਆਉਂਦਾ ਹੈ, ਉਦੋਂ ਉੱਜੜ ਕੇ ਆਏ ਲੋਕਾਂ ਤੋਂ ਉਨ੍ਹਾਂ ਨਾਲ ਹੋਈ-ਬੀਤੀ ਦੇ ਬਿਰਤਾਂਤ ਸਾਡੇ ਵਰਗੇ ਜਿਹੜੇ ਲੋਕਾਂ ਨੇ ਬਚਪਨ ਵਿਚ ਸੁਣੇ ਸਨ, ਉਹ ਉਨ੍ਹਾਂ ਲੋਕਾਂ ਵੱਲੋਂ ਹੰਢਾਈ ਪੀੜ ਵੀ ਯਾਦ ਕਰਦੇ ਹਨ। ਆਪਣਾ ਸਭ ਕੁਝ ਉਥੇ ਛੱਡ ਕੇ ਜਾਂ ਰਾਹਾਂ ਵਿਚ ਲੁਟਾਉਣ ਪਿੱਛੋਂ ਕੈਂਪਾਂ ਵਿਚ ਆਣ ਬੈਠੇ ਲੋਕ ਗਵਾਚੇ ਮਾਲ ਦਾ ਚੇਤਾ ਘੱਟ ਕਰਦੇ ਤੇ ਆਪਣੇ ਨਾਲ ਰਾਹਾਂ ਵਿਚ ਹੋਈ ਕੱਟ-ਵੱਢ ਅਤੇ ਧੀਆਂ-ਭੈਣਾਂ ਖੋਹੀਆਂ ਜਾਣ ਦਾ ਚੇਤਾ ਕਰ ਕੇ ਵੱਧ ਰੋਂਦੇ ਹੁੰਦੇ ਸਨ। ਜਿਹੜੇ ਲੋਕਾਂ ਨੇ ਓਧਰ ਜਾਂਦੇ ਕਾਫਲਿਆਂ ਨੂੰ ਲੁੱਟਿਆ ਜਾਂ ਉਨ੍ਹਾਂ ਦੀਆਂ ਧੀਆਂ-ਭੈਣਾਂ ਉਧਾਲ ਲਈਆਂ ਸਨ, ਉਹ ਮਾਣ ਨਾਲ ਸੀਨਾ ਚੌੜਾ ਕਰ ਕੇ ਆਪਣੀ ਅਖੌਤੀ ਬਹਾਦਰੀ ਦੇ ਕਿੱਸੇ ਸੁਣਾਉਂਦੇ ਹੁੰਦੇ ਸਨ, ਪਰ ਉਨ੍ਹਾਂ ਲੋਕਾਂ ਵੱਲੋਂ ਉਧਾਲੀਆਂ ਹੋਈਆਂ ਔਰਤਾਂ ਨੂੰ ਅਸੀਂ ਕਦੀ ਹੱਸਦੀਆਂ ਜਾਂ ਮੁਸਕਰਾਉਂਦੀਆਂ ਨਹੀਂ ਸੀ ਤੱਕਿਆ। ਓਧਰ ਪਾਕਿਸਤਾਨ ਵਿਚ ਰਹਿ ਗਈਆਂ ਸਾਡੀਆਂ ਪੱਲੇ ਵੀ ਇਨ੍ਹਾਂ ਬੇਚਾਰੀਆਂ ਵਰਗਾ ਰੋਣਾ ਹੀ ਪਿਆ ਹੋਵੇਗਾ, ਜਿਸ ਦਾ ਚੇਤਾ ਅੱਜ ਕੋਈ ਨਹੀਂ ਕਰਨਾ ਚਾਹੁੰਦਾ।

ਉਹ ਭਾਰਤ ਦਾ ਕੱਲ੍ਹ ਬਣ ਕੇ ਰਹਿ ਗਿਆ ਹੈ, ਬੀਤਿਆ ਹੋਇਆ ਕੱਲ੍ਹ ਦਾ ਸਮਾਂ। ਅੱਜ ਇਸ ਦੇਸ਼ ਵਿਚ ਜਿਨ੍ਹਾਂ ਦੇ ਹੱਥਾਂ ਵਿਚ ਰਾਜ-ਭਾਗ ਦੀ ਕਮਾਨ ਹੈ, ਉਹ ਉਨ੍ਹਾਂ ਦਿਨਾਂ ਦੀਆਂ ਕਹਾਣੀਆਂ ਸੁਣ ਕੇ ਜਾਂ ਲੋਕਾਂ ਨੂੰ ਚੇਤੇ ਕਰਵਾ ਕੇ ਆਪਣੇ ਉਸ ਨਿਸ਼ਾਨੇ ਤੋਂ ਨਹੀਂ ਭਟਕਣਾ ਚਾਹੁੰਦੇ, ਜਿਹੜਾ ਵੱਖ-ਵੱਖ ਭਾਈਚਾਰਿਆਂ ਦੇ ਪਾਟਣ ਉੱਤੇ ਨਿਰਭਰ ਹੈ। ਜਿਸ ਦਾ ਕਦੇ ਕੋਈ ਆਪਣਾ ਨਹੀਂ ਮਰਿਆ, ਜਿਸ ਨੂੰ ਕਦੀ ਏਦਾਂ ਦੀ ਪੀੜ ਨਹੀਂ ਜਰਨੀ ਪਈ, ਉਸ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਉਸ ਦੀ ਫਿਰਕੇਦਾਰੀ ਭਾਰਤ ਨੂੰ ਮੁੜ-ਮੁੜ ਖੂਨ-ਰੰਗੇ ਦਿਨਾਂ ਵਿਚ ਫਸਾ ਰਹੀ ਹੈ। ਉਹ ਇਸ ਦੀ ਥਾਂ ਦੇਸ਼ ਦੇ ਸਿਖਰਲੇ ਤਖਤ ਉੱਤੇ ਕਬਜ਼ਾ ਕਰਨ ਜਾਂ ਕਰ ਲਿਆ ਹੈ ਤਾਂ ਕਾਇਮ ਰੱਖਣ ਬਾਰੇ ਸੋਚੇਗਾ ਤੇ ਉਹ ਇਹ ਵੀ ਜਾਣਦਾ ਹੈ ਕਿ ਰਾਜ ਮਹਿਲ ਉੱਤੇ ਕਬਜ਼ੇ ਕਰਨ ਦੇ ਲਈ ਪੁਰਾਣੇ ਰਾਜਿਆਂ ਵਾਂਗ ਲਾਸ਼ਾਂ ਦੀ ਪੌੜੀ ਵੀ ਬਣਾਉਣੀ ਪਵੇ ਤਾਂ ਇਸ ਨੂੰ ਗਲਤ ਨਹੀਂ ਸਮਝਣਾ ਚਾਹੀਦਾ। ਰਾਜ-ਸੱਤਾ ਅਫਸੋਸ ਨਹੀਂ ਕਰਦੀ ਹੁੰਦੀ ਤੇ ਰਾਜੇ ਅਫਸੋਸ ਨਹੀਂ ਕਰਦੇ ਹੁੰਦੇ। ਅਫਸੋਸ ਕਰਨ ਲੱਗਣ ਤਾਂ ਰਾਜ-ਕਰਤਿਆਂ ਦੀ ਹਾਲਤ ਉਸ ਮੁਹਾਵਰੇ ਵਰਗੀ ਹੋਵੇਗੀ ਕਿ 'ਘੋੜਾ ਘਾਹ ਨਾਲ ਯਾਰੀ ਪਾ ਲਵੇ ਤਾਂ ਖਾਵੇਗਾ ਕੀ?' ਲੋਕਾਂ ਦਾ ਦਰਦ ਮਹਿਸੂਸ ਕਰਨ ਤਾਂ ਮਹਿਲਾਂ ਦੀਆਂ ਪੌੜੀਆਂ ਕਿਵੇਂ ਚੜ੍ਹਨਗੇ ਲੋਕਤੰਤਰ ਦੇ ਰਾਜੇ?

ਇੱਕ ਬੜਾ ਮਾਣ-ਮੱਤਾ ਸ਼ਾਇਰ ਹੁੰਦਾ ਸੀ ਬਿਸਮਿਲ ਫਰੀਦਕੋਟੀ, ਜਿਹੜਾ ਰਿਕਸ਼ਾ ਚਲਾ ਕੇ ਗੁਜ਼ਾਰਾ ਕਰਦਾ ਵੀ ਆਪਣੇ ਦੇਸ਼ ਅਤੇ ਇਸ ਦੇਸ਼ ਦੇ ਲੋਕਾਂ ਲਈ ਲਿਖਿਆ ਕਰਦਾ ਸੀ। ਜਦੋਂ ਦੇਸ਼ ਦੀ ਆਜ਼ਾਦੀ ਕੁਰਾਹੇ ਪੈਣ ਲੱਗੀ ਅਤੇ ਮਸਾਂ ਕੱਢੇ ਵਿਦੇਸ਼ੀ ਹਾਕਮਾਂ ਦੇ ਝਾਟੀ-ਚੱਟ ਇਸ ਰਾਜ ਵਿਚ ਆਗੂ ਬਣਨੇ ਸ਼ੁਰੂ ਹੋ ਗਏ ਤਾਂ ਬਿਸਮਿਲ ਫਰੀਦਕੋਟੀ ਨੇ ਇਸ ਦਾ ਦਰਦ ਮਹਿਸੂਸ ਕੀਤਾ ਅਤੇ ਫਿਰ ਉਸ ਦਰਦ ਨੂੰ ਇਸ ਤਰ੍ਹਾਂ ਬਿਆਨਿਆ ਸੀ:

ਅੰਨ੍ਹੇ ਦਿਆਂ ਨੈਣਾਂ ਵਿਚ ਖੁਮਾਰ ਆਇਆ ਏ!
ਗੰਜੀ ਨੂੰ ਵੀ ਕੰਘੀ 'ਤੇ ਪਿਆਰ ਆਇਆ ਏ!
ਵੇਚੇ ਸੀ ਜਿਨ੍ਹਾਂ ਆਪਣੇ ਸ਼ਹੀਦਾਂ ਦੇ ਖੱਫਣ,
ਉਨ੍ਹਾਂ ਦਾ ਵਜ਼ੀਰਾਂ 'ਚ ਸ਼ੁਮਾਰ ਆਇਆ ਏ!

ਅੱਜ ਜਦੋਂ ਭਾਰਤ ਦੀ ਆਜ਼ਾਦੀ ਚੁਹੱਤਰ ਸਾਲ ਹੰਢਾ ਕੇ ਪਝੱਤਰਵੇਂ ਸਾਲ ਵਿਚ ਦਾਖਲ ਹੋਈ ਹੈ, ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਜਿਨ੍ਹਾਂ ਨੇ ਇਸ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਸਨ। ਜਿਨ੍ਹਾਂ ਨੇ ਅੰਗਰੇਜ਼ ਹਾਕਮਾਂ ਦੇ ਟੋਡੀ ਬਣ ਕੇ ਦੇਸ਼ ਭਗਤਾਂ ਦੇ ਖਿਲਾਫ ਗਵਾਹੀਆਂ ਦਿੱਤੀਆਂ ਸਨ, ਉਹ ਵੀ ਦੇਸ਼ ਦੇ ਆਗੂ ਬਣ ਕੇ ਰਾਜ ਕਰਦੇ ਤੇ ਨਾਲ ਦੀ ਨਾਲ ਆਪਣੀ ਉਸ ਕੁਰਬਾਨੀ ਦੀਆਂ ਕਹਾਣੀਆਂ ਪਾਉਂਦੇ ਹਨ, ਜਿਹੜੀ ਕਦੇ ਕੀਤੀ ਹੀ ਨਹੀਂ ਸੀ। ਅਸੀਂ ਸੁਣਿਆ ਸੀ ਕਿ ਇਤਿਹਾਸ ਬੜਾ ਬੇਰਹਿਮ ਹੁੰਦਾ ਹੈ ਅਤੇ ਉਹ ਹਰ ਕੱਚੇ-ਪਿੱਲੇ ਦਾ ਨਿਬੇੜਾ ਕਰ ਸਕਦਾ ਹੈ, ਪਰ ਸਾਡੇ ਸਮਿਆਂ ਵਿਚ ਇਤਿਹਾਸ ਵੀ ਆਪਣੀ ਮਰਜ਼ੀ ਦਾ ਇਹੋ ਜਿਹਾ ਲਿਖਵਾਇਆ ਅਤੇ ਪੜ੍ਹਾਇਆ ਜਾਣ ਲੱਗਾ ਹੈ, ਜਿਸ ਦਾ ਸਿਰ-ਪੈਰ ਕੋਈ ਨਹੀਂ ਲੱਭਦਾ। ਅਲਿਫ-ਲੈਲਾ ਦੇ ਕਿੱਸਿਆਂ ਵਰਗੀਆਂ ਮਨੋ-ਕਲਪਿਤ ਜਾਂ ਪੁਰਾਣੇ ਗ੍ਰੰਥਾਂ ਵਿਚਲੀਆਂ ਕਹਾਣੀਆਂ ਲੱਭ-ਲੱਭ ਕੇ ਪੜ੍ਹਾਈਆਂ ਜਾ ਰਹੀਆਂ ਹਨ। ਦੇਸ਼ ਦੀ ਆਜ਼ਾਦੀ ਦਾ ਟੀਚਾ ਹਾਸਲ ਕਰਨ ਪਿੱਛੋਂ ਸੰਵਿਧਾਨ ਦੀ ਜਿਹੜੀ ਪਹਿਲੀ ਲਿਖਤ ਪ੍ਰਵਾਨ ਕੀਤੀ ਗਈ, ਉਸ ਵਿਚ ਕਿਹਾ ਗਿਆ ਸੀ ਕਿ ਇਸ ਦੇਸ਼ ਦੇ ਲੋਕਾਂ ਦੀ ਵਿਗਿਆਨ ਦੇ ਪੱਖੋਂ ਨਿੱਗਰ ਸੋਚ ਵਿਕਸਿਤ ਕਰਨ ਲਈ ਸਰਕਾਰ ਯਤਨ ਕਰੇਗੀ। ਅੱਜ ਦੀ ਸਰਕਾਰ ਦੇ ਵਕਤ ਖੁਦ ਪ੍ਰਧਾਨ ਮੰਤਰੀ ਦੇ ਚੋਣ ਹਲਕੇ ਵਿਚੋਂ ਇਹ ਖਬਰ ਸੁਣੀ ਜਾ ਚੁੱਕੀ ਹੈ ਕਿ ਉਥੇ ਭੂਤ-ਵਿਦਿਆ ਦੀ ਡਿਗਰੀ ਕਰਵਾਉਣ ਲਈ ਇੱਕ ਕਾਲਜ ਦੇ ਵਿਚ ਕੋਰਸ ਸ਼ੁਰੂ ਕੀਤਾ ਜਾਣ ਵਾਲਾ ਹੈ। ਇੱਕੀਵੀਂ ਸਦੀ ਦੇ ਭਾਰਤ ਵਿਚ ਲੋਕਾਂ ਨੂੰ ਭੂਤ-ਪ੍ਰੇਤ ਦੀ ਪੜ੍ਹਾਈ ਕਰਾਉਣ ਦਾ ਕੰਮ ਕੀਤਾ ਜਾਵੇਗਾ ਅਤੇ ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਤੋਂ ਲੈ ਕੇ ਗਦਰ ਪਾਰਟੀ ਤੱਕ ਵਾਲੇ ਮਹਾਨ ਬਾਬਿਆਂ ਦੀ ਜ਼ਿੰਦਗੀ ਬਾਰੇ ਦੱਸਣ ਦੀ ਥਾਂ ਉਨ੍ਹਾਂ ਲੋਕਾਂ ਦੀ ਤੜਕੇ ਲਾ ਕੇ ਸਵਾਦੀ ਬਣਾਈ ਜੀਵਨੀ ਪੜ੍ਹਾਈ ਜਾਵੇਗੀ, ਜਿਹੜੇ ਅੰਗਰੇਜ਼ੀ ਹਾਕਮਾਂ ਦੇ ਕਾਰਿੰਦੇ ਬਣ-ਬਣ ਕੇ ਆਜ਼ਾਦੀ ਦੀ ਲਹਿਰ ਨੂੰ ਢਾਹ ਲਾਉਣ ਦਾ ਕੰਮ ਕਰਦੇ ਰਹੇ ਸਨ। ਏਦਾਂ ਦੇ ਹਾਲਾਤ ਵਿਚ ਆਜ਼ਾਦੀ ਦੀ ਦੇਵੀ ਜੇ ਇਸ ਦੇਸ਼ ਦੀ ਕਿਸੇ ਨੁੱਕਰ ਵਿਚ ਛੁਪੀ ਬੈਠੀ ਹੋਈ ਤਾਂ ਗੋਡਿਆਂ ਵਿਚ ਸਿਰ ਦੇ ਕੇ ਹਉਕੇ ਲੈਂਦੀ ਹੋਵੇਗੀ। ਹੋਰ ਉਹ ਕਰੇਗੀ ਵੀ ਕੀ, ਜਿਹੜੀ ਨੇਕ ਇੱਛਾ ਨਾਲ ਉਹ ਇਸ ਦੇਸ਼ ਵਿਚ ਆਈ ਸੀ, ਉਹ ਇੱਛਾ ਵਾਹਗੇ ਦੀ ਲਕੀਰ ਦੇ ਓਧਰ ਤੇ ਏਧਰ ਲੋਕਾਂ ਦੇ ਤਬਾਦਲੇ ਨੇ ਸ਼ੁਰੂ ਵਿਚ ਹੀ ਵਲੂੰਧਰ ਦਿੱਤੀ ਸੀ। ਉਸ ਦੇ ਬਾਅਦ ਜਦੋਂ ਕਦੇ ਜ਼ਖਮਾਂ ਉੱਤੇ ਸਿੱਕੜ ਆਉਣ ਦੀ ਆਸ ਹੁੰਦੀ ਹੈ, ਰਹਿੰਦੀ ਕਸਰ ਕੱਢਣ ਵਾਸਤੇ ਉਦੋਂ ਵਾਲੇ ਕਾਤਲਾਂ ਦੀ ਨਵੀਂ ਪੀੜ੍ਹੀ ਛਵ੍ਹੀਆਂ-ਗੰਡਾਸਿਆਂ ਦੀ ਥਾਂ ਅਜੋਕੇ ਫਿਰਕੂ ਰੂਪ ਵਿਚ ਇਹੋ ਜਿਹੇ ਲਲਕਾਰੇ ਮਾਰਦੀ ਸੁਣਦੀ ਹੈ ਕਿ ਆਜ਼ਾਦੀ ਦੀ ਦੇਵੀ ਫਿਰ ਸਹਿਮ ਜਾਂਦੀ ਹੈ।

# ਕੱਟੜਵਾਦੀ ਨਫਰਤ ਦਾ ਜਿੰਨ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਨਫਰਤ ਦੀ ਫਸਲ ਨੂੰ ਜਿਸ ਤਰ੍ਹਾਂ ਸੰਘ ਪਰਿਵਾਰ ਵਲੋਂ ਖਾਦ ਪਾਣੀ ਦਿੱਤਾ ਜਾ ਰਿਹਾ ਹੈ, ਉਸ ਨੇ ਸਮੁੱਚੇ ਦੇਸ਼ ਸਾਹਮਣੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੰਘ ਦੇ ਇਸ ਵਰਤਾਰੇ ਨੇ ਦੇਸ਼ ਨੂੰ ਪਿਆਰ ਕਰਨ ਵਾਲੇ ਹਰ ਨਾਗਰਿਕ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਦੇਸ਼ ਆਰਥਿਕ ਅਤੇ ਵਿਦੇਸ਼ ਨੀਤੀ ਦੇ ਮਾਮਲੇ ਵਿਚ ਬਹੁਤ ਪਿੱਛੇ ਚਲਾ ਗਿਆ ਹੈ। ਸਾਰੇ ਕੰਮ ਛੱਡ ਕੇ ਸੰਘ ਪਰਿਵਾਰ ਨੇ ਘੱਟ ਗਿਣਤੀਆਂ, ਖਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਹਾਸ਼ੀਏ ਉਤੇ ਧੱਕਣ ਲਈ ਆਪਣੇ ਸਾਰੇ ਘੋੜੇ ਖੋਲ੍ਹ ਦਿੱਤੇ ਹਨ। ਸੰਘ ਦੀ ਇਸ ਕਵਾਇਦ ਨੂੰ ਕੇਂਦਰ ਸਰਕਾਰ ਵੀ ਅੱਗੇ ਵਧਾ ਰਹੀ ਹੈ। ਕਸਰ ਤਾਂ ਇਨ੍ਹਾਂ ਨੇ ਪਹਿਲਾਂ ਵੀ ਕਦੇ ਨਹੀਂ ਛੱਡੀ ਪਰ ਪਿਛਲੇ 3 ਕੁ ਦਹਾਕਿਆਂ ਤੋਂ ਉਨ੍ਹਾਂ ਦੇ ਹੌਸਲੇ ਬਹੁਤ ਵਧ ਗਏ ਹਨ। 2014 ਤੋਂ ਪਹਿਲਾਂ ਜਿਹੜੀ ਸ਼ਰਮ ਹਿਆ ਬਾਕੀ ਸੀ, ਉਹ ਹੁਣ ਨਹੀਂ ਰਹੀ। ਕੁਝ ਦਹਾਕੇ ਪਹਿਲਾਂ ਜਿਸ ਪਾਰਟੀ ਨੂੰ ਕੋਈ ਚਿਮਟੇ ਨਾਲ ਵੀ ਛੂਹਣਾ ਨਹੀਂ ਚਾਹੁੰਦਾ ਸੀ, ਅੱਜ ਉਹ ਪਾਰਟੀ ਪੂਰਨ ਬਹੁਮਤ ਨਾਲ ਦੇਸ਼ ਉਤੇ ਰਾਜ ਕਰ ਰਹੀ ਹੈ। ਅਡਵਾਨੀ ਦੀ ਰਥ ਯਾਤਰਾ ਤੋਂ ਲੈ ਕੇ ਹੁਣ ਤੱਕ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਗੁਜ਼ਰ ਚੁਕਾ ਹੈ। ਮੰਡਲ ਕਮੰਡਲ, ਬਾਬਰੀ ਮਸਜਿਦ, ਗੋਦਰਾ ਕਾਂਡ, ਮੌਬ ਲਿੰਚਿੰਗ, ਗਊ ਰੱਖਿਆ ਅਤੇ ਰਾਮ ਮੰਦਰ ਦੀ ਉਸਾਰੀ ਵਰਗੀਆਂ ਅਨੇਕਾਂ ਘਟਨਾਵਾਂ ਇਸ ਦੇਸ਼ ਵਿਚ ਵਾਪਰ ਚੁਕੀਆਂ ਹਨ।

ਹੱਦ ਤਾਂ ਉਦੋਂ ਹੋ ਗਈ, ਜਦੋਂ ਰਾਜਧਾਨੀ ਦੇ ਦਿਲ ਵਜੋਂ ਪ੍ਰਚਾਰੇ ਜਾਂਦੇ ਜੰਤਰ ਮੰਤਰ ਉਤੇ ਹਜਾਰਾਂ ਭਾਜਪਾਈ ਸਮਰਥਕਾਂ ਦੀ ਭੀੜ ਨੇ ਇਕੱਤਰ ਹੋ ਕੇ ਮੁਸਲਮਾਨ ਭਾਈਚਾਰੇ ਖਿਲਾਫ ਅਜਿਹੇ ਬੋਲ-ਕੁਬੋਲ ਬੋਲੇ, ਜਿਸ ਨੇ ਹਰ ਤਰ੍ਹਾਂ ਦੀ ਤਹਿਜ਼ੀਬ ਨੂੰ ਤਾਰ ਤਾਰ ਕਰ ਕੇ ਰੱਖ ਦਿੱਤਾ। ਇੱਕ ਮਸ਼ਹੂਰ ਪੋਸਟਲ ਚੈਨਲ ਦੇ ਪੱਤਰਕਾਰ ਨੂੰ ਦਰਜਨਾਂ ਜਨੂੰਨੀਆਂ ਨੇ ਘੇਰ ਲਿਆ ਅਤੇ ਉਸ ਨੂੰ ਜੈ ਸ੍ਰੀ ਰਾਮ ਦੇ ਨਾਅਰੇ ਲਾਉਣ ਲਈ ਕਿਹਾ ਗਿਆ। ਉਸ ਦਲੇਰ ਪੱਤਰਕਾਰ ਨੇ ਨਾਅਰੇ ਲਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਵਾਇਰਲ ਵੀਡੀਓ ਸਾਰੀ ਰਾਮ ਕਹਾਣੀ ਬਿਆਨ ਕਰ ਰਹੇ ਹਨ।

ਅਸਲ ਵਿਚ ਭਾਜਪਾ ਨਾਲ ਸਬੰਧਿਤ ਅਸ਼ਵਨੀ ਉਪਾਧਿਆਏ ਅਤੇ ਗਜੇਂਦਰ ਚੌਹਾਨ ਆਦਿ ਆਗੂਆਂ ਵਲੋਂ 9 ਅਗਸਤ ਨੂੰ "ਭਾਰਤ ਜੋੜੋ" ਅਭਿਆਨ ਅਧੀਨ ਇੱਕ ਸਮਾਗਮ ਦਾ ਪ੍ਰਬੰਧ ਜੰਤਰ ਮੰਤਰ ਉਤੇ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਦਿੱਲੀ ਪੁਲਿਸ ਵਲੋਂ ਇਸ ਲਈ ਮਨਜ਼ੂਰੀ ਨਹੀਂ ਦਿੱਤੀ ਗਈ ਸੀ। ਮਨਜ਼ੂਰੀ ਨਾ ਮਿਲਣ ਦੇ ਬਾਵਜੂਦ ਉਪਰੋਕਤ ਵਿਅਕਤੀਆਂ ਵਲੋਂ ਉਸ ਸੰਵੇਦਨਸ਼ੀਲ ਇਲਾਕੇ ਵਿਚ ਸਮਾਗਮ ਕੀਤਾ ਗਿਆ, ਜਿਸ ਵਿਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਬਹੁਤ ਹੀ ਇਤਰਾਜ਼ ਯੋਗ ਸ਼ਬਦਾਬਲੀ ਦਾ ਪ੍ਰਯੋਗ ਕੀਤਾ ਗਿਆ। ਮੁਸਲਿਮ ਭਾਈਚਾਰੇ ਨੂੰ ਸ਼ੱਰ੍ਹੇਆਮ ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਜੰਤਰ ਮੰਤਰ ਦਾ ਇਲਾਕਾ ਲੋਕ ਸਭਾ ਤੋਂ ਤਕਰੀਬਨ ਡੇਢ ਕਿਲੋਮੀਟਰ ਦੀ ਦੂਰੀ 'ਤੇ ਹੈ। ਜਦੋਂ ਲੋਕ ਸਭਾ ਦਾ ਇਜਲਾਸ ਚਲਦਾ ਹੁੰਦਾ ਹੈ ਤਾਂ ਇਸ ਇਲਾਕੇ ਵਿਚ ਅਕਸਰ ਦਫਾ 144 ਲੱਗੀ ਹੁੰਦੀ ਹੈ। ਮਨਜ਼ੂਰੀ ਨਾ ਮਿਲਣ ਅਤੇ ਧਾਰਾ 144 ਲੱਗੇ ਹੋਣ ਦੇ ਬਾਵਜੂਦ ਸਮਾਗਮ ਦਾ ਕੀਤੇ ਜਾਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ।




ਵਰਨਣਯੋਗ ਹੈ ਕਿ 200 ਕਿਸਾਨਾਂ ਨੂੰ ਇੱਥੇ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਦਿੱਲੀ ਪੁਲਿਸ ਵਲੋਂ ਅਨੇਕਾਂ ਅੜਿੱਕੇ ਖੜ੍ਹੇ ਕੀਤੇ ਗਏ ਸਨ। ਕਿਸਾਨ ਸੰਸਦ ਚਲਾਉਣ ਸਮੇਂ ਸੈਂਕੜਿਆਂ ਦੀ ਗਿਣਤੀ ਵਿਚ ਪੁਲਿਸ ਵਲੋਂ ਮੁੱਠੀ ਭਰ ਕਿਸਾਨਾਂ ਦੀ ਘੇਰਾਬੰਦੀ ਕੀਤੀ ਜਾਂਦੀ ਰਹੀ; ਪਰ 9 ਅਗਸਤ ਨੂੰ ਗੈਰ ਸੰਵਿਧਾਨਕ ਤੌਰ 'ਤੇ ਇਕੱਠੀ ਹੋ ਰਹੀ ਭੀੜ ਨੂੰ ਕਿਸੇ ਨੇ ਨਹੀਂ ਰੋਕਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੁਲਿਸ ਦੇ ਹੱਥ ਬੰਨੇ ਹੋਏ ਸਨ। ਜੇ. ਐਨ. ਯੂ., ਜਾਮੀਆ ਮਿਲੀਆ ਯੂਨੀਵਰਸਿਟੀ ਅਤੇ ਦਿੱਲੀ ਦੰਗਿਆਂ ਨਾਲ ਸਬੰਧਿਤ ਘਟਨਾਵਾਂ ਦੌਰਾਨ ਜਿਸ ਤਰ੍ਹਾਂ ਦਾ ਰੋਲ ਦਿੱਲੀ ਪੁਲਿਸ ਨੇ ਅਦਾ ਕੀਤਾ ਹੈ, ਉਸ ਨੇ ਦਿੱਲੀ ਪੁਲਿਸ ਦੀ ਭਰੋਸੇਯੋਗਤਾ ਨੂੰ ਬੁਰੀ ਤਰ੍ਹਾਂ ਸ਼ੱਕ ਦੇ ਘੇਰੇ ਵਿਚ ਲੈ ਆਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇੰਨਾ ਕੁਝ ਹੋ ਜਾਣ ਦੇ ਬਾਵਜੂਦ ਗ੍ਰਹਿ ਮੰਤਰਾਲੇ ਅਤੇ ਦਿੱਲੀ ਦੇ ਮੁੱਖ ਮੰਤਰੀ ਨੇ ਇੱਕ ਸ਼ਬਦ ਵੀ ਨਹੀਂ ਬੋਲਿਆ। ਇੱਕ ਘੱਟ ਗਿਣਤੀ ਭਾਈਚਾਰੇ ਨੂੰ ਬਹੁਗਿਣਤੀ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ ਹੈ। ਜੇ ਸੋਸ਼ਲ ਮੀਡੀਆ ਉਤੇ ਵੱਡੇ ਪੱਧਰ 'ਤੇ ਦਿੱਲੀ ਪੁਲਿਸ ਦੀ ਥੂ ਥੂ ਨਾ ਹੁੰਦੀ ਅਤੇ ਯੂ. ਪੀ. ਦੇ ਸਾਬਕਾ ਡੀ. ਜੀ. ਪੀ. ਬਿਭੂਤੀ ਨਰਾਇਣ ਸਿੰਘ ਸਮੇਤ ਹੋਰ ਸਾਬਕਾ ਉਚ ਅਧਿਕਾਰੀ ਹਰਕਤ ਵਿਚ ਨਾ ਆਉਂਦੇ ਤਾਂ ਉਹੀ ਹੋਣਾ ਸੀ, ਜੋ ਦਿੱਲੀ ਪੁਲਿਸ ਪਿਛਲੇ ਕੁਝ ਸਮੇਂ ਤੋਂ ਕਰਦੀ ਆ ਰਹੀ ਹੈ। ਦਿੱਲੀ ਪੁਲਿਸ ਦੀ ਕਿਰਕਿਰੀ ਹੋਣ ਤੋਂ ਬਾਅਦ ਇਸ ਮਾਮਲੇ ਵਿਚ 6 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬਾਅਦ ਵਿਚ ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਅਸ਼ਵਨੀ ਕੁਮਾਰ ਉਪਧਿਆਏ ਸਮੇਤ 4 ਵਿਅਕਤੀਆਂ ਨੂੰ ਜੇਲ੍ਹ ਭੇਜ ਦਿੱਤਾ ਅਤੇ 2 ਦਾ ਇੱਕ ਦਿਨ ਲਈ ਪੁਲਿਸ ਰੀਮਾਂਡ ਦੇ ਦਿੱਤਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਸਮਾਗਮ ਦਾ ਪ੍ਰਬੰਧ ਕਰਨ ਵਾਲੇ ਭਾਜਪਾਈ ਨੇਤਾ ਅਸ਼ਵਨੀ ਉਪਾਧਿਆਏ ਦੀ ਜ਼ਮਾਨਤ ਹੀ ਹੋ ਗਈ ਹੈ, ਹਾਲਾਂ ਕਿ ਉਸ ਖਿਲਾਫ 153- ਧਾਰਾ ਅਧੀਨ ਕੇਸ ਦਰਜ ਕੀਤਾ ਗਿਆ ਸੀ, ਜੋ ਗੈਰ-ਜ਼ਮਾਨਤੀ ਧਾਰਾ ਹੈ। ਸਾਫ ਹੈ ਕਿ ਕੇਂਦਰ ਦੇ ਇਸ਼ਾਰੇ ਉਤੇ ਦਿੱਲੀ ਪੁਲਿਸ ਨੇ ਤਕਨੀਕੀ ਢਿੱਲ੍ਹ ਵਰਤੀ ਹੋਵੇਗੀ। ਲੋਕਾਂ ਵਲੋਂ ਇਨ੍ਹਾਂ ਖਿਲਾਫ ਸਖਤ ਧਾਰਾਵਾਂ ਜੋੜਨ ਦੀ ਮੰਗ ਕੀਤੀ ਜਾ ਰਹੀ ਹੈ। ਨਫਰਤੀ ਭਾਸ਼ਣ ਦੇਣ ਵਾਲੇ ਅਤੇ ਜ਼ਹਿਰੀਲੇ ਨਾਅਰੇ ਲਾਉਣ ਵਾਲੇ ਕੁਝ ਹੋਰ ਵਿਅਕਤੀ ਅਜੇ ਤੱਕ ਪੁਲਿਸ ਨੇ ਗ੍ਰਿਫਤਾਰ ਨਹੀਂ ਕੀਤੇ। ਯਾਦ ਰਹੇ, ਜੇ. ਐਨ. ਯੂ., ਜਾਮੀਆ ਮਿਲੀਆ ਅਤੇ ਭੀਮਾ ਕੋਰੇ ਗਾਓਂ ਨਾਲ ਸਬੰਧਿਤ ਘਟਨਾਵਾਂ ਅਜਿਹੀਆਂ ਹਨ, ਜਿਥੇ ਦੋਸ਼ੀਆਂ ਨੂੰ ਛੱਡ ਕੇ ਪੀੜਤ ਧਿਰਾਂ ਉਤੇ ਸੰਗੀਨ ਧਾਰਾਵਾਂ ਹੇਠ ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ 'ਚੋਂ ਬਹੁਤਿਆਂ ਦੀਆਂ ਠੋਸ ਆਧਾਰ ਹੋਣ ਦੇ ਬਾਵਜੂਦ ਅਜੇ ਤੱਕ ਜ਼ਮਾਨਤਾਂ ਨਹੀਂ ਹੋ ਸਕੀਆਂ।

ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾ ਨੰਦ ਦਾ ਕਹਿਣਾ ਹੈ ਕਿ ਜੇ ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਦੇਸ਼ ਇੱਕ ਹੋਰ ਬਟਵਾਰੇ ਵੱਲ ਵਧ ਸਕਦਾ ਹੈ। ਭਾਰਤ ਇਸ ਸਮੇਂ ਆਰਥਿਕ ਮੰਦੀ ਦੀ ਲਪੇਟ ਵਿਚ ਆਇਆ ਹੋਇਆ ਹੈ। ਚੀਨ ਵਲੋਂ ਲਗਾਤਾਰ ਚਣੌਤੀ ਦਿੱਤੀ ਜਾ ਰਹੀ ਹੈ, ਕਰੋਨਾ ਨੂੰ ਕਾਬੂ ਕਰਨ ਦੇ ਮਾਮਲੇ ਵਿਚ ਮੋਦੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ, ਗੁਆਂਢੀ ਮੁਲਕ ਇੱਕ ਇੱਕ ਕਰ ਕੇ ਦੂਰ ਹੁੰਦੇ ਜਾ ਰਹੇ ਹਨ। ਇਨ੍ਹਾਂ ਸਮੱਸਿਆਵਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਭਾਜਪਾ ਸਰਕਾਰ ਆਪਣੇ ਮਿਥੇ ਹੋਏ ਏਜੰਡੇ (ਪਾੜੋ ਤੇ ਰਾਜ ਕਰੋ) ਅਨੁਸਾਰ ਅੰਨੇਵਾਹ ਨੱਕ ਦੀ ਸੇਧੇ ਅੱਗੇ ਵਧ ਰਹੀ ਹੈ।


ਪ੍ਰਸਿੱਧ ਸਮਾਜ ਸ਼ਾਸ਼ਤਰੀ ਅਭੈ ਕੁਮਾਰ ਦੂਬੇ ਦਾ ਕਹਿਣਾ ਹੈ ਕਿ ਆਰ. ਐਸ. ਐਸ. ਦੀ ਯੋਜਨਾ ਭਾਰਤ ਨੂੰ ਆਗਿਆਪਾਲਕ ਸਮਾਜ ਵਿਚ ਬਦਲਣ ਦੀ ਹੈ। ਰਾਜਸੀ ਤਾਕਤ ਦੇ ਬਲਬੂਤੇ ਉਹ ਸਮਾਜ ਉਤੇ ਅਜਿਹੀ ਜਕੜ ਬਣਾ ਰਹੀ ਹੈ, ਜਿਸ ਦੀ ਪਕੜ ਵਿਚ ਬਹੁ ਗਿਣਤੀ ਭਾਈਚਾਰੇ ਦਾ ਵੱਡਾ ਹਿੱਸਾ ਆ ਸਕੇ। ਇੱਕ ਗਿਣੀ-ਮਿਥੀ ਯੋਜਨਾ ਤਹਿਤ ਸਰਕਾਰ ਅਤੇ ਦੇਸ਼ ਨੂੰ ਰਲਗੱਡ ਕੀਤਾ ਜਾ ਰਿਹਾ ਹੈ। ਸਰਕਾਰ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਵਿਰੋਧੀ ਹੋਣ ਦਾ ਫਤਵਾ ਦਿੱਤਾ ਜਾ ਰਿਹਾ ਹੈ। ਸੰਘ ਪਰਿਵਾਰ ਕੋਲ ਇੱਕ ਨੁਕਾਤੀ ਪ੍ਰੋਗਰਾਮ ਹੈ ਕਿ ਭਾਰਤੀ ਸਮਾਜ ਨੂੰ ਹੇਠਲੇ ਪੱਧਰ ਤੱਕ ਵੰਡ ਕੇ ਖਖੜੀਆਂ-ਕਰੇਲੇ ਕਰ ਦਿੱਤਾ ਜਾਵੇ। ਇਸੇ ਵਿਚ ਸੰਘ ਪਰਿਵਾਰ ਦੀ ਸਫਲਤਾ ਛੁਪੀ ਹੋਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਪਾਰਟੀ 35% ਵੋਟਾਂ ਹਾਸਲ ਕਰਕੇ 65% ਲੋਕਾਂ ਉਤੇ ਰਾਜ ਕਰ ਰਹੀ ਹੈ। ਭਾਜਪਾ ਸਰਕਾਰ ਸੰਘ ਦੇ ਇਸੇ ਏਜੰਡੇ ਅਨੁਸਾਰ ਕੰਮ ਕਰ ਰਹੀ ਹੈ। ਇਸ ਤੋਂ ਵੀ ਅੱਗੇ ਜਾ ਕੇ ਕੁਝ ਸਿਆਸੀ ਅਤੇ ਸਮਾਜਿਕ ਮਾਹਰਾਂ ਦਾ ਮੰਨਣਾ ਹੈ ਕਿ ਨਫਰਤ ਫੈਲਾਉਣ ਵਾਲੇ ਇਹ "ਯੰਤਰ" ਬਹੁਤ ਜ਼ਿਆਦਾ ਕੱਟੜਵਾਦੀ ਹਨ। ਇਹ ਸੰਘ ਪਰਿਵਾਰ ਨੂੰ ਟਕੇ ਸੇਰ ਨਹੀਂ ਸਮਝਦੇ। ਜਦੋਂ ਤੋਂ ਮੋਹਨ ਭਾਗਵਤ ਨੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਡੀ. ਐਨ. ਏ. ਇੱਕ ਹੋਣ ਦੀ ਗੱਲ ਕਹੀ ਹੈ, ਉਦੋਂ ਤੋਂ ਇਨ੍ਹਾਂ ਕੱਟੜਵਾਦੀ "ਯੰਤਰਾਂ" ਨੇ ਉਸ ਨੂੰ ਮੌਲਾਨਾ ਭਾਗਵਤ ਕਹਿਣਾ ਸ਼ੁਰੂ ਕਰ ਦਿੱਤਾ ਹੈ। ਹਿੰਦੂਤਵੀ ਜਿੰਨ ਬੋਤਲ ਤੋਂ ਬਾਹਰ ਆ ਚੁਕਾ ਹੈ। ਇਹ ਜਿੰਨ ਉਨ੍ਹਾਂ ਖੇਮਿਆਂ ਨੂੰ ਵੀ ਆਪਣੀ ਲਪੇਟ ਵਿਚ ਲਵੇਗਾ, ਜਿਨ੍ਹਾਂ ਨੇ ਇਸ ਨੂੰ ਬਾਹਰ ਕੱਢਣ ਵਿਚ ਆਪਣਾ ਯੋਗਦਾਨ ਪਾਇਆ ਹੈ। ਕੱਟੜਵਾਦੀ ਅਨਸਰਾਂ ਨੂੰ ਆਪਣੇ ਰਾਜਨੀਤਕ ਉਦੇਸ਼ਾਂ ਲਈ ਵਰਤਣਾ ਸ਼ੇਰ ਦੀ ਸਵਾਰੀ ਕਰਨ ਦੇ ਤੁਲ ਹੁੰਦਾ ਹੈ।

## ਪੁਸਤਕ-ਚਰਚਾ

# ਖਬਰ ਖਤਮ: ਨਿਵੇਕਲਾ, ਸੰਜਮੀ ਤੇ ਦਿਲਕਸ਼ ਬਿਆਨ

***'ਖਬਰ ਖਤਮ' ਪੁਸਤਕ ਵਿਚ ਮੀਡੀਆ ਵਲੋਂ ਬੀਤੇ ਕਾਲ ਦੌਰਾਨ ਵਾਪਰੀਆਂ ਅਹਿਮ ਘਟਨਾਵਾਂ, ਵਰਤਾਰਿਆਂ ਦੁਆਲੇ ਉਸਾਰੇ ਗਏ ਯੰਤਰ-ਮੰਤਰ ਦੀਆਂ ਭੁੱਲ ਭਲੱਈਆਂ ਨੂੰ ਤੋੜ ਕੇ ਅੰਤਰਧੁਨੀਆਂ ਨਾਲ ਲੈਸ, ਪਰ ਦਿਲਕਸ਼ ਬਿਰਤਾਂਤ ਹੈ। ਇਹ ਅਜਿਹੀ ਸਵੈ-ਜੀਵਨੀ ਮੂਲਕ ਪੁਸਤਕ ਹੈ, ਜਿਸ ਵਿਚ ਵੱਖ ਵੱਖ ਕਾਲਖੰਡ ਦੀਆਂ ਘਟਨਾਵਾਂ ਨੂੰ ਅਦਿਖ ਧਾਗੇ ਨੇ ਇੱਕ-ਦੂਜੇ ਵਿਚ ਪਰੋਇਆ ਹੋਇਆ ਹੈ। ਸਾਰੇ ਬਿਆਨੀਏ ਦੀ ਤਰਤੀਬ ਬੜੇ ਦਿਲਚਸਪ ਸਿਰਲੇਖਾਂ ਅਤੇ ਉਪ-ਸਿਰਲੇਖਾਂ ਨਾਲ ਬੀੜੀ ਹੋਈ ਹੈ। ਜਿਵੇਂ, ਗੱਪ-ਸੱਚ ਦਾ ਸੰਸਾਰ, ਟੀਵੀਕਾਰੀ, ਮੀਡੀਆ ਦੀਆਂ ਚੋਰ-ਮੋਰੀਆਂ, ਤੱਥ ਤੇ ਵੱਥ, ਪਹਿਲੇ ਪਹਿਲ, ਦਾਗਦਾਰੀਆਂ, ਰਹਾਓ ਤੋਂ ਉਪਰੰਤ। ਤਰਤੀਬ ਪੜ੍ਹਦਿਆਂ ਹੀ ਪਾਠਕ ਦੀ ਜਗਿਆਸਾ ਮਘਣ ਲਗਦੀ ਹੈ।***

ਹਵਾਲਾ ਅਧੀਨ ਪੁਸਤਕ 'ਖਬਰ ਖਤਮ' ਦਾ ਰਚੈਤਾ, ਮੀਡੀਆ ਕਰਮੀ ਵਜੋਂ ਚਰਚਿਤ ਹੋਇਆ ਸਿੱਧੂ ਦਮਦਮੀ ਅਸਲ ਵਿਚ ਕਹਾਣੀਕਾਰ ਅਤੇ ਕਵੀ ਹੈ। ਚੜ੍ਹਦੀ ਉਮਰੇ ਰੁਜ਼ਗਾਰ ਦੇ ਮੇਲੇ ਵਿਚ ਉਹ ਐਸਾ ਗਿਆ ਕਿ ਮੀਡੀਆ ਉਂਗਲੀ ਲਾ ਕੇ ਲੈ ਗਿਆ ਤੇ ਉਸ ਨੂੰ ਉਮਰ ਭਰ ਥਾਂ ਕੁ ਥਾਂ ਘੁਮਾਇਆ, ਰੰਗ-ਬਰੰਗੇ, ਅਸਰ ਰਸੂਖ ਵਾਲੇ ਬੰਦਿਆਂ ਨਾਲ ਵਾਹ ਪੁਆਇਆ। ਇਹ ਕਿਤਾਬ ਇਸ ਯਾਤਰਾ ਦੌਰਾਨ ਦੇਖੀਆਂ-ਮਾਣੀਆਂ ਝਲਕੀਆਂ ਦਾ ਮੁਜਮੂਆਂ ਹੈ।



**ਅਵਤਾਰ ਗੋਂਦਾਰਾ**
ਫੋਨ: 559-375-2589

ਲੇਖਕ ਨੂੰ ਲੋਕ ਸੰਪਰਕ ਵਿਭਾਗ ਦੀ ਪਹਿਲੀ ਨੌਕਰੀ ਕਵੀ ਹੋਣ ਕਰਕੇ ਮਿਲੀ ਸੀ। ਉਸ ਦੀ ਪਹਿਲੀ ਕਾਵਿ ਪੁਸਤਕ, 'ਗੁਆਚੀ ਗੱਲ' ਵੇਖਦਿਆਂ ਹੀ, ਚੋਣਕਾਰਾਂ ਨੂੰ ਉਸ ਦੀ ਚੋਣ ਕਰਨ ਵਿਚ ਕੋਈ ਹਿਚਕਚਾਹਟ ਨਾ ਹੋਈ। ਉਦੋਂ ਤੱਕ 'ਨਾਗਮਣੀ' ਅਤੇ 'ਆਰਸੀ' ਵਰਗੇ ਪਰਚਿਆਂ ਵਿਚ ਆਪਣੀਆਂ ਕਹਾਣੀਆਂ ਛਪਣ ਕਰਕੇ ਦਮਦਮੀ ਸਮਕਾਲੀ ਕਹਾਣੀਕਾਰਾਂ ਦੀ ਪਹਿਲੀ ਕਤਾਰ ਵਿਚ ਵੀ ਖੜ੍ਹਾ ਦਿਖਾਈ ਦੇਣ ਲੱਗਾ ਸੀ। ਉਸ ਦੀਆਂ ਸਾਹਿਤਕ ਲਿਖਤਾਂ ਵਿਚ ਜੰਗਲ ਦੀ ਰਚਨਾਤਮਕਤਾ ਤੇ ਨਦੀ ਦਾ ਵਹਿਣ ਸੀ।

ਦਮਦਮੀ ਜਿਉਂ ਹੀ ਮੀਡੀਆ ਨਾਲ ਕਰਿੰਗੜੀ ਪਾ ਕੇ ਤੁਰਿਆ, ਉਸ ਦੀ ਜੰਗਲ ਵਰਗੀ ਰਚਨਾਤਮਕਤਾ, ਪਾਰਕ ਦੀ ਰੀਤੀਬੱਧ ਖੂਬਸੂਰਤੀ ਵਿਚ ਰੁਪਾਂਤ੍ਰਿਤ ਹੋ ਗਈ। ਇਕ ਕਹਾਣੀਕਾਰ ਦਾ ਸੰਜਮ ਉਸ ਦੁਆਰਾ ਲਿਖੀਆਂ ਖਬਰਾਂ ਅਤੇ ਰਿਪੋਰਟਾਂ ਵਿਚ ਆਉਣ ਲੱਗਾ ਅਤੇ ਕਵਿਤਾ ਦੀ ਲੈਅ ਉਸ ਦੀ ਪੇਸ਼ਕਾਰੀ ਵਿਚ ਬੋਲਣ ਲੱਗੀ। ਜਾਂ ਇਉਂ ਕਹੀਏ ਕਿ ਉਸ ਦੀ ਸਾਹਿਤਕਾਰੀ, ਪੱਤਰਕਾਰੀ ਰਾਹੀਂ ਸਾਹ ਲੈਣ ਲਗਦੀ ਹੈ।

ਬਾਅਦ ਵਿਚ ਭਾਵੇਂ ਖਬਰਕਾਰੀ ਹੋਵੇ, ਭਾਵੇਂ ਟੀਵੀਕਾਰੀ, ਦਮਦਮੀ ਦੇ ਸ਼ਬਦਾਂ ਤੇ ਬੋਲਾਂ ਵਿਚਲੀ ਸਾਹਿਤਕ ਚਾਸ਼ਣੀ ਦਾ ਰਸ ਪਾਠਕ/ਸਰੋਤੇ ਮਾਣਨ ਲੱਗੇ। ਉਸ ਦੀ ਲੇਖਣੀ ਬਾਰੇ, ਉਸ ਦੀ ਪੁਸਤਕ 'ਸਾਹਿਬਾਂ ਦੀ ਦੁਚਿੱਤੀ' ਦੇ ਹਵਾਲੇ ਨਾਲ ਡਾ. ਪੰਨਾ ਲਾਲ ਮੁਸਤਫਾਬਾਦੀ ਨੇ ਸਹੀ ਕਿਹਾ ਹੈ ਕਿ 'ਭਾਂਤ ਭਾਂਤ ਦੇ ਵਿਸ਼ਿਆਂ ਬਾਰੇ ਲਿਖਦਾ ਲੇਖਕ ਖੁਦ ਤਾਂ ਦਾਰਸ਼ਨਿਕ ਰਾਹ ਦਸੇਰਾ ਸਿੱਧ ਹੁੰਦਾ ਹੀ ਹੈ, ਸਗੋਂ ਉਸ ਦੀ ਉਂਗਲੀ ਲੱਗਿਆ ਜਾਂਦਾ ਪਾਠਕ ਵੀ ਆਪਣੇ ਆਪ ਨੂੰ ਵਿਦਵਾਨ ਮਹਿਸੂਸ ਕਰਨ ਲੱਗ ਪੈਂਦਾ ਹੈ।'

'ਖਬਰ ਖਤਮ' ਪੁਸਤਕ ਵਿਚ ਮੀਡੀਆ ਵਲੋਂ ਬੀਤੇ ਕਾਲ ਦੌਰਾਨ ਵਾਪਰੀਆਂ ਅਹਿਮ ਘਟਨਾਵਾਂ, ਵਰਤਾਰਿਆਂ ਦੁਆਲੇ ਉਸਾਰੇ ਗਏ ਯੰਤਰ-ਮੰਤਰ ਦੀਆਂ ਭੁੱਲ ਭਲੱਈਆਂ ਨੂੰ ਤੋੜ ਕੇ ਅੰਤਰਧੁਨੀਆਂ ਨਾਲ ਲੈਸ, ਪਰ ਦਿਲਕਸ਼ ਬਿਰਤਾਂਤ ਹੈ। ਇਹ ਅਜਿਹੀ ਸਵੈ-ਜੀਵਨੀ ਮੂਲਕ ਪੁਸਤਕ ਹੈ, ਜਿਸ ਵਿਚ ਵੱਖ ਵੱਖ ਕਾਲਖੰਡ ਦੀਆਂ ਘਟਨਾਵਾਂ ਨੂੰ ਅਦਿਖ ਧਾਗੇ ਨੇ ਇੱਕ-ਦੂਜੇ ਵਿਚ ਪਰੋਇਆ ਹੋਇਆ ਹੈ।

ਸਾਰੇ ਬਿਆਨੀਏ ਦੀ ਤਰਤੀਬ ਬੜੇ ਦਿਲਚਸਪ ਸਿਰਲੇਖਾਂ ਅਤੇ ਉਪ-ਸਿਰਲੇਖਾਂ ਨਾਲ ਬੀੜੀ ਹੋਈ ਹੈ। ਜਿਵੇਂ, ਗੱਪ-ਸੱਚ ਦਾ ਸੰਸਾਰ, ਟੀਵੀਕਾਰੀ, ਮੀਡੀਆ ਦੀਆਂ ਚੋਰ-ਮੋਰੀਆਂ, ਤੱਥ ਤੇ ਵੱਥ, ਪਹਿਲੇ ਪਹਿਲ, ਦਾਗਦਾਰੀਆਂ, ਰਹਾਓ ਤੋਂ ਉਪਰੰਤ। ਤਰਤੀਬ ਪੜ੍ਹਦਿਆਂ ਹੀ ਪਾਠਕ ਦੀ ਜਗਿਆਸਾ ਮਘਣ ਲਗਦੀ ਹੈ।

ਪੁਸਤਕ ਦੀ ਅੰਤਰ-ਧੁਨੀ ਪੰਜਾਬ ਦੇ ਬੀਤੇ ਨੂੰ ਨਾ ਸਿਰਫ ਵੱਖਰੇ ਨਜ਼ਰੀਏ ਤੋਂ ਵੇਖਦੀ ਹੈ, ਸਗੋਂ ਇਸ ਦੇ ਪੁਨਰ-ਵਿਖਿਆਨ ਲਈ ਤਾਜਾ ਭਾਸ਼ਾ ਵੀ ਸਿਰਜਦੀ ਹੈ, ਜੋ ਪਾਠਕ ਨੂੰ ਬੰਨੀ ਰੱਖਦੀ ਹੈ। ਸ਼ਬਦਾਂ ਦੀ ਚਿਣਤੀ, ਠੁੱਕ ਤੇ ਰਫਤਾਰ 'ਚੋਂ ਚੱਲ ਚਿੱਤਰਾਂ ਨਾਲ ਸ਼ਿੰਗਾਰੀ ਹੋਈ ਵਾਰਤਕ ਜਨਮ ਲੈਂਦੀ ਹੈ। ਮਿਸਾਲ ਵਜੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਿਵਲ ਸਕੱਤਰੇਤ ਦੇ ਵਿਹੜੇ ਵਿਚ ਹੋਏ ਕਤਲ ਦੀ ਘਟਨਾ ਨੂੰ ਲਿਆ ਜਾ ਸਕਦਾ ਹੈ। ਲੇਖਕ ਇਸ ਘਟਨਾ ਦੇ ਅਗੇਤਰ-ਪਛੇਤਰ ਨੂੰ ਇਸ ਤਰ੍ਹਾਂ ਦੀ ਜੀਵੰਤ ਸ਼ੈਲੀ ਵਿਚ ਬਿਆਨ ਕਰਦਾ ਹੈ ਕਿ ਪਾਠਕ ਦੇ ਮਨ ਵਿਚ ਘਟਨਾ ਦੀ ਦਸਤਾਵੇਜ਼ੀ ਫਿਲਮ ਚੱਲਣ ਲਗਦੀ ਹੈ। ਦੇਸ਼ ਦੇ ਇਸ ਸਿਆਸੀ ਕਤਲ ਨਾਲ ਜੁੜੀਆਂ ਕਿੰਨੀਆਂ ਘਟਨਾਵਾਂ ਦੇ ਕੋਨੇ ਰੋਸ਼ਨ ਹੋਣ ਲੱਗਦੇ ਹਨ। ਅਜਿਹੇ ਵੇਲੇ ਸਰਕਾਰੀ ਤੇ ਸਿਆਸੀ ਪ੍ਰਬੰਧ ਕਿਵੇਂ ਡਿਗਦਾ ਤੇ ਸੰਭਲਦਾ ਹੈ, ਇਸ ਦੀ ਵੀ ਸੂਹ ਮਿਲਦੀ ਹੈ।

'ਫਲੈਸ਼' ਨਾਮੀ ਲੇਖ ਵਿਚੋਂ ਕੁਝ ਟੂਕਾਂ ਪੇਸ਼ ਹਨ: 'ਕਾਰ ਪਾਰਕ ਕਰ ਕੇ ਮੈਂ (ਲੇਖਕ) ਘਟਨਾ ਵਾਲੀ ਥਾਂ ਵੱਲ ਵਧਿਆ। ਪੈਰਾ ਮਿਲਿਟਰੀ ਫੋਰਸ ਦੇ ਕੁਝ ਜੁਆਨ ਪੋਰਚ ਦੁਆਲੇ ਮੋਕਲਾ ਜਿਹਾ ਘੇਰਾ ਬਣਾਈ ਖੜ੍ਹੇ ਸਨ, ਪਰ ਉਨ੍ਹਾਂ 'ਚੋਂ ਕਿਸੇ ਨੇ ਵੀ ਮੈਨੂੰ ਅੱਗੇ ਵਧਣ ਤੋਂ ਨਹੀਂ ਰੋਕਿਆ/ਟੋਕਿਆ। ਜਿਵੇਂ ਉਨ੍ਹਾਂ ਦੇ ਔਸਾਨ ਹੀ ਮਾਰੇ ਗਏ ਹੋਣ, ਇਥੋਂ ਤੱਕ ਕਿ ਮੈਂ ਪੋਰਚ ਵਿਚ ਤੁੱਥ ਮੁੱਥ ਹੋਈ ਪਈ ਮੁੱਖ ਮੰਤਰੀ ਦੀ ਕਾਰ ਦੇ ਕਾਫੀ ਨੇੜੇ ਪਹੁੰਚ ਗਿਆ। ਭਿਆਨਕ ਦ੍ਰਿਸ਼ ਸੀ। ਚਾਰ ਚੁਫੇਰੇ ਮਨੁੱਖੀ ਅੰਗ ਤੇ ਮਾਸ ਦੇ ਲੋਥੜੇ ਖਿਲਰੇ ਪਏ ਸਨ। ਏਨੇ ਨੂੰ ਖਬਰ ਏਜੰਸੀ ਯੂ. ਐਨ. ਆਈ. ਦੇ ਚੰਡੀਗੜ੍ਹ ਬਿਊਰੋ ਦਾ ਮੁਖੀ ਮਦਨ ਲਾਲ ਸ਼ਰਮਾ ਵੀ ਨੋਟ ਬੁਕ ਤੇ ਪੈੱਨ ਲਈ ਘਟਨਾ ਵਾਲੀ ਥਾਂ 'ਤੇ ਪਹੁੰਚ ਗਿਆ। ਤਦ ਤੱਕ ਏਨਾ ਜਰੂਰ ਪਤਾ ਲੱਗ ਗਿਆ ਸੀ ਕਿ ਬਲਾਸਟ ਵਾਲੀ ਥਾਂ 'ਤੇ ਸਭ ਤੋਂ ਪਹਿਲਾ ਪਹੁੰਚਣ ਵਾਲਾ ਅਧਿਕਾਰੀ ਪੁਲਿਸ ਮੁਖੀ ਕੇ. ਪੀ. ਐਸ. ਗਿੱਲ ਸੀ।

ਮੈਂ ਸੋਚ ਹੀ ਰਿਹਾ ਸੀ ਕਿ ਚਲੋ ਘਟਨਾ ਬਾਰੇ ਜੋ ਕੁਝ ਵੀ ਹੁਣ ਤੱਕ ਪਤਾ ਲੱਗਿਆ ਸੀ, ਉਸ ਦੀ ਜਾਣਕਾਰੀ ਮੈਂ ਲੋਕ ਸੰਪਰਕ ਵਿਭਾਗ ਦਾ ਫੋਨ ਵਰਤ ਕੇ ਆਪਣੇ ਨਿਊਜ਼ਰੂਮ ਨੂੰ ਦੇ ਦੇਵਾਂ। ਤਦ ਤੱਕ ਸ਼ਾਮ ਦੇ ਛੇ ਵੱਜਣ ਵਾਲੇ ਹੋ ਗਏ। ਲੋਕ ਸੰਪਰਕ ਦੇ ਡਾਇਰੈਕਟਰ ਜਗਜੀਤ ਪੁਰੀ ਦੇ ਕਮਰੇ ਵਿਚ ਝਾਤੀ ਮਾਰੀ ਤਾਂ ਕਮਰਾ ਖਾਲੀ ਸੀ। ਨਾਲ ਦਾ ਕਮਰਾ ਵਿਭਾਗ ਦੇ ਸਕੱਤਰ ਐਸ. ਐਸ. ਡਾਵਰਾ ਦਾ ਸੀ। ਮੈਂ ਦਰਵਾਜਾ ਧੱਕਿਆ ਤਾਂ ਅੰਦਰ ਡਾਵਰਾ ਤੇ ਪੁਰੀ ਖਮੋਸ਼ ਬੈਠੇ ਸਨ। ਮੈਂ ਪੈਂਦੀ ਸੱਟੇ ਦੋਵਾਂ ਨੂੰ ਹੀ ਸਾਂਝਾ ਸੁਆਲ ਕੀਤਾ ਕਿ ਬੇਅੰਤ ਸਿੰਘ ਦੇ ਬਚ ਜਾਣ ਜਾਂ ਧਮਾਕੇ 'ਚ ਮਾਰੇ ਜਾਣ ਬਾਰੇ ਉਹ ਅਧਿਕਾਰਤ ਤੌਰ 'ਤੇ ਸਥਿੱਤੀ ਸਪਸ਼ਟ ਕਰਨ। ਡਾਵਰਾ ਇੱਕ ਅੱਧ ਮਿੰਟ ਮੇਰੇ ਵੱਲ ਇੱਕ ਟੱਕ ਵੇਖਦਾ ਰਿਹਾ। ਫਿਰ ਅੰਗਰੇਜ਼ੀ ਦੇ ਨਪੇ ਤੁਲੇ ਸ਼ਬਦਾਂ 'ਚ ਬੋਲਿਆ, 'ਹੀ ਇਜ਼ ਨੋ ਮੋਰ।' (ਪੰਨਾ19)






ਪੰਜਾਬ ਦੇ ਸਾਬਕਾ ਗਵਰਨਰ ਸੁਰਿੰਦਰ ਨਾਥ ਦੇ ਟੱਬਰ ਦੇ ਹਵਾਈ ਹਾਦਸੇ ਵਿਚ ਖਤਮ ਹੋਣ ਵਾਲੀ ਘਟਨਾ ਦਾ ਚਸ਼ਮਦੀਦੀ ਬਿਆਨ ਵੀ ਲੇਖਕ ਇਸ ਢੰਗ ਨਾਲ ਕਰਦਾ ਹੈ ਕਿ ਇਹ ਮੀਡੀਆ ਦੇ ਵਿਦਿਆਰਥੀਆਂ ਲਈ ਨਮੂਨਾ ਬਣ ਜਾਂਦਾ ਹੈ। ਮੀਡੀਆ ਸੰਸਾਰ ਦੀਆਂ ਕਮਜ਼ੋਰੀਆਂ, ਮੋਰੀਆਂ, ਸ਼ਕਤੀਆਂ ਆਦਿ ਨੂੰ ਇਉਂ ਬਿਆਨਿਆ ਹੈ ਕਿ ਇਹ ਪਾਠਕਾਂ ਦੇ ਨਾਲ ਨਾਲ ਮੀਡੀਆ ਕਰਮੀਆਂ ਲਈ ਆਪਾ-ਚੀਨਣ ਦਾ ਸਬੱਬ ਬਣਦਾ ਹੈ। 'ਖਬਰ ਖਤਮ' ਲੇਖ ਵਿਚ 9 ਜੁਲਾਈ 1994 ਨੂੰ ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਦੇ ਪਰਿਵਾਰ ਸਮੇਤ ਹਵਾਈ ਹਾਦਸੇ 'ਚ ਮਾਰੇ ਜਾਣ ਦਾ ਵਰਨਣ ਹੈ।

ਦਮਦਮੀ ਲਿਖਦਾ ਹੈ: 'ਦਿੱਲੀ ਨਿਊਜ਼ ਰੂਮ ਦਾ ਕਹਿਣਾ ਸੀ ਕਿ ਮੈਂ ਤੁਰੰਤ ਮੌਕੇ 'ਤੇ ਪਹੁੰਚਾਂ ਅਤੇ ਘਟਨਾ ਸਥਾਨ ਤੋਂ ਖਬਰਾਂ ਭੇਜਾਂ। ਇਸੇ ਦੌਰਾਨ ਆਕਾਸ਼ਵਾਣੀ ਨੇ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਲਈ ਮੇਰੇ ਲਈ ਕਾਰ ਦਾ ਪ੍ਰਬੰਧ ਕਰ ਦਿੱਤਾ ਸੀ, ਪਰ ਜਦੋਂ ਹਾਦਸੇ ਵਾਲੀ ਥਾਂ ਦੇ ਰਸਤੇ ਦੀ ਮੈਂ ਟੋਹ ਲਾਈ ਤਾਂ ਪਤਾ ਲੱਗਿਆ ਕਿ ਉਸ ਦਿਨ ਅਤਿ ਖਰਾਬ ਮੌਸਮ ਕਾਰਨ ਉਥੇ ਸਿਰਫ ਹੈਲੀਕਾਪਟਰ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਸੋ ਦਿੱਲੀ ਨਿਊਜ਼ ਰੂਮ ਨੂੰ ਹਾਲਾਤ-ਏ-ਹਾਜ਼ਰਾ ਬਾਰੇ ਦੱਸ ਕੇ ਮੈਂ ਘਟਨਾ ਵਾਲੀ ਥਾਂ ਨਾਲ ਸੰਪਰਕ ਸਥਾਪਤ ਕਰਨ ਲਈ ਕੋਈ ਹੋਰ ਤਰੀਕਾਕਾਰ ਅਪਨਾਉਣ ਦੀ ਸੋਚਣ ਲੱਗਾ। ਇਸੇ ਦੌਰਾਨ ਅਕਾਸ਼ਵਾਣੀ ਦੇ ਸ਼ਿਮਲਾ ਦਫਤਰੋਂ ਮੈਨੂੰ ਮੰਡੀ ਦੇ ਡਿਪਟੀ ਕਮਿਸ਼ਨਰ ਦਾ ਫੋਨ ਮਿਲ ਗਿਆ, ਜਿਸ ਨੇ ਮੈਨੂੰ ਅਗਾਂਹ ਤਹਿਸੀਲਦਾਰ ਦਾ ਸੰਪਰਕ ਦੇ ਦਿੱਤਾ, ਜੋ ਹਾਦਸੇ ਵਾਲੀ ਥਾਂ ਨੇੜਲੇ ਇੱਕ ਅਜਿਹੇ ਕਸਬੇ ਵਿਚ ਪਹੁੰਚ ਚੁੱਕਾ ਸੀ ਤੇ ਜਿਥੇ ਲੈਂਡਲਾਈਨ ਫੋਨ ਦਾ ਪ੍ਰਬੰਧ ਵੀ ਸੀ। ਤਹਿਸੀਲਦਾਰ ਨੇ ਅੱਗੋਂ ਮੇਰਾ ਸੰਪਰਕ 'ਹਿੰਦ ਸਮਾਚਾਰ' ਦੇ ਸਥਾਨਕ ਪੱਤਰਕਾਰ ਨਾਲ ਕਰਵਾ ਦਿੱਤਾ। ਉਸ ਅਨੁਸਾਰ ਚਸ਼ਮਦੀਦਾਂ ਮੁਤਾਬਿਕ ਜਹਾਜ਼ ਪਹਿਲਾਂ ਮੰਡੀ ਜਿਲੇ ਦੀ ਧੁੰਦ ਭਰੀ ਕਾਮਰੂ ਨਾਗ ਦੀ ਚੋਟੀ ਨੇੜਲੇ ਦਰਖਤਾਂ ਵਿਚ ਵੱਜਿਆ, ਫਿਰ ਧਮਾਕੇ ਨਾਲ ਦੁਰਗਮ ਪਰਬਤਮਾਲਾ ਵਿਚ ਜਾ ਟਕਰਾਇਆ। ...ਸੋ ਇੱਕ ਤਰ੍ਹਾਂ ਮੈਂ ਹਾਦਸੇ ਵਾਲੀ ਥਾਂ ਦਾ ਵਰਨਣ ਅੱਖੀ ਡਿਠੇ ਵਾਂਗ ਅਕਾਸ਼ਵਾਣੀ ਦੇ ਦਿੱਲੀ ਤੇ ਚੰਡੀਗੜ੍ਹ ਦੇ ਸਮਾਚਾਰ ਦਫਤਰਾਂ ਨੂੰ ਦੇਣ ਦੇ ਸਮਰੱਥ ਹੋ ਗਿਆ।'

ਹਰ ਵਿਅਕਤੀ ਦੇ ਕਿਤੇ ਦੀਆਂ ਲੋੜਾਂ, ਨਿੱਜੀ ਸਬੰਧਾਂ ਤੇ ਉਸ ਦੇ ਮੂਲ-ਪ੍ਰਬੰਧ ਵਿਚ ਟਕਰਾ ਬਣਿਆ ਹੀ ਰਹਿੰਦਾ ਹੈ। ਹਰ ਹਸਾਸ ਬੰਦੇ ਨਾਲ ਇਹੀ ਵਾਪਰਦਾ ਹੈ। ਕਦੇ ਵਿਅਕਤੀ ਦੇ ਸੰਸਕਾਰ ਕਿੱਤੇ ਦੀਆਂ ਲੋੜਾਂ 'ਤੇ ਭਾਰੂ ਹੁੰਦੇ ਹਨ ਅਤੇ ਕਦੇ ਕਿੱਤੇ ਦੀਆਂ ਜ਼ਿੰਮੇਵਾਰੀਆਂ, ਨਿੱਜੀ ਸਬੰਧਾਂ ਦੇ ਉਤੋਂ ਦੀਆਂ ਪੈਂਦੀਆਂ ਦਿਖਾਈ ਦਿੰਦੀਆਂ ਹਨ। ਇਸ ਦਵੰਦ ਦਾ ਖੂਬਸੂਰਤ ਵਰਨਣ 'ਉਲਟ ਸਿਖਰ' ਬਿਆਨੀਏ ਵਿਚ ਮਿਲਦਾ ਹੈ। ਓਪਰੇਸ਼ਨ 'ਬਲੈਕ ਥੰਡਰ' ਦੀਆਂ ਖਬਰਾਂ ਲਈ ਸਰਕਾਰ ਨੇ ਆਲ ਇੰਡੀਆ ਰੇਡੀਓ ਦੇ ਸੰਵਾਦਦਾਤਾ ਦੀ ਇੱਕ ਵਿਸ਼ੇਸ਼ ਪੋਸਟ ਅੰਮ੍ਰਿਤਸਰ ਵਿਚ ਹੀ ਬਣਾ ਦਿੱਤੀ ਸੀ ਤੇ ਨਾਲ ਹੀ ਹਦਾਇਤਾਂ ਕਰ ਦਿੱਤੀਆਂ ਕਿ ਇਸ ਪੋਸਟ 'ਤੇ ਸਿੱਖ ਵੇਸ਼ਭੂਸ਼ਾ ਵਾਲੇ ਅਫਸਰ ਨੂੰ ਹੀ ਲਾਉਣਾ ਹੈ। ਗੁਣਾ ਦਮਦਮੀ 'ਤੇ ਪਿਆ। ਉਸੇ ਦੇ ਸ਼ਬਦਾਂ ਵਿਚ ਸੁਣੋ,

"ਇਹ ਕੌੜਾ ਇਤਫਾਕ ਸੀ ਕਿ ਜਿਸ ਦਿਨ ਪੀ. ਜੀ. ਆਈ. ਵਿਚ ਬੇਜੀ ਦੀ ਕੀਮੋਥੈਰੇਪੀ ਸ਼ੁਰੂ ਹੋਈ, ਉਸੇ ਹਫਤੇ ਮੇਰੀ ਅੰਮ੍ਰਿਤਸਰ ਦੀ ਬਦਲੀ ਦੇ ਹੁਕਮਾਂ ਵਾਲਾ ਖਾਕੀ ਲਿਫਾਫਾ ਮੇਰੇ ਦਫਤਰੀ ਮੇਜ 'ਤੇ ਪਹੁੰਚ ਗਿਆ ਸੀ। ਮੇਰੇ ਲਈ 'ਕੈਚ ਟਵੈਂਟੀ-ਟੂ' ਵਾਲੀ ਸਥਿੱਤੀ ਬਣ ਗਈ ਸੀ। ਮੇਰੇ ਧੁਰ ਅੰਦਰ ਕਿਧਰੇ ਡੂੰਘੇ ਖੂਹ ਵਿਚ ਪਾਣੀ ਵਾਂਗ ਇਹ ਗੱਲ ਵੀ ਡਲ੍ਹਕਦੀ ਸੀ ਕਿ ਮੈਂ ਉਸ ਟੀਮ ਦਾ ਹਿੱਸਾ ਨਹੀਂ ਸਾਂ ਬਣਨਾ ਚਾਹੁੰਦਾ, ਜੋ 'ਬਲੈਕ ਥੰਡਰ' ਰਾਹੀਂ ਦਰਬਾਰ ਸਾਹਿਬ ਦੀ ਕੀਤੀ ਜਾ ਰਹੀ ਬੇਹੁਰਮਤੀ ਨੂੰ ਰੇਡੀਓ/ਦੂਰਦਰਸ਼ਨ ਦੇ ਜ਼ਰੀਏ ਦੁਨੀਆਂ ਭਰ ਵਿਚ ਪ੍ਰਚਾਰ ਰਹੀ ਸੀ।' ਬਦਲੀ ਰੁਕਵਾਉਣ ਲਈ ਮਹਾਰਾਜਾ ਅਮਰਿੰਦਰ ਸਿੰਘ ਤੱਕ ਰਸਾਈ ਕੀਤੀ। ਉਸ ਨੇ ਰੁਕਵਾ ਦਿੱਤੀ। ਮਹਾਰਾਜੇ ਦੀ ਸਰਪ੍ਰਸਤੀ ਤੇ ਖਬਰਗੀਰੀ ਦੇ ਫਰਜ਼ਾਂ ਵਿਚੋਂ ਪਾਸਾ ਕਿਧਰ ਝੁਕਦਾ ਹੈ, ਆਓ ਦਮਦਮੀ ਦੇ ਸ਼ਬਦਾਂ ਵਿਚ ਦੇਖਦੇ ਹਾਂ, "ਸੰਨ 2006 ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣ ਗਿਆ ਤੇ ਤਿੰਨ ਸਾਲ ਇਸ ਅਹੁਦੇ ਦੀ ਨਰਮੀ ਅਤੇ ਗਰਮੀ ਹੰਢਾਈ। ਤਦ ਪੰਜਾਬ ਵਿਚ ਬਾਦਲਾਂ ਦੀ ਸਰਕਾਰ ਸੀ। ਸਾਬਕਾ ਮੁੱਖ ਮੰਤਰੀ ਮਹਾਰਾਜਾ ਅਮਰਿੰਦਰ ਸਿੰਘ ਇੱਕ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਕਾਰਨ ਮੀਡੀਆ ਵਿਵਾਦ ਵਿਚ ਨਵੇਂ ਨਵੇਂ ਫਸੇ ਸਨ। ਸੱਤਾਧਾਰੀ ਬਾਦਲਾਂ ਸਮੇਤ ਮਹਾਰਾਜਾ ਦੇ ਵਿਰੋਧੀ ਸਿਆਸੀ ਫਾਇਦਾ ਲੈਣ ਲਈ ਇਸ ਮਾਮਲੇ ਨੂੰ ਅਕਸਰ ਉਛਾਲਦੇ ਸੀ। ਇੰਟਰਵਿਊ ਵਿਚ ਅਰੂਸਾ ਤੋਂ ਮੈਂ ਉਨ੍ਹਾਂ ਦੇ ਮਹਾਰਾਜਾ ਸਾਹਿਬ ਨਾਲ ਸਬੰਧਾਂ ਦੀ ਹਕੀਕਤ ਜਾਣਨੀ ਚਾਹੀ, ਕਿਉਂਕਿ ਮਹਾਰਾਜੇ ਦੇ ਸਿਆਸੀ ਵਿਰੋਧੀ ਵਾਰ ਵਾਰ ਇਹ ਮੁੱਦਾ ਉਠਾ ਰਹੇ ਸਨ।...ਖਬਰ ਤਿਆਰ ਹੋ ਕੇ ਆਈ, 'ਅਰੂਸਾ ਆਲਮ ਨੇ ਮਹਾਰਾਜੇ ਦੀ ਦੋਸਤ ਹੋਣਾ ਕਬੂਲਿਆ।' ਪ੍ਰੈਸ ਵਿਚ ਭੇਜਣ ਤੋਂ ਪਹਿਲਾਂ ਇੱਕ ਵਾਰ ਫੇਰ ਖਬਰ ਪੜ੍ਹੀ ਤਾਂ ਮਨ ਦੁਚਿੱਤੀ ਵਿਚ ਫਸ ਗਿਆ। ਪੰਜਾਬ ਦੀ ਉਨ੍ਹਾਂ ਦਿਨਾਂ ਦੀ ਸਿਆਸਤ ਦੇ ਪ੍ਰਸੰਗ ਵਿਚ ਖਬਰ ਸਾਬਕਾ ਮੁੱਖ ਮੰਤਰੀ ਨੂੰ ਪ੍ਰੇਸ਼ਾਨ ਕਰ ਸਕਦੀ ਸੀ। ਸਿਮ੍ਰਤੀ ਵਿਚ ਪਟਿਆਲਾ ਰਿਆਸਤ ਦੇ ਨਿਸ਼ਾਨ ਵਾਲਾ ਉਹ ਲਿਫਾਫਾ ਉਜਾਗਰ ਹੋ ਗਿਆ, ਜਿਸ ਨੇ ਮੈਨੂੰ ਅੱਤ ਦੀ ਮੁਸ਼ਕਿਲ ਤੋਂ ਬਚਾਇਆ ਸੀ। ਅਹਿਸਾਨ ਵਿਚ ਦੱਬਿਆ ਮਨ ਖਬਰ ਨੂੰ ਰੱਦ ਕਰਨ ਜਾਂ ਅੰਦਰਲੇ ਸਫਿਆਂ ਵਿਚ ਦੱਬਣ ਦੀ ਸੋਚਣ ਲੱਗਿਆ।...ਪਰ ਅਗਲੇ ਦਿਨ ਅਖਬਾਰ ਦੇ ਪਹਿਲੇ ਸਫੇ ਦੇ ਸਿਖਰ 'ਤੇ ਸਾਥੋਂ ਇਹ ਖਬਰ 'ਚਾਰ ਕਾਲਮੀ' ਲੱਗ ਗਈ ਸੀ।" (ਪੰਨਾ68)

ਇਸ ਪੁਸਤਕ ਵਿਚ ਸਿਰਫ ਮੀਡੀਆ ਹੀ ਨਹੀਂ, ਮਾਣਕ ਵਰਗੇ ਗਾਇਕ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਅੰਮ੍ਰਿਤਾ ਪ੍ਰੀਤਮ ਅਤੇ ਗਾਰਗੀ ਵਰਗੀਆਂ ਸ਼ਖਸੀਅਤਾਂ ਨਾਲ ਮੁਲਾਕਾਤਾਂ ਦੇ ਝਲਕਾਰੇ ਵੀ ਮਿਲਣਗੇ। ਧਰਮ ਅਤੇ ਸਿਆਸਤ ਦੇ ਸੰਯੋਗ ਵਿਚ, ਅੰਤਿਮ ਤੌਰ 'ਤੇ ਧਰਮ ਸਿਆਸਤ ਦੇ ਹੱਕ ਵਿਚ ਹੀ ਭੁਗਤਦਾ ਹੈ। ਇਸ ਗੱਲ ਦੀ ਪੁਸ਼ਟੀ ਟੌਹੜੇ ਨਾਲ ਹੋਈਆਂ 'ਖਰੀਆਂ ਖਰੀਆਂ' ਪ੍ਰੋਗਰਾਮ ਵਿਚ ਹੁੰਦੀ ਹੈ। ਆਪਣੀ ਧਾਰਮਿਕ ਪ੍ਰਤੀਬੱਧਤਾ ਦੇ ਬਾਵਜੂਦ ਪੈਸੇ ਖੁਣੋਂ ਥੁੜ੍ਹਿਆ ਹੋਣ ਕਰਕੇ ਸਿਆਸਤ ਵਿਚ ਉਹ ਸਾਰੀ ਉਮਰ ਹਾਸ਼ੀਆਗ੍ਰਸਤ ਬਣਿਆ ਰਹਿੰਦਾ ਹੈ।

'ਖਬਰ ਖਤਮ' ਲਿਖਣ ਦੀ ਪ੍ਰੇਰਣਾ ਬਾਰੇ ਪੁੱਛਣ 'ਤੇ ਲੇਖਕ ਦਾ ਕਹਿਣਾ ਹੈ, 'ਮੇਰੇ ਲਈ ਸਵੈ-ਜੀਵਨੀ ਲਿਖਣਾ ਸਰਗਰਮ ਜੀਵਨ ਨੂੰ ਸੰਤੋਖਣ ਦੀ ਥਾਂ ਅਧੂਰੇ ਨੂੰ ਪੂਰਾ ਕਰਨਾ ਹੈ। ਜਾਂ ਚੇਤੇ ਦੀਆਂ ਉਹ ਕੋਠੜੀਆਂ ਖੋਲਣਾ, ਜੋ ਮੀਡੀਏ ਦੀ ਰਫਤਾਰ ਨੇ ਓਹਲੇ ਕਰੀ ਰੱਖੀਆਂ। ਕਿਉਂਕਿ ਇਸ ਬਹੁਰੰਗੇ ਬਿਰਤਾਂਤ ਦੀਆਂ ਬਹੁਤੀਆਂ ਘਟਨਾਵਾਂ ਵਿਚ ਪ੍ਰੋਖ ਜਾਂ ਅਪ੍ਰੋਖ ਰੂਪ ਵਿਚ ਮੈਂ ਖੁਦ ਹਾਜ਼ਰ ਸਾਂ। ਘਟਨਾਵਾਂ ਦੇ ਰੰਗ ਦੇਖੇ, ਰਫਤਾਰ ਮਹਿਸੂਸ ਕੀਤੀ ਤੇ ਉਨ੍ਹਾਂ ਦਾ ਖੜਾਕ ਵੀ ਸੁਣਿਆ ਅਤੇ ਦੇਖਿਆ ਕਿ ਮਿੰਟਾਂ-ਸਕਿੰਟਾਂ ਵਿਚ ਹੀ ਅਹਿਮ ਨੂੰ ਮਾਮੂਲੀ ਤੇ ਮਾਮੂਲੀ ਨੂੰ ਅਹਿਮ, ਭਰੇ ਨੂੰ ਖਾਲੀ ਤੇ ਖਾਲੀ ਨੂੰ ਭਰਿਆ ਦਿਖਾਇਆ ਜਾਂਦਾ ਹੈ। ਮੈਂ ਜੋ ਤੱਕਿਆ, ਉਹ ਤੋਲਿਆ, ਜੋ ਤੋਲਿਆ, ਉਹ ਲਿਖਿਆ...।'

ਸਮੁੱਚੇ ਰੂਪ ਵਿਚ ਇਹ ਪੁਸਤਕ, ਲੇਖਕ ਦੇ ਉਕਤ ਅਹਿਦ ਦੀ ਸ਼ਾਹਦੀ ਭਰਦੀ ਹੈ। ਇੱਕ ਸੌ ਚਾਲੀ ਸਫਿਆਂ ਵਾਲੀ ਇਸ ਸਜਿਲਦ ਪੁਸਤਕ ਨੂੰ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਬੜੀ ਰੀਝ ਨਾਲ ਛਾਪਿਆ ਹੈ। (ਕਿਤਾਬ ਲੈਣ ਲਈ ਫੋਨ: 91-94170-13869 ਉਤੇ ਸੰਪਰਕ ਕੀਤਾ ਜਾ ਸਕਦਾ ਹੈ)

---

## ਸੂਖਮ ਸੰਵਾਦ

**ਕੰਵਲ ਭੱਟੀ**
ਸਿਨਸਿਨੈਟੀ, ਓਹਾਇਓ
kanwalbhatti21@gmail.com

ਸਵੇਰੇ ਉੱਠ ਘਰ ਦੀ ਸਫਾਈ ਕਰਨੀ, ਚੀਜ਼ਾਂ ਨੂੰ ਤਰਤੀਬ 'ਚ ਰੱਖਣਾ ਸੁਆਣੀ ਦਾ ਰੋਜ਼ਾਨਾ ਜੀਵਨ ਦਾ ਨਿਯਮ ਹੈ। ਸਾਲ 'ਚ ਪੰਜ-ਛੇ ਵਾਰ ਤਾਂ ਡੂੰਘੀ ਸਫਾਈ ਕਰ ਹੀ ਲਈ ਜਾਂਦੀ ਹੈ, ਜਿਸ ਨਾਲ ਗੈਰ-ਜ਼ਰੂਰੀ ਵਸਤਾਂ ਸੁੱਟ ਦਿੰਦੇ ਹਾਂ, ਉਨ੍ਹਾਂ 'ਚੋਂ ਹੰਢਣਸਾਰ ਵਸਤਾਂ ਦੀ ਮੁਰੰਮਤ ਕਰਕੇ ਰੱਖ ਲੈਂਦੇ ਹਾਂ ਤੇ ਨਵੀਆਂ ਵਸਤਾਂ ਦੀ ਜਗ੍ਹਾ ਬਣਾ ਲੈਂਦੇ ਹਾਂ, ਜਿਸ ਨਾਲ ਘਰ ਤਰੋ-ਤਾਜ਼ਾ ਤੇ ਖੁੱਲ੍ਹਾ ਹੋ ਜਾਂਦਾ ਹੈ। ਇਹੀ ਅਸੂਲ ਦਿਮਾਗ ਦੀ ਸਫਾਈ ਲਈ ਵੀ ਅਪਨਾਉਣਾ ਜ਼ਰੂਰੀ ਹੈ, ਜਿਸ 'ਤੇ ਚੱਲ ਕੇ ਬੇਲੋੜੇ ਵਿਚਾਰਾਂ ਨੂੰ ਬਾਹਰ ਸੁੱਟ ਦਈਏ ਤੇ ਕੁਝ ਕੁ ਵਿਚਾਰਾਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਹੰਢਣਸਾਰ ਬਣਾ ਲਈਏ ਤੇ ਦਿਮਾਗ ਨੂੰ ਐਨਾ ਕੁ ਦਰੁਸਤ ਰੱਖੀਏ ਤਾਂ ਜੋ ਨਵੇਂ ਵਿਚਾਰਾਂ ਨੂੰ ਪਨਾਹ ਮਿਲ ਸਕੇ। ਇਹੀ ਸ਼ੁੱਧਤਾ ਤੇ ਸਵੱਛਤਾ ਦਾ ਨਿਯਮ ਹੈ।

ਕਾਸ਼! ਮਨੁੱਖ ਦਾ ਅੰਦਰੂਨੀ ਹਿੱਸਾ ਸਮੁੰਦਰ ਵਾਂਗ ਸ਼ਾਂਤ ਹੋ ਜਾਵੇ, ਜੋ ਆਪਾ ਵਿਰੋਧੀ ਸ਼ਬਦ ਸੁਣ ਕੇ ਉੱਛਲੇ ਨਾ, ਜਿਵੇਂ ਮੀਂਹ ਪੈਣ ਨਾਲ ਨਦੀਆਂ, ਨਾਲੇ ਤਾਂ ਭਰ ਜਾਂਦੇ ਹਨ, ਪਰ ਸਮੁੰਦਰ ਨਹੀਂ ਉੱਛਲਦਾ। ਕਾਸ਼! ਮਨੁੱਖ ਦੀ ਦੁੱਖ-ਸੁੱਖ ਸਹਿਣ ਦੀ ਸ਼ਕਤੀ ਸਮੁੰਦਰ ਵਾਂਗ ਹੋ ਜਾਵੇ, ਜੋ ਲੂੰਆਂ ਵਗਣ 'ਤੇ ਨਦੀਆਂ, ਨਾਲਿਆਂ ਵਾਂਗ ਨਾ ਸੁੱਕੇ।

ਬਿਨਾ ਜਾਣੇ ਕਿਸੇ ਦੇ ਚਰਿੱਤਰ ਨੂੰ ਆਪਣੇ ਹਿਸਾਬ ਨਾਲ ਲੋਕਾਂ 'ਚ ਉਘਾਣਨਾ ਦੁਸ਼ਮਣੀ ਕੱਢਣ ਦਾ ਸਭ ਤੋਂ ਸੌਖਾ ਜ਼ਰੀਆ ਹੈ। ਹਰ ਕਿਸੇ ਨਾਲ ਸਾਡਾ ਵਿਹਾਰ ਚੰਗਾ ਜਾਂ ਹਰ ਵਾਰ ਬੁਰਾ ਨਹੀਂ ਹੁੰਦਾ। ਹਾਲਾਤ ਵਿਹਾਰ ਨੂੰ ਪ੍ਰੇਰਿਤ ਕਰਦੇ ਹਨ। ਕਿਸੇ ਨੇ ਤੁਹਾਡੇ ਨਾਲ ਚੰਗਾ ਜਾਂ ਬੁਰਾ ਵਿਹਾਰ ਕੀਤਾ, ਉਸ ਲਈ ਹਾਲਾਤ ਜ਼ਿੰਮੇਵਾਰ ਸੀ। ਜੋ ਤੁਹਾਡੇ ਲਈ ਮਾੜਾ ਹੈ, ਉਹ ਹਰ ਕਿਸੇ ਲਈ ਮਾੜਾ ਨਹੀਂ ਹੋਵੇਗਾ। ਸੋ, ਆਪਣੀ ਸੋਚ ਦੇ ਤਰਾਜੂ ਨਾਲ ਕਿਸੇ ਨੂੰ ਤੋਲਣ ਲਈ ਮਜ਼ਬੂਰ ਨਾ ਕਰੋ। ਇੱਕ ਵਿਸ਼ੇ 'ਤੇ ਬਹਿਸ ਕੇ ਦੂਜੇ ਨੂੰ ਗਲਤ ਤੇ ਖੁਦ ਨੂੰ ਠੀਕ ਦੱਸਣਾ ਛੱਡੋ। ਨਹੀਂ ਤਾਂ ਇਸ ਨਾਲ ਤੁਹਾਡਾ ਅਕਸ਼ ਧੁੰਦਲਾ ਹੋਵੇਗਾ, ਕਿਉਂਕਿ ਜ਼ਿੰਦਗੀ 'ਚ ਵਿਚਰਨ ਦਾ ਤਰੀਕਾ ਸਭ ਦਾ ਆਪੋ-ਆਪਣਾ, ਇਸ ਲਈ ਆਪਣੇ ਤਰੀਕੇ, ਆਪਣੀ ਸੋਚ ਕਿਸੇ 'ਤੇ ਨਾ ਥੋਪੋ।

ਕੂੜਾ ਸਿੱਟੇ 'ਤੇ ਕੂੜਾ ਹੀ ਮਿਲੇਗਾ, ਇਹ ਗੱਲ ਨਿਸ਼ਚਿਤ ਹੈ। ਫਿਰ ਭਾਵੇਂ ਸ਼ਬਦਾਂ ਦੇ ਰੂਪ 'ਚ ਹੋਵੇ, ਕਾਰਜ ਦੇ ਰੂਪ 'ਚ ਹੋਵੇ ਜਾਂ ਵਿਹਾਰ ਦੇ ਰੂਪ 'ਚ। ਮਿਸਾਲ ਵਜੋਂ ਨਸ਼ਾ ਵੇਚ ਕੇ ਖੱਟਿਆ ਪੈਸਾ ਇੱਜਤ ਦੀ ਜ਼ਿੰਦਗੀ ਨਹੀਂ ਦਿਵਾਏਗਾ, ਕਿਉਂਕਿ ਇਹ ਰੱਬ ਨੂੰ ਨਾਰਾਜ਼ ਕਰਨ ਦਾ ਰਸਤਾ, ਇਹ ਅਪਰਾਧ ਹੈ, ਪਰ ਇਸ ਤੋਂ ਵੀ ਵੱਡਾ ਅਪਰਾਧ ਹੈ ਕਿਸੇ ਨੂੰ ਨਸ਼ਾ ਕਰਨ ਲਈ ਦਿੱਤਾ ਪੈਸਾ। ਕਿਸੇ ਦਾ ਘਰ ਪੱਟਣ ਨਾਲ ਆਪਣੇ ਘਰ ਨਹੀਂ ਵਸਦੇ ਹੁੰਦੇ। ਤਦ ਹੀ ਕਿਹਾ ਜਾਂਦਾ ਹੈ, ਸੰਕੋਚ ਜ਼ਿੰਦਗੀ ਦਾ ਆਧਾਰ, ਮਾੜੇ ਕਾਰਜ ਵੱਲ ਬੰਦਾ ਉਦੋਂ ਵਧਦਾ ਹੈ, ਜਦੋਂ ਪਰਮਾਤਮਾ ਉਸ ਨਾਲ ਰੁੱਸਦਾ ਹੈ।

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਪੂਰਨਤਾ ਦਾ ਪੰਧ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਨੇ ਦੁੱਖਾਂ-ਦਰਦਾਂ ਉਤੇ ਦਵਾਈ ਦੇ ਨਾਲ ਨਾਲ ਦੁਆ ਦੇ ਮੱਲ੍ਹਮ ਲਾਉਣ ਦਾ ਯਤਨ ਕੀਤਾ ਸੀ। ਉਹ ਕਹਿੰਦੇ ਹਨ, "ਦੁੱਖਾਂ-ਦਰਦਾਂ ਦੇ ਵਹੀ ਖਾਤਿਆਂ ਨੂੰ ਫਰੋਲਿਆਂ ਅਤੇ ਹਿਸਾਬ-ਕਿਤਾਬ ਕੀਤਿਆਂ ਤੁਹਾਨੂੰ ਆਪਣੇ ਤੇ ਪਰਾਏ, ਖੂਨ ਦੇ ਰਿਸ਼ਤੇ ਤੇ ਪ੍ਰੇਮ ਸਬੰਧ ਅਤੇ ਅਸਲੀਅਤ ਤੇ ਮਖੌਟੇ ਵਿਚਲੇ ਫਰਕ ਦਾ ਪਤਾ ਲੱਗਦਾ।...ਪਰ ਦੁਆ ਬੰਦੇ ਦੀ ਮਾਨਸਿਕਤਾ ਵਿਚਲਾ ਬਦਲਾਅ।...ਦੁਆ ਕਰੋ ਕਿ ਹਰ ਦਿਨ ਜ਼ਿੰਦਗੀ ਦੇ ਰੰਗਾਂ ਨਾਲ ਭਰਿਆ ਹੋਵੇ। ਹਰ ਪਲ ਸ਼ੁਕਰ-ਗੁਜ਼ਾਰੀ ਨਾਲ ਵਰਿਆ ਹੋਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ 'ਪੂਰਨਤਾ ਦੇ ਪੰਧ' ਉਤੇ ਕਦਮ-ਕਦਮ ਤੁਰਦਿਆਂ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣ ਲਈ ਪਹਿਲਕਦਮੀ ਕਰਦੇ ਰਹਿਣ ਦਾ ਹੋਕਾ ਦਿੱਤਾ ਹੈ, ਕਿਉਂਕਿ "ਅੱਧੀ-ਅਧੂਰੀ ਜ਼ਿੰਦਗੀ ਨੂੰ ਜਿਊਣਾ, ਜੀਵਨ ਦੀ ਬੇਅਦਬੀ ਤੇ ਬੇਰੁਹਮਤੀ।... ਮਨੁੱਖ ਜੀਵਨ ਦੇ ਹਰ ਪੜਾਅ, ਵਕਤ ਦੇ ਹਰ ਪਹਿਰ ਤੇ ਪਲ-ਪਲ ਕੁਝ ਨਾ ਕੁਝ ਸਿੱਖਦਾ ਅਤੇ ਇਸ ਨੂੰ ਆਪਣੀ ਸੋਚ, ਸਮਝ ਅਤੇ ਜੀਵਨ ਸ਼ੈਲੀ ਦਾ ਹਿੱਸਾ ਬਣਾਉਂਦਾ। ਬੰਦੇ ਦਾ ਅਪੂਰਨ ਤੋਂ ਪੂਰਨਤਾ ਨੂੰ ਜਾਣਾ, ਨਿਰੰਤਰ ਕਾਰਜ।" ਉਹ ਕਹਿੰਦੇ ਹਨ, "ਸੁਪਨਾ ਲਓ ਅਤੇ ਇਸ ਨੂੰ ਪੂਰਾ ਕਰਨ ਲਈ ਪੂਰਨ ਰੂਪ ਵਿਚ ਖੁਦ ਨੂੰ ਸਮਰਪਿਤ ਕਰੋ। ਸੁਪਨੇ ਵਿਚੋਂ ਪੈਦਾ ਹੋਈਆਂ ਸਿਰਨਾਵਿਆਂ ਵਰਗੀਆਂ ਸਫਲਤਾਵਾਂ ਤਹਿਰੀਕ ਦਾ ਸੋਨ-ਵਰਕਾ ਹੁੰਦੀਆਂ।... ਜ਼ਿੰਦਗੀ ਪ੍ਰਤੀ ਸਮਰਪਣ ਵਿਚੋਂ ਹੀ ਸਮਾਜ ਅਤੇ ਪਰਿਵਾਰ ਨੂੰ ਨਵੀਂ ਦਿਸ਼ਾ ਤੇ ਸੇਧ ਮਿਲਦੀ।" ਡਾ. ਭੰਡਾਲ ਦੀ ਇਹ ਟਿੱਪਣੀ ਵੀ ਬੜੀ ਵਜ਼ਨਦਾਰ ਹੈ, "ਖੁਦ ਦੀ ਪੂਰਨਤਾ ਲਈ ਇਹ ਵੀ ਜਰੂਰੀ ਕਿ ਨਾਂਹ ਕਰਨਾ ਵੀ ਸਿੱਖੋ। ਜੇ ਅਸਹਿਮਤ ਹੋ ਤਾਂ ਅਸਹਿਮਤ ਰਹੋ। ਮੂਕ ਸਹਿਮਤੀ, ਅਸਹਿਮਤੀ ਨਾਲੋਂ ਖਤਰਨਾਕ।"***

ਜ਼ਿੰਦਗੀ ਇਕ ਸੁੰਦਰ ਸਫਰ। ਅਪੂਰਨਤਾ ਤੋਂ ਪੂਰਨਤਾ ਵੱਲ ਦੀ ਯਾਤਰਾ। ਅਗਿਆਨਤਾ ਤੋਂ ਗਿਆਨ ਪ੍ਰਾਪਤ ਕਰਨ ਦਾ ਵੱਲ। ਬੇਸਮਝੀ ਤੋਂ ਸਿਆਣੇ ਬਣਨ ਦਾ ਉਮਾਹ। ਸਮਾਜ ਨੂੰ ਸਮਝਣ ਦੀ ਚੇਤਨਾ। ਬੰਦਿਆਂ ਦੇ ਵਿਹਾਰ, ਵਤੀਰੇ ਤੇ ਵਰਤੋਂ ਨੂੰ ਬਾਖੂਬੀ ਨਾਲ ਦੇਖਣ ਦੀ ਤਮੰਨਾ। ਸਭ ਤੋਂ ਅਹਿਮ ਹੈ ਖੁਦ ਨੂੰ ਪਛਾਨਣਾ ਅਤੇ ਖੁਦ ਦੀਆਂ ਖੂਬੀਆਂ, ਖਿਆਲਾਂ, ਖੁਆਬਾਂ ਤੇ ਖਬਤਾਂ ਨੂੰ ਵਿਸਥਾਰਨ ਅਤੇ ਇਨ੍ਹਾਂ ਦੀ ਵਿਲੱਖਣਤਾ ਤੇ ਵਿਭਿੰਨਤਾ ਨੂੰ ਵਿਅਕਤਤਵ ਦਾ ਹਿੱਸਾ ਬਣਾਉਣਾ।

ਮਨੁੱਖ ਕਦੇ ਵੀ ਪੂਰਨ ਨਹੀਂ ਹੁੰਦਾ। ਉਹ ਜੀਵਨ ਦੇ ਹਰ ਪੜਾਅ, ਵਕਤ ਦੇ ਹਰ ਪਹਿਰ ਤੇ ਪਲ-ਪਲ ਕੁਝ ਨਾ ਕੁਝ ਸਿੱਖਦਾ ਅਤੇ ਇਸ ਨੂੰ ਆਪਣੀ ਸੋਚ, ਸਮਝ ਅਤੇ ਜੀਵਨ ਸ਼ੈਲੀ ਦਾ ਹਿੱਸਾ ਬਣਾਉਂਦਾ। ਬੰਦੇ ਦਾ ਅਪੂਰਨ ਤੋਂ ਪੂਰਨਤਾ ਨੂੰ ਜਾਣਾ, ਨਿਰੰਤਰ ਕਾਰਜ। ਹਰ ਵਸਤ, ਵਰਤਾਰੇ, ਵਿਹਾਰ ਅਤੇ ਵਿਲੱਖਣਤਾ ਵਿਚੋਂ ਕੁਝ ਦੇਖਣਾ ਤੇ ਸਮਝਣਾ। ਇਸ ਵਿਚੋਂ ਚੰਗੇਰੇ ਗੁਣਾਂ ਨੂੰ ਗ੍ਰਹਿਣ ਕਰਨਾ ਹੀ ਚੰਗੇ ਮਨੁੱਖ ਦਾ ਸੁਭਾਅ।

ਜ਼ਿੰਦਗੀ ਦੀਆਂ ਬਹੁ-ਪਰਤਾਂ, ਬਹੁ-ਪ੍ਰਤੀਤੀਆਂ ਤੇ ਬਹੁ-ਪਹਿਲੂ ਅਤੇ ਹਰੇਕ ਨੂੰ ਉਸ ਦੇ ਸੰਦਰਭ ਵਿਚ ਹੀ ਸਮਝਣਾ ਜਰੂਰੀ। ਸੰਦਰਭ ਤੋਂ ਬਾਹਰੀ ਜਾ ਕੇ ਮਨੁੱਖ ਆਪ ਵੀ ਗਵਾਚਦਾ ਅਤੇ ਸਫਰ ਨੂੰ ਅੱਧਵਾਟੇ ਛੱਡਦਾ।

ਜ਼ਿੰਦਗੀ ਕਦੇ ਵੀ ਅੱਧੇ-ਅਧੂਰੇਪਣ ਦੀ ਮੁਥਾਜ ਨਹੀਂ ਅਤੇ ਨਾ ਹੀ ਇਸ ਨੂੰ ਅਸੀਂ ਅਸਾਵੇਂਪਣ ਤੇ ਅਰਧ-ਅਰਥਕਾਰੀ ਨਾਲ ਸਮਝ ਤੇ ਸਮਝਾ ਸਕਦੇ। ਬਰਨੀਤੇ, ਬਦਨੀਤੇ ਬਦਹਵਾਸ ਤੇ ਬਦਇੰਤਜ਼ਾਮੀਏ ਲੋਕਾਂ ਲਈ ਜ਼ਿੰਦਗੀ ਬਹੁਤ ਵੱਡੀ ਚੁਣੌਤੀ ਅਤੇ ਉਹ ਕਦੇ ਵੀ ਇਸ ਦੀ ਵੰਗਾਰ ਦਾ ਸਾਹਮਣਾ ਨਹੀਂ ਕਰ ਸਕਦੇ।

ਧਰਮ-ਗ੍ਰੰਥ, ਗੁਰੂਆਂ ਤੇ ਮਹਾਨ ਵਿਅਕਤੀਆਂ ਦੀਆਂ ਸਿਆਣਪਾਂ ਅਤੇ ਬਜੁਰਗਾਂ ਦੀ ਨਸੀਹਤਾਂ ਨਾਲ ਭਰੇ। ਇਹ ਜ਼ਿੰਦਗੀ ਨੂੰ ਪੂਰਨ ਰੂਪ ਵਿਚ ਸਮਝਣ ਅਤੇ ਸੰਪੂਰਨਤਾ ਲਈ ਖੁਦ ਨੂੰ ਅਰਪਿਤ ਕਰਨ ਲਈ ਲਾਹੇਵੰਦ। ਜ਼ਿੰਦਗੀ ਪ੍ਰਤੀ ਸਮਰਪਣ ਵਿਚੋਂ ਹੀ ਸਮਾਜ ਅਤੇ ਪਰਿਵਾਰ ਨੂੰ ਨਵੀਂ ਦਿਸ਼ਾ ਤੇ ਸੇਧ ਮਿਲਦੀ। ਉਹ ਨਵੇਂ ਸਰੋਕਾਰਾਂ, ਸੁਪਨਿਆਂ ਸੰਦੇਸ਼ਾਂ ਤੇ ਸਰਜਮੀਂ ਨੂੰ ਸਿਰਜਣ ਵਿਚ ਪਹਿਲ ਕਰਦੇ।

ਸੰਸਾਰ ਵਿਚ ਸਮੁੱਚਾ ਵਿਕਾਸ ਹੀ ਇਸ ਗੱਲ ਦਾ ਸਬੂਤ ਕਿ ਮਨੁੱਖ ਸਦਾ ਹੀ ਕੁਝ ਨਾ ਕੁਝ ਨਵਾਂ ਸਮਝਣ, ਸੋਚਣ ਅਤੇ ਕਰਨ ਦਾ ਜਨੂਨ ਪੈਦਾ ਕਰਦਾ ਤੇ ਅਪੂਰਨਤਾ ਤੋਂ ਪੂਰਨਤਾ ਵੱਲ ਪੁਲਾਂਘ ਪੁੱਟਦਾ। ਅਜੋਕੀ ਤਰੱਕੀ ਇਸ ਗੱਲ ਦੀ ਸ਼ਾਹਦੀ ਹੈ ਕਿ ਨਵੀਆਂ ਖੋਜਾਂ, ਕਾਢਾਂ ਤੇ ਕੀਰਤੀਮਾਨਾਂ ਨੇ ਮਨੁੱਖ ਨੂੰ ਪੂਰਨਤਾ ਵੱਲ ਤੋਰਿਆ ਹੈ।

ਅਪੂਰਨਤਾ ਤੋਂ ਪੂਰਨਤਾ ਦੇ ਸਫਰ ਦੀਆਂ ਬਹੁ-ਦਿਸ਼ਾਵਾਂ ਅਤੇ ਇਨ੍ਹਾਂ ਦੀ ਸਮੁੱਚਤਾ ਵਿਚੋਂ ਸੰਸਾਰ ਨੂੰ ਨਵੀਂ ਦਿੱਖ ਤੇ ਦ੍ਰਿਸ਼ਟੀਕੋਣ ਮਿਲਦਾ। ਸਭ ਤੋਂ ਪਹਿਲਾਂ ਵਿਅਕਤੀ ਨਿੱਜੀ ਲੋੜਾਂ ਤੇ ਥੋੜ੍ਹਾਂ ਨੂੰ ਪੂਰਨ ਕਰਨ ਵੱਲ ਕਦਮ ਪੁੱਟਦਾ। ਇਨ੍ਹਾਂ ਵਿਚ ਮੁੱਖ ਤੌਰ 'ਤੇ ਰੋਟੀ, ਕੱਪੜਾ ਤੇ ਮਕਾਨ ਹੁੰਦਾ; ਪਰ ਅਜਿਹੀ ਪੂਰਨਤਾ ਕਿਸ ਮਨੁੱਖ ਲਈ, ਕੀ ਅਰਥ ਰੱਖਦੀ ਹੈ, ਹਰੇਕ ਦਾ ਵੱਖੋ-ਵੱਖਰਾ ਨਜ਼ਰੀਆ। ਪੂਰਨਤਾ ਕਦੇ ਵੀ ਮੁਥਾਜੀ ਜਾਂ ਬਹੁਤਾਤ ਨਹੀਂ। ਇਹ ਤਾਂ ਸੀਮਤ ਲੋੜਾਂ ਵਿਚੋਂ ਸਿਰਜੀ ਪੂਰਨਤਾ ਦਾ ਜਲੌਅ, ਜੋ ਮਨੁੱਖ ਨੂੰ ਜ਼ਿੰਦਗੀ ਦੇ ਸੁੱਚਮ ਨਾਲ ਵੀ ਜੋੜਦਾ ਅਤੇ ਉਸ ਦੀ ਸੋਚ ਦੀ ਉਚਾਈ, ਪਕਿਆਈ ਅਤੇ ਉਤਮਤਾ ਨੂੰ ਵੀ ਲੋਚਦਾ। ਅਜਿਹੇ ਲੋਕ ਭੋਖੜੇ ਦੇ ਸ਼ਿਕਾਰ ਨਹੀਂ ਹੁੰਦੇ।

ਦੂਸਰੀ ਲੋੜ ਹੁੰਦੀ ਹੈ ਭਾਵਨਾਤਮਿਕਤਾ ਯਾਨਿ ਮਾਨਸਿਕ ਖਲਾਅ ਨੂੰ ਭਰਨਾ। ਜੀਵਨ ਦੀਆਂ ਵਿਰਲਾਂ ਤੇ ਵਿੱਥਾਂ ਨੂੰ ਮਾਨਸਿਕ ਸਾਂਝਾਂ, ਰਿਸ਼ਤਿਆਂ ਤੇ ਸਬੰਧਾਂ ਨਾਲ ਭਰਨਾ ਅਤੇ ਇਸ ਦੀ ਭਰਪਾਈ ਵਿਚੋਂ ਸੁਖਨ ਤੇ ਸਕੂਨ ਨੂੰ ਜ਼ਿੰਦਗੀ ਦੀ ਵੀਰਾਨਗੀ ਦੇ ਨਾਮ ਕਰਨਾ। ਸ਼ਾਂਤ, ਸਹਿਜ, ਸਾਦਗੀ ਭਰਪੂਰ ਅਤੇ ਸਧਾਰਨ ਜੀਵਨ-ਸ਼ੈਲੀ ਨਾਲ ਸਰਬ-ਸੁਖਨ ਨੂੰ ਮਾਣਨ ਦਾ ਵੱਲ ਹੀ ਮਨੁੱਖ ਦੀ ਸਭ ਤੋਂ ਅਹਿਮ ਪ੍ਰਾਪਤੀ। ਇਹ ਪੂਰਨਤਾ ਭਰੀ ਪ੍ਰਾਪਤੀ ਬਹੁਤ ਹੀ ਵਿਰਲੇ ਲੋਕਾਂ ਦਾ ਨਸੀਬ। ਇਸ ਲਈ ਜਰੂਰੀ ਹੈ ਕਿ ਯਕੀਨ ਅਤੇ ਦੁਆ ਦੇ ਰੰਗ ਵਿਚ ਰੰਗੇ ਰਹੀਏ। ਕੋਹਝ, ਕਪਟ, ਕੂੜ ਤੇ ਕੁਚੱਜ ਤੋਂ ਬਚੇ ਰਹੀਏ। ਕਮੀਨਗੀ, ਕਰੂਰਤਾ, ਕੁਚੱਜਤਾ, ਕੁਕਰਮ ਅਤੇ ਕਲਯੋਗਣੀ ਸੋਚ ਨੂੰ ਨੇੜੇ ਨਾ ਫਟਕਣ ਦੇਈਏ। ਮਨ ਵਿਚ ਪਲਰਦੀਆਂ ਕਲਾ-ਬਿਰਤੀਆਂ ਨੂੰ ਪੁੰਗਰਨ ਅਤੇ ਫੈਲਰਣ ਦਾ ਮੌਕਾ ਦੇਈਏ। ਕੁਦਰਤ ਦੀ ਸੰਗਤਾ ਵਿਚੋਂ ਸਾਹ-ਸਦੀਵਤਾ ਨੂੰ ਮਾਣਨ ਦਾ ਅਹਿਦ ਕਰੀਏ।

ਹਰ ਮਨੁੱਖ ਖੁਦ ਲਈ ਤਾਂ ਸਭ ਕੁਝ ਕਰਦਾ, ਪਰ ਮਨ ਵਿਚਲੇ ਲੋਕ-ਭਲਾਈ ਦੇ ਊਣੇਪਣ ਨੂੰ ਭਰ, ਅੰਦਰੂਨੀ ਸੱਖਣੇਪਣ ਨੂੰ ਨਵੀਂ ਰਾਹਤ, ਰੂਹ-ਰੰਗਤਾ ਤੇ ਰੂਹ-ਰੇਜ਼ਾ ਨਾਲ ਲਬਰੇਜ਼ ਕਰ ਸਕਦੇ ਹਾਂ। ਸਮਾਜ ਲਈ ਕੁਝ ਅਜਿਹਾ ਕਰੀਏ ਕਿ ਸਾਡੇ ਜਾਣ ਤੋਂ ਬਾਅਦ ਵੀ ਅਸੀਂ ਲੋਕ-ਚੇਤਿਆਂ ਦਾ ਹਿੱਸਾ ਬਣੇ ਰਹੀਏ ਅਤੇ ਲੋਕ-ਕਹਾਣੀਆਂ ਦੇ ਅਲੰਮਬਰਦਾਰ ਅਤੇ ਝੰਡਾਬਰਦਾਰ ਨਾਇਕ ਬਣਨ ਲਈ ਸਰਗਰਮ ਰਹੀਏ।

ਮਨੁੱਖੀ ਸੱਖਣੇਪਣ ਨੂੰ ਭਰਨ ਲਈ ਸਭ ਤੋਂ ਜਰੂਰੀ ਹੈ ਕਿ ਜੇ ਕੁਝ ਬੋਲਣਾ ਹੈ ਤਾਂ ਖੁੱਲ੍ਹ ਕੇ ਬੋਲੋ। ਸੱਚ ਤੋਂ ਮੁਨਕਰ ਨਾ ਹੋਵੇ। ਆਪਣੀ ਜ਼ੁਬਾਨ ਨੂੰ ਖੌਫ ਦੇ ਸਾਏ ਹੇਠ ਮਰਨ ਲਈ ਮਜਬੂਰ ਨਾ ਕਰੋ। ਨਾ ਹੀ ਆਪਣੇ ਬੋਲਾਂ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰੋ। ਆਪਣੀ ਗੱਲ ਕਹਿਣ ਤੀਕ ਆਪਣੀ ਦਮਦਾਰੀ, ਪੁਰਜੋਸ਼ ਅਤੇ ਬਾ-ਦਲੀਲ ਨੂੰ ਕਾਇਮ ਰੱਖੋ। ਅੱਧ ਵਿਚਾਲੇ ਛੱਡੀ ਹੋਈ ਗੱਲ ਦਾ ਕੋਈ ਤੁਕ ਨਹੀਂ ਅਤੇ ਨਾ ਹੀ ਇਹ ਕਿਸੇ ਅਰਥਾਂ ਨੂੰ ਜਨਮ ਦੇ ਸਕਦੀ। ਅਧੂਰੇ ਬੋਲ ਸਿਰਫ ਮਨ ਦਾ ਮੰਝਧਾਰ ਤੇ ਮਨੁੱਖੀ ਕਮਜ਼ੋਰੀ ਪੈਦਾ ਕਰ, ਮਨੁੱਖੀ ਬੇਵਸੀ ਦਾ ਹੰਝੂ ਬਣਨ ਜੋਗੇ ਹੀ ਰਹਿ ਜਾਂਦੇ।



ਜੇ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ ਤਾਂ ਚੁੱਪ ਰਹਿਣ ਵਿਚ ਹੀ ਭਲਾਈ। ਕਈ ਵਾਰ ਚੁੱਪ ਉਹ ਕੁਝ ਕਹਿ ਜਾਂਦੀ ਜਿਹੜੀ ਬੋਲ ਵੀ ਕਹਿਣ ਤੋਂ ਅਸਮਰਥ ਹੁੰਦੇ। ਕਦੇ ਵੀ ਚੁੱਪ ਨੂੰ ਭੰਗ ਨਾ ਕਰੋ। ਚੁੱਪ ਦੇ ਅਸੀਮ ਅਰਥਾਂ ਨੂੰ ਬੜਬੋਲੇ ਸਮਿਆਂ ਦੀ ਕੁੱਖ ਵਿਚ ਧਰੋ ਤਾਂ ਕਿ ਇਹ ਚੁੱਪ ਵੰਗਾਰ ਬਣ ਕੇ, ਸਮਿਆਂ ਦੇ ਨਕਸ਼ ਨੂੰ ਨਵੀਂ ਨਿਸ਼ਾਨਦੇਹੀ ਕਰਨ ਲਈ ਮਜਬੂਰ ਕਰੇ। ਬਲਦੇ ਸਿਵੇ, ਕਬਰਾਂ ਵਿਚ ਪਏ ਮੁਰਦੇ, ਝੀਲ ਦੇ ਅਸ਼ਾਂਤ ਪਾਣੀ, ਪੌਣ ਵਿਚਲੀ ਹੁੰਮਸ ਕਦੇ ਨਹੀਂ ਬੋਲਦੀ, ਪਰ ਇਨ੍ਹਾਂ ਦੀ ਚੁੱਪ ਨੂੰ ਉਲਥਾਉਣਾ ਆਸਾਨ ਨਹੀਂ। ਸੁੰਨ-ਸਮਾਧੀ ਦੀ ਚੁੱਪ ਨੂੰ ਕਿਹੜੀ ਫਿਜ਼ਾ ਆਪਣੇ ਪਿੰਡੇ 'ਤੇ ਉਕਰਾਵੇ! ਅਜਿਹਾ ਚੁੱਪ ਰਹਿਣਾ ਵੀ ਇਕ ਸੂਖਮ ਕਲਾ।

ਕਦੇ ਵੀ ਆਪਣੀ ਖੁਨਾਮੀ, ਕੁਤਾਹੀ, ਕਮੀ, ਅਸਫਲਤਾ, ਅਗਿਆਨਤਾ ਤੇ ਅਣਗਹਿਲੀ ਨੂੰ ਨਾ ਲਕੋਵੇ। ਇਸ ਨੂੰ ਕਬੂਲ ਕਰੋ ਤਾਂ ਹੀ ਤੁਸੀਂ ਅੱਗੇ ਵੱਧ ਸਕਦੇ ਹੋ। ਆਪਣੇ ਸੁਪਨਿਆਂ, ਸਫਲਤਾਵਾਂ, ਸੋਚਾਂ ਅਤੇ ਵਿਚਾਰਾਂ ਨੂੰ ਆਪਣਿਆਂ ਨਾਲ ਸਾਂਝਾ ਕਰੋ। ਦੁੱਖ ਸਾਂਝੇ ਕੀਤਿਆਂ ਘੱਟਦੇ ਅਤੇ ਲਕੋਇਆਂ ਵੱਧਦੇ। ਇਕੱਲਾ ਬੰਦਾ ਬੋਲਦਾ ਹੈ, ਜਦੋਂ ਕਿ ਦੋ ਜਣੇ ਗੱਲਾਂ ਕਰਦੇ ਨੇ। ਇਕ ਵਿਅਕਤੀ ਮੁਸਕਰਾ ਸਕਦਾ, ਪਰ ਦੋ ਵਿਅਕਤੀ ਖਿੜਖਿੜਾ ਕੇ ਹੱਸਦੇ ਨੇ। ਇਕ ਜਣਾ ਮਾਂ ਜਾਂ ਪਿਉ ਹੋ ਸਕਦਾ ਤੇ ਦੋਵੇਂ ਮਿਲ ਕੇ ਮਾਪੇ ਬਣਦੇ। ਇਕ ਸਿਰਫ ਹਾਕ ਮਾਰ ਸਕਦਾ, ਹੁੰਗਾਰਾ ਤਾਂ ਦੂਸਰੇ ਨੇ ਹੀ ਭਰਨਾ ਹੁੰਦਾ।

ਆਪਣੇ ਆਪ ਨੂੰ ਮਖੌਟੇ ਵਿਚ 'ਚ ਨਾ ਲਕੋਵੋ। ਮਖੌਟੇ ਪਾਇਆਂ ਚਿਹਰੇ ਬੇਪਛਾਣ ਹੋ ਜਾਂਦੇ ਅਤੇ ਬੇਪਛਾਣ ਚਿਹਰੇ ਨੂੰ ਕਿਵੇਂ ਯਾਦ ਰੱਖੋਗੇ? ਬੰਦ ਕਮਰਿਆਂ ਦੀ ਹਵਾ ਵੀ ਬਦਬੂਦਾਰ ਹੋ ਜਾਂਦੀ। ਜਰੂਰੀ ਹੁੰਦਾ ਹੈ ਰੌਸ਼ਨਦਾਨ ਅਤੇ ਖਿੜਕੀਆਂ ਦਾ ਖੁੱਲ੍ਹੇ ਰੱਖਣਾ। ਹਵਾ ਆਉਣੀ ਜਾਣੀ ਚਾਹੀਦੀ ਹੈ।

ਖੁਦ ਦੀ ਪੂਰਨਤਾ ਲਈ ਇਹ ਵੀ ਜਰੂਰੀ ਕਿ ਨਾਂਹ ਕਰਨਾ ਵੀ ਸਿੱਖੋ। ਜੇ ਅਸਹਿਮਤ ਹੋ ਤਾਂ ਅਸਹਿਮਤ ਰਹੋ। ਮੂਕ ਸਹਿਮਤੀ, ਅਸਹਿਮਤੀ ਨਾਲੋਂ ਖਤਰਨਾਕ। ਸੱਚ ਦਾ ਸਾਥ ਦੇਣ ਅਤੇ ਝੂਠ ਤੋਂ ਦੂਰੀ ਬਣਾਉਣ ਲਈ ਜਰੂਰੀ ਹੈ ਮਾਨਸਿਕ ਤਕੜਾਈ। ਆਪਣੀ ਗੱਲ ਨੂੰ ਕਹਿਣ ਅਤੇ ਬਾ-ਦਲੀਲ ਸਮਝਾਉਣ ਦੀ ਜ਼ੁਅਰਤ। ਕਦੇ ਵੀ ਦਿਨ ਨੂੰ ਰਾਤ ਜਾਂ ਰਾਤ ਨੂੰ ਦਿਨ ਨਹੀਂ ਕਿਹਾ ਸਕਦਾ। ਵਗਦੇ ਦਰਿਆਵਾਂ ਦਾ ਵਹਿਣ ਪਹਾੜਾਂ ਵੱਲ ਨਹੀਂ ਹੁੰਦਾ। ਸਹਿਮਤੀ ਅਤੇ ਅਸਹਿਮਤੀ ਵਿਚਲੇ ਅੰਤਰ ਦੀ ਸਪੱਸ਼ਟਤਾ ਤੇ ਸੰਵੇਦਨਾ ਬਹੁਤ ਜਰੂਰੀ ਹੈ, ਪੂਰਨਤਾ ਵੱਲ ਅਗਲੇਰਾ ਕਦਮ ਵਧਾਉਣ ਲਈ।

ਮਨੁੱਖ ਦੇ ਪੂਰਨ ਵਿਕਾਸ ਲਈ ਇਹ ਸਮਝਣਾ ਵੀ ਜਰੂਰੀ ਕਿ ਕਿਸੇ ਵੀ ਸਮੱਸਿਆ, ਗੁੰਝਲ, ਮੁਸ਼ਕਿਲ ਜਾਂ ਰੁਕਾਵਟ ਦਾ ਹੱਲ ਅਧੂਰਾ ਨਹੀਂ ਹੁੰਦਾ। ਕਦੇ ਵੀ ਅਧੂਰੇ ਹੱਲ ਨੂੰ ਪੂਰਾ ਨਾ ਸਮਝੋ। ਸਮੱਸਿਆ ਦਾ ਹੱਲ, ਇਸ ਦੇ ਪੂਰਨ ਹੱਲ ਵਿਚ ਹੀ ਹੁੰਦਾ। ਕਿਸੇ ਸਮੱਸਿਆ ਦਾ ਅਧੂਰਾ ਹੱਲ ਸਮਝ ਕੇ ਅਸੀਂ ਸਮੱਸਿਆਵਾਂ ਦੀ ਘੁੰਮਣਘੇਰੀ ਵਿਚ ਖੁਦ ਨੂੰ ਪਾ ਲੈਂਦੇ ਹਾਂ, ਜਿਸ ਨਾਲ ਕਦੇ ਵੀ ਮੰਜ਼ਿਲ ਨਸੀਬ ਨਹੀਂ ਹੁੰਦੀ। ਸਮੱਸਿਆ ਦੇ ਹੱਲ ਤੀਕ ਸਿਰੜ, ਸਾਧਨਾ, ਸਖਤ ਮਿਹਨਤ, ਲਗਨ, ਤਨਦੇਹੀ ਅਤੇ ਪੂਰਨ ਅਰਪਣ ਨਾਲ ਸੰਘਰਸ਼ ਕਰਦੇ ਰਹੋ। ਇਸ ਨੂੰ ਹੱਲ ਕਰੋ ਤੇ ਜੀਵਨ ਸਫਰ ਦੀ ਨਿਰੰਤਰਤਾ ਬਰਕਰਾਰ ਰੱਖੋ। ਅੱਧੇ-ਅਧੂਰੇ ਲੋਕ ਸਿਰਫ ਊਣੀ ਜ਼ਿੰਦਗੀ ਹੀ ਜਿਊਣ ਜੋਗੇ ਹੁੰਦੇ।

ਪੂਰਨਤਾ ਦੀ ਪ੍ਰਾਪਤੀ ਲਈ, ਸੱਚ ਦੇ ਰਾਹ 'ਤੇ ਚੱਲਣ ਨੂੰ ਸਿਆਣੇ ਪਲੇਠੀ ਪਹਿਲਕਦਮੀ ਸਮਝਦੇ। ਇਸ ਨੂੰ ਅਪਨਾ ਕੇ ਆਪਣੀ ਜ਼ਿੰਦਗੀ ਦੀ ਸਵੇਰ ਨੂੰ ਖੁਸ਼ਆਮਦੀਦ ਕਹਿੰਦੇ। ਸੱਚ ਹਮੇਸ਼ਾ ਸੱਚ ਹੁੰਦਾ ਤੇ ਝੂਠ ਨੇ ਝੂਠ ਹੀ ਰਹਿਣਾ। ਕਦੇ ਵੀ ਸੱਚ ਨੂੰ ਝੂਠ ਨਾ ਸਮਝੋ ਅਤੇ ਝੂਠ ਨੂੰ ਸੱਚ ਸਮਝਣ ਦੀ ਖੁਨਾਮੀ ਨਾ ਕਰੋ। ਜਦ ਅਸੀਂ ਸੱਚ ਨੂੰ ਝੂਠ ਸਮਝ ਕੇ ਫੈਸਲੇ ਕਰਦੇ ਜਾਂ ਝੂਠ ਨੂੰ ਸੱਚ ਸਮਝ ਕੇ ਆਪਣੀਆਂ ਤਰਜ਼ੀਹਾਂ ਤੇ ਤਦਬੀਰਾਂ ਘੜਦੇ ਹਾਂ ਤਾਂ ਸਾਡੀਆਂ ਰਾਹਾਂ ਵਿਚ ਖੱਡੇ, ਖਾਈਆਂ ਤੇ ਖਤਾਨਾਂ ਨੇ ਉਗਣਾ ਹੁੰਦਾ। ਬਹੁਤ ਕਠਿਨ ਹੋ ਜਾਂਦਾ ਏ ਜੀਵਨ ਦੀ ਤੰਗਦਸਤੀਆਂ ਨਾਲ ਰੌਸ਼ਨ-ਰਾਹ ਬਣਾਉਣੇ, ਪੈਰ ਧਰਨਾ ਅਤੇ ਸਫਰ ਕਰਨ ਦੀ ਤਾਂਘ ਪੈਦਾ ਕਰਨਾ। ਪੂਰਾ ਕਰਨਾ ਤਾਂ ਅਸਲੋਂ ਹੀ ਅਸੰਭਵ। ਹਮੇਸ਼ਾ ਸੱਚ ਨੂੰ ਸੱਚ ਕਹਿਣ ਦਾ ਜੇਰਾ ਰੱਖੋ ਤੇ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਹੋਵੇ। ਇਸ ਦੀ ਲਿਸ਼ਕੋਰ ਵਿਚ ਜੀਵਨ-ਮੁਹਾਂਦਰਾ, ਤੁਹਾਡੀਆਂ ਕਰਮਰੇਖਾਵਾਂ ਨੂੰ ਜਗਮਗਾ ਦੇਵੇਗਾ।

ਜ਼ਿੰਦਗੀ, ਸੁਪਨੇ ਲੈਣ ਅਤੇ ਇਨ੍ਹਾਂ ਨੂੰ ਪੂਰਾ ਕਰਨ ਦਾ ਧਰਮ-ਕਰਮ। ਸੁਪਨਹੀਣ ਲੋਕ, ਲਾਵਾਰਸ ਜ਼ਿੰਦਗੀ ਦੇ ਪੁੱਤ ਅਤੇ ਉਹ ਸਾਹਾਂ ਦਾ ਭਾਰ ਢੋਂਦੇ। ਸੁਪਨਹੀਣ ਨੈਣ ਜਦ ਸੁਪਨਾ ਲੋਚਦੇ ਤਾਂ ਸੁਪਨਾ ਕਦੇ ਵੀ ਅਧੂਰਾ ਨਾ ਲਓ। ਇਕ ਪੂਰਾ ਸੁਪਨਾ ਜ਼ਿੰਦਗੀ ਨੂੰ ਸੰਪੂਰਨਤਾ ਵੱਲ ਤੋਰੇਗਾ। ਜ਼ਿੰਦਗੀ ਨੂੰ ਨਰੋਈਆਂ ਪੈੜਾਂ ਸਿਰਜਣ ਦਾ ਹੁਨਰ ਅਤੇ ਹਾਸਲ ਪ੍ਰਾਪਤ ਹੋਵੇਗਾ। ਸੁਪਨਾ ਲਓ ਅਤੇ ਇਸ ਨੂੰ ਪੂਰਾ ਕਰਨ ਲਈ ਪੂਰਨ ਰੂਪ ਵਿਚ ਖੁਦ ਨੂੰ ਸਮਰਪਿਤ ਕਰੋ। ਸੁਪਨੇ ਵਿਚੋਂ ਪੈਦੇ ਹੋਈਆਂ ਸਿਰਨਾਵਿਆਂ ਵਰਗੀਆਂ ਸਫਲਤਾਵਾਂ ਤਹਿਰੀਕ ਦਾ ਸੋਨ-ਵਰਕਾ ਹੁੰਦੀਆਂ।

ਬੰਦੇ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇੱਛਾ-ਸ਼ਕਤੀ ਦੀ ਬਰਕਰਾਰੀ, ਅੱਧੀ ਜ਼ਿੰਦਗੀ ਹੁੰਦੀ ਅਤੇ ਇੱਛਾ ਪ੍ਰਤੀ ਬੇਰੁਖੀ ਅੱਧੀ ਮੌਤ। ਕੀ ਬੰਦਾ ਅੱਧੀ ਜ਼ਿੰਦਗੀ ਨਾਲ ਜਿਉਂਦਾ ਰਹਿ ਸਕਦਾ ਜਾਂ ਅੱਧੀ ਮੌਤ ਨਾਲ ਮਰ ਸਕਦਾ ਹੈ?

ਅੱਧਾ ਪਿਆਰ, ਪਿਆਰ ਨਹੀ ਹੁੰਦਾ ਅਤੇ ਨਾ ਹੀ ਅੱਧਾ ਇਕਰਾਰ, ਇਕਰਾਰ ਹੁੰਦਾ। ਨਹੀਂ ਹੁੰਦਾ, ਅੱਧਾ ਯਾਰ ਤੇ ਅੱਧਾ ਦਿਲਦਾਰ ਅਤੇ ਅੱਧਾ ਪਰਿਵਾਰ ਤੇ ਅੱਧਾ ਵਿਸਥਾਰ। ਸਿਰਫ ਪੂਰਨ ਰੂਪ ਵਿਚ ਹੀ ਇਸ ਨੂੰ ਸਮਝਿਆ, ਸਮਝਾਇਆ ਅਤੇ ਅਪਨਾਇਆ ਜਾ ਸਕਦਾ।

ਮਨੁੱਖ ਦੀ ਕੇਹੀ ਹੋਣੀ ਹੈ ਕਿ ਉਹ ਆਪਣੀ ਜ਼ਿੰਦਗੀ ਦਾ ਅੱਧਾ ਹਿੱਸਾ ਬੱਚੇ ਤੋਂ ਸਿਆਣਾ ਬਣਨ ਵਿਚ ਗੁਜਾਰ ਦਿੰਦਾ ਤੇ ਰਹਿੰਦੀ ਅੱਧੀ ਉਮਰ ਸਿਆਣੇ ਤੋਂ ਬੱਚਾ ਬਣਨ ਵਿਚ ਬਤੀਤ ਕਰਦਾ। ਪੂਰਨ ਰੂਪ ਵਿਚ ਜਿਊਣ ਲਈ ਤਾਂ ਵਕਤ ਹੀ ਨਹੀਂ ਮਿਲਦਾ ਅਤੇ ਫਿਰ ਜਾਣ ਦਾ ਸੱਦਾ ਆ ਜਾਂਦਾ।


ਰਿਸ਼ਤੇ, ਸਾਕ, ਸਬੰਧ ਅਤੇ ਸਾਂਝਾਂ ਵੀ ਹੁਣ ਹੋ ਗਈਆਂ ਨੇ ਅੱਧੀਆਂ-ਅਧੂਰੀਆਂ। ਇਹ ਸਾਰੇ ਹੀ ਖਾਮੋਸ਼ ਪਹਾੜ ਵਰਗੇ ਹੋ ਗਏ ਨੇ, ਜੋ ਸਿਰਫ ਉਸ ਸਮੇਂ ਹੀ ਆਵਾਜ਼ ਦਿੰਦੇ, ਜਦ ਅਸੀਂ ਜ਼ੋਰ ਦੀ ਚੀਖਦੇ ਹਾਂ।

ਬੰਦਾ, ਆਸਾਂ ਆਸਰੇ ਜਿਉਂਦਾ। ਬੇ-ਆਸ ਮਨੁੱਖ ਨੂੰ ਅਰਥੀ ਬਣਾਉਂਦੀ ਅਤੇ ਕਬਰ ਦੇ ਹਵਾਲੇ ਕਰਦੀ। ਆਸਾਂ ਨੂੰ ਜਿਉਂਦਿਆਂ ਰੱਖਣ ਅਤੇ ਜੀਵਨ-ਲਾਟ ਦੀ ਬਰਕਰਾਰੀ ਲਈ ਆਸ ਦਾ ਤੇਲ ਪਾਉਣਾ ਅਤੇ ਹੌਸਲੇ ਤੇ ਹੱਠ ਦੀ ਬੱਤੀ ਪਾਉਣਾ ਜਰੂਰੀ। ਅਧੂਰੀ ਆਸ ਵਿਚੋਂ ਇਸ ਦੀ ਪੂਰਨਤਾ ਨੂੰ ਕਿਵੇਂ ਕਿਆਸ ਕਰੋਗੇ? ਜਦ ਆਸ ਹੀ ਅਧੂਰੀ ਹੋਵੇ ਤਾਂ ਬੰਦਾ ਅੱਧੀ ਹਾਰ ਤਾਂ ਪਹਿਲਾਂ ਹੀ ਕਬੂਲ ਲੈਂਦਾ। ਇਸ ਲਈ ਜਰੂਰੀ ਹੈ ਕਿ ਅਧੂਰੀਆਂ ਆਸਾਂ ਨੂੰ ਮਨ-ਵਿਹੜੇ ਵਿਚ ਕਦੇ ਨਾ ਵੜਨ ਦਿਓ। ਪੂਰਨ ਆਸ ਰੱਖਣ ਵਾਲਾ ਵਿਅਕਤੀ ਕਦੇ ਵੀ ਨਿਰਾਸ਼ ਨਹੀਂ ਹੁੰਦਾ। ਉਹ ਖੁਦ ਦਾ ਧਰਵਾਸਾ। ਉਸ ਦੀ ਵਿਸ਼ਵਾਸੀ ਵਿਚੋਂ ਹੀ ਆਸ ਦੇ ਦੀਵੇ ਜਗਣ ਲੱਗਦੇ ਅਤੇ ਅੰਤਰੀਵੀ ਅੰਧਿਆਰਿਆਂ ਨੂੰ ਦੂਰ ਕਰਦੇ। ਆਸ ਜਿਉਂਦੀ ਹੈ ਤਾਂ ਬੰਦਾ ਜਿਉਂਦਾ। ਇਸ ਲਈ ਜਿਊਣ ਲਈ ਜਰੂਰੀ ਹੈ ਕਿ ਆਸਾਂ ਵਿਚ ਵੀ ਜਿਉਂਦੀਆਂ ਰਹਿਣ।

ਪੂਰਨ ਲੋਕ ਬਹੁਤ ਹੀ ਭਰੇ-ਭਰੀਤੇ, ਮੋਹ ਦੇ ਭਰ ਵੱਗਦੇ ਦਰਿਆ, ਦਯਾ ਦਾ ਅਥਾਹ ਸਮੁੰਦਰ, ਅਪਣੱਤ ਦਾ ਅੰਬਰ ਅਤੇ ਚਾਨਣ ਦਾ ਆਭਾ-ਮੰਡਲ। ਇਨ੍ਹਾਂ ਦਾ ਚਿੱਤ ਕੁਦਰਤ ਵਰਗਾ ਵਿਸ਼ਾਲ ਅਤੇ ਜੀਵਨਦਾਨੀ। ਇਨ੍ਹਾਂ ਦੇ ਦਿਲਾਂ ਵਿਚ ਸਮਾ ਜਾਂਦੇ, ਮਾਨਵੀ ਦੁੱਖ-ਦਰਦ। ਇਨ੍ਹਾਂ ਦੇ ਮਨਾਂ ਵਿਚ ਵੱਸਦਾ ਏ ਲੋਕ-ਚਿੰਤਾਵਾਂ, ਫਿਕਰਾਂ ਅਤੇ ਫੱਕਰਤਾ ਦਾ ਆਲਮ। ਇਨ੍ਹਾਂ ਦੀ ਸੋਚ ਵਿਚ ਵੱਗਦੀ ਹੈ ਚਾਹਤ, ਚਿੰਤਨ, ਚੇਤਨਾ ਅਤੇ ਚੰਗਿਆਈ ਦੀ ਆਬਸ਼ਾਰ। ਇਨ੍ਹਾਂ ਦੇ ਹੋਠਾਂ 'ਤੇ ਨੂਰ ਦਾ ਨਗਮਾ ਅਤੇ ਬੋਲਾਂ ਵਿਚ ਬੰਦਗੀ ਤੇ ਬੰਦਿਆਈ ਦੀਆਂ ਰਮਜ਼ਾਂ। ਮੁਖਾਰਬਿੰਦ ਨੂੰ ਆਵੇਸ਼, ਅਲਹਾਮ ਅਤੇ ਅਰਦਾਸਾਂ ਦਾ ਵਰਦਾਨ। ਇਨ੍ਹਾਂ ਦੀ ਛੱਤਰ-ਛਾਇਆ ਹੇਠ ਇਨਸਾਨ, ਇਨਸਾਨੀਅਤ ਅਤੇ ਮਾਨਵੀਅਤ ਮੌਲਦੀ। ਇਨ੍ਹਾਂ ਦੀ ਜੀਵਨ-ਜਾਚ ਵਿਚ ਮਖੌਟਾ, ਭਰਮ, ਭੁਲੇਖਾ ਜਾਂ ਬਨਾਉਟੀਪਣ ਲਈ ਨਹੀਂ ਕੋਈ ਥਾਂ। ਇਹ ਤਾਂ ਸਮੁੱਚ ਵਿਚ ਹਾਜਰ-ਨਾਜ਼ਰ। ਇਨ੍ਹਾਂ ਦੀ ਹਾਜਰੀ ਵਿਚ ਦ੍ਰਿਸ਼ਟਮਾਨ ਹੋ ਜਾਂਦੀਆਂ ਨੇ ਧੁਆਂਖੀਆਂ ਪੈੜਾਂ, ਧੁੰਦਲੀਆਂ ਮੰਜ਼ਿਲਾਂ ਅਤੇ ਮਿੱਟ ਰਹੇ ਸਿਰਨਾਵਿਆਂ ਦੇ ਸ਼ਿਲਾਲੇਖ।

ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਸਿਰਫ ਉਹ ਹੀ ਮਨੁੱਖ ਬਣਦੇ, ਜਿਨ੍ਹਾਂ ਨੇ ਜ਼ਿੰਦਗੀ ਨੂੰ ਪੂਰਨ ਤੇ ਅਰਥਮਈ ਰੂਪ ਵਿਚ ਜੀਵਿਆ। ਜਦ ਮੌਤ ਨੇ ਹਾਕ ਮਾਰੀ ਤਾਂ ਉਹ ਪੂਰਨ ਸ਼ਾਨੋ-ਸ਼ੌਕਤ ਅਤੇ ਅਦਬ ਨਾਲ ਮੌਤ ਦੀ ਗਲਵੱਕੜੀ ਦਾ ਨਿੱਘ ਮਾਣਨ ਲਈ ਉਤਾਵਲੇ ਹੋ ਗਏ।

ਜ਼ਿੰਦਗੀ ਸਮੁੱਚ ਵਿਚ ਮਿਲੀ ਹੈ ਅਤੇ ਇਸ ਨੂੰ ਸਮੁੱਚ ਵਿਚ ਜਿਊਣਾ ਹੀ ਜ਼ਿੰਦਾਦਿਲੀ ਅਤੇ ਜਜ਼ਬਾ। ਸਮੂਹਕਤਾ ਵਿਚੋਂ ਹੀ ਇਸ ਦੀਆਂ ਸਿਰਜਣਹਾਰੀਆਂ ਤੇ ਕਰਤਾਰੀ ਸ਼ਕਤੀਆਂ ਨੂੰ ਸੁਚੱਜਤਾ ਨਾਲ ਵਰਤੋ। ਇਸ ਵਿਚੋਂ ਸੁਹਜਕਾਰੀ ਤੇ ਸਹਿਜਮਈ ਸੰਸਾਰ ਨੂੰ ਸਿਰਜਣ ਲਈ ਪਹਿਲ-ਕਦਮੀ ਕਰੋ। ਹਮੇਸ਼ਾ ਜ਼ਿੰਦਗੀ ਨੂੰ ਭਰਪੂਰਤਾ ਨਾਲ ਜੀਓ। ਅੱਧੀ-ਅਧੂਰੀ ਜ਼ਿੰਦਗੀ ਨੂੰ ਜਿਊਣਾ, ਜੀਵਨ ਦੀ ਬੇਅਦਬੀ ਤੇ ਬੇਰੁਹਮਤੀ। ਅੱਧੇ-ਅਧੂਰੇ ਰਹਿ ਕੇ ਅਸੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਪੂਰਨ ਰੂਪ ਵਿਚ ਜ਼ਿੰਦਗੀ ਦੇ ਹਰ ਪਲ ਨੂੰ ਮਾਣੋ। ਜਦ ਮਰਨ ਦੀ ਵਾਰੀ ਆਵੇ ਤਾਂ ਪੂਰਨ ਰੂਪ ਵਿਚ ਮੌਤ ਨੂੰ ਗਲੇ ਲਾਓ। ਬਹੁਤ ਹੀ ਦਰਦੀਲੀ ਹੁੰਦੀ ਹੈ ਅੱਧੀ-ਅਧੂਰੀ ਮੌਤ। ਜ਼ਿਆਦਾਤਰ ਲੋਕ ਅੱਧੀ-ਅਧੂਰੀ ਮੌਤੇ ਮਰਦੇ। ਜਿਊਣ ਵਿਚੋਂ ਹੀ ਮੌਤ ਨੂੰ ਭਾਲਦੇ। ਤਿਲ ਤਿਲ ਕਰਕੇ ਜਿਊਣ ਜਾਂ ਪਲ ਪਲ ਕਰਕੇ ਮੌਤ ਵਿਹਾਜਣ ਨਾਲੋਂ ਜਰੂਰੀ ਹੁੰਦਾ ਕਿ ਸ਼ਾਨ ਤੇ ਮਾਣ ਨਾਲ ਮੌਤ ਨੂੰ ਖੁਸ਼ਆਮਦੀਦ ਕਹਿੰਦੇ, ਫਖਰਮਈ ਰੂਪ ਵਿਚ ਜ਼ਿੰਦਗੀ ਨੂੰ ਅਲਵਿਦਾ ਕਹੋ।



# ਬੁੱਧੀਜੀਵੀ ਦਾ ਬੋਧ

ਸੁਕਰਾਤ ਦਾ ਬੁੱਤ

**ਕਲਾ ਪਰਿਕਰਮਾ**

ਸੁਕਰਾਤ ਸੱਤਾ ਹੱਥੋਂ ਕਤਲ ਕਰ ਦਿੱਤਾ ਗਿਆ। ਉਸ ਦੇ ਕਤਲ ਵਿਚ ਅਖੌਤੀ ਬੁੱਧੀਜੀਵੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਵੈਸੇ, ਸੁਕਰਾਤ ਨੇ ਸੱਤਾ ਨਾਲ ਲੜਾਈ ਮੁੱਲ ਨਹੀਂ ਸੀ ਲਈ। ਉਹ ਤਾਂ ਸੁਤੰਤਰ ਦ੍ਰਿਸ਼ਟੀ, ਚਿੰਤਨ ਅਤੇ ਬੋਲਣ ਦੀ ਆਪਣੀ ਰਾਹ ਤੁਰਿਆ ਜਾ ਰਿਹਾ ਸੀ ਜਦੋਂ ਸੱਤਾ ਉਸ ਦੇ ਨਾਲ ਖਹਿਣ ਲੱਗੀ। ਉਸ ਨੇ ਪੈਂਤੜੇ ਲੈਣ ਖਾਤਰ ਚਿੰਤਨ ਨਹੀਂ ਕੀਤਾ ਸਗੋਂ ਉਸ ਦੇ ਚਿੰਤਨ ਨੇ ਵਕਤੀ ਪੈਂਤੜਿਆਂ ਉਪਰ ਸਵਾਲੀਆ ਨਿਸ਼ਾਨ ਲਗਾਏ। ਬੁੱਧੀਜੀਵੀ ਇਸ ਲਈ ਬੁੱਧੀਜੀਵੀ ਨਹੀਂ ਹੁੰਦੇ ਕਿ ਉਹ ਕੋਈ ਪੱਖ ਲੈ ਕੇ ਗੱਲ ਕਰਦੇ ਹਨ ਸਗੋਂ ਪੱਖ ਉਨ੍ਹਾਂ ਦੀ ਗੱਲ ਤੋਂ ਸਪਸ਼ਟ, ਪ੍ਰਗਟ ਹੁੰਦਾ ਹੈ।

**ਰਾਜੇਸ਼ ਸ਼ਰਮਾ**

ਬੁੱਧੀਜੀਵੀ ਹੋਣਾ ਬੋਧ ਖਾਤਰ ਜਿਊਣਾ ਹੈ। ਚਿੰਤਨ ਉਪਰ ਸਵੈ ਦਾ ਪੋਸ਼ਣ ਕਰਨਾ ਅਤੇ ਚਿੰਤਨ ਦੀ ਰੌਸ਼ਨੀ ਵਿਚ ਹੌਸਲੇ ਨਾਲ ਜਿਊਣਾ ਹੈ। ਮਨ ਦਾ ਧਰਮ ਹੈ ਚੰਚਲਤਾ। ਬੁੱਧੀ ਦੀ ਪਛਾਣ ਹੈ ਸਥਿਰਤਾ, ਸੰਤੁਲਨ, ਸਾਫ ਨਜ਼ਰੀਆ ਅਤੇ ਦਿਸ਼ਾਗਤ ਗਤੀਸ਼ੀਲਤਾ। ਇਸ ਲਈ ਬੁੱਧੀ ਪਰਖ ਅਤੇ ਫੈਸਲੇ ਦੀ ਭੂਮੀ ਹੈ। ਸਪਸ਼ਟ ਹੈ ਕਿ ਬੁੱਧੀਜੀਵੀ ਹੋਣਾ ਰਾਵਾਂ ਦੀ ਅਧੀਨਗੀ ਵਿਚ ਜਿਊਣਾ ਨਹੀਂ ਹੈ ਸਗੋਂ ਦ੍ਰਿਸ਼ਟੀਕੋਣ ਰੱਖਣਾ ਹੈ। ਸਭ ਕੁਝ ਨੂੰ ਸਪਸ਼ਟ ਅਤੇ ਸੋਚੇ-ਵਿਚਾਰੇ ਬਿੰਦੂ ਤੋਂ ਜਾਚਣਾ, ਲਗਾਤਾਰ ਸਵੈ-ਪੜਚੋਲ ਅਤੇ ਅਧਿਐਨ ਦੀ ਮਿਹਨਤ ਮੰਗਦਾ ਹੈ। ਇਸੇ ਲਈ ਪੂਰਨਕਾਲੀ ਜਨਤਕ ਬੁੱਧੀਜੀਵੀ ਹੋਣਾ ਸੰਭਵ ਨਹੀਂ। ਚਿੰਤਨ ਜਨਤਕ ਜੀਵਨ ਅਤੇ ਨਿੱਜੀ ਦੁਨਿਆਵੀ ਰੁਝੇਵਿਆਂ ਤੋਂ ਵਾਰ-ਵਾਰ ਦੂਰ ਹੋਣ ਦੀ ਮੰਗ ਕਰਦਾ ਹੈ। ਕਈ ਚੀਜ਼ਾਂ ਨੇੜਿਓਂ ਨਹੀਂ ਦਿਸਦੀਆਂ ਜਾਂ ਠੀਕ ਨਹੀਂ ਦਿਸਦੀਆਂ।

ਜੇਮਜ਼ ਬਾਲਡਵਿਨ ਲਿਖਦਾ ਹੈ ਕਿ ਲੇਖਕ ਲਈ ਆਪਣੇ ਅਨੁਭਵ ਪ੍ਰਤੀ ਸੱਚੇ ਹੋਣਾ ਬਹੁਤ ਜ਼ਰੂਰੀ ਹੈ। ਅਸੀਂ ਅਕਸਰ ਆਪਣੇ ਅਨੁਭਵ ਤੋਂ ਮੁਨਕਰ ਹੋ ਜਾਂਦੇ ਹਾਂ ਅਤੇ ਪ੍ਰਚਲਿਤ 'ਸੱਚ' ਨੂੰ ਅਪਣਾ ਲੈਂਦੇ ਹਾਂ। ਬਾਲਡਵਿਨ ਜਿਸ ਨੂੰ ਲੇਖਕ ਕਹਿ ਰਿਹਾ ਹੈ, ਅਸੀਂ ਬੁੱਧੀਜੀਵੀ ਕਹਿ ਸਕਦੇ ਹਾਂ। ਸਭਿਆਚਾਰ ਦੇ ਵਕਤੀ ਨਿਜ਼ਾਮ ਸਾਹਮਣੇ ਆਪਣੇ ਭੋਗੇ ਹੋਏ ਸੱਚ ਨੂੰ ਅਣਗੌਲਿਆਂ ਕਰਨਾ ਸੁਭਾਵਿਕ ਹੈ ਕਿਉਂਕਿ ਇੰਜ ਕਰਨਾ ਸੌਖਾ ਹੈ। ਆਪਣੇ ਆਪ ਨੂੰ ਗਲਤ ਮੰਨ ਲੈਣਾ ਚੰਗਾ ਜਿਹਾ ਲੱਗਦਾ ਹੈ ਪਰ ਹੋ ਸਕਦਾ ਹੈ ਕਿ ਅਸੀਂ ਉਸ ਘੜੀ ਸੱਚ ਨਾਲ ਦਗਾ ਕਮਾ ਰਹੇ ਹੋਈਏ।

ਆਪਣੇ ਬੌਧਿਕ ਸਪੇਸ ਦੀ ਸੁਰੱਖਿਆ ਕਰਨਾ ਜ਼ਰੂਰੀ ਹੈ ਅਤੇ ਸਮਾਜ ਅੰਦਰਲੇ ਵਿਆਪਕ ਬੌਧਿਕ ਸਪੇਸ ਦੀ ਵੰਨ-ਸਵੰਨਤਾ ਨੂੰ ਪ੍ਰਫੁੱਲਿਤ ਹੋਣ ਦੇਣਾ ਵੀ ਓਨਾ ਹੀ ਜ਼ਰੂਰੀ ਹੈ। ਬੁੱਧੀਜੀਵੀ ਚਿੰਤਨ ਅਤੇ ਪ੍ਰਵਚਨਾਂ ਦੀਆਂ ਸੰਭਾਵਨਾਵਾਂ ਦਾ ਪੋਸ਼ਣ ਕਰਦਾ ਹੈ ਅਤੇ ਆਪਣੇ ਵਿਚਾਰਾਂ ਨਾਲ ਸਮਾਜ ਦੇ ਵਿਆਪਕ ਬੌਧਿਕ ਸਪੇਸ ਉਪਰ ਆਪਣਾ ਗਲਬਾ ਪਾਉਣ ਤੋਂ ਗੁਰੇਜ਼ ਕਰਦਾ ਹੈ। ਇਹ ਸੁਹਿਰਦਤਾ ਅਤੇ ਸੰਜੀਦਗੀ ਦੀ ਮੰਗ ਕਰਦਾ ਹੈ। ਕ੍ਰੋਧ ਅਤੇ ਹਾਸਾ ਬੁੱਧੀਜੀਵੀ ਦੇ ਖਾਸ ਸੰਦ ਹੁੰਦੇ ਹਨ। ਇਹ ਉਸ ਦੇ ਮਨੁੱਖ ਹੋਣ ਦੀ ਯਾਦ ਵੀ ਦਿਵਾਉਂਦੇ ਹਨ। ਇਹ ਬੁੱਧੀਜੀਵੀ ਦੇ ਕੰਮ ਨੂੰ ਸਾਰਥਕ ਕਰਦੇ ਹਨ।

ਅੱਜ ਜਿਸ ਸਭਿਆਚਾਰ ਦਾ ਬੋਲਬਾਲਾ ਹੈ, ਸ਼ਾਇਦ ਉਸ ਨੂੰ ਬੇਰਹਿਮੀ ਦਾ ਸਭਿਆਚਾਰ ਕਿਹਾ ਜਾ ਸਕਦਾ ਹੋਵੇ। ਵਹਿਸ਼ਤ ਅਤੇ ਉਜੱਡਪੁਣੇ ਨਾਲ ਬੇਸ਼ਰਮੀ ਜੁੜ ਗਈ ਹੈ। ਬਰਬਰਤਾ ਨਾਲ ਸੂਖਮ ਕਪਟ ਜੁੜ ਗਿਆ ਹੈ। ਪਿਛਲੇ ਕਈ ਦਹਾਕਿਆਂ ਦੌਰਾਨ ਹਾਲਾਤ ਅਜਿਹੇ ਬਣਾ ਦਿੱਤੇ ਗਏ ਹਨ ਕਿ ਬੌਧਿਕਤਾ ਨੂੰ ਮੁੱਢ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਅਜਿਹੇ ਵਕਤ ਵਿਚ ਬੁੱਧੀਜੀਵੀ ਨੂੰ ਬਚਾ ਕੇ ਰੱਖਣਾ ਬੇਹੱਦ ਮੁਸ਼ਕਿਲ ਹੋ ਗਿਆ ਹੈ ਕਿਉਂਕਿ ਬੁੱਧੀਜੀਵੀ ਹੋਣਾ ਵਿਅਕਤੀਗਤ ਉਪਰਾਲਾ ਹੀ ਰਿਹਾ ਹੈ।

ਅੱਜ ਸਮੀਖਿਆਤਮਕ ਬੌਧਿਕ ਮਾਹੌਲ ਸਿਰਜਣ ਦੀ ਲੋੜ ਹੈ। ਬੁੱਧੀਜੀਵੀਆਂ ਦਾ ਦਲਾਂ ਅਤੇ ਪ੍ਰਤੀਸ਼ਨਾਂ ਤੋਂ ਪਰ੍ਹੇ ਇਕ ਦੂਜੇ ਨੂੰ ਟੋਕ ਦੇਣਾ ਅਤੇ ਸੁਤੰਤਰ ਚਿੰਤਨ ਸੰਸਥਾਵਾਂ ਕਾਇਮ ਕਰਨਾ ਅੱਜ ਸੰਭਵ ਤਾਂ ਨਹੀਂ ਲੱਗਦਾ ਪਰ ਜੇ ਇਹ ਸੰਭਵ ਹੋ ਸਕੇ ਤਾਂ ਬੇਰਹਿਮੀ ਦੇ ਸਭਿਆਚਾਰ ਨੂੰ ਹੋਰ ਤਾਕਤਵਰ ਹੋਣ ਤੋਂ ਰੋਕਿਆ ਜਾ ਸਕਦਾ ਹੈ।

ਲੋਕ-ਜੀਵਨ ਦੀ ਧਰਤੀ ਫੁੱਲਣ-ਫਲਣ ਲਈ ਤਿਆਰ ਹੈ। ਗਰੀਬ ਪਰਿਵਾਰ ਆਪਣੀਆਂ ਧੀਆਂ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਲਈ ਪੂਰੀ ਵਾਹ ਲਾ ਦਿੰਦੇ ਹਨ। ਪਿੰਡਾਂ ਵਿਚ ਪੁਸਤਕਾਂ ਲਈ ਬੇਹੱਦ ਪਿਆਰ ਹੈ। ਸਰਕਾਰਾਂ ਨੇ ਤਾਂ ਬਹੁਤ ਥਾਵਾਂ 'ਤੇ ਲਾਇਬਰੇਰੀਆਂ ਨੂੰ ਜਿੰਦਰੇ ਮਾਰ ਦਿੱਤੇ ਹਨ ਪਰ ਲੋਕ ਆਪ-ਮੁਹਾਰੇ ਨਿੱਕੀਆਂ-ਨਿੱਕੀਆਂ ਲਾਇਬਰੇਰੀਆਂ ਖੋਲ੍ਹ ਰਹੇ ਹਨ। ਟ੍ਰਾਲੀ-ਲਾਇਬਰੇਰੀਆਂ ਦਾ ਇੰਤਜ਼ਾਰ ਹੈ, ਕਦੋਂ ਉਹ ਪਿੰਡਾਂ ਅਤੇ ਕਸਬਿਆਂ ਵਿਚ ਰੌਸ਼ਨੀ ਦੇ ਲੰਗਰ ਲਾਉਣ ਲਈ ਚੱਲ ਪੈਣਗੀਆਂ।

ਕਿਸਾਨੀ ਅੰਦੋਲਨ ਨੂੰ ਸਭਿਆਚਾਰਕ ਅਤੇ ਬੌਧਿਕ ਇਤਿਹਾਸਕ ਵੱਥ ਕਹਿਣ ਵਾਲੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਜਾਪਦੇ ਹਨ। ਇਸ ਅੰਦੋਲਨ ਨੂੰ ਅਜਿਹਾ ਵੱਥ ਮੰਨ ਲੈਣਾ ਮੌਜੂਦਾ ਬੌਧਿਕ ਸਭਿਆਚਾਰ ਦੇ ਬਾਂਝਪਣ ਨੂੰ ਸਾਫ-ਸਾਫ ਦੇਖਣ ਅਤੇ ਸਵੀਕਾਰ ਕਰਨ ਤੋਂ ਮੂੰਹ ਮੋੜਨਾ ਅਤੇ ਕਿਸਾਨਾਂ ਦੇ ਸੰਘਰਸ਼ ਨੂੰ ਹੋਰ ਖਾਤੇ ਪਾਉਣ ਦੀ ਕੋਸ਼ਿਸ਼ ਕਰਨਾ ਜਾਪਦਾ ਹੈ। ਅੰਦੋਲਨ ਦੇ ਹਾਣ ਦਾ ਸਭਿਆਚਾਰਕ ਅਤੇ ਬੌਧਿਕ ਖਮੀਰ ਤਾਂ ਉਠ ਨਹੀਂ ਰਿਹਾ।

ਸਭਿਆਚਾਰਕ ਅਤੇ ਬੌਧਿਕ ਖੜੋਤ ਨੂੰ ਤੋੜਨ ਲਈ ਚਿੰਤਨ ਦੇ ਸਮੁੰਦਰ ਵਿਚ ਡੁੱਬਣ ਦੀ ਲੋੜ ਹੈ। ਸਮੁੱਚੇ ਸੰਸਾਰ ਦੀਆਂ ਵਿਚਾਰ-ਤਰੰਗਾਂ ਨਾਲ ਬੁੱਧੀ ਨੂੰ ਰਗੜਨ ਦੀ ਲੋੜ ਹੈ। ਆਪਣੇ ਚਿੰਤਨ ਦੇ ਸਭਿਆਚਾਰ ਅਤੇ ਰੋਜ਼ਾਨਾ ਦੇ ਜੀਵਨ ਦੀਆਂ ਆਦਤਾਂ ਨੂੰ ਮੂਲ ਤੋਂ ਸਵਾਲ ਕਰਨ ਦੀ ਲੋੜ ਹੈ। ਸੰਸਥਾਵਾਂ ਦੀਆਂ ਬੌਧਿਕ ਨੀਹਾਂ ਨੂੰ ਮੁੜ ਤੋਂ ਦੇਖਣ ਦੀ ਲੋੜ ਹੈ। ਸਭ ਤੋਂ ਪਹਿਲਾਂ ਸਮਾਜ ਦੇ ਮੌਜੂਦਾ ਬੌਧਿਕ ਸਭਿਆਚਾਰ ਦੀ ਹਾਲਤ ਦਾ ਜਾਇਜ਼ਾ ਲੈਣਾ ਚਾਹੀਦਾ ਹੈ। ਸਾਧਾਰਨ ਲੋਕਾਂ ਨਾਲੋਂ ਥੋੜ੍ਹਾ ਵੱਧ ਪੜ੍ਹੇ-ਲਿਖੇ ਹੋਣਾ ਕਿਸੇ ਨੂੰ ਬੁੱਧੀਜੀਵੀ ਨਹੀਂ ਬਣਾਉਂਦਾ।

ਹਾਂ, ਵਕਤੀ ਸਿਆਣਪ ਦੇ ਮਾਪਦੰਡਾਂ ਅਨੁਸਾਰ ਸਹੀ ਅਰਥਾਂ ਵਿਚ ਬੁੱਧੀਜੀਵੀ ਹੋਣਾ ਬੁੱਧੂ ਹੋਣਾ ਹੈ ਪਰ ਬੁੱਧੀਜੀਵੀ ਨੂੰ ਇਹ ਤਾਂ ਕਬੂਲ ਹੁੰਦਾ ਹੀ ਹੈ।



ਦਿੱਲੀ ਦੇ ਟਿਕਰੀ ਬਾਰਡਰ 'ਤੇ ਕਿਸਾਨ ਔਰਤਾਂ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਅਗਸਤ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-496



*ਸਾਂਝ ਇਹ ਜਜ਼ਬਾਤੀ, ਵਚਨ ਦਿੱਤਾ ਤੋੜ ਨਿਭਾਉਣੇ ਦਾ,*
*ਤੇਰਾ ਹਰ ਦੁੱਖ-ਸੁੱਖ ਸੱਜਣਾ, ਆਪਣੇ ਹੱਡੀਂ ਹੰਢਾਉਣੇ ਦਾ।*
*ਕਿੰਨਾ ਪੈਂਡਾ ਲੰਘ ਆਏ ਆਂ, ਕਿੰਨਾ ਰਹਿ ਗਿਆ ਬਾਕੀ ਏ,*
*ਕਿਸ ਗੱਲ ਦੀ ਪਰਵਾਹ ਸਾਨੂੰ, ਜਦ ਅੰਗ-ਸੰਗ ਸਾਥੀ ਏ।*

### ਕੈਪਸ਼ਨ ਮੁਕਾਬਲਾ-494



ਹੱਡ ਭੰਨਵੀਂ ਕਰੇ ਮੁਸ਼ੱਕਤ
ਦਿਨ ਰਾਤ ਇੱਕ ਹੈ ਕੀਤਾ,
ਫਿਰ ਵੀ ਰੁੱਖੀ ਮਿੱਸੀ ਖਾਂਦੇ
ਹੈ ਸਬਰਾਂ ਦਾ ਘੁੱਟ ਪੀਤਾ।
ਇਹ ਵੀ ਖੋਹਣ ਨੂੰ ਫਿਰਦੇ
ਸ਼ਾਹੂਕਾਰ ਰਲ ਸਰਕਾਰਾਂ,
ਹੱਕ ਲੈਣ ਲਈ ਦਿੱਲੀ ਬੈਠੇ,
ਮੱਥਾ ਡਾਹ ਨਾਲ ਮੱਕਾਰਾਂ।
*-ਸੇਵਾ ਸਿੰਘ ਨੂਰਪੁਰੀ*

---

ਉਚੇ ਨੀਵੇਂ, ਟੋਏ ਟਿੱਬੇ,
ਪੱਧਰ ਕੀਤੇ ਖਾਲ,
ਮਿਹਨਤ ਦਾ ਮੁੱਲ ਪਿਆ ਨਾ
ਤਨ-ਮਨ ਹੈ ਬੇਹਾਲ।
ਮਿੱਟੀ ਦੇ ਵਿਚ ਮਿੱਟੀ ਹੋਇਆ
ਦੋ ਡੰਗ ਜੁੜੇ ਨਾ ਰੋਟੀ,
ਮੰਦੜੇ ਹਾਲ ਗੁਜ਼ਾਰਾ ਕਰਦੇ
ਕਿਸਮਤ ਸਾਡੀ ਖੋਟੀ।
ਸੀਰੀ ਅਤੇ ਕਿਸਾਨ ਨੇ ਦੋਵੇਂ
ਧਰਤੀ 'ਚੋਂ ਅੰਨ ਉਗਾਉਂਦੇ,
ਆਲੋਚਕ ਕਰਨ ਆਲੋਚਨਾ ਉਸ ਦੀ
ਅੰਨ ਉਸੇ ਦਾ ਖਾਂਦੇ।
ਵੋਟਾਂ ਮੰਗਦੇ ਲੀਡਰ ਸਾਥੋਂ
ਸੁਫਨੇ ਬੜੇ ਦਿਖਾਉਂਦੇ,
ਕੁਰਸੀ 'ਤੇ ਬਹਿ ਜਾਂਦੇ
ਤੇ ਮੁੜ ਕੇ ਹੱਥ ਨਾ ਆਉਂਦੇ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਖਾਲ ਘੜਦਿਆਂ ਆਈ ਹਾਜਰੀ
ਛੋਡ ਕੇ ਕਹੀਆਂ ਨੇੜੇ ਆਵਣ।
ਝੱਟ ਸੀਰੀ ਦਾ ਭੇਦ ਨਾ ਕੋਈ
ਬੈਠ ਇਕੱਠੇ ਰੋਟੀ ਖਾਵਣ।
ਸਦੀਆਂ ਤੋਂ ਜੋ ਸਾਂਝ ਪੁਰਾਣੀ
ਹੁਣ ਵੀ ਬੋਲ ਪੁਗਾਈ ਜਾਵਣ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਖਾਲਾਂ ਘੜ ਘੜ ਥੱਕੇ ਆੜਾਂ ਘੜਦੇ ਥੱਕੇ,
ਘਾਹ ਖੋਤਦਿਆਂ ਐਵੇਂ ਉਮਰ ਗੁਆਈ ਜੀ।
ਜਿੰਨਾ ਮਰਜੀ ਖੋਤੋ ਮੁੜ ਮੁੜ ਉੱਗਦਾ ਐ,
ਰੰਬੇ ਚੰਡ ਕੇ ਅੱਕੇ ਖਹਿੜਾ ਛੁੱਟਦਾ ਨਹੀਂ।
ਗੁਰਬਤ ਦੇ ਵਿਚ ਉਮਰ ਬੀਤ ਗਈ ਐ,
ਏਦੋਂ ਚੰਗੇ ਹੋਏ ਨਾ ਭੁੱਖ ਨਾਲ ਘੁਲਦੇ ਜੀ।
ਭੁੱਖੇ ਢਿੱਡ ਕਤੂਰੇ ਨੱਚਣ ਡੋਬੇ ਪੈਂਦੇ ਐ,
ਰੰਬੇ ਸੁੱਟੋ ਸ਼ਾਹਵੇਲਾ ਬੰਨੇ ਬਹਿ ਖਾਈਏ ਜੀ।
*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਲੀਡਰਾਂ ਦੇ ਬੋਝੇ ਭਰਦੇ ਜਾਵਣ
ਜਨ-ਸੇਵਕਾਂ ਜਨਤਾ ਕੀਤੀ ਬੇਹਾਲ।
ਭਲਾਈ ਕਰਨ ਵਾਲੇ ਰਾਜਾਂ 'ਚ ਸੇਵਾ ਕਰੋ
ਟੈਕਸ ਲਾਓ ਵੱਡੀ ਕਮਾਈ ਤੇ ਗਰੀਬ ਖੁਸ਼ਹਾਲ।
ਰਿਓੜੀਆਂ ਵੰਡੋ ਨਾ ਮੁੜ ਮੁੜ ਆਪਣਿਆਂ ਨੂੰ
ਖੇਤੀ ਕਾਨੂੰਨਾਂ ਕੀਤਾ ਧੱਕਾ ਕਿਸਾਨਾਂ ਨਾਲ।
ਸ਼ਾਂਤਮਈ ਲਹਿਰ ਦੀਆਂ ਕੁਰਬਾਨੀਆਂ
ਸਮੇਂ ਨਾਲ ਦਿਖਾਉਣਾ ਆਪਣਾ ਜਲਾਲ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਮਜਦੂਰੀ ਦੀ ਮਜਬੂਰੀ,
ਨਿਕਲਣ ਦਾ ਲੱਭੇ ਨਾ ਕੋਈ ਰਾਹ।
ਰੁੱਖੀ-ਮਿੱਸੀ ਪਾਣੀ ਨਾਲ ਲੰਘਾ ਕੇ,
ਰੱਬ ਦਾ ਰਹੇ ਨੇ ਸ਼ੁਕਰ ਮਨਾ।
*-ਦਵਿੰਦਰ ਕੌਰ*

---

ਹਮੇਸ਼ਾ ਸਮਾਜ 'ਚ ਦੋ ਜਮਾਤਾਂ ਹਨ
ਇਕ ਕਿਰਤੀ, ਦੂਜੀ ਵਿਹਲੜ ਲੋਟੂ।
ਇਕ ਖੇਤਾਂ 'ਚ ਅੰਨ ਪੈਦਾ ਕਰਦਾ
ਦੂਜਾ ਸਟੀਮ ਅੱਗੇ ਖੜ੍ਹ ਮਿੱਲਾਂ ਤੇ
ਕਾਰਖਾਨਿਆਂ 'ਚ ਔਜ਼ਾਰ ਪੈਦਾ ਕਰਦਾ
ਪਰ ਕਿਰਤੀ ਰੋਟੀ ਤੋਂ ਵੀ ਅਵਾਜਾਰ
ਲੋਟੂ ਜਮਾਤ ਉਸੇ ਦੀ ਕਿਰਤ
ਵੇਚ ਕੇ ਗੁਲਸ਼ੱਰੇ ਉਡਾਉਂਦੀ
ਕਾਣੀ ਵੰਡ ਦਾ ਹੀ ਇਕ ਪੱਖ ਹੈ।
*-ਦਰਸ਼ਨਪਾਲ ਦੋਸਾਂਝ*

---

ਬੈਠ ਕੇ ਵਿਚ ਖਾਲ
ਰੱਖਿਆ ਫੁਲਕਾ ਤੇ ਦਾਲ
ਹੈ ਨਾ ਵਕਤ ਦਾ ਕਮਾਲ
ਪਤਾ ਹੈ ਜੋ ਮਜਬੂਰੀ
ਪਰ ਉਸ ਦੀ ਲਤ ਹੈ ਅਧੂਰੀ
ਘਰ ਦੇ ਪਾਲਣ ਪੋਸ਼ਣ ਲਈ
ਸਮੇਂ ਨੇ ਕਰਵਾਈ ਮਜ਼ਦੂਰੀ।
*-ਬੱਲਾ ਲਬਾਣਾ, ਨਿਊ ਯਾਰਕ*
*ਫੋਨ: 848-235-8344*

# ਸੰਤਾਲੀ ਦੀ ਵੰਡ ਅਤੇ ਸਿੱਖ ਲੀਡਰਸ਼ਿਪ ਦਾ ਰੋਲ

*ਸਿੱਖਾਂ ਦੇ ਸੁਚੇਤ ਹਲਕਿਆਂ ਵਿਚ ਇਹ ਜਾਣਨ ਦੀ ਇੱਛਾ ਸਦਾ ਹੀ ਰਹੀ ਹੈ ਕਿ ਭਾਰਤ ਦੀ ਵੰਡ ਸਮੇਂ ਸਿੱਖ ਲੀਡਰਸ਼ਿਪ ਦਾ ਕੀ ਰੋਲ ਸੀ ਅਤੇ ਕੌਣ ਕਿਥੇ ਖੜ੍ਹਾ ਸੀ। ਕੀ ਉਸ ਸਮੇਂ ਸਿੱਖਾਂ ਨੂੰ ਵੱਖਰਾ ਮੁਲਕ ਮਿਲਦਾ ਸੀ ਜਾਂ ਮਿਲ ਸਕਦਾ ਸੀ? ਕੀ ਅੰਗਰੇਜ਼ ਸਿੱਖਾਂ ਨੂੰ ਕੁਝ ਦੇਣਾ ਚਾਹੁੰਦੇ ਸਨ? ਉਨ੍ਹਾਂ ਦੇ ਸਾਹਮਣੇ ਵੱਡੀਆਂ ਰੁਕਾਵਟਾਂ ਕਿਹੜੀਆਂ ਸਨ? ਇਤਿਹਾਸ ਦੀਆਂ ਉਨ੍ਹਾਂ ਘੜੀਆਂ ਵਿਚ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਦੀ ਸਿਆਸੀ ਮਾਨਸਿਕਤਾ ਕਿਹੋ ਜਿਹੀ ਸੀ? ਅਜਿਹੇ ਅਹਿਮ ਸਵਾਲਾਂ ਬਾਰੇ ਚਰਚਾ ਸੁਖਦੀਪ ਸਿੰਘ ਬਰਨਾਲਾ ਦੇ ਆਪਣੇ ਇਸ ਲੰਮੇ ਲੇਖ ਵਿਚ ਕੀਤੀ ਹੈ, ਜਿਸ ਦੀ ਪਹਿਲੀ ਕਿਸ਼ਤ ਪਾਠਕਾਂ ਦੇ ਰੂ-ਬ-ਰੂ ਕੀਤੀ ਜਾ ਰਹੀ ਹੈ।*

ਸਿੱਖ ਆਗੂਆਂ, ਖਾਸਕਰ ਅਕਾਲੀ ਆਗੂਆਂ ਨੇ 1947 ਵਾਲੀ ਵੰਡ ਤੋਂ ਪਹਿਲਾਂ ਤਿੰਨ ਵੱਡੇ ਫੈਸਲੇ ਕੀਤੇ। ਇਨ੍ਹਾਂ ਫੈਸਲਿਆਂ ਦਾ ਜ਼ਿੰਮੇਵਾਰ ਅਕਾਲੀ ਦਲ ਦੇ ਆਗੂ ਹੋਣ ਦੇ ਨਾਂ 'ਤੇ ਮਾਸਟਰ ਤਾਰਾ ਸਿੰਘ ਨੂੰ ਮੰਨਿਆ ਜਾਂਦਾ ਹੈ। ਕਿਸੇ ਵੀ ਸ਼ਖਸ ਦੇ ਕਾਰਜਾਂ ਦੇ ਆਧਾਰ 'ਤੇ ਉਸ ਦੀ ਅਲੋਚਨਾ ਜਾਂ ਮਹਿਮਾ ਇਮਾਨਦਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ ਪਰ ਮਾਸਟਰ ਤਾਰਾ ਸਿੰਘ ਦੇ ਮਸਲੇ ਵਿਚ ਮਾਹੌਲ ਉਦੋਂ ਪੱਖਪਾਤੀ ਹੋ ਜਾਂਦਾ ਹੈ ਜਦੋਂ ਉਨ੍ਹਾਂ ਦੀ ਅਲੋਚਨਾ ਦਾ ਆਧਾਰ ਉਨ੍ਹਾਂ ਦੇ ਫੈਸਲਿਆਂ ਤੋਂ ਪਾਰ ਜਾ ਕੇ ਉਨ੍ਹਾਂ ਦੇ ਹਿੰਦੂ ਪਰਿਵਾਰ 'ਚੋਂ ਸਿੱਖੀ ਵਿਚ ਆਉਣ ਦੁਆਲੇ ਕੇਂਦਰਿਤ ਹੋ ਜਾਂਦਾ ਹੈ। ਉਹ ਖੱਤਰੀ ਪਰਿਵਾਰ ਵਿਚੋਂ ਸਨ, ਬੇਸ਼ੱਕ ਉਨ੍ਹਾਂ ਪ੍ਰਾਇਮਰੀ ਸਿੱਖਿਆ ਦੌਰਾਨ ਹੀ ਆਪਣੇ ਭਰਾਵਾਂ ਸਮੇਤ ਪ੍ਰਸਿੱਧ ਸਿੱਖ ਪ੍ਰਚਾਰਕ ਸੰਤ ਅਤਰ ਸਿੰਘ ਦੇ ਜਥੇ ਪਾਸੋਂ

ਸੁਖਦੀਪ ਸਿੰਘ ਬਰਨਾਲਾ

ਅੰਮ੍ਰਿਤਪਾਨ ਕਰ ਲਿਆ ਸੀ। ਗੱਲ ਓਪਰੀ ਲੱਗੇਗੀ ਪਰ ਤੱਥ ਇਹੀ ਹੈ ਕਿ ਮਾਸਟਰ ਤਾਰਾ ਸਿੰਘ ਅਜਿਹੇ ਅਕਾਲੀ ਆਗੂਆਂ ਨਾਲੋਂ ਹਜ਼ਾਰ ਦਰਜੇ ਸਮਰਪਿਤ ਅਤੇ ਇਮਾਨਦਾਰ ਸਿੱਖ ਸਨ। ਹਿੰਦੂ ਪਰਿਵਾਰ 'ਚੋਂ ਆਉਣ ਬਾਰੇ ਮੈਂ ਇੰਨਾ ਹੀ ਕਹਾਂਗਾ ਕਿ ਉਨ੍ਹਾਂ ਅਤੇ ਸਾਡੇ ਵਿਚਕਾਰ ਫਰਕ ਇੰਨਾ ਕੁ ਹੀ ਹੋਵੇਗਾ ਕਿ ਸਾਡੇ ਵਡੇਰੇ ਗੁਰੂ ਸਾਹਿਬ ਦੀ ਸ਼ਰਨ 'ਚ ਆ ਗਏ, ਇਸ ਕਰਕੇ ਸਾਨੂੰ ਜਨਮ ਤੋਂ ਸਿੱਖੀ ਦੀ ਦਾਤ ਮਿਲ ਗਈ ਤੇ ਮਾਸਟਰ ਜੀ ਦੇ ਵਡੇਰੇ ਖੁੰਝ ਗਏ ਹੋਣਗੇ ਤੇ ਉਹ ਆਪ ਆ ਗਏ। ਉਂਜ ਵੀ ਭਗਤ ਪੂਰਨ ਸਿੰਘ ਤੋਂ ਲੈ ਕੇ ਪ੍ਰੋਫੈਸਰ ਪੂਰਨ ਸਿੰਘ ਸਮੇਤ ਸਿੱਖ ਸਜਣ ਦੀਆਂ ਹਜ਼ਾਰਾਂ ਉਦਾਹਰਨਾਂ ਹਨ। ਇਸ ਕਰਕੇ ਅਸੀਂ ਮਾਸਟਰ ਤਾਰਾ ਸਿੰਘ ਦੀ ਪੜਚੋਲ ਉਨ੍ਹਾਂ ਦੇ ਪਿਛੋਕੜ ਦੇ ਆਧਾਰ 'ਤੇ ਨਹੀਂ ਬਲਕਿ ਫੈਸਲਿਆਂ 'ਤੇ ਆਧਾਰ 'ਤੇ ਕਰਾਂਗੇ।

ਪਹਿਲਾ ਫੈਸਲਾ ਸੀ ਮੁਹੰਮਦ ਅਲੀ ਜਿਨਾਹ ਦੀ ਪਾਕਿਸਤਾਨ ਨਾਲ ਰਲਣ ਵਾਲੀ ਪੇਸ਼ਕਸ਼ ਨਾ ਮੰਨਣਾ (ਜਾਂ ਕੌਮ ਦੀ ਦਿਮਾਗ ਕਹੇ ਜਾਂਦੇ ਗਿਆਨੀ ਕਰਤਾਰ ਸਿੰਘ ਵੱਲੋਂ ਜਿਨਾਹ ਕੋਲੋਂ ਇਸ ਬਾਬਤ ਲਿਖਤੀ ਭਰੋਸਾ ਮੰਗਣਾ)। ਅਸਲ ਵਿਚ ਇਹ ਪੇਸ਼ਕਸ਼ ਜਿਨਾਹ ਤੋਂ ਪਹਿਲਾਂ ਦਰਜਨਾਂ ਵਾਰ ਅੰਗਰੇਜ਼ ਅਫਸਰ ਖੁਦ ਵੀ ਕਰ ਚੁੱਕੇ ਸਨ। ਹੋਰ ਸਾਫ ਸ਼ਬਦਾਂ ਵਿਚ ਕਹੀਏ ਤਾਂ ਇਹ ਇਕਲੌਤੀ ਪੇਸ਼ਕਸ਼ ਸੀ ਜੋ ਭਾਰਤ ਛੱਡਣ ਤੋਂ ਪਹਿਲਾਂ ਗੋਰਿਆਂ ਨੇ ਸਿੱਖ ਲੀਡਰਸ਼ਿਪ ਨੂੰ ਵਾਰ-ਵਾਰ ਕੀਤੀ ਸੀ। ਪਹਿਲਾ ਰਾਹ ਵੱਖਰੇ ਸਿੱਖ ਰਾਜ ਦਾ ਸੀ ਜੋ ਸਿੱਖਾਂ ਦੀ ਪਹਿਲੀ ਤੇ ਚਿਰੋਕਣੀ ਮੰਗ ਸੀ ਪਰ ਸੱਚਾਈ ਇਹ ਸੀ ਕਿ ਨਹਿਰੂ ਅਤੇ ਜਿਨਾਹ ਦੇ ਦਬਾਅ ਕਾਰਨ ਤੇ ਖਿਲਰੀ ਹੋਈ ਸਿੱਖ ਆਬਾਦੀ ਦੇ ਬਹਾਨੇ ਵੱਖਰੀ ਸਿੱਖ ਸਟੇਟ ਦੀ ਮੰਗ ਪੂਰੀ ਕਰਨ ਤੋਂ ਅੰਗਰੇਜ਼ ਭਗੌੜੇ ਸਨ। ਬਾਕੀ ਬਚਦਾ ਰਾਹ ਇਹੀ ਸੀ ਜੋ ਸਿੱਖ ਆਗੂਆਂ ਨੇ 'ਨਹਿਰੂ-ਗਾਂਧੀ-ਪਟੇਲ' ਦੇ ਭੁਲਾਵੇ 'ਚ ਚੁਣਿਆ, ਭਾਰਤ ਨਾਲ ਰਲਣ ਦਾ, ਪਰ ਇਸ ਬਾਬਤ ਕੋਈ ਲਿਖਤੀ ਸਮਝੌਤੇ ਨਹੀਂ ਕੀਤੇ। ਸਭ ਕੁਝ ਜ਼ਬਾਨੀ-ਕਲਾਮੀ ਹੋਇਆ। ਸੋ ਨਹਿਰੂ, ਗਾਂਧੀ ਤੇ ਪਟੇਲ ਨੇ ਮੁਕਰਨ ਲੱਗਿਆਂ ਦੇਰ ਨਾ ਲਾਈ; ਬੇਸ਼ੱਕ ਹੁਣ ਮੋਦੀ ਨੇ ਕਸ਼ਮੀਰ ਦੇ ਲਿਖਤੀ ਸਮਝੌਤੇ ਵੀ ਸ਼ਰੇ-ਬਾਜ਼ਾਰ ਤੋੜ ਦਿੱਤੇ ਪਰ ਸਿੱਖਾਂ ਦਾ ਮਾਸਟਰ ਤਾਰਾ ਸਿੰਘ ਉਤੇ ਇਹ ਇਤਰਾਜ਼ ਹੈ ਤੇ ਕਿਤੇ ਨਾ ਕਿਤੇ ਇਹ ਵਾਜਬ ਵੀ ਸੀ। ਅੰਗਰੇਜ਼ਾਂ ਨੇ ਪੂਰਾ ਜ਼ੋਰ ਲਾਇਆ ਕਿ 'ਕਿਸੇ ਵੀ ਤਰੀਕੇ ਯੂਨਾਈਟਡ ਇੰਡੀਆ ਰਹਿ ਜਾਵੇ', ਜੇ ਇਹ ਗੱਲ ਸਿਰੇ ਨਾ ਲੱਗੇ ਤਾਂ ਪਾਕਿਸਤਾਨ ਤੋਂ ਛੁੱਟ ਕੋਈ ਹੋਰ ਆਜ਼ਾਦ ਖਿੱਤਾ ਨਾ ਬਣੇ। ਪਾਕਿਸਤਾਨ ਦੇ ਖਿਆਲ ਨੂੰ ਵੀ ਪਹਿਲਾਂ-ਪਹਿਲ ਰੱਦ ਕੀਤਾ ਗਿਆ, ਫਿਰ 'ਯੂਨੀਅਨ ਆਫ ਇੰਡੀਆ ਅਧੀਨ ਖੁਦਮੁਖਤਿਆਰ ਖਿੱਤੇ' ਦੇ ਤੌਰ 'ਤੇ ਚਿਤਵਿਆ ਗਿਆ, ਤੇ ਅੰਤ ਕੌੜਾ ਘੁੱਟ ਭਰਦਿਆਂ ਪਾਕਿਸਤਾਨ ਨੂੰ 'ਆਜ਼ਾਦ ਖਿੱਤੇ' ਵਜੋਂ ਮਨਜ਼ੂਰ ਕੀਤਾ ਗਿਆ। ਅੰਗਰੇਜ਼ਾਂ ਦੇ ਅਜਿਹਾ ਕਰਨ ਅਤੇ ਸੋਚਣ ਦੇ ਕੁਝ ਤਤਕਾਲੀ ਕਾਰਨ ਸਨ:

1940 ਵਿਆਂ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ ਪੈਂਡਰਲ ਮੂਨ ਅਤੇ ਸੱਤਾ ਤਬਦੀਲੀ ਵਿਚ ਫੈਸਲਾਕੁਨ ਭੂਮਿਕਾ ਨਿਭਾਉਣ ਵਾਲੇ ਵਲੈਤੀ ਅਫਸਰ ਸਰ ਸਟੈਫਰਡ ਕ੍ਰਿਪਸ ਸਮੇਤ ਵੱਡੇ ਅੰਗਰੇਜ਼ ਅਫਸਰ ਮਾਸਟਰ ਤਾਰਾ ਸਿੰਘ ਸਮੇਤ ਸਾਰੇ ਸਿੱਖ ਆਗੂਆਂ 'ਤੇ ਪਾਕਿਸਤਾਨ ਨਾਲ ਰਲਣ ਦਾ ਦਬਾਅ ਬਣਾ ਰਹੇ ਸਨ। ਜਦੋਂ ਕੈਬਨਿਟ ਮਿਸ਼ਨ ਭਾਰਤ ਆਇਆ ਤਾਂ ਕੈਬਨਿਟ ਮਿਸ਼ਨ ਦੇ ਸਟਾਫ ਦਾ ਇੱਕ ਮੈਂਬਰ ਸਿੱਖਾਂ ਦਾ ਬੜਾ ਅਹਿਸਾਨਮੰਦ ਸੀ। ਇਹ ਬੰਦਾ 1940 ਵਿਚ ਦੂਜੀ ਸੰਸਾਰ ਜੰਗ ਦੌਰਾਨ ਫੌਜ ਵਿਚ ਸਿੱਖਾਂ ਦੀ ਭਰਤੀ ਦੀ ਬੇਨਤੀ ਲੈ ਕੇ ਮਾਸਟਰ ਤਾਰਾ ਸਿੰਘ ਨੂੰ ਮਿਲਿਆ। 11 ਸਿੱਖ ਰਜਮੈਂਟ ਦਾ ਅੰਗਰੇਜ਼ ਅਫਸਰ ਮੇਜਰ ਸ਼ਾਰਟ ਬਿਲੀ ਸੀ। ਪੈਂਡਰਲ ਮੂਨ ਆਪਣੀ ਕਿਤਾਬ 'ਡਿਵਾਈਡ ਐਂਡ ਕੁਇਟ' ਵਿਚ ਲਿਖਦੇ ਹਨ:

'ਮੈਂ ਅਤੇ ਮੇਜਰ ਸ਼ਾਰਟ ਬਿਲੀ ਸਿੱਖਾਂ ਦੀ ਭਲਾਈ ਦੇ ਚਾਹਵਾਨ ਸਾਂ। ਮੇਜਰ ਬਿਲੀ ਕੈਬਨਿਟ ਮਿਸ਼ਨ ਦੇ ਸਟਾਫ ਵਿਚ ਸ਼ਾਮਿਲ ਸਨ ਅਤੇ ਦੂਜੀ ਸੰਸਾਰ ਜੰਗ ਦੌਰਾਨ ਨਿਭਾਏ ਰੋਲ ਬਦਲੇ ਸਿੱਖਾਂ ਦੇ ਕਾਇਲ ਸਨ। ਉਨ੍ਹਾਂ ਅਕਾਲੀ ਲੀਡਰਾਂ ਨੂੰ ਸੁਝਾਅ ਦਿੱਤਾ ਸੀ ਕਿ ਮੁਸਲਮਾਨਾਂ ਨਾਲ ਰਹਿਣ ਵਿਚ ਸਿੱਖਾਂ ਦਾ ਜ਼ਿਆਦਾ ਫਾਇਦਾ ਹੈ। ਇਸ ਨਾਲ ਪੰਜਾਬ ਦੇ ਟੁਕੜੇ ਨਹੀਂ ਹੋਣਗੇ। ਪਾਕਿਸਤਾਨ ਵਿਚ ਮੁਸਲਮਾਨ ਛੋਟੇ ਬਹੁਮਤ ਵਿਚ ਹੀ ਹੋਣਗੇ ਅਤੇ ਸੱਤਾ ਦੀ ਚਾਬੀ ਸਿੱਖਾਂ ਦੇ ਹੱਥ ਰਹੇਗੀ। ਪਾਕਿਸਤਾਨ ਇੰਡੀਅਨ ਯੂਨੀਅਨ ਅਧੀਨ ਖੁਦਮੁਖਤਾਰ ਸਟੇਟ ਬਣੇ ਜਾਂ ਵੱਖਰਾ ਆਜ਼ਾਦ ਦੇਸ਼, ਇਸ ਬਾਰੇ ਰੇੜਕਾ ਸੀ, ਕਿਉਂਕਿ ਕੈਬਨਿਟ ਮਿਸ਼ਨ ਦੇ ਆਉਣ ਦਾ ਮੁੱਖ ਮਕਸਦ 'ਯੂਨਾਈਟਡ ਇੰਡੀਆ' ਸੀ। ਇਸ ਕਰਕੇ 'ਇੰਡੀਅਨ ਯੂਨੀਅਨ ਅਧੀਨ ਖੁਦਮੁਖਤਾਰ ਸਟੇਟ' ਬਾਰੇ ਜ਼ੋਰ-ਅਜ਼ਮਾਈ ਹੋ ਰਹੀ ਸੀ ਪਰ ਇਹ ਪੇਸ਼ਕਸ਼ ਸਿੱਖ ਆਗੂਆਂ ਨੂੰ ਗਵਾਰਾ ਨਹੀਂ ਸੀ। ਮਾਸਟਰ ਤਾਰਾ ਸਿੰਘ ਨੇ ਇੱਕ ਵਾਰ ਕਿਹਾ ਸੀ ਕਿ ਮੁਸਲਮਾਨਾਂ ਨਾਲ ਰਹਿਣਾ ਹੈਜ਼ੇ ਵਾਂਗ ਹੈ ਜਿੱਥੇ ਮੌਤ ਛੇਤੀ ਹੋ ਜਾਂਦੀ ਹੈ। ਹਿੰਦੂਆਂ ਨਾਲ ਰਹਿਣਾ ਟੀ.ਬੀ.ਵਾਂਗ ਹੈ ਜਿੱਥੇ ਮੌਤ ਹੌਲੀ-ਹੌਲੀ ਹੁੰਦੀ ਹੈ। ਇਹ ਗੱਲ ਸਾਫ ਸੀ ਕਿ ਉਹ ਦੋਹਾਂ ਨਾਲ ਹੀ ਨਹੀਂ ਰਹਿਣਾ ਚਾਹੁੰਦੇ ਸਨ। ਇਹ ਪੈਂਤੜਾ ਚੰਗਾ ਸੀ। ਸਿੱਖ ਲੀਡਰਸ਼ਿਪ ਸੰਘਰਸ਼ ਲਈ ਤਿਆਰ ਤਾਂ ਸੀ ਪਰ ਸੰਘਰਸ਼ ਦੀ ਰਣਨੀਤੀ ਘੜਨ ਤੋਂ ਅਸਮਰੱਥ ਸੀ। 'ਦਿ ਇੰਡੀਅਨ ਐਨੂਅਲ ਰਜਿਸਟਰ-1946' ਮੁਤਾਬਿਕ ਜੂਨ 1946 ਵਿਚ ਕੈਬਨਿਟ ਮਿਸ਼ਨ ਦੀ ਇਸ ਤਜਵੀਜ਼ ਖਿਲਾਫ ਤਕਰੀਬਨ 800 ਅਕਾਲੀ ਅੰਮ੍ਰਿਤਸਰ ਇਕੱਠੇ ਹੋਏ। ਮਾਸਟਰ ਤਾਰਾ ਸਿੰਘ ਨੇ ਸੰਕਟ ਦੀ ਘੜੀ ਵਿਚ ਸਿੱਖਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਤੇ ਅਗਾਂਹ ਦੇ ਸੰਘਰਸ਼ ਵਾਸਤੇ ਮਰ-ਮਿਟਣ ਲਈ ਤਿਆਰ ਰਹਿਣ ਵਾਸਤੇ ਕਿਹਾ।

ਦੂਜੇ ਪਾਸੇ ਅੰਗਰੇਜ਼ਾਂ ਦੀ ਦਲੀਲ ਸੀ ਕਿ ਜੇ ਸਿੱਖ ਪਾਕਿਸਤਾਨ ਨਾਲ ਰਲਦੇ ਹਨ ਤਾਂ ਇਸ ਨਾਲ ਪੰਜਾਬ ਵੰਡ ਅਤੇ ਆਬਾਦੀ ਦੇ ਅਦਲ-ਬਦਲ ਕਾਰਨ ਹੋਣ ਵਾਲੇ ਪਰਵਾਸ ਤੋਂ ਬਚਦਾ ਸੀ ਪਰ ਕੀ ਪੰਜਾਬੀ ਮੁਸਲਮਾਨ ਦੇ ਆਸਰੇ ਸਿੱਖ ਪਾਕਿਸਤਾਨ ਵਿਚ ਵਸ ਸਕਦੇ ਸਨ? ਕੀ ਪੰਜਾਬੀ ਮੁਸਲਮਾਨ ਭਾਈਚਾਰੇ ਦੀ ਮੁਸਲਿਮ ਲੀਗ ਜਾਂ ਪਾਕਿਸਤਾਨ ਦੀ ਸਿਆਸਤ ਵਿਚ ਕੋਈ ਜ਼ਿਕਰਯੋਗ ਪੁੱਛ-ਪ੍ਰਤੀਤ ਸੀ? ਪੰਜਾਬੀ ਮੁਸਲਮਾਨ ਭਰਾਵਾਂ ਉਤੇ ਸਿੱਖ ਭਰੋਸਾ ਤਾਂ ਕਰ ਸਕਦੇ ਸਨ, ਜੇ ਮੁਸਲਮਾਨਾਂ ਨੇ ਇਤਿਹਾਸ ਵਿਚ ਪੰਜਾਬੀ ਮੁਸਲਮਾਨਾਂ 'ਤੇ ਭਰੋਸਾ ਦਿਖਾਇਆ ਹੁੰਦਾ। ਹਕੀਕਤ ਇਹ ਸੀ ਕਿ ਸਦੀਆਂ ਲੰਮੇ ਇਸਲਾਮੀ ਰਾਜ-ਕਾਲ ਦੌਰਾਨ ਅਦੀਨਾ ਬੇਗ ਤੋਂ ਸਿਵਾਇ ਕਿਸੇ ਪੰਜਾਬੀ ਮੁਸਲਮਾਨ ਹੱਥ ਸੂਬੇ ਦੀ ਵਾਗਡੋਰ ਨਹੀਂ ਸੌਂਪੀ ਗਈ ਸੀ। ਜਿਨਾਹ ਖੁਦ ਪੰਜਾਬੀ ਨਹੀਂ ਸੀ ਤੇ ਨਾ ਹੀ ਉਹਦੀ ਨਜ਼ਰ ਵਿਚ ਪੰਜਾਬੀ ਮੁਸਲਮਾਨ ਦੀ ਕੋਈ ਖਾਸ ਹੈਸੀਅਤ ਸੀ। ਜੇ ਪੰਜਾਬ ਸਾਂਝਾ ਰਹਿ ਵੀ ਜਾਂਦਾ ਤਾਂ ਵੀ ਪੰਜਾਬੀ ਮੁਸਲਮਾਨ ਸਿੱਖਾਂ ਨੂੰ ਕੋਈ ਭਾਈਚਾਰਕ ਭਰੋਸਾ ਦੇ ਸਕਣ ਦੇ ਸਮਰੱਥ ਨਹੀਂ ਸਨ। ਗੁਰਮਤਿ ਨਾਲ ਸਹਿਚਾਰ ਰੱਖਣ ਵਾਲਾ ਸੂਫੀ ਮਤ ਦਿਨੋ-ਦਿਨ ਕਮਜ਼ੋਰ ਕੀਤਾ ਜਾ ਰਿਹਾ




ਮਾਸਟਰ ਤਾਰਾ ਸਿੰਘ

ਸੀ ਤੇ ਅੱਜ ਵੀ ਹਾਲਾਤ ਇਹੋ ਹਨ। ਆਲਮੀ ਪੱਧਰ ਤੇ ਵਾਪਰ ਰਿਹਾ 'ਗਰੂਮਿੰਗ ਗੈਂਗ' ਵਰਤਾਰਾ ਵੀ ਇਸ ਪੱਖ ਤੋਂ ਅਛੂਤਾ ਨਹੀਂ। ਇਹ ਇਸਲਾਮ ਵਿਚ ਸੂਫੀ ਮਤ ਦੇ ਕਮਜ਼ੋਰ ਹੋਣ ਅਤੇ ਕੱਟੜ ਸੋਚ ਦੇ ਭਾਰੂ ਹੋਣ ਦਾ ਜ਼ਾਹਰਾ ਸਬੂਤ ਹੈ। ਮੌਜੂਦਾ ਦੌਰ ਬਾਰੇ ਗੱਲ ਕਰੀਏ ਤਾਂ ਧਾਰਾ 370 ਦਾ ਟੁੱਟਣਾ ਹੋਵੇ ਜਾਂ ਕਸ਼ਮੀਰ ਵਿਚ ਚੱਲ ਰਿਹਾ ਭਾਰਤੀ ਅਤਿਵਾਦ, ਸਿੱਖ ਹਰ ਜਗ੍ਹਾ ਪੀੜਤਾਂ ਨਾਲ ਖੜ੍ਹੇ ਦਿਸੇ। ਜਦੋਂ ਧਾਰਾ 370 ਟੁੱਟੀ ਤਾਂ ਕਸ਼ਮੀਰੀਆਂ ਨਾਲ ਭਾਰਤ ਵਿਚ ਨਸਲੀ ਵਿਤਕਰੇ ਜ਼ੋਰ ਫੜ ਗਏ। ਸਿੱਖਾਂ ਨੇ 1984 ਵਿਚ ਹੋਏ ਸਿੱਖ ਬੱਚੀਆਂ ਦੇ ਹਸ਼ਰ ਨੂੰ ਯਾਦ ਕਰਦਿਆਂ ਕਸ਼ਮੀਰੀ ਬੱਚੀਆਂ ਨੂੰ ਪ੍ਰਾਈਵੇਟ ਟੈਕਸੀਆਂ, ਬੱਸਾਂ, ਇਥੋਂ ਤੱਕ ਕੇ ਚਾਰਟਰ ਜਹਾਜ਼ ਕਰਵਾ ਕੇ ਵੀ ਸੁਰੱਖਿਅਤ ਘਰੋ-ਘਰੀ ਪਹੁੰਚਾਇਆ ਪਰ ਕੀ ਕਾਰਨ ਸਨ ਕਿ ਸਿੱਖਾਂ ਦੇ ਦੋਸਤ ਮੰਨੇ ਜਾਣ ਵਾਲੀ ਹੁਰੀਅਤ ਲੀਡਰਸ਼ਿਪ ਸਮੇਤ ਕਸ਼ਮੀਰ ਦੀ ਆਜ਼ਾਦੀ ਤਹਿਰੀਕ ਦੇ ਸਮੁੱਚੇ ਮੁਸਲਿਮ ਆਗੂ 'ਗਰੂਮਿੰਗ' ਦੇ ਮਸਲੇ 'ਤੇ ਮੂੰਹ ਨੂੰ ਜਿੰਦਰੇ ਮਾਰ ਕੇ ਬੈਠੇ ਹਨ। ਜੇ ਖੇਤੀ ਬਿੱਲਾਂ ਨੂੰ ਪਾਸੇ ਰੱਖ ਲਈਏ ਤਾਂ ਸਿੱਖਾਂ ਦਾ ਹੁਣ ਤੱਕ ਬੀਜੇਪੀ ਜਾਂ ਮੋਦੀ ਨਾਲ ਕਿਸ ਗੱਲ ਦਾ ਟਕਰਾਅ ਸੀ? ਜਦੋਂ ਮੋਦੀ ਵਿਦੇਸ਼ ਜਾਂਦਾ ਸੀ ਤਾਂ ਏਅਰਪੋਰਟਾਂ ਤੋਂ ਲੈ ਕੇ ਸੈਨੇਟ ਹਾਊਸਾਂ ਤੱਕ ਸਿੱਖ ਇਸ ਫਾਸਿਸਟ ਦਾ ਵਿਰੋਧ ਕਰਦੇ ਰਹੇ, ਇਸ ਦਾ ਕਾਰਨ ਕੀ ਸੀ? ਕਾਰਨ ਇਕੋ ਸੀ ਗੁਜਰਾਤ ਦਾ ਮੁਸਲਿਮ ਕਤਲੇਆਮ ਜਿਸ ਕਾਰਨ ਸਿੱਖ ਮੋਦੀ ਤੇ ਬੀਜੇਪੀ ਨਾਲ ਵੈਰ ਪਾਲ ਰਹੇ ਹਨ ਪਰ ਕੀ ਸਿੱਖਾਂ ਨੂੰ ਕਸ਼ਮੀਰੀਆਂ ਤੋਂ ਉਹੋ ਜਿਹਾ ਹੁੰਗਾਰਾ ਮਿਲ ਰਿਹਾ ਹੈ? ਹਕੀਕੀ ਹਾਲਾਤ ਬਿਲਕੁਲ ਉਲਟ ਹਨ। ਕਸ਼ਮੀਰ ਵਿਚ ਸਿੱਖ ਬੱਚੀ ਮਨਮੀਤ ਕੌਰ ਨੂੰ ਵਰਗਲਾਉਣ ਬਾਬਤ ਤਸਵੀਰ ਪੂਰੀ ਤਰ੍ਹਾਂ ਸਾਫ ਹੈ। ਮਨਮੀਤ ਨੂੰ ਪਿਛਲੇ 6 ਸਾਲ ਤੋਂ ਚਾਰ ਬੱਚਿਆਂ ਦੇ ਪਿਓ ਨੇ ਵਰਗਲਾਇਆ ਤੇ ਹੁਣ ਜੂਨ ਵਿਚ ਬੱਚੀ ਦੀ ਉਮਰ 18 ਸਾਲ ਹੋਣ 'ਤੇ ਨਿਕਾਹ ਕਰ ਲਿਆ। ਮਨਮੀਤ ਉਦੋਂ ਮਸਾਂ 12 ਸਾਲ ਦੀ ਬੱਚੀ ਸੀ ਜਦੋਂ ਇਸਲਾਮ ਦੇ ਠੇਕੇਦਾਰਾਂ ਦੇ ਜਾਲ 'ਚ ਫਸਾਈ ਗਈ। ਇਹ ਬੜਾ ਸ਼ਰਮਨਾਕ ਵਰਤਾਰਾ ਹੈ ਤੇ ਕਸ਼ਮੀਰੀ ਆਗੂਆਂ ਦੀ ਚੁੱਪ ਇਸ ਲਈ ਮੂਕ ਸਹਿਮਤੀ ਦਾ ਸੰਕੇਤ ਹੈ। ਸਿੱਖ ਇਸ ਗੱਲ 'ਤੇ ਪੂਰੀ ਤਰਾਂ ਸਪਸ਼ਟ ਹਨ ਕਿ ਸਾਨੂੰ ਸਾਡੀਆਂ ਬੱਚੀਆਂ ਦੀ ਇੱਜ਼ਤ ਦੇ ਇਵਜ਼ ਵਿਚ ਕਿਸੇ ਭਾਈਚਾਰੇ ਦੀ ਲੋੜ ਨਹੀਂ ਹੈ, ਇਹੋ ਜਿਹੇ ਭਾਈਚਾਰੇ ਟੁੱਟ ਜਾਣੇ ਹੀ ਭਲੇ ਹਨ।

ਖੈਰ ਮਾਸਟਰ ਜੀ ਨੂੰ 1947 ਵੇਲੇ ਸਿੱਖਾਂ ਦੇ ਆਗੂ ਵਜੋਂ ਸਹੀ ਫੈਸਲਾ ਨਾ ਕਰ ਸਕਣ ਕਾਰਨ ਸਿੱਖਾਂ ਦੇ ਵੱਡੇ ਹਿੱਸੇ ਵੱਲੋਂ ਨਿਸ਼ਾਨੇ 'ਤੇ ਲਿਆਂਦਾ ਜਾਂਦਾ ਰਿਹਾ ਹੈ ਜਿਸ ਦਾ ਮੁੱਢ ਸਿਰਦਾਰ ਕਪੂਰ ਸਿੰਘ ਵਰਗੇ ਉਘੇ ਸਿੱਖ ਚਿੰਤਕ ਬੰਨ੍ਹਦੇ ਹਨ, ਭਬੀਸ਼ਣ ਸਿੰਘ ਗੁਰਾਇਆ ਵਰਗੇ ਕਾਰਕੁਨ ਅੱਗੇ ਤੋਰਦੇ ਹਨ। ਬਹੁਤੀਆਂ ਖਾਲਿਸਤਾਨੀ ਧਿਰਾਂ ਦਾ ਵੀ ਇਹੋ ਇਤਰਾਜ਼ ਹੈ। ਇਹ ਇਤਰਾਜ਼ ਰਵਾਇਤੀ ਅਕਾਲੀਆਂ ਦੇ ਵਿਰੋਧ ਦੀ ਰਾਜਨੀਤੀ ਦੀ ਉਪਜ ਵੀ ਹੈ। ਅੱਜ ਤੋਂ 14 ਸਾਲ ਪਹਿਲਾਂ ਲਿਖੇ ਨਾਵਲ 'ਪੰਜ ਸਦੀਆਂ ਦਾ ਵੈਰ' ਵਿਚ ਮੈਂ ਵੀ ਇਹੋ ਕੁਝ ਕੋਡ ਕੀਤਾ ਸੀ ਜਿਸ ਦਾ ਵੱਡਾ ਆਧਾਰ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਦੇ ਹਵਾਲੇ ਅਤੇ ਮੁਹੰਮਦ ਅਲੀ ਜਿਨਾਹ ਦੀਆਂ ਝੂਠੀਆਂ-ਸੱਚੀਆਂ ਪੇਸ਼ਕਸ਼ਾਂ ਹਨ ਜੋ ਅਸਲ ਵਿਚ ਅੰਗਰੇਜ਼ ਉਚ ਅਫਸਰਾਂ ਦੇ ਸੁਝਾਏ ਡਰਾਫਟ ਹੀ ਸਨ ਜੋ ਜਿਨਾਹ ਅਤੇ ਕਈ ਵਾਰ ਸਿੱਧੇ ਅੰਗਰੇਜ਼ ਅਫਸਰਾਂ ਰਾਹੀਂ ਵੀ ਮਾਸਟਰ ਜੀ ਜਾਂ ਸਿੱਖ ਆਗੂਆਂ ਅੱਗੇ ਪੇਸ਼ ਕੀਤੇ ਗਏ। ਮੈਂ ਨਿੱਜੀ ਤੌਰ 'ਤੇ 4 ਸਾਲ ਪਹਿਲਾਂ ਬਣਾਈ 'ਆਜ਼ਾਦੀ ਦੇ ਓਹਲੇ' ਡਾਕੂਮੈਂਟਰੀ ਦੀ ਖੋਜ ਦੌਰਾਨ 1947 ਦੀ ਵੰਡ ਦੀ ਮੌਲਿਕ ਪਰਖ-ਪੜਚੋਲ ਤੋਂ ਬਾਅਦ ਸਮਝਦਾ ਹਾਂ ਕਿ ਮਾਸਟਰ ਤਾਰਾ ਸਿੰਘ ਦਾ ਪਾਕਿਸਤਾਨ ਵਿਚ ਨਾ ਰਲਣ ਇਹ ਪਹਿਲਾ ਫੈਸਲਾ ਸਹੀ ਸੀ। ਇਸ ਦਾ ਪੁਖਤਾ ਆਧਾਰ ਸਿੱਖਾਂ ਦੇ ਮੁਗਲ ਰਾਜ ਨਾਲ ਪਿਛਲੀਆਂ ਸਦੀਆਂ ਦੇ ਕੌੜੇ ਤਜਰਬੇ ਸਨ।

---



ਸਰਦਾਰ ਬਲਦੇਵ ਸਿੰਘ ਅਤੇ ਜਵਾਹਰ ਲਾਲ ਨਹਿਰੂ।

ਦੂਜਾ ਫੈਸਲਾ ਵੱਖਰੇ ਸਿੱਖ ਰਾਜ ਬਾਰੇ ਸੀ। ਇਹ ਬੜਾ ਸੰਵੇਦਨਸ਼ੀਲ ਮਸਲਾ ਹੈ। ਇਸ ਮੁੱਦੇ 'ਤੇ ਲਿਖਣ-ਬੋਲਣ ਤੋਂ ਪਹਿਲਾਂ ਵੰਡ ਤੋਂ ਪਿਛਲੇ ਦਹਾਕਿਆਂ ਦੀ ਸਿੱਖ ਸਿਆਸਤ ਦੇ ਹਾਲਾਤ ਸਮਝਣੇ ਜ਼ਰੂਰੀ ਹਨ। ਕੋਈ ਦੋ ਰਾਇ ਨਹੀਂ ਕਿ ਸਿੱਖ ਲੀਡਰਸ਼ਿਪ ਆਪਸੀ ਫੁੱਟ ਦੀ ਸ਼ਿਕਾਰ ਸੀ। 55 ਲੱਖ ਦੀ ਨਿਗੂਣੀ ਘੱਟਗਿਣਤੀ ਵਾਲੇ ਸਿੱਖਾਂ ਦੇ ਘੱਟੋ-ਘੱਟ 6 ਮੁੱਖ ਸਿਆਸੀ ਧੜੇ ਸਨ। ਖਾਲਸਾ ਨੈਸ਼ਨਲ ਪਾਰਟੀ ਚੀਫ ਖਾਲਸਾ ਦੀਵਾਨ ਦਾ ਸਿਆਸੀ ਵਿੰਗ ਸੀ। ਇਸ ਦੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਰਹੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਇਹ ਪਾਰਟੀ ਆਪਣਾ ਰਸੂਖ ਗੁਆ ਰਹੀ ਸੀ। ਇੱਕ ਸੈਂਟਰਲ ਅਕਾਲੀ ਦਲ ਸੀ ਜਿਸ ਨੂੰ ਬਾਬਾ ਖੜਕ ਸਿੰਘ ਚਲਾ ਰਹੇ ਸਨ। ਇਸ ਤੋਂ ਇਲਾਵਾ ਪ੍ਰਤਾਪ ਸਿੰਘ ਕੈਰੋਂ ਅਤੇ ਸਵਰਣ ਸਿੰਘ ਵਰਗੇ ਰਸੂਖਵਾਨ ਸਿੱਖ ਲੀਡਰ ਕਾਂਗਰਸ ਵਿਚ ਸਰਗਰਮ ਸਨ। ਤੇਜਾ ਸਿੰਘ ਸੁਤੰਤਰ ਅਤੇ ਸੋਹਣ ਸਿੰਘ ਜੋਸ਼ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਹੇਠ ਸਨ। ਇੱਕ ਪੰਥਕ ਪਾਰਟੀ ਸੀ ਜਿਸ ਦੇ ਕਰਤਾ-ਧਰਤਾ ਬਲਦੇਵ ਸਿੰਘ ਸਨ। ਸਿੱਖਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਸੀ ਜਿਸ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਸਨ। ਗਿਆਨੀ ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ ਵਰਗੇ ਲੀਡਰ ਅਕਾਲੀ ਦਲ ਵਿਚ ਸਨ। ਅਕਾਲੀ ਦਲ ਵਿਚ ਮਾਸਟਰ ਤਾਰਾ ਸਿੰਘ ਅਤੇ ਊਧਮ ਸਿੰਘ ਨਾਗੋਕੇ ਦੇ ਧੜੇ ਇੱਕ ਦੂਜੇ ਦੇ ਵਿਰੋਧੀ ਸਨ। ਜਦੋਂ ਨਾਗੋਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਤਾਂ ਮਾਸਟਰ ਜੀ ਨੇ ਅਸਤੀਫਾ ਦੇ ਦਿੱਤਾ। ਇਸੇ ਤਰ੍ਹਾਂ ਦੇ ਹਾਲਾਤ 1942 ਦੇ ਭਾਰਤ ਛੱਡੋ ਅੰਦੋਲਨ ਦੌਰਾਨ ਦੇਖਣ ਨੂੰ ਮਿਲੇ। ਉਦੋਂ ਵੀ ਊਧਮ ਸਿੰਘ ਨਾਗੋਕੇ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਦਰਸ਼ਨ ਸਿੰਘ ਫੇਰੂਮਾਨ, ਬਾਬਾ ਲਾਭ ਸਿੰਘ ਅਤੇ ਉਨ੍ਹਾਂ ਦੇ ਹਮਾਇਤੀ ਗਾਂਧੀ ਦੇ ਇਸ ਅੰਦੋਲਨ ਨਾਲ ਜੁੜ ਗਏ ਪਰ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੇ ਧੜੇ ਨੇ ਇਸ ਅੰਦੋਲਨ ਵਿਚ ਖੁੱਲ੍ਹ ਕੇ ਹਿੱਸਾ ਨਹੀਂ ਲਿਆ।

ਇਸ ਫੁੱਟ ਦੇ ਬਾਵਜੂਦ ਪੁਖਤਾ ਤੱਥ ਹਨ ਕਿ ਸਿੱਖਾਂ ਨੇ ਵੱਖੋ-ਵੱਖਰੇ ਸਮੇਂ ਆਜ਼ਾਦ ਸਿੱਖ ਸਟੇਟ ਦੀ ਮੰਗ ਉਠਾਈ। ਤਾਲੀਮੀ ਅਦਾਰੇ ਵਜੋਂ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਸਭ ਤੋਂ ਪਹਿਲਾਂ 1943 ਵਿਚ 'ਆਜ਼ਾਦ ਪੰਜਾਬ' ਬਾਰੇ ਮੈਨੀਫੈਸਟੋ ਜਾਰੀ ਹੋਇਆ। ਇਸ ਕਾਲਜ ਦੀ ਸਥਾਪਨਾ ਪ੍ਰਿੰਸੀਪਲ ਨਿਰੰਜਣ ਸਿੰਘ ਨੇ 1938 ਵਿਚ ਕੀਤੀ ਸੀ। ਇਹ ਮੈਨੀਫੈਸਟੋ ਜਾਰੀ ਹੋਣ ਸਮੇਂ ਵੀ ਇਸ ਕਾਲਜ ਵਿਚ ਸ. ਨਿਰੰਜਣ ਸਿੰਘ ਪ੍ਰਿੰਸੀਪਲ ਸਨ। ਇਹ ਮਾਸਟਰ ਤਾਰਾ ਸਿੰਘ ਦੇ ਸਕੇ ਭਰਾ ਸਨ। ਸਿੱਖਾਂ ਦਾ ਮੁੱਖ ਧੜਾ ਸ਼੍ਰੋਮਣੀ ਅਕਾਲੀ ਦਲ ਸੀ। ਸ਼੍ਰੋਮਣੀ ਅਕਾਲੀ ਦਲ ਨੇ ਬਾਕਾਇਦਾ 'ਆਜ਼ਾਦ ਪੰਜਾਬ' ਬਾਰੇ ਮਤੇ ਪਾਸ ਕੀਤੇ। 7 ਜੁਲਾਈ 1943 ਨੂੰ ਅਕਾਲੀ ਦਲ ਨੇ 'ਆਜ਼ਾਦ ਪੰਜਾਬ' ਦੀ ਮੰਗ ਉਭਾਰੀ ਸੀ ਪਰ ਲਹਿੰਦੇ ਪੰਜਾਬ ਦੇ ਅਕਾਲੀ ਲੀਡਰ ਸੰਪੂਰਨ ਸਿੰਘ ਲਾਇਲਪੁਰੀ ਅਤੇ ਬੂਟਾ ਸਿੰਘ ਸ਼ੇਖੂਪੁਰਾ ਨੇ ਇਸ ਮੰਗ ਦਾ ਸਮਰਥਨ ਨਹੀਂ ਸੀ ਕੀਤਾ। ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਦੇ ਜੱਦੀ ਜ਼ਿਲ੍ਹੇ ਉਲੀਕੇ ਸਿੱਖ ਰਾਜ ਵਿਚ ਸ਼ਾਮਿਲ ਨਹੀਂ ਹੋ ਸਕਣਗੇ। ਰਾਸ਼ਟਰਵਾਦੀ ਵਿਚਾਰਧਾਰਾ ਵਾਲੇ ਕੁਝ ਸਿੱਖਾਂ ਨੇ ਵੀ 'ਆਜ਼ਾਦ ਪੰਜਾਬ' ਦੀ ਮੰਗ ਦਾ ਵਿਰੋਧ ਕੀਤਾ। 20 ਅਗਸਤ 1944 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਚ ਸਰਬ ਹਿੰਦ ਸਿੱਖ ਕਨਵੈਨਸ਼ਨ ਬੁਲਾਈ ਗਈ ਜਿੱਥੇ ਅਕਾਲੀ ਦਲ ਦੇ ਆਗੂ ਗਿਆਨੀ ਕਰਤਾਰ ਸਿੰਘ ਨੇ ਵੱਖਰੇ ਸਿੱਖ ਰਾਜ ਬਾਰੇ ਮਤਾ ਪੇਸ਼ ਕੀਤਾ। 14 ਅਕਤੂਬਰ 1944 ਦੀ ਲਾਹੌਰ ਦੀ ਅਕਾਲੀ ਕਾਨਫਰੰਸ ਵਿਚ ਮਾਸਟਰ ਤਾਰਾ ਸਿੰਘ ਨੇ ਜਜ਼ਬਾਤੀ ਭਾਸ਼ਣ ਦਿੰਦਿਆਂ ਸਿੱਖਾਂ ਦੇ ਚਾਰ ਦੁਸ਼ਮਣਾਂ ਦੇ ਨਾਮ ਮੰਚ ਤੋਂ ਬੋਲ ਦਿੱਤੇ। ਉਨ੍ਹਾਂ ਕਿਹਾ ਕਿ ਕਾਮਰੇਡ, ਅੰਗਰੇਜ਼, ਮੋਹਨਦਾਸ ਕਰਮਚੰਦ ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਪੰਥ ਦੇ ਦੁਸ਼ਮਣ ਹਨ। ਇਸ ਬਾਰੇ ਜ਼ਿਕਰ ਅਸਗਰ ਅਲੀ ਨੇ ਆਪਣੀ ਕਿਤਾਬ 'ਦੇਅ ਟੂ ਫੌਟ ਫਾਰ ਇੰਡੀਆ'ਜ਼ ਫਰੀਡਮ: ਦਿ ਰੋਲ ਆਫ ਮਾਈਨੌਰਟੀਜ਼' ਵਿਚ ਕੀਤਾ ਹੈ।

ਇਸ ਦੌਰਾਨ ਗਾਂਧੀ ਇੱਕ ਵਾਰ ਫਿਰ ਹਰਕਤ ਵਿਚ ਆਏ। ਉਨ੍ਹਾਂ ਮਾਸਟਰ ਤਾਰਾ ਸਿੰਘ ਦੇ ਨਜ਼ਦੀਕੀ ਸਰਦਾਰ ਦੁਰਲਾਭ ਸਿੰਘ ਰਾਹੀਂ ਸਿੱਖ ਲੀਡਰਾਂ ਨੂੰ ਦੁਬਾਰਾ ਭਰੋਸਾ ਦਿੱਤਾ ਕਿ ਕਾਂਗਰਸ ਪਾਰਟੀ 1929 ਦੇ ਲਾਹੌਰ ਮਤੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮਤੇ ਰਾਹੀਂ ਵਾਅਦਾ ਕੀਤਾ

(ਬਾਕੀ ਅਗਲੇ ਸਫੇ 'ਤੇ)

## ਨਿੱਕ-ਸੁੱਕ

# ਸੁਤੰਤਰਤਾ ਦਿਵਸ ਅਤੇ 1971 ਦੀ ਭਾਰਤ-ਪਾਕਿਸਤਾਨ ਜੰਗ

ਗੁਲਜ਼ਾਰ ਸਿੰਘ ਸੰਧੂ

2021 ਦਾ ਵਰ੍ਹਾ ਭਾਰਤ ਦਾ 75ਵਾਂ ਸੁਤੰਤਰਤਾ ਦਿਵਸ ਵੀ ਹੈ ਤੇ 1971 ਦੀ ਭਾਰਤ-ਪਾਕਿਸਤਾਨ ਜੰਗ ਦਾ 50ਵਾਂ ਸਾਲ ਵੀ। ਇਸ ਮੌਕੇ ਸਮੇਂ ਦੀ ਸਰਕਾਰ ਕੋਲ ਕਹਿਣ ਲਈ ਬੇਅੰਤ ਗੱਲਾਂ ਨੇ, ਮੈਂ ਆਪਣੀ ਗੱਲ 1971 ਦੀ ਜੰਗ ਤੱਕ ਹੀ ਸੀਮਤ ਰੱਖਾਂਗਾ। 1971 ਦੀ ਜੰਗ ਸਮੇਂ ਬੰਗਲਦੇਸ਼ ਸਰਹੱਦ ਦੇ ਨਾਇਕਾਂ ਵਿਚੋਂ ਪਰਮਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਸੰਤ ਸਿੰਘ ਮਰਹੂਮ ਤੇ ਪਰਮ ਵਸ਼ਿਸ਼ਟ ਸੇਵਾ ਮੈਡਲ ਪ੍ਰਾਪਤ ਮੇਜਰ ਜਨਰਲ ਰਾਜਿੰਦਰ ਨਾਥ ਮੇਰੇ ਸਾਹਮਣੇ ਵਾਲੀਆਂ ਕੋਠੀਆਂ ਦੇ ਮਾਲਕ ਹਨ ਤੇ ਮੇਰੇ ਸੱਜੇ ਹੱਥ ਵਾਲੀ ਕੋਠੀ ਵਿਚ ਸੇਵਾ ਮੁਕਤ ਕਰਨਲ ਅਜਮੇਰ ਸਿੰਘ ਗਰੇਵਾਲ ਰਹਿੰਦਾ ਹੈ। ਇਹ ਸੈਕਟਰ ਚੰਡੀਗੜ੍ਹ ਦੇ ਪ੍ਰਥਮ ਚੀਫ ਕਮਿਸ਼ਨਰ ਐਮ. ਐਸ. ਰੰਧਾਵਾ ਨੇ ਡਿਫੈਂਸ ਸਰਵਿਸਿਜ਼ ਲਈ ਰਾਖਵਾਂ ਰੱਖਿਆ ਸੀ। ਭਾਰਤ ਦੀ ਡਿਫੈਂਸ ਸਰਵਿਸ ਆਫੀਸਰਜ਼ ਇੰਸਟੀਚੀਊਟ (49) ਵੀ ਇਸੇ ਸੈਕਟਰ ਵਿਚ ਹੈ। ਮੈਂ ਖੁਦ ਸੇਵਾ ਮੁਕਤ ਵਿੰਗ ਕਮਾਂਡਰ ਵਿਜੇ ਮਨਚੰਦਾ ਦੀ ਬਦੌਲਤ ਇਸ ਸੈਕਟਰ ਦਾ ਵਸਨੀਕ ਬਣਿਆ। ਉਹ ਦਿੱਲੀ ਰਹਿੰਦਿਆਂ ਭਾਰਤੀ ਨਗਰ ਵਿਚ ਮੇਰਾ ਗਵਾਂਢੀ ਸੀ। ਉਸ ਨੇ ਇਹ ਵਾਲਾ ਮਕਾਨ ਮੈਨੂੰ ਦੇ ਦਿੱਤਾ ਸੀ।

ਮੇਰੀ ਗੱਲ ਆਪਣੇ ਗਵਾਂਢੀ ਕਰਨਲ ਗਰੇਵਾਲ ਨਾਲ ਹੋਈ ਤਾਂ ਉਸ ਨੇ ਲੌਂਗੇਵਾਲਾ (ਰਾਜਸਥਾਨ) ਦੀ ਲੜਾਈ ਬਾਰੇ ਵਿਸਥਾਰ ਨਾਲ ਦੱਸਿਆ, ਜਿਸ ਦਾ ਉਹ ਚਸ਼ਮਦੀਦ ਗਵਾਹ ਹੈ। ਉਸ ਦੇ ਦੱਸਣ ਅਨੁਸਾਰ 1971 ਵਿਚ ਲੌਂਗੇਵਾਲਾ ਦੀ ਲੜਾਈ ਪਾਕਿਸਤਾਨ ਵਲੋਂ ਇੱਕ ਤਰ੍ਹਾਂ ਦਾ ਪੰਗਾ ਸੀ। ਉਨ੍ਹਾਂ ਦੀ ਵਿਉਤਬੰਦੀ ਏਨੀ ਢਿੱਲ੍ਹੀ ਸੀ ਕਿ ਉਨਾਂ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤੀ ਵਾਯੂ ਸੇਨਾ ਨੇ ਉਨ੍ਹਾਂ ਦੇ ਟੈਂਕਾਂ ਨੂੰ ਬੱਤਖਾਂ ਵਾਂਗ ਭੁੰਨ ਸੁਟਿਆ। ਇਸ ਦਾ ਭਾਵ ਇਹ ਨਹੀਂ ਕਿ ਧਰਤੀ ਉਤੇ ਸਾਡੇ ਸੂਰਬੀਰਾਂ ਨੂੰ ਦੁਸ਼ਮਣ ਦਾ ਸਾਹਮਣਾ ਨਹੀਂ ਕਰਨਾ ਪਿਆ। ਉਸ ਸਮੇਂ ਭਾਰਤੀ ਵਾਯੂ ਸੇਨਾ ਦੇ ਪਹੁੰਚਣ ਤੱਕ ਮੇਜਰ ਕੁਲਦੀਪ ਸਿੰਘ ਚਾਂਦਪੁਰੀ ਨੇ ਜਿਸ ਕਮਾਲ ਦੀ ਸੂਰਮਗਤੀ ਨਾਲ ਪਾਕਿਸਤਾਨੀ ਗੋਲਾਬਾਰੀ ਦਾ ਟਾਕਰਾ ਕੀਤਾ, ਉਹ ਭਾਰਤੀ ਸੇਨਾ ਦੀਆਂ ਪ੍ਰਾਪਤੀਆਂ ਦਾ ਇੱਕ ਇਤਿਹਾਸਕ ਕਾਂਡ ਹੈ। ਹੁਣ ਤਾਂ ਚਾਂਦਪੁਰੀ ਵੀ ਚੱਲ ਵੱਸੇ ਹਨ। ਉਨ੍ਹਾਂ ਦੀ ਕਮਾਂਡ ਥੱਲੇ ਸਿਰਫ 120 ਜਵਾਨ ਸਨ, ਜਿਨ੍ਹਾਂ ਨੂੰ ਪਾਕਿਸਤਾਨ ਦੇ 2800 ਜਵਾਨਾਂ ਦਾ ਟਾਕਰਾ ਕਰਨਾ ਪਿਆ। ਭਾਰਤੀ ਜਵਾਨਾਂ ਦਾ ਕਮਾਲ ਵੀ ਚਮਤਕਾਰੀ ਸੀ, ਪਰ ਭਾਰਤੀ ਵਾਯੂ ਸੇਨਾ ਨੇ ਤਾਂ ਪਾਕਿਸਤਾਨੀ ਟੈਂਕ ਘੁੱਗੀਆਂ ਤੇ ਕਬੂਤਰਾਂ ਵਾਂਗ ਦਬੋਚ ਲਏ। ਕਰਨਲ ਗਰੇਵਾਲ ਕੋਲ ਉਸ ਵੇਲੇ



ਕਰਨਲ ਅਜਮੇਰ ਸਿੰਘ ਗਰੇਵਾਲ

17 ਰਾਜਪੂਤਾਨਾ ਰਾਈਫਲਜ਼ ਦੀ ਕਮਾਂਡ ਸੀ, ਜਿਸ ਨੇ ਸਾਦੇਵਾਲਾ ਦੀ 8 ਕਿਲੋਮੀਟਰ ਦੂਰੀ ਤੋਂ ਚਾਂਦਪੁਰੀ ਦੀ ਲੌਂਗੇਵਾਲਾ ਸਥਿਤ ਕੰਪਨੀ ਨੂੰ ਮਦਦ ਦੇਣੀ ਸੀ। ਕਰਨਲ ਗਰੇਵਾਲ ਨੇ ਦੱਸਿਆ ਕਿ 5 ਦਸੰਬਰ 1971 ਦੇ ਦਿਨ ਕਿਵੇਂ ਸਵੇਰ ਦੇ ਪੰਜ ਵਜੇ ਤੋਂ ਸਾਢੇ ਅੱਠ ਵਜੇ ਤੱਕ ਕਰੀਬ ਸਾਢੇ ਤਿੰਨ ਘੰਟੇ ਦਾ ਪੈਂਡਾ ਉਸ ਦੇ ਜਵਾਨਾਂ ਨੂੰ ਜਾਨ ਮੁੱਠੀ ਵਿਚ ਲੈ ਕੇ ਤੈਅ ਕਰਨਾ ਪਿਆ ਸੀ। ਅਗਲੇ ਤਿੰਨ ਘੰਟਿਆਂ ਵਿਚ ਪਾਕਿਸਤਾਨੀ ਟੈਂਕਾਂ ਦੀ ਤਬਾਹੀ ਕਰਨ ਵਿਚ ਭਾਰਤੀ ਵਾਯੂ ਸੇਨਾ ਦਾ ਅਮਲ ਹੋਰ ਵੀ ਚਮਤਕਾਰੀ ਸੀ। ਸਾਢੇ ਗਿਆਰਾਂ ਵਜੇ ਤੱਕ ਲੌਂਗੇਵਾਲਾ ਏਨਾ ਸ਼ਾਂਤ ਸੀ ਕਿ ਜਿਵੇਂ ਇਥੇ ਕੁਝ ਵੀ ਨਹੀਂ ਸੀ ਹੋਇਆ। ਨਤੀਜੇ ਵਜੋਂ ਕੁਲਦੀਪ ਸਿੰਘ ਚਾਂਦਪੁਰੀ ਮਹਾਂਵੀਰ ਚੱਕਰ ਵਿਜੇਤਾ ਗਰਦਾਨਿਆ ਗਿਆ, ਜਿਸ ਨੂੰ ਅੱਜ ਦੇ ਦਿਨ ਚੇਤੇ ਕਰਨਾ ਚੰਗਾ ਲਗਦਾ ਹੈ।

**ਜੀਣਾ ਪਹਾੜਾਂ ਦਾ ਜੀਣਾ:** ਮੈਨੂੰ ਪਹਾੜਾਂ ਵਿਚ ਸੈਰ ਸਪਾਟੇ ਦਾ ਸ਼ੌਕ ਹੈ। 1959 ਵਿਚ ਦਿੱਲੀ ਤੋਂ ਮਨਾਲੀ ਤੱਕ ਮੋਟਰ ਸਾਈਕਲ ਉਤੇ ਗਿਆ ਸਾਂ। ਮੇਰਾ ਪਿੰਡ ਪੰਜਾਬ ਦੇ ਕੰਢੀ ਇਲਾਕੇ ਵਿਚ ਪਹਾੜਾਂ ਦੇ ਪੈਰਾਂ ਵਿਚ ਪੈਂਦਾ ਹੈ। ਬਚਪਨ ਤੋਂ ਪਹਾੜਾਂ ਦੀਆਂ ਬਰਫਾਂ ਦੇਖਣ ਦਾ ਆਨੰਦ ਲੈਂਦਾ ਰਿਹਾ ਹਾਂ। ਹੁਣ ਤਾਂ ਮੈਂ ਸੋਲਨ ਤੋਂ ਥੋੜ੍ਹਾ ਪਹਿਲਾਂ ਧਰਮਪੁਰ ਸਬਾਤੂ ਮਾਰਗ ਉਤੇ ਇੱਕ ਪੱਕਾ ਟਿਕਾਣਾ ਵੀ ਬਣਾ ਲਿਆ ਹੈ। ਜਦੋਂ ਉਥੇ ਹੁੰਦਾ ਹਾਂ ਤਾਂ ਦਿੱਲੀ, ਲੁਧਿਆਣਾ, ਜਲੰਧਰ ਅੰਮ੍ਰਿਤਸਰ ਵਿਚ ਪੈ ਰਹੀ ਗਰਮੀ ਦੇ ਸਮਾਚਾਰ ਸੁਣ ਕੇ ਪਹਾੜੀ ਗੀਤ 'ਜੀਣਾ ਪਹਾੜਾਂ ਦਾ ਜੀਣਾ' ਚੇਤੇ ਆ ਜਾਂਦਾ ਹੈ। ਇਸ ਵਰ੍ਹੇ ਪਹਾੜੀਆਂ ਖਿਸਕਾਉਣ ਵਾਲੀ ਵਰਖਾ ਨੇ ਚਿੱਤ ਖਰਾਬ ਤਾਂ ਕੀਤਾ, ਪਰ ਦੂਜੇ ਰਾਜਾਂ ਵਿਚ ਕੀਤੀ ਵਰਖਾ ਦੀ ਤਬਾਹੀ ਤੋਂ ਮਨ ਨੂੰ ਧਰਵਾਸ ਮਿਲਿਆ ਕਿ ਕੁਦਰਤ ਦੀ ਕਰੋਪੀ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਪਾਉਂਟਾ ਸਾਹਿਬ ਵਾਲੀ 150 ਮੀਟਰ ਸੜਕ ਦਾ ਗਰਕ ਜਾਣਾ ਇਸ ਦੀ ਤਾਜ਼ਾ ਪੁਸ਼ਟੀ ਹੈ। ਇਸ ਸਾਲ ਦੀ ਕੋਵਿਡ ਮਹਾਮਾਰੀ ਨੇ ਏਨਾ ਪ੍ਰੇਸ਼ਾਨ ਕਰ ਰੱਖਿਆ ਹੈ ਕਿ ਕੋਈ ਵੀ ਪੇਸ਼ ਨਾ ਜਾਂਦੀ ਵੇਖ ਪੰਜਾਬੀ ਕਵੀ ਹਰਿਭਜਨ ਸਿੰਘ ਦੇ ਹੇਠ ਲਿਖੇ ਸ਼ਿਅਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ,

ਮੈਂ ਗਮ ਦੇ ਸਮੁੰਦਰ 'ਚ ਡੁੱਬਦਾ ਨਹੀਂ ਹਾਂ,  
ਤੇਰੇ ਗਮ ਦੇ ਮੈਨੂੰ ਸਹਾਰੇ ਬੜੇ ਨੇ।  
ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ,  
ਅੜੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

**ਅੰਤਿਕਾ: (ਇੱਕ ਪਹਾੜੀ ਗੀਤ)**

ਪਹਾੜਾਂ ਦੇ ਵਿਚ ਵਿਚ ਨਦੀਆ ਜੇ ਵਗਦੀ  
ਲਾਈ ਤਾਰੀ ਲੱਗੀ ਜਾਣਾ  
ਜੀਣਾ ਪਹਾੜਾਂ ਦਾ ਜੀਣਾ  
ਪਹਾੜਾਂ ਦੇ ਵਿਚ ਵਿਚ ਹਰੇ ਦੇਹੇ ਬੂਟੇ  
ਦੇਖੀ ਕਨੇ ਦਿਲ ਲਾਣਾ  
ਜੀਣਾ ਪਹਾੜਾਂ ਦਾ ਜੀਣਾ।

# ਸੰਤਾਲੀ ਦੀ ਵੰਡ ਅਤੇ ਸਿੱਖ ਲੀਡਰਸ਼ਿਪ ਦਾ ਰੋਲ

*(ਪਿਛਲੇ ਸਫੇ ਦੀ ਬਾਕੀ)*

ਗਿਆ ਸੀ ਕਿ ਆਜ਼ਾਦ ਭਾਰਤ ਵਿਚ ਅਜਿਹਾ ਕੋਈ ਵੀ ਸੰਵਿਧਾਨ ਨਹੀਂ ਘੜਿਆ ਜਾਵੇਗਾ ਜੋ ਘੱਟ-ਗਿਣਤੀਆਂ ਨੂੰ ਨਾ-ਮਨਜ਼ੂਰ ਹੋਵੇ।

ਸਿੱਖਾਂ ਦੀ ਆਜ਼ਾਦ ਪੰਜਾਬ ਦੀ ਮੰਗ ਤੋਂ ਬਾਅਦ ਹਿੰਦੂ ਲੀਡਰਸ਼ਿਪ ਕਾਫੀ ਚੁਕੰਨੀ ਹੋ ਗਈ। ਨਹਿਰੂ ਨੇ 5 ਅਪਰੈਲ 1945 ਨੂੰ ਕੁਝ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਸ ਮੰਗ ਨੂੰ ਧੁੰਦਲਾ ਕਰਨ ਲਈ ਖੁਦਮੁਖਤਾਰ ਖਿੱਤੇ ਦਾ ਸ਼ੋਸ਼ਾ ਛੱਡ ਦਿੱਤਾ। ਉਨ੍ਹਾਂ ਆਖਿਆ, "ਸੂਬਿਆਂ ਦੀ ਹੱਦਬੰਦੀ ਬਹੁਤ ਜ਼ਰੂਰੀ ਹੈ, ਮੈਂ ਇਸ ਮੰਗ ਦਾ ਹਮਾਇਤੀ ਹਾਂ, ਮੈਂ ਖੁਦਮੁਖਤਾਰ ਖਿੱਤੇ ਦੇ ਹੱਕ ਵਿਚ ਹਾਂ। ਜੇ ਸਿੱਖ ਅਜਿਹੇ ਖਿੱਤੇ ਵਿਚ ਰਹਿਣਾ ਪਸੰਦ ਕਰਨ ਤਾਂ ਮੈਨੂੰ ਅਜਿਹਾ ਖਿੱਤਾ ਦੇ ਕੇ ਖੁਸ਼ੀ ਹੋਵੇਗੀ ਤਾਂ ਜੋ ਸਿੱਖ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰ ਸਕਣ।" ਇਸੇ ਸਮੇਂ 9 ਮਾਰਚ 1946 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਿੱਖਾਂ ਦੀਆਂ ਤਤਕਾਲੀ ਸਮੱਸਿਆਵਾਂ ਨਜਿੱਠਣ ਲਈ 'ਮਤਾ ਸਿੱਖ ਸਟੇਟ' ਨਾਮ ਹੇਠ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਥੇਦਾਰ ਮੋਹਨ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਇਹ ਮਤਾ ਸ. ਬਸੰਤ ਸਿੰਘ ਕੂੱਕੜ ਪਿੰਡ ਨੇ ਪੇਸ਼ ਕੀਤਾ। ਮਤੇ ਦੀ ਇਬਾਰਤ ਸੀ:

'ਦੇਸ਼ ਦੇ ਵਰਤਮਾਨ ਰਾਜਸੀ ਹਾਲਾਤ ਅਤੇ ਕੌਮਾਂ ਦੀ ਦਿਮਾਗੀ ਦਸ਼ਾ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਅਤੇ ਉਨ੍ਹਾਂ ਦਾ ਸਿੱਖਾਂ 'ਤੇ ਜੋ ਖਤਰਨਾਕ ਅਸਰ ਪੈਣ ਦੀ ਸੰਭਾਵਨਾ ਹੈ, ਉਸ ਨੂੰ ਮੁੱਖ ਰੱਖ ਕੇ ਦੇਸ਼ ਵਿਚ ਜੋ ਇਨਕਲਾਬੀ ਤਬਦੀਲੀਆਂ ਹੋਣ ਵਾਲੀਆਂ ਹਨ, ਉਨ੍ਹਾਂ ਵਿਚ ਸਿੱਖ ਹਸਤੀ ਦੀ ਕਾਇਮੀ ਦੀ ਲੋੜ ਨੂੰ ਅਨੁਭਵ ਕਰਕੇ:

"ਸ਼੍ਰੋਮਣੀ ਕਮੇਟੀ ਐਲਾਨ ਕਰਦੀ ਹੈ ਕਿ ਸਿੱਖ ਆਪਣੇ ਆਪ ਵਿਚ ਵੱਖਰੀ ਕੌਮ ਹੈ ਅਤੇ ਇਸ ਇਜਲਾਸ ਦੀ ਰਾਏ ਹੈ ਕਿ ਸਿੱਖਾਂ ਦੇ ਮੁੱਖ ਧਰਮ ਅਸਥਾਨ, ਸਭਿਆਚਾਰ, ਸਿੱਖ ਰਿਵਾਜਾਂ ਦੀ ਕਾਇਮੀ, ਸਿੱਖ ਸਵੈਮਾਣ ਤੇ ਆਜ਼ਾਦੀ ਦੀ ਰਾਖੀ ਅਤੇ ਭਵਿੱਖ ਵਿਚ ਸਿੱਖਾਂ ਦੀ ਤਰੱਕੀ ਲਈ ਸਿੱਖ ਸਟੇਟ ਜ਼ਰੂਰੀ ਹੈ। ਇਸ ਲਈ ਇਹ ਇਜਲਾਸ ਸਿੱਖ ਸੰਗਤਾਂ ਨੂੰ ਅਪੀਲ ਕਰਦਾ ਹੈ ਕਿ ਇਸ ਦੀ ਪ੍ਰਾਪਤੀ ਲਈ ਵੱਧ ਤੋਂ ਵੱਧ ਉਪਰਾਲੇ ਕਰਨ।"

ਇਸ ਮਤੇ ਦੀ ਹਮਾਇਤ ਸਿੱਖ ਰਿਆਸਤਾਂ ਸਮੇਤ ਕਮਿਊਨਿਸਟਾਂ ਨੇ ਵੀ ਕੀਤੀ। 1946 ਦੀਆਂ ਜਨਰਲ ਚੋਣਾਂ ਦੌਰਾਨ ਕਮਿਊਨਿਸਟ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਬਕਾਇਦਾ 'ਸਿੱਖ ਹੋਮਲੈਂਡ' ਦੀ ਮੰਗ ਦਾ ਜ਼ਿਕਰ ਸੀ।

ਵਲੈਤੀ ਅਫਸਰ ਸਰ ਸਟੈਫਰਡ ਕ੍ਰਿਪਸ ਨੇ ਜੁਲਾਈ 1946 ਵਿਚ ਵਲੈਤੀ ਸੰਸਦ ਵਿਚ ਤਕਰੀਰ ਦੌਰਾਨ ਇਹ ਗੱਲ ਮੰਨੀ ਕਿ ਸਿੱਖ ਆਗੂ ਪਾਕਿਸਤਾਨ ਵਾਂਗ ਵੱਖਰਾ ਦੇਸ਼ ਮੰਗ ਰਹੇ ਹਨ। ਕ੍ਰਿਪਸ ਦੇ ਸ਼ਬਦ ਸਨ; "ਮੁਸ਼ਕਿਲ ਇਸ ਗੱਲ ਦੀ ਨਹੀਂ ਕਿ ਅਸੀਂ ਸਿੱਖਾਂ ਦੀ ਮਹੱਤਤਾ ਨਹੀਂ ਸਮਝਦੇ ਸਗੋਂ ਮੁਸ਼ਕਿਲ ਉਥੋਂ ਦੇ ਭੂਗੋਲਿਕ ਤੱਥ ਹਨ। ਉਹ ਕੁਝ ਖਾਸ ਕਿਸਮ ਦਾ ਸਥਾਨ ਮੰਗ ਰਹੇ ਹਨ, ਜਿਵੇਂ ਮੁਸਲਮਾਨਾਂ ਨੂੰ ਦਿੱਤਾ ਜਾ ਰਿਹਾ ਹੈ ਪਰ ਸਿੱਖ ਸਿਰਫ 55 ਲੱਖ ਦੀ ਗਿਣਤੀ ਵਾਲੀ ਬਹੁਤ ਛੋਟੀ ਕੌਮ ਹੈ। ਐਸ ਵੇਲੇ ਕੋਈ ਭੂਗੋਲਿਕ ਖੇਤਰ ਅਜਿਹਾ ਨਹੀਂ ਹੈ ਜਿਥੇ ਸਿੱਖਾਂ ਦਾ ਬਹੁਮਤ ਹੋਵੇ। ਉਂਜ, ਮੈਂ ਇਹ ਨਹੀਂ ਕਹਿੰਦਾ ਕਿ ਅਜਿਹਾ ਕੋਈ ਖੇਤਰ ਭਵਿੱਖ ਵਿਚ ਨਿਰਧਾਰਿਤ ਹੀ ਨਹੀਂ ਕੀਤਾ ਜਾ ਸਕਦਾ।"

14 ਮਾਰਚ 1946 ਨੂੰ ਯੂਨਾਈਟਡ ਇੰਡੀਆ ਦੀ ਮਨਸ਼ਾ ਨਾਲ ਬ੍ਰਿਟਿਸ਼ ਹਕੂਮਤ ਦਾ ਬਣਾਇਆ ਕੈਬਨਿਟ ਮਿਸ਼ਨ ਭਾਰਤ ਆਇਆ। ਇਸ ਵਿਚ ਸੈਕਟਰੀ ਆਫ ਸਟੇਟ ਫਾਰ ਇੰਡੀਆ ਪੈਥਿਕ ਲਾਰੈਂਸ, ਸਰ ਸਟੈਫੋਰਡ ਕ੍ਰਿਪਸ ਅਤੇ ਏ.ਵੀ. ਅਲੈਗਜਾਂਡਰ ਸਨ। ਸਰ ਕ੍ਰਿਪਸ 1942 ਵਿਚ ਵੀ ਕ੍ਰਿਪਸ ਮਿਸ਼ਨ ਦੀ ਅਗਵਾਈ ਕਰ ਚੁੱਕੇ ਸਨ। ਇਸ ਮਿਸ਼ਨ ਦਾ ਮੁੱਖ ਮਕਸਦ ਸੰਭਾਵੀ ਵੰਡ ਟਾਲਣਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਆਜ਼ਾਦ ਭਾਰਤ ਦਾ ਪ੍ਰਬੰਧ ਸਾਰੀਆਂ ਧਿਰਾਂ ਦੀ ਸੰਤੁਸ਼ਟੀ ਨਾਲ ਕਿਵੇਂ ਚਲਾਇਆ ਜਾ ਸਕਦਾ ਹੈ। ਕੈਬਨਿਟ ਮਿਸ਼ਨ ਨੇ ਮੁਸਲਿਮ ਲੀਗ ਅਤੇ ਕਾਂਗਰਸ ਵਿਚ ਸਮਝੌਤਾ ਕਰਵਾ ਕੇ ਯੂਨੀਅਨ ਆਫ ਇੰਡੀਆ ਬਣਾਉਣ ਲਈ ਉਪਰਾਲੇ ਕਰਨੇ ਸਨ। ਇਸ ਯੂਨੀਅਨ ਵਿਚ ਮੁਸਲਮਾਨਾਂ ਨੂੰ ਉਨ੍ਹਾਂ ਦੀ ਖੁਦਮੁਖਤਾਰ ਸਟੇਟ ਪਾਕਿਸਤਾਨ ਦਿੱਤੀ ਜਾਣੀ ਸੀ ਪਰ ਇਹ ਸਟੇਟ ਭਾਰਤੀ ਯੂਨੀਅਨ ਦਾ ਅੰਗ ਹੋਣੀ ਸੀ। ਸੁਰੱਖਿਆ, ਸੰਚਾਰ ਤੇ ਕਰੰਸੀ ਨਾਲ ਸਬੰਧਿਤ ਅਦਾਰੇ ਕੇਂਦਰ ਸਰਕਾਰ ਕੋਲ ਹੋਣੇ ਸਨ



ਸਰ ਸਟੈਫਰਡ ਕ੍ਰਿਪਸ

ਅਤੇ ਬਾਕੀ ਅਧਿਕਾਰ ਭਾਰਤੀ ਯੂਨੀਅਨ ਵਿਚ ਸ਼ਾਮਿਲ ਖੁਦਮੁਖਤਾਰ ਰਾਜਾਂ ਕੋਲ ਰਾਖਵੇਂ ਰਹਿਣੇ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਹੁਣ ਤੱਕ ਆਜ਼ਾਦ ਪਾਕਿਸਤਾਨ ਦੀ ਮੰਗ 'ਤੇ ਅੜੇ ਮੁਹੰਮਦ ਅਲੀ ਜਿਨਾਹ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਸ਼ਰਤ 'ਤੇ ਇਸ ਯੋਜਨਾ ਨੂੰ ਪ੍ਰਵਾਨ ਕਰ ਲਿਆ ਪਰ ਉਦਾਰਤਾ ਦਾ ਦਿਖਾਵਾ ਕਰਨ ਵਾਲੀ ਕਾਂਗਰਸ ਅਤੇ ਨਹਿਰੂ ਨੇ ਇਸ ਨੂੰ ਭਾਰਤ ਦੀ ਕੇਂਦਰ ਸਰਕਾਰ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਗਰਦਾਨਦਿਆਂ ਰੱਦ ਕਰ ਦਿੱਤਾ।

ਕੈਬਨਿਟ ਮਿਸ਼ਨ ਨੇ ਸਿੱਖ ਆਗੂਆਂ ਨਾਲ ਵੀ ਮੁਲਾਕਾਤਾਂ ਕੀਤੀਆਂ। ਸਿੱਖ ਨੁਮਾਇੰਦੇ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਲਾਹੌਰ ਦੇ ਵਕੀਲ ਸਰਦਾਰ ਹਰਨਾਮ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਕੈਬਨਿਟ ਮਿਸ਼ਨ ਨੂੰ ਮਿਲੇ। ਸਿੱਖ ਆਗੂ ਇਹ ਗੱਲ ਭਲੀਭਾਂਤ ਸਮਝ ਚੁੱਕੇ ਸਨ ਕਿ 'ਅੰਗਰੇਜ਼ ਅਖੰਡ ਭਾਰਤ ਲਈ ਜ਼ੋਰ ਲਾ ਰਹੇ ਹਨ ਤੇ ਬਿਨਾ ਕਿਸੇ ਖੂਨ-ਖਰਾਬੇ ਦੇ ਖਿਸਕਣਾ ਚਾਹੁੰਦੇ ਹਨ। ਕੈਬਨਿਟ ਮਿਸ਼ਨ ਦੇ ਆਉਣ ਦਾ ਮੁੱਖ ਮਕਸਦ ਹੀ ਇਹੀ ਸੀ ਪਰ ਇਸ ਤੋਂ ਵੱਡਾ ਸੱਚ ਇਹ ਵੀ ਸੀ ਕਿ ਕੈਬਨਿਟ ਮਿਸ਼ਨ ਸਾਹਮਣੇ ਅਪਣਾਏ ਕਾਂਗਰਸ ਤੇ ਨਹਿਰੂ ਦੇ ਅੜੀਅਲ ਰਵੱਈਏ ਤੋਂ ਬਾਅਦ ਹੁਣ ਜਿਨਾਹ ਵੀ 'ਆਜ਼ਾਦ ਪਾਕਿਸਤਾਨ' ਤੋਂ ਘੱਟ ਕੁਝ ਨਹੀਂ ਸੀ ਮੰਨ ਰਿਹਾ। ਸਿੱਖ ਆਗੂਆਂ ਦਾ ਕਸੂਤਾ ਜਿਹਾ ਸਟੈਂਡ ਸੀ। ਸਿੱਖ ਆਗੂ ਵੰਡ ਦਾ ਠੀਕਰਾ ਜਿਨਾਹ ਸਿਰ ਭੰਨ ਕੇ 'ਸਿੱਖ ਸਟੇਟ' ਲੈਣ ਦੀ ਸਕੀਮ ਲਾ ਰਹੇ ਸਨ ਤੇ ਵਿਹਾਰ ਇਸ ਤਰ੍ਹਾਂ ਕਰ ਰਹੇ ਸਨ ਕਿ 'ਕੈਬਨਿਟ ਮਿਸ਼ਨ ਦੀ ਯੂਨਾਈਟਡ ਇੰਡੀਆ ਦੀ ਭਾਵਨਾ ਨੂੰ ਸਿੱਖਾਂ ਵੱਲੋਂ ਕੋਈ ਠੇਸ' ਨਾ ਪਹੁੰਚੇ। ਇਹ ਅਜੀਬ ਕਿਸਮ ਦੀ ਹੀਣ-ਭਾਵਨਾ ਸੀ ਤੇ ਅਜੀਬ ਕਿਸਮ ਦਾ ਦਬਾਅ ਸੀ। ਸਿੱਖ ਆਗੂਆਂ ਨੇ ਕਿਹਾ ਕਿ ਅਸੀਂ ਵੀ ਅਖੰਡ ਭਾਰਤ ਦੇ ਹਾਮੀ ਹਾਂ ਪਰ ਜੇ ਪਾਕਿਸਤਾਨ ਕਰਕੇ ਵੰਡ ਹੋਣੀ ਹੀ ਹੈ ਤਾਂ ਫਿਰ ਅਸੀਂ ਆਪਣੀ ਵੱਖਰੀ ਸਿੱਖ ਸਟੇਟ ਚਾਹੁੰਦੇ ਹਾਂ। ਇਸ ਦਾ ਵਿਸਥਾਰ ਗਿਆਨੀ ਕਰਤਾਰ ਸਿੰਘ ਨੇ ਦੱਸਿਆ ਕਿ ਅਜਿਹਾ ਪ੍ਰਾਂਤ ਜਿੱਥੇ ਸਿੱਖ ਪ੍ਰਭੁਤਾਸ਼ਾਲੀ ਹੋਣ ਅਤੇ ਇਹ ਆਜ਼ਾਦ ਹੋਵੇ। ਜੇ ਚਾਹੇ ਤਾਂ ਹਿੰਦੁਸਤਾਨ ਨਾਲ ਮਿਲੇ ਜਾਂ ਪਾਕਿਸਤਾਨ ਨਾਲ। ਸਿੱਖਾਂ ਨੇ ਕਿਹਾ ਕਿ ਇਲਾਕੇ ਐਤ ਕਰਨ ਲਈ ਆਬਾਦੀ ਹੀ ਇੱਕ ਤੱਤ ਨਾ ਮਿਥਿਆ ਜਾਵੇ ਬਲਕਿ ਸਿੱਖਾਂ ਦੀਆਂ ਜ਼ਮੀਨਾਂ ਦਾ ਵੀ ਖਿਆਲ ਰੱਖਿਆ ਜਾਵੇ। ਇਸ ਸਮੇਂ ਵੱਖਰੀ ਸਿੱਖ ਸਟੇਟ ਮੰਗਣ ਵਾਲਿਆਂ ਵਿਚ ਸਰਦਾਰ ਬਲਦੇਵ ਸਿੰਘ ਵੀ ਸ਼ਾਮਿਲ ਸੀ ਪਰ ਕੈਬਨਿਟ ਮਿਸ਼ਨ ਦਾ ਮੁੱਖ ਮਕਸਦ 'ਯੁਨਾਈਟਡ ਇੰਡੀਆ' ਸੀ; ਇਸ ਲਈ ਉਸ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਨੂੰ ਕੋਈ ਤਵੱਜੋ ਨਾ ਦਿੱਤੀ।

ਵੱਡੀ ਉਲਝਣ ਚੌਧਰ ਦੀ ਵੀ ਸੀ। ਅਸਲ ਵਿਚ ਅਕਾਲੀ ਦਲ ਇਹ ਨਹੀਂ ਚਾਹੁੰਦਾ ਸੀ ਕਿ ਉਨ੍ਹਾਂ ਤੋਂ ਇਲਾਵਾ ਕੋਈ ਹੋਰ ਅੰਗਰੇਜ਼ਾਂ ਨਾਲ ਗੱਲ ਕਰੇ। ਇਸ ਸਮੇਂ ਅਕਾਲੀ ਦਲ ਕੈਬਨਿਟ ਮਿਸ਼ਨ ਤੋਂ ਇਲਾਵਾ ਕਾਂਗਰਸ ਅਤੇ ਮੁਸਲਿਮ ਲੀਗ ਨਾਲ ਵੀ ਗੱਲਬਾਤ ਕਰ ਰਿਹਾ ਸੀ। ਜਦੋਂ ਨਹਿਰੂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਟਾਂਟ ਮਾਰੀ ਸੀ ਕਿ ਮਾਸਟਰ ਤਾਰਾ ਸਿੰਘ ਇੱਕੋ ਸਮੇਂ 15 ਸਟੂਲਾਂ 'ਤੇ ਬੈਠਾ ਹੈ। ਇਸ ਗੱਲ ਦਾ ਜ਼ਿਕਰ 'ਮਾਈਨੌਰਟੀ ਪੌਲੇਟਿਕਸ ਇਨ ਦਿ ਪੰਜਾਬ' ਵਿਚ ਲੇਖਕ ਬਲਦੇਵ ਰਾਜ ਨਈਅਰ ਨੇ ਕੀਤਾ ਹੈ। ਮਾਸਟਰ ਤਾਰਾ ਸਿੰਘ ਨੇ 8 ਅਪਰੈਲ 1946 ਦੇ 'ਟਾਈਮਜ਼ ਆਫ ਇੰਡੀਆ' ਵਿਚ ਦਿੱਤੇ ਜਵਾਬੀ ਬਿਆਨ ਰਾਹੀਂ ਕਿਹਾ ਕਿ ਸਿੱਖ ਕੌਮ ਦੀ ਆਜ਼ਾਦ ਹਸਤੀ ਕਾਇਮ ਰੱਖਣ ਵਾਸਤੇ ਕਿਸੇ ਨੂੰ ਮਿਲਣ ਲਈ ਮੈਨੂੰ ਨਹਿਰੂ ਤੋਂ ਆਗਿਆ ਲੈਣ ਦੀ ਲੋੜ ਨਹੀ ਹੈ। ਆਪਣੀ ਕਿਤਾਬ 'ਸਿੱਖ ਲੀਡਰਸ਼ਿਪ' ਵਿਚ ਸ. ਦੁਰਲਾਭ ਸਿੰਘ ਲਿਖਦੇ ਹਨ ਕਿ 'ਨਹਿਰੂ ਦੀ ਇਸ ਟਿੱਪਣੀ ਤੋਂ ਖਫਾ ਅਕਾਲੀ ਲੀਡਰਾਂ ਨੇ ਸਿੱਖ ਅਤੇ ਮੁਸਲਿਮ ਵਿਦਿਆਰਥੀਆਂ ਦੇ ਕੱਢੇ ਸਾਂਝੇ ਮੁਜ਼ਾਹਰੇ ਵਿਚ ਸ਼ਿਰਕਤ ਕੀਤੀ। ਇਸ ਮੁਜ਼ਾਹਰੇ ਦੌਰਾਨ ਵਿਦਿਆਰਥੀਆਂ ਨੇ ਪਾਕਿਸਤਾਨ ਅਤੇ ਖਾਲਿਸਤਾਨ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। ਸਿੱਖ ਸਟੇਜਾਂ ਤੋਂ ਕਾਂਗਰਸ, ਨਹਿਰੂ, ਗਾਂਧੀ ਤੇ ਨਹਿਰੂ ਦੀ ਭੈਣ ਵਿਜੈ ਲਕਸ਼ਮੀ ਪੰਡਿਤ ਜੋ ਸਮੇਂ-ਸਮੇਂ ਸਿੱਖਾਂ ਬਾਰੇ ਊਲ-ਜਲੂਲ ਬੋਲਦੇ ਰਹਿੰਦੇ ਸਨ, ਇਨ੍ਹਾਂ ਸਾਰਿਆਂ 'ਤੇ ਤਿੱਖੇ ਹਮਲੇ ਕੀਤੇ।

ਇਸ ਪਰਖ-ਪੜਚੋਲ ਤੋਂ ਬਾਅਦ ਮੇਰਾ ਮੰਨਣਾ ਹੈ ਕਿ ਜੋ ਇਲਜ਼ਾਮ 1947 ਦੀ ਸਿੱਖ ਲੀਡਰਸ਼ਿਪ 'ਤੇ ਲਗਦਾ ਹੈ ਕਿ ਉਸ ਨੇ ਬਣਦੇ-ਬਣਦੇ ਖਾਲਿਸਤਾਨ ਨੂੰ ਨਾਂਹ ਕਰ ਦਿੱਤੀ, ਉਹ ਵਾਜਬ ਨਹੀਂ ਹੈ; ਉਲਟਾ ਸਿੱਖ ਆਗੂਆਂ ਨੇ ਵੱਖਰੇ ਸਿੱਖ ਰਾਜ ਦੀ ਮੰਗ ਕੀਤੀ, ਅੰਗਰੇਜਾਂ ਤੱਕ ਪਹੁੰਚ ਕੀਤੀ ਪਰ ਕੁਲ ਕੌਮੀ ਆਬਾਦੀ ਸਿਰਫ 55 ਲੱਖ ਹੋਣ ਅਤੇ ਪੰਜਾਬ ਵਿਚ ਵੀ ਤਰਨਤਾਰਨ ਤਹਿਸੀਲ ਤੋਂ ਛੁਟ ਹੋਰ ਕਿਤੇ ਵੀ ਬਹੁ-ਗਿਣਤੀ 'ਚ ਨਾ ਹੋਣ ਦਾ ਖਮਿਆਜ਼ਾ ਭੁਗਤਿਆ।

*(ਚਲਦਾ)*

## ਕਾਹਦੀ ਆਜ਼ਾਦੀ !

ਸਿਰ 'ਤੇ ਡਾਂਗ ਜ਼ੁਲਮ ਦੀ ਚਲਦੀ  
ਹੋ ਗਈ ਦੂਣ ਸਵਾਈ,  
ਸਾਨੂੰ ਕਾਹਦੀ ਆਜ਼ਾਦੀ ਆਈ,  
ਸਾਨੂੰ ਕਾਹਦੀ ਆਜ਼ਾਦੀ ਆਈ!  
ਅਸੀਂ ਅੱਜ ਵੀ ਉੱਚੇ-ਨੀਵੇਂ,  
ਜਾਤ-ਪਾਤ ਹੰਕਾਰੀ  
ਮਜ਼ਬ ਧਰਮ ਨੇ ਝਗੜੇ ਪਾਏ,  
ਮੱਤ ਸਾਡੀ ਕਿਉਂ ਮਾਰੀ।  
ਅਸੀਂ ਨਾ ਅਜੇ ਬਰਾਬਰ ਹੋਏ,  
ਨਾ ਨਿਰਪੱਖਤਾ ਅਪਨਾਈ...।

ਮਿਹਨਤ ਕਰ ਅਸੀਂ ਅੰਨ ਉਗਾਈਏ,  
ਅੰਨ ਭੰਡਾਰ ਹਾਂ ਭਰਦੇ।  
ਗਰੀਬ ਕਿਸਾਨਾਂ 'ਤੇ ਕਰਜ਼ੇ ਚੜ੍ਹ ਗਏ,  
ਆਤਮ ਹੱਤਿਆ ਕਰਦੇ।  
ਲੋਕਤੰਤਰ ਸਰਕਾਰਾਂ ਨੇ  
ਮਿਹਨਤ ਦੀ ਕਦਰ ਨਾ ਪਾਈ...।

ਅਸੀਂ ਵੱਡੀਆਂ ਡਿਗਰੀਆਂ ਲੈ ਕੇ,  
ਨੌਕਰੀ ਲਈ ਮੁਜਾਹਰੇ ਕਰਦੇ,  
ਪੁਲਿਸ ਦੀਆਂ ਡਾਗਾਂ ਅਸੀਂ ਹਾਂ ਖਾਂਦੇ,  
ਮਾਰ ਛਾਲ ਟੈਂਕੀ ਤੋਂ ਮਰਦੇ।  
ਅਸੀਂ ਅਜੇ ਗੁਲਾਮ ਹੀ ਲੋਕੋ,  
ਸਾਡੇ ਹੱਕ ਅਧਿਕਾਰ ਨਾ ਕਾਈ...।

ਲੁੱਟ-ਘਸੁੱਟ ਤੇ ਗੁੰਡਾਗਰਦੀ,  
ਸੋਸ਼ਣ ਨੇ ਅੱਤ ਮਚਾਈ।  
ਹੱਕ ਮੰਗਦੇ ਜੇਲ੍ਹਾਂ ਵਿਚ ਤਾੜੇ,  
ਮਿਲਦੀ ਨਾ ਕਦੇ ਰਿਹਾਈ।  
ਅਮੀਰ ਦੀ ਹੋਰ ਤਿਜੋਰੀ ਭਰ ਗਈ,  
ਰੋਟੀ ਨਾ ਭੁੱਖੇ ਥਿਆਈ...।

ਜੇ ਜਿਊਣ ਦੀ ਹੁੰਦੀ ਆਜ਼ਾਦੀ,  
ਅਕਾਲ ਤਖਤ ਨਾ ਕਦੇ ਢਹਿੰਦੇ।  
ਰਾਮ ਮੰਦਿਰ ਦੇ ਨਾਂ ਉੱਤੇ,  
ਬਾਬਰੀ ਮਸਜਿਦ ਢਾਹੁਣ ਨਾ ਦਿੰਦੇ।  
ਲੋਕ ਰਾਜ ਦੇ ਪਰਦੇ ਥੱਲੇ,  
ਸਰਕਾਰਾਂ ਅੱਤ ਮਚਾਈ...।

ਕਈ ਸਿੱਖ ਗੁਰਧਾਮਾਂ ਉੱਤੇ,  
ਹਿੰਦ-ਫੌਜ ਨੇ ਕੀਤੀ ਚੜ੍ਹਾਈ।  
ਪੁਲਿਸ ਦੀ ਗੁੰਡਾਗਰਦੀ ਇੱਥੇ,  
ਇੱਜ਼ਤ ਮਹਿਫੂਜ਼ ਨਾ ਕਾਈ।  
ਵਜ਼ੀਰ ਅਫਸਰ ਵੀ ਹੋਏ ਦਾਗੀ,  
ਕਰਦੇ ਨੇ ਮਨ ਆਈ...।

ਮਿਹਨਤ ਬਹੁਤੀ ਘੱਟ ਮਜ਼ਦੂਰੀ,  
ਕਿਰਤਾਂ ਤੇ ਪੈਂਦੇ ਡਾਕੇ।  
ਮਹਿੰਗਾਈ ਨੇ ਇੱਥੇ ਲੱਕ ਤੋੜਿਆ,  
ਲੋਕੀ ਮਰਦੇ ਭੁੱਖੇ ਫਾਕੇ।  
ਆਜ਼ਾਦੀ ਲੈ ਗਏ ਗਾਂਧੀ-ਮੋਦੀ,  
ਲੋਕਾਂ ਦੇ ਹੱਥ ਨਾ ਆਈ...।

ਲੈ ਆਜ਼ਾਦੀ ਧਨ-ਕੁਬੇਰਾਂ,  
ਜਖ਼ੀਰੇਬਾਜੀ ਖੂਬ ਵਧਾਈ।  
ਕਿਰਤੀ-ਕਾਮਿਆਂ ਦਾ ਸੋਸ਼ਣ ਕਰਕੇ,  
ਸੰਪਤੀ ਕੀਤੀ ਦੂਣ ਸਵਾਈ।  
ਮਜ਼ਦੂਰ ਲੁੱਟ ਨੂੰ ਰੋਕ ਨਾ ਸਕੇ,  
ਉਨ੍ਹਾਂ ਫੁੱਟ ਸਾਡੇ ਵਿਚ ਪਾਈ...।

ਜੇਲ੍ਹਾਂ ਕਚਹਿਰੀਆਂ ਪੁਲਿਸ ਬਣਾ ਕੇ,  
ਲੋਕਾਂ 'ਤੇ ਕਾਬੂ ਪਾਇਆ।  
ਸਮਾਜਿਕ ਕੁਰੀਤੀਆਂ ਨਾ ਹਟਾ ਕੇ,  
ਅੰਧ ਵਿਸ਼ਵਾਸ ਫੈਲਾਇਆ।  
ਬੁਰਜੂਆ ਸਕੂਲ ਸਿਲੇਬਸ ਲਾ ਕੇ,  
ਸਿਸਟਮ ਦੀ ਨੀਤੀ ਪਕਿਆਈ...।

ਆਜ਼ਾਦੀ ਲੋਕਾਂ ਨੂੰ ਕੀ ਏ ਮਿਲਣੀ,  
ਅਸੀਂ ਹੋ ਗਏ ਇਕੱਲੇ 'ਕੱਲੇ।  
ਏਕਤਾ ਛੱਡ ਫੁੱਟ ਨਾਲ ਮਰ ਗਏ,  
ਨਾ ਹੀ ਇੱਕ ਝੰਡੇ ਦੇ ਥੱਲੇ।  
ਪਾਰਟੀਆਂ ਵੰਡ ਸਾਡੀ ਕੀਤੀ,  
ਅਮੀਰਾਂ ਲੀਡਰਸ਼ਿਪ ਹਥਿਆਈ...।

ਦਰੋਪਤੀ ਅੱਜ ਵੀ ਹਰਨ ਹੈ ਹੁੰਦੀ,  
ਸੀਤਾ ਨੂੰ ਪੈਂਦੇ ਘਰੋਂ ਧੱਕੇ।  
ਅਣ ਵਿਆਹੀਆਂ ਮਾਂਵਾਂ ਬਣਦੀਆਂ,  
ਪੱਤ ਲੋਟੂ ਪੈਰੀਂ ਪੱਕੇ।  
ਕਾਨੂੰਨ ਦੇਸ਼ ਦਾ ਜ਼ੁਲਮ ਨਾ ਰੋਕੇ,  
ਨਾ ਕਾਤਲ 'ਤੇ ਸਖਤਾਈ...।

*-ਮੋਹਣ ਸਿੰਘ ਭਮਰਾ*  
*ਫੋਨ: 646-512-4800*

# ਮਹਾਨ ਇਨਕਲਾਬੀ ਸ਼ਹੀਦ ਮਦਨ ਲਾਲ ਢੀਂਗਰਾ

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

"ਮੇਰਾ ਯਕੀਨ ਹੈ ਕਿ ਇਕ ਕੌਮ, ਜਿਸ ਨੂੰ ਬੰਦੂਕ ਦੀ ਨੋਕ 'ਤੇ ਦਬਾ ਕੇ ਰੱਖਿਆ ਜਾਵੇ, ਉਹ ਨਿਰੰਤਰ ਲੜਾਈ ਦੀ ਅਵਸਥਾ ਵਿਚ ਹੁੰਦੀ ਹੈ; ਕਿਉਂਕਿ ਇਕ ਬਿਨਾ ਹਥਿਆਰ ਦੇ ਕੌਮ ਲਈ ਆਹਮੋ-ਸਾਹਮਣੇ ਲੜਾਈ ਲੜਨੀ ਨਾ ਮੁਮਕਿਨ ਹੁੰਦੀ ਹੈ, ਇਸ ਲਈ ਮੈਂ ਬਿਨਾ ਦੱਸਿਆਂ ਹਮਲਾ ਕੀਤਾ। ਕਿਉਂਕਿ ਮੈਨੂੰ ਬੰਦੂਕਾਂ ਨਹੀਂ ਦਿੱਤੀਆਂ ਗਈਆਂ, ਇਸ ਲਈ ਮੈਂ ਆਪਣਾ ਪਿਸਤੌਲ ਕੱਢਿਆ ਤੇ ਫਾਇਰ ਕਰ ਦਿੱਤਾ। ਸਰੀਰਕ ਤੇ ਬੌਧਿਕ ਪੱਖੋਂ ਕਮਜ਼ੋਰ ਹੋਣ ਕਰਕੇ ਮੇਰੇ ਵਰਗਾ ਪੁੱਤਰ ਆਪਣੀ ਮਾਂ ਨੂੰ ਸਿਵਾਏ ਆਪਣੇ ਖੂਨ ਦੇ ਹੋਰ ਦੇ ਵੀ ਕੀ ਸਕਦਾ ਹੈ। ਇਸ



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 1-937-573-9812

ਲਈ ਮੈਂ ਉਸ ਦੀ ਹਾਲਤ ਬਦਲਣ ਲਈ ਆਪਣਾ ਖੂਨ ਕੁਰਬਾਨ ਕਰ ਦਿੱਤਾ। ਇਸ ਸਮੇਂ ਭਾਰਤੀਆਂ ਨੂੰ ਇਕੋ ਸਬਕ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਮਰਿਆ ਜਾਵੇ ਅਤੇ ਸਾਨੂੰ ਮਰ ਕੇ ਹੀ ਅਜਿਹਾ ਪਾਠ ਦੂਜਿਆਂ ਨੂੰ ਪੜ੍ਹਾਇਆ ਜਾਵੇ। ਮੇਰੀ ਰੱਬ ਅੱਗੇ ਪ੍ਰਾਰਥਨਾ ਹੈ ਕਿ ਮੈਂ ਉਸੇ ਮਾਂ ਦੀ ਕੁੱਖੋਂ ਮੁੜ ਜਨਮ ਲਵਾਂ ਅਤੇ ਮੁੜ ਇਸੇ ਪਵਿੱਤਰ ਕਾਰਜ ਲਈ ਮੁੜ ਮਰਾਂ ਤੇ ਇਹ ਪ੍ਰਕਿਰਿਆ ਉਸ ਸਮੇਂ ਤੀਕ ਜਾਰੀ ਰਹੇ, ਜਦ ਤੀਕ ਮੇਰਾ ਪਵਿੱਤਰ ਕਾਰਜ ਸਫਲ ਨਹੀਂ ਹੋ ਜਾਂਦਾ। ਵੰਦੇ ਮਾਤਰਮ!" ਇਹ ਸ਼ਬਦ ਮਦਨ ਲਾਲ ਢੀਂਗਰਾ ਨੇ 17 ਅਗਸਤ 1909 ਈ. ਨੂੰ ਲੰਡਨ ਦੀ ਪੈਂਟੋਵਿਲੇ ਜੇਲ੍ਹ ਵਿਚ ਫਾਂਸੀ ਦੇ ਤਖਤ 'ਤੇ ਚੜ੍ਹਨ ਤੋਂ ਪਹਿਲਾਂ ਕਹੇ। ਉਹ ਬਰਤਾਨੀਆ ਵਿਚ ਫਾਂਸੀ ਦੇ ਤਖ਼ਤੇ 'ਤੇ ਚੜ੍ਹਨ ਵਾਲਾ ਪਹਿਲਾ ਸ਼ਹੀਦ ਸੀ।

ਮਦਨ ਲਾਲ ਢੀਂਗਰਾ ਦਾ ਜਨਮ 1887 ਈ. ਵਿਚ ਅੰਮ੍ਰਿਤਸਰ ਦੇ ਅਮੀਰ ਪਰਿਵਾਰ ਵਿਚ ਹੋਇਆ, ਜੋ 1850 ਈ. ਵਿਚ ਸਾਹੀਵਾਲ ਤੋਂ ਅੰਮ੍ਰਿਤਸਰ ਆਇਆ ਸੀ। ਉਸ ਦੇ ਪਿਤਾ ਸਾਹਿਬ ਦਿੱਤਾ ਮਲ ਅੱਖਾਂ ਦੇ ਮਸ਼ਹੂਰ ਡਾਕਟਰ ਸਨ, ਜੋ ਸਿਵਲ ਹਸਪਤਾਲ ਗੁਰਦਾਸਪੁਰ, ਹਿਸਾਰ ਤੇ ਅੰਮ੍ਰਿਤਸਰ ਸਿਵਲ ਸਰਜਨ ਰਹੇ। ਕਿਹਾ ਜਾਂਦਾ ਹੈ ਕਿ ਉਹ ਪਹਿਲੇ ਭਾਰਤੀ ਸਨ, ਜੋ ਇਸ ਉੱਚੀ ਪਦਵੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਨੂੰ ਅੰਗਰੇਜ਼ਾਂ ਦੇ ਚੰਗੇ ਮਿੱਤਰ ਹੋਣ ਕਰਕੇ ਅੰਗਰੇਜ਼ਾਂ ਨੇ ਰਾਇ ਸਾਹਿਬ ਦੇ ਖਿਤਾਬ ਨਾਲ ਨਿਵਾਜਿਆ ਹੋਇਆ ਸੀ। ਉਨ੍ਹਾਂ ਦੇ 7 ਸਪੁੱਤਰ ਸਨ। ਸਭ ਤੋਂ ਵੱਡੇ ਕੁੰਦਨ ਲਾਲ ਵਪਾਰੀ ਸਨ। ਉਨ੍ਹਾਂ ਤੋਂ ਛੋਟੇ ਡਾ. ਮੋਹਨ ਲਾਲ, ਡਾ. ਬਿਹਾਰੀ ਲਾਲ ਸਨ। ਉਸ ਤੋਂ ਛੋਟੇ ਚਮਨ ਲਾਲ, ਜਿਨ੍ਹਾਂ ਨੇ 1899 ਵਿਚ ਮਿਡਲ ਟੈਂਪਲ, ਇੰਗਲੈਂਡ ਤੋਂ ਬੈਰਿਸਟਰ ਕੀਤੀ। ਉਨ੍ਹਾਂ ਤੋਂ ਛੋਟੇ ਚੁੰਨੀ ਲਾਲ, ਮਦਨ ਲਾਲ ਸਨ। ਭਜਨ ਲਾਲ ਸਭ ਤੋਂ ਛੋਟਾ ਸੀ, ਜਿਸ ਨੇ ਗ੍ਰੀਅਸ ਇਨਨ (ਇੰਗਲੈਂਡ) ਤੋਂ 1911 ਵਿਚ ਬੈਰਿਸਟਰ ਕੀਤੀ ਸੀ। ਇਸ ਤਰ੍ਹਾਂ ਇਹ ਪਰਿਵਾਰ ਬਹੁਤ ਹੀ ਅਮੀਰ ਅਤੇ ਪੜ੍ਹਿਆਂ-ਲਿਖਿਆਂ ਦਾ ਪਰਿਵਾਰ ਸੀ। ਇਨ੍ਹਾਂ ਦੀ ਅੰਮ੍ਰਿਤਸਰ ਵਿਚ ਕਟੜਾ ਸ਼ੇਰ ਸਿੰਘ ਵਿਚ ਬਹੁਤ ਜਾਇਦਾਦ ਸੀ ਅਤੇ ਇਹ ਪਰਿਵਾਰ ਅੰਗਰੇਜ਼ੀ ਹਕੂਮਤ ਦਾ ਵਫਾਦਾਰ ਸੀ।

ਮਦਨ ਲਾਲ ਨੂੰ ਲਾਹੌਰ ਕਾਲਜ ਵਿਚ ਪੜ੍ਹਾਈ ਸਮੇਂ ਰਾਜਨੀਤਿਕ ਸਰਗਰਮੀਆਂ ਵਿਚ ਭਾਗ ਲੈਣ ਕਰਕੇ ਕੱਢ ਦਿੱਤਾ ਗਿਆ, ਕਿਉਂਕਿ ਉਹ ਉਥੇ ਯੂਨੀਅਨ ਬਣਾਉਣਾ ਚਾਹੁੰਦਾ ਸੀ। ਉਸ ਦੇ ਪਰਿਵਾਰ ਨੇ ਵੀ ਉਸ ਨਾਲੋਂ ਨਾਤਾ ਤੋੜ ਲਿਆ। ਮਜਬੂਰੀ ਵੱਸ ਉਸ ਨੂੰ ਕਲਰਕ, ਰਿਕਸ਼ਾ ਚਾਲਕ ਤੇ ਕਾਰਖਾਨੇ ਵਿਚ ਮਜ਼ਦੂਰੀ ਕਰਕੇ ਗੁਜ਼ਾਰਾ ਕਰਨਾ ਪਿਆ। ਉਸ ਨੇ ਕੁਝ ਸਮਾਂ ਬੰਬਈ ਵਿਚ ਵੀ ਕੰਮ ਕੀਤਾ। ਉਥੋਂ ਉਹ ਆਪਣੇ ਵੱਡੇ ਭਰਾ ਦੀ ਸਲਾਹ ਨਾਲ ਉਚੇਰੀ ਪੜ੍ਹਾਈ ਲਈ 1906 ਵਿਚ ਇੰਗਲੈਂਡ ਆ ਗਿਆ ਤੇ ਯੂਨੀਵਰਸਿਟੀ ਕਾਲਜ ਲੰਡਨ ਵਿਚ ਸਿਵਲ ਇੰਜੀਨੀਅਰ ਦੇ ਡਿਪਲੋਮੇ ਵਿਚ ਦਾਖਲਾ ਲੈ ਲਿਆ। ਇਹ ਉਹ ਕਾਲਜ ਸੀ, ਜਿੱਥੇ ਦਾਦਾ ਭਾਈ ਨਾਓਰੋਜੀ 1856 ਤੋਂ 1866 ਤੀਕ ਗੁਜਰਾਤੀ ਦੇ ਪ੍ਰੋਫੈਸਰ ਰਹੇ ਸਨ ਤੇ ਡਾ. ਰਵਿੰਦਰ ਨਾਥ ਟੈਗੋਰ ਨੇ 1878 ਤੋਂ 1880 ਤੀਕ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਕੀਤੀ ਸੀ। ਮਦਨ ਲਾਲ ਢੀਂਗਰਾ ਦੇ ਵੱਡੇ ਭਰਾ ਡਾ. ਬਿਹਾਰੀ ਲਾਲ ਨੇ 1895 ਵਿਚ ਇੱਥੋਂ ਹੀ ਯੂਨੀਵਰਸਿਟੀ ਕਾਲਜ ਹੌਸਪਟਿਲ ਤੋਂ ਐਮ. ਆਰ. ਸੀ. ਪੀ. ਪਾਸ ਕੀਤੀ ਸੀ।

ਮਦਨ ਲਾਲ ਬਹੁਤ ਕੀਮਤੀ ਕੱਪੜੇ ਪਹਿਨਦਾ ਅਤੇ ਕੀਮਤੀ ਸੈਂਟਾਂ ਤੇ ਹੋਰ ਵਸਤੂਆਂ ਦੀ ਵਰਤੋਂ ਕਰਦਾ ਸੀ। ਆਪਣੇ ਵਾਲ ਹਰ ਵੇਲੇ ਕੰਘੀ ਨਾਲ ਸੰਵਾਰਦਾ ਰਹਿੰਦਾ ਸੀ ਤੇ ਇਸ ਲਈ ਉਹ ਮਸ਼ਹੂਰ ਵੀ ਸੀ। ਇਹੋ ਕਾਰਨ ਸੀ ਕਿ ਜਦ ਉਸ ਨੂੰ ਫਾਂਸੀ ਲਾਉਣ ਤੋਂ ਪਹਿਲਾਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਇਕ ਸ਼ੀਸ਼ਾ ਤੇ ਕੰਘੀ ਮੰਗੀ ਤਾਂ ਜੋ ਫਾਂਸੀ ਦੇ ਤਖਤੇ 'ਤੇ ਜਾਣ ਸਮੇਂ ਉਹ ਉਸੇ ਤਰ੍ਹਾਂ ਤਿਆਰ ਹੋ ਕਿ ਜਾਵੇ ਜਿਵੇਂ ਉਹ ਆਪਣੀ ਯੂਨੀਵਰਸਿਟੀ ਜਾਂਦਾ ਹੁੰਦਾ ਸੀ। ਉਹ ਬਹੁਤ ਖੁਸ਼ ਦਿਲ ਪਰ ਜਜ਼ਬਾਤੀ ਇਨਸਾਨ ਸੀ। ਇੱਥੇ ਇੰਡੀਆ ਹਾਊਸ ਵਿਚ ਉਸ ਦਾ ਮੇਲ ਪ੍ਰਸਿੱਧ ਇਨਕਲਾਬੀ ਵਿਨਾਇਕ ਦਮੋਦਰ ਸਾਵਰਕਰ ਨਾਲ ਹੋਇਆ ਤੇ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦਿਨਾਂ ਵਿਚ ਇੰਡੀਆ ਹਾਊਸ ਦੀ ਵਰਤੋਂ ਵਿਦਿਆਰਥੀਆਂ ਦੇ ਹੋਸਟਲ ਵਜੋਂ ਹੁੰਦੀ ਸੀ, ਪਰ ਇਹ ਭਾਰਤੀ ਸਿਆਸਤਦਾਨਾਂ ਦਾ ਅੱਡਾ ਵੀ ਸੀ, ਜਿਸ ਨੂੰ 1905 ਈ. ਵਿਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਨੇ ਖਰੀਦ ਲਿਆ ਸੀ। ਉਹ ਬੰਗਾਲੀ ਇਨਕਲਾਬੀਆਂ ਖੁਦੀ ਰਾਮ ਬੋਸ, ਕਨਹਾਲੀ ਲਾਲ, ਨਰੇਂਦਰ ਅਤੇ ਹੋਰ ਇਨਕਲਾਬੀਆਂ ਦੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਦੂਜੇ ਇਨਕਲਾਬੀਆਂ ਨਾਲ ਵੀ ਸਬੰਧ ਸਥਾਪਤ ਕਰ ਲਏ, ਜਿਨ੍ਹਾਂ ਵਿਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ, ਲਾਲਾ ਹਰਦਿਆਲ, ਗਿਆਨ ਚੰਦ ਅਤੇ ਕੋਰੇ ਗਾਕਰ ਆਦਿ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦਾ ਸਬੰਧ ਇੰਡੀਆ ਹਾਊਸ ਨਾਲ ਸੀ। ਉਸ ਨੇ ਇੰਡੀਅਨ ਹੂਮ ਰੂਲ ਸੁਸਾਇਟੀ ਅਤੇ ਅਭਿਨਵ ਭਾਰਤ ਸੁਸਾਇਟੀ, ਜਿਸ ਦੇ ਸੰਸਥਾਪਕ ਸਾਵਰਕਰ ਸਨ, ਨਾਲ ਗੂੜ੍ਹੇ ਸਬੰਧ ਬਣਾ ਲਏ। ਸਾਵਰਕਰ ਨੇ ਢੀਂਗਰਾ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਦਿਨਾਂ ਵਿਚ ਦੇਸ਼ ਭਗਤ ਖੁਦੀ ਰਾਮ ਬੋਸ, ਸਤਿੰਦਰ ਪਾਲ, ਕਾਂਸ਼ੀ ਰਾਮ ਅਤੇ ਕਨਈ ਦੱਤ ਨੂੰ ਫਾਂਸੀ ਲਾਉਣ 'ਤੇ 8 ਜੂਨ 1909 ਨੂੰ ਵੀਰ ਸਾਵਰਕਰ ਦੇ ਵੱਡੇ ਭਰਾ ਗਣੇਸ਼ ਦਮੋਦਰ ਸਾਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮਦਨ ਲਾਲ ਢੀਂਗਰਾ, ਸਾਵਰਕਰ ਤੇ ਇੰਗਲੈਂਡ ਵਿਚਲੇ ਹੋਰ ਇਨਕਲਾਬੀ ਭਾਰਤੀਆਂ ਨੂੰ ਬਹੁਤ ਗੁੱਸਾ ਸੀ ਤੇ ਉਹ ਇਸ ਦਾ ਬਦਲਾ ਲੈਣਾ ਚਾਹੁੰਦੇ ਸਨ।

ਲੰਡਨ ਵਿਚ ਰਹਿੰਦੇ ਭਾਰਤੀਆਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਮਿਸ ਐਮਾ ਜੋਸਫੀਨ ਬੈਕ ਇਸ ਦੀ ਸੈਕਟਰੀ ਸੀ। ਢੀਂਗਰਾ ਮਾਰਚ 1909 ਵਿਚ ਇਸ ਦਫਤਰ ਗਿਆ ਤੇ ਇਸ ਦੇ ਮੈਂਬਰ ਬਣਨ ਦੀ ਇੱਛਾ ਪ੍ਰਗਟ ਕੀਤੀ। ਉਸ ਨੂੰ ਅਪਰੈਲ 1909 ਵਿਚ ਮੈਂਬਰ ਬਣਾ ਲਿਆ ਗਿਆ। ਉਸ ਨੇ ਇਕ ਰਿਵਾਲਵਰ ਤੇ ਦੋ ਪਿਸਤੌਲ ਇਕ ਵਿਅਕਤੀ ਪਾਸੋਂ ਖਰੀਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ।

ਪਹਿਲੀ ਜੁਲਾਈ 1909 ਨੂੰ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦਾ ਸਾਲਾਨਾ ਦਿਵਸ ਸੀ। ਇੰਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਨੂੰ ਇਸ ਸਮਾਗਮ ਲਈ ਚੁਣਿਆ ਗਿਆ। ਢੀਂਗਰਾ ਨੇ ਐਮਾ ਬੈਕ ਪਾਸੋਂ ਸਾਰੀ ਜਾਣਕਾਰੀ ਪ੍ਰਾਪਤ ਕਰਕੇ ਸਾਵਰਕਰ ਨਾਲ ਆਪਣੀ ਯੋਜਨਾ ਤਿਆਰ ਕੀਤੀ। ਉਸ ਪੰਜਾਬੀ ਅੰਦਾਜ਼ ਵਿਚ ਅਸਮਾਨੀ ਰੰਗ ਦੀ ਪਗੜੀ ਬੰਨੀ ਤੇ ਟਾਈ ਸਮੇਤ ਇਕ ਸ਼ਾਨਦਾਰ ਸੂਟ ਪਹਿਨਿਆ। ਉਸ ਨੇ ਕੋਟ ਦੀਆਂ ਜੇਬਾਂ ਵਿਚ ਇਕ ਰਿਵਾਲਵਰ, ਦੋ ਪਿਸਤੌਲ ਅਤੇ ਦੋ ਚਾਕੂ ਰੱਖੇ। ਢੀਂਗਰਾ ਪਾਰਟੀ ਵਿਚ ਸ਼ਾਮ 8 ਵਜੇ ਪੁੱਜਾ। ਰਾਤ ਦੇ ਸਵਾ ਦਸ ਵਜੇ ਭਾਰਤ ਵਿਚਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਅਤੇ ਉਸ ਦੀ ਪਤਨੀ ਪੁੱਜੇ। ਵਾਇਲੀ ਭਾਰਤੀ ਵਿਦਿਆਰਥੀਆਂ ਦੀ ਖੁਫੀਆ ਨਿਗਰਾਨੀ ਕਰਦਾ ਸੀ। ਉਹ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਸੀ। ਇਸ ਲਈ ਭਾਰਤੀ ਵਿਦਿਆਰਥੀ ਉਸ ਤੋਂ ਦੁਖੀ ਸਨ। ਇਸ ਲਈ ਮਦਨ ਲਾਲ ਨੇ ਉਸ ਨੂੰ ਮਾਰਨ ਦਾ ਮਨ ਬਣਾਇਆ ਸੀ। ਉਨ੍ਹਾਂ ਨੂੰ ਵੇਖ ਕੇ ਉਸ ਨੂੰ ਜੋਸ਼ ਚੜ੍ਹ ਗਿਆ। ਗਿਆਰਾਂ ਵਜੇ ਦੇ ਕਰੀਬ ਸਾਰੀ ਕਾਰਵਾਈ ਮੁਕੰਮਲ ਹੋਈ। ਵਾਇਲੀ ਸਟੇਜ ਤੋਂ ਉਤਰ ਲੋਕਾਂ ਨੂੰ ਗੈਰ-ਰਸਮੀ ਮਿਲਣ ਲੱਗਾ। ਢੀਂਗਰਾ ਨੇ ਉਸ ਦੇ ਮੂੰਹ 'ਤੇ 5 ਗੋਲੀਆਂ ਦਾਗੀਆਂ, ਜਿਨ੍ਹਾਂ ਵਿਚੋਂ 4 ਆਪਣੇ ਨਿਸ਼ਾਨੇ 'ਤੇ ਲੱਗੀਆਂ। ਇਕ ਪਾਰਸੀ ਡਾਕਟਰ ਕੋਵਾਸਜੀ ਲਲਕਾਰਾ, ਜਿਸ ਨੇ ਵਾਇਲੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਨੂੰ 6ਵੀਂ ਤੇ 7ਵੀਂ ਗੋਲੀ ਦਾ ਨਿਸ਼ਾਨਾ ਬਣਿਆ। ਮਦਨ ਲਾਲ ਨੇ ਇਸ ਸਬੰਧੀ ਅਦਾਲਤ ਨੂੰ ਵੀ ਦੱਸਿਆ ਕਿ ਲਲਕਾਰਾ ਨੂੰ ਮਾਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ ਤੇ ਇਹ ਦੁਰਘਟਨਾ ਵੱਸ ਹੋ ਗਿਆ। ਜਦ ਭੀੜ ਵਿਚੋਂ ਕਿਸੇ ਨੇ ਉਸ ਨੂੰ ਕਾਤਲ ਕਿਹਾ ਤਾਂ ਉਸ ਨੇ ਕਿਹਾ ਕਿ ਮੈਂ ਦੇਸ਼ ਭਗਤ ਹਾਂ ਤੇ ਆਪਣੀ ਮਾਤ ਭੂਮੀ ਨੂੰ ਗੁਲਾਮੀ ਦੀ ਪੰਜਾਲੀ ਵਿਚੋਂ ਬਾਹਰ ਕੱਢਣਾ ਚਾਹੁੰਦਾ ਹਾਂ। ਬਿਨਾ ਕਿਸੇ ਡਰ ਅਤੇ ਖੌਫ ਦੇ ਉਸ ਨੇ ਕਿਹਾ, "ਜੋ ਮੈਂ ਕੀਤਾ ਹੈ, ਉਸ ਲਈ ਮੈਂ ਹੱਕਦਾਰ ਹਾਂ। ਜੇ ਜਰਮਨੀਆਂ ਨੇ ਇੰਗਲੈਂਡ 'ਤੇ ਕਬਜ਼ਾ ਕੀਤਾ ਹੁੰਦਾ ਤਾਂ ਇੰਗਲੈਂਡ ਵਾਸੀ ਨੇ ਵੀ ਇਹੋ ਕੁਝ ਕਰਨਾ ਸੀ।"







(ਖੱਬੇ) ਸ਼ਹੀਦ ਮਦਨ ਲਾਲ ਢੀਂਗਰਾ ਅਤੇ (ਸੱਜੇ) ਯਾਦ ਵਿਚ ਜਾਰੀ ਕੀਤੀ ਗਈ ਟਿਕਟ

ਮਦਨ ਲਾਲ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਨੇ ਖੁਦ ਗ੍ਰਿਫਤਾਰੀ ਦਿੱਤੀ। ਉਸ ਨੂੰ 7 ਦਿਨਾਂ ਲਈ ਪੁਲਿਸ ਹਵਾਲੇ ਕੀਤਾ ਗਿਆ। ਉਹ ਇਨ੍ਹਾਂ ਦਿਨਾਂ ਵਿਚ ਉਸ ਬਿਆਨ ਨੂੰ ਤਿਆਰ ਕਰਨ ਵਿਚ ਰੁਝਾ ਰਿਹਾ, ਜੋ ਉਸ ਨੇ ਅਦਾਲਤ ਵਿਚ ਦੇਣਾ ਸੀ। 10 ਜੁਲਾਈ ਨੂੰ ਜਦ ਉਸ ਨੂੰ ਮੈਜਿਸਟਰੇਟ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਇਹ ਬਿਆਨ ਉਚੀ ਪੜ੍ਹ ਕੇ ਸੁਣਾਇਆ, ਜਿਸ ਵਿਚ ਉਸ ਨੇ ਕਿਹਾ, "ਮੈਂ ਆਪਣੇ ਕੀਤੇ ਕੰਮ ਦੀ ਸੁਰੱਖਿਆ ਲਈ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਨਹੀਂ ਸਮਝਦਾ ਕਿ ਇੰਗਲੈਂਡ ਦੀ ਅਦਾਲਤ ਨੂੰ



ਸਰ ਵਿਲੀਅਮ ਹਟ ਕਰਜਨ ਵਾਇਲੀ

ਮੈਨੂੰ ਸਜ਼ਾ ਦੇਣ ਜਾਂ ਜੇਲ੍ਹ ਵਿਚ ਬੰਦੀ ਰੱਖਣ ਦਾ ਕੋਈ ਅਧਿਕਾਰ ਹੈ। ਮੇਰਾ ਇਹ ਕਹਿਣਾ ਹੈ ਕਿ ਜੇ ਇਸ ਦੇਸ਼ ਨੂੰ ਜਰਮਨਾਂ ਨੇ ਆਪਣੇ ਕਬਜ਼ੇ ਵਿਚ ਕੀਤਾ ਹੁੰਦਾ ਤੇ ਇੰਗਲਿਸ਼ਮੈਨ ਦਾ ਜਰਮਨੀਆਂ ਖਿਲਾਫ ਲੜਨਾ ਦੇਸ਼ ਭਗਤੀ ਹੁੰਦੀ ਤਾਂ ਮੇਰੇ ਇਸ ਕੇਸ ਵਿਚ ਅੰਗਰੇਜ਼ਾਂ ਖਿਲਾਫ ਲੜਨਾ ਉਸ ਨਾਲੋਂ ਵੀ ਜ਼ਿਆਦਾ ਹੱਕੀ ਅਤੇ ਦੇਸ਼ ਭਗਤੀ ਵਾਲਾ ਕਾਰਜ ਹੈ। ਮੈਂ 50 ਸਾਲਾਂ ਵਿਚ ਆਪਣੇ ਦੇਸ਼ ਵਾਸੀਆਂ ਦੇ 80 ਲੱਖ ਕਤਲਾਂ ਲਈ ਅੰਗਰੇਜ਼ਾਂ ਨੂੰ ਜ਼ਿੰਮੇਵਾਰ ਮੰਨਦਾ ਹਾਂ। ਉਹ ਹਰ ਸਾਲ 10 ਕਰੋੜ ਪੌਂਡ ਭਾਰਤ ਤੋਂ ਇੱਥੇ ਲਿਆਉਣ ਲਈ ਜ਼ਿੰਮੇਵਾਰ ਹਨ। ਮੈਂ ਉਨ੍ਹਾਂ ਨੂੰ ਹਜ਼ਾਰਾਂ ਦੇਸ਼ ਵਾਸੀਆਂ ਨੂੰ ਫਾਂਸੀ ਲਾਉਣ ਅਤੇ ਜਲਾਵਤਨੀ ਲਈ ਜ਼ਿੰਮੇਵਾਰ ਸਮਝਦਾ ਹਾਂ।"

23 ਜੁਲਾਈ ਨੂੰ ਓਲਡ ਬੈਲੇ ਕੋਰਟ, ਲੰਡਨ ਵਿਚ ਮੁਕੱਦਮੇ ਦੀ ਕਾਰਵਾਈ ਹੋਈ। 20 ਮਿੰਟ ਤੋਂ ਵੀ ਘੱਟ ਸਮੇਂ ਵਿਚ ਅਦਾਲਤ ਨੇ 17 ਅਗਸਤ 1909 ਨੂੰ ਫਾਂਸੀ ਲਾਉਣ ਦਾ ਫੈਸਲਾ ਦੇ ਦਿੱਤਾ, ਜਦ ਕਿ ਸਮਾਂ ਤੇ ਸਥਾਨ ਦਾ ਐਲਾਨ ਕਰਨਾ ਅਦਾਲਤ ਦਾ ਕੰਮ ਨਹੀਂ ਸੀ। ਇਸ ਸਮੇਂ 5 ਗਵਾਹ ਸਰਕਾਰ ਦੇ ਹੱਕ ਵਿਚ ਭੁਗਤੇ, ਜਿਨ੍ਹਾਂ ਵਿਚ ਇਕ ਭਾਰਤੀ ਮਦਨ ਮੋਹਨ ਸਿਨਹਾ ਵੀ ਸ਼ਾਮਲ ਸੀ, ਜਿਸ ਨੇ ਉਸ ਨੂੰ ਉਥੇ ਫੜਿਆ ਸੀ। ਢੀਂਗਰੇ ਨੇ ਕੇਸ ਦੀ ਪੈਰਵੀ ਲਈ ਕੋਈ ਵਕੀਲ ਨਾ ਕੀਤਾ। ਜਦ ਜੱਜ ਨੇ ਸਜ਼ਾ ਸੁਣਾਈ ਤਾਂ ਉਸ ਨੇ ਗਰਜਵੀਂ ਆਵਾਜ਼ ਵਿਚ ਕਿਹਾ, "ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਹੈ, ਪਰ ਯਾਦ ਰੱਖੋ ਆਉਂਦੇ ਦਿਨਾਂ ਵਿਚ ਸਮਾਂ ਸਾਡਾ ਹੋਵੇਗਾ।"

ਆਇਰਿਸ਼ ਪ੍ਰੈਸ ਨੇ ਮਦਨ ਲਾਲ ਢੀਂਗਰਾ ਨੂੰ ਨਾਇਕ ਦੇ ਤੌਰ 'ਤੇ ਉਭਾਰਿਆ। ਇਸੇ ਤਰ੍ਹਾਂ ਕਾਹਿਰਾ ਤੋਂ ਪ੍ਰਕਾਸ਼ਿਤ ਇਕ ਮਿਸਰ ਦੇ ਅਖਬਾਰ ਨੇ ਕੀਤਾ। ਜਦ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਤਾਂ ਉਸ ਦਾ ਭਰਾ ਭਜਨ ਲਾਲ ਲੰਡਨ ਵਿਚ ਲਾਅ ਦੀ ਪੜ੍ਹਾਈ ਕਰ ਰਿਹਾ ਸੀ। ਉਹ ਉਸ ਮੀਟਿੰਗ ਵਿਚ ਸ਼ਾਮਲ ਹੋਇਆ, ਜੋ ਇਸ ਦੀ ਨਿਖੇਧੀ ਲਈ ਚਾਰ ਦਿਨਾਂ ਪਿੱਛੋਂ ਰੱਖੀ ਗਈ ਸੀ। ਇਸ ਮੀਟਿੰਗ ਵਿਚ ਸ਼ਾਮਲ ਹੋਣ ਕਰਕੇ ਮਦਨ ਲਾਲ ਨੇ ਉਸ ਨੂੰ ਜੇਲ੍ਹ ਵਿਚ ਮਿਲਣ ਤੋਂ ਨਾਂਹ ਕਰ ਦਿੱਤੀ, ਜਦ ਉਹ ਉਸ ਨਾਲ ਮੁਲਾਕਾਤ ਕਰਨ ਆਇਆ ਸੀ। ਵਾਇਲੀ ਦੇ ਕਤਲ ਪਿਛੋਂ ਉਸ ਦੇ ਪਿਤਾ ਨੇ ਇੰਗਲੈਂਡ ਦੀਆਂ ਅਖਬਾਰਾਂ ਨੂੰ ਭੇਜੀ ਇਕ ਟੈਲੀਗ੍ਰਾਮ ਵਿਚ ਕਿਹਾ ਕਿ ਮੈਂ ਉਸ ਨੂੰ ਬੇਦਖਲ ਕਰਦਾ ਹਾਂ, ਕਿਉਂਕਿ ਉਸ ਨੇ ਮੇਰੇ ਨਾਂ ਨੂੰ ਧੱਬਾ ਲਾਇਆ ਹੈ। ਉਸ ਦੇ ਭਰਾਵਾਂ ਵਿਚੋਂ ਡਾ. ਬਿਹਾਰੀ ਲਾਲ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਨਾਂ ਦੇ ਪਿੱਛੇ ਸ਼ਬਦ ਢੀਂਗਰਾ ਲਾਹ ਲਿਆ। ਉਸ ਦੀ ਖੁਾਹਿਸ਼ ਮੁਤਾਬਕ ਉਸ ਦਾ ਅੰਤਿਮ ਸਸਕਾਰ ਹਿੰਦੂ ਰਸਮਾਂ ਨਾਲ ਨਾ ਕੀਤਾ ਗਿਆ। ਵਿਨਾਇਕ ਦਮੋਦਰ ਸਾਵਰਕਰ ਨੂੰ ਵੀ ਉਸ ਦੀ ਦੇਹ ਨਾ ਸੌਂਪੀ ਗਈ, ਕਿਉਂਕਿ ਉਹ ਉਸ ਦਾ ਵਾਰਸ ਨਹੀਂ ਸੀ। ਉਸ ਨੂੰ ਲਾਵਾਰਸ ਕੈਦੀ ਘੋਸ਼ਿਤ ਕਰਕੇ ਜੇਲ੍ਹ ਵਿਚ ਹੀ ਇਕ ਆਮ ਵਿਅਕਤੀ ਦੀ ਤਰ੍ਹਾਂ ਦਫਨਾ ਦਿੱਤਾ ਗਿਆ ਤੇ ਇਕ ਇੱਟ ਲਾ ਦਿੱਤੀ ਗਈ, ਜਿਸ 'ਤੇ ਲਿਖਿਆ ਸੀ, ਐਮ. ਐਲ. ਡੀ.। ਇਸ ਦਾ ਪਤਾ ਵੀ ਉਸ ਸਮੇਂ ਲੱਗਾ, ਜਦ ਸ਼ਹੀਦ ਉਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਉਣੀਆਂ ਸਨ ਤਾਂ ਉਸ ਦੀ ਕਬਰ ਲੱਭਦਿਆਂ ਲੱਭਦਿਆਂ ਇਹ ਇੱਟ ਨਜ਼ਰ ਪਈ ਤਾਂ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਹ ਮਦਨ ਲਾਲ ਢੀਂਗਰਾ ਦੀ ਕਬਰ ਹੈ।

ਬਰਤਾਨੀਆ ਅਤੇ ਭਾਰਤ ਦੀ ਜ਼ਿਆਦਾਤਰ ਪ੍ਰੈਸ ਨੇ ਢੀਂਗਰਾ ਦੀ ਕਾਰਵਾਈ ਦੀ ਨਿੰਦਿਆ ਕੀਤੀ। ਮਹਾਤਮਾ ਗਾਂਧੀ ਨੇ ਵੀ ਵਾਇਲੀ ਦੇ ਕਤਲ ਦੀ ਨਿਖੇਧੀ ਕੀਤੀ। ਇੰਗਲੈਂਡ ਦੇ 'ਇੰਡੀਅਨ ਸੋਸ਼ਿਆਲੋਜੀ' ਪਰਚੇ ਨੇ ਢੀਂਗਰਾ ਦੀ ਹਮਦਰਦੀ ਵਿਚ ਲੇਖ ਲਿਖਿਆ। ਲੇਖ ਲਿਖਣ ਬਦਲੇ ਇਸ ਦੇ ਪ੍ਰਿੰਟਰ ਗਾਈ ਅਲਡਰੈਡ ਨੂੰ 12 ਮਹੀਨੇ ਦੀ ਕੈਦ ਹੋਈ। ਉਹ ਫਾਂਸੀ ਚੜ੍ਹਨ ਤੋਂ ਪਹਿਲਾਂ ਇਕ ਬਿਆਨ ਅਖਬਾਰਾਂ ਨੂੰ ਦੇਣਾ ਚਾਹੁੰਦਾ ਸੀ, ਪਰ ਉਸ ਦੀ ਇਹ ਇੱਛਾ ਪੂਰੀ ਨਾ ਕੀਤੀ ਗਈ। ਉਂਜ ਉਹ ਇਕ ਵਿਦੇਸ਼ੀ ਮਹਿਲਾ ਪੱਤਰਕਾਰ ਦੀ ਸਹਾਇਤਾ ਨਾਲ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ ਦੇਣ ਵਿਚ ਕਾਮਯਾਬ ਹੋ ਗਿਆ। ਉਸ ਦਾ ਇਹ ਬਿਆਨ ਫਰਾਂਸੀਸੀ ਅਖਬਾਰਾਂ ਵਿਚ ਫਾਂਸੀ ਵਾਲੇ ਦਿਨ ਪ੍ਰਕਾਸ਼ਿਤ ਹੋਇਆ। ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚੰਗਿਆੜੀ ਦਾ ਕੰਮ ਕੀਤਾ, ਕਿਉਂਕਿ ਉਹ ਉਨ੍ਹਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਦਿ ਨੌਜੁਆਨਾਂ ਦਾ ਉਹ ਪ੍ਰੇਰਨਾ ਸ੍ਰੋਤ ਸੀ। ਡਾ. ਸੈਫੂਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ, ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ-ਮੁਸਲਿਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ।

ਅਮਰੀਕਾ ਵਿਚ ਗਦਰ ਪਾਰਟੀ ਦੇ ਬਾਨੀ ਲਾਲਾ ਹਰਦਿਆਲ ਨੇ ਉਸ ਦੀ ਸ਼ਹਾਦਤ ਬਾਰੇ ਲਿਖਿਆ ਸੀ, "ਢੀਂਗਰਾ ਨੇ ਮੈਨੂੰ ਮੱਧਕਾਲ ਦੇ ਰਾਜਪੂਤਾਂ ਅਤੇ ਸਿੱਖਾਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ, ਜੋ ਮੌਤ ਦੀ ਲਾੜੀ ਨੂੰ ਵਿਆਹੁਣ ਲਈ ਬੜੇ ਚਾਵਾਂ ਨਾਲ ਘੋੜੀ 'ਤੇ ਬੈਠ ਕੇ ਜੰਗ ਨੂੰ ਜਾਂਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਨ੍ਹਾਂ ਨੇ ਢੀਂਗਰਾ ਨੂੰ ਮਾਰ ਦਿੱਤਾ ਹੈ, ਪਰ ਉਹ ਹਮੇਸ਼ਾਂ ਲਈ ਅਮਰ ਹੈ। ਅਸਲ ਵਿਚ ਉਸ ਨੇ ਭਾਰਤ ਵਿਚ ਅੰਗਰੇਜ਼ੀ ਗੁਲਾਮੀ ਨੂੰ ਮੌਤ ਦਾ ਝਟਕਾ ਦਿੱਤਾ ਹੈ।"

ਢੀਂਗਰਾ ਵਲੋਂ ਵਿਖਾਈ ਗਈ ਦਲੇਰੀ ਦੀ ਜਿੱਥੇ ਭਾਰਤੀ ਬੁਧੀਜੀਵੀਆਂ ਨੇ ਸ਼ਲਾਘਾ ਕੀਤੀ, ਉਥੇ ਕਈ ਅੰਗਰੇਜ਼ੀ ਬੁਧੀਜੀਵੀਆਂ ਨੇ ਵੀ ਤਾਰੀਫ ਕੀਤੀ। ਸ੍ਰੀ ਵਰਿੰਦਰ ਨਾਥ ਚਟੋਪਾਧਿਆਇ ਨੇ ਉਸ ਦੀ ਯਾਦ ਵਿਚ ਮਾਸਕ ਪੱਤਰ 'ਮਦਨ ਤਲਵਾਰ' ਕੱਢਿਆ। ਉਸ ਦੀਆਂ ਅਸਥੀਆਂ 13 ਦਸੰਬਰ 1976 ਨੂੰ ਭਾਰਤ ਲਿਆਂਦੀਆਂ ਗਈਆਂ, ਜਿਥੇ ਉਸ ਦਾ ਸਰਕਾਰੀ ਸਨਮਾਨਾਂ ਨਾਲ ਦਾਹ ਸਸਕਾਰ ਕੀਤਾ ਗਿਆ। ਅੰਮ੍ਰਿਤਸਰ ਵਿਖੇ ਯੂਥ ਹੋਸਟਲ ਦੇ ਪਾਸ ਜੀ. ਟੀ. ਰੋਡ ਉਤੇ ਉਸ ਦੀ ਯਾਦ ਵਿਚ ਬੁੱਤ ਲਾਇਆ ਗਿਆ ਹੈ। ਇਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਵਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਅਫਸੋਸ ਦੀ ਗੱਲ ਹੈ ਕਿ ਉਸ ਦੇ ਜੱਦੀ ਘਰ ਨੂੰ ਅਸੀਂ ਸੰਭਾਲ ਨਹੀਂ ਸਕੇ। ਹਾਈਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਇਹ ਘਰ ਖੰਡਰ ਬਣਿਆ ਪਿਆ ਹੈ। ਲੋੜ ਹੈ ਕਿ ਇਸ ਥਾਂ 'ਤੇ ਯਾਦਗਾਰ ਬਣਾਈ ਜਾਵੇ ਤੇ ਲੰਡਨ ਤੋਂ ਉਸ ਦਾ ਪਿਸਤੌਲ ਤੇ ਹੋਰ ਨਿਸ਼ਾਨੀਆਂ ਲਿਆ ਕੇ ਇੱਥੇ ਰੱਖੀਆਂ ਜਾਣ।

ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਅਤੇ ਗਦਰੀ ਬਾਬਿਆਂ, ਜਿਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਦਦੇਹਰ ਆਦਿ ਸ਼ਾਮਲ ਹਨ ਤੇ ਹੋਰ ਇਨਕਲਾਬੀਆਂ ਜਿਨ੍ਹਾਂ ਨੇ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ ਜਾਂ ਜੇਲ੍ਹਾਂ ਕੱਟੀਆਂ, ਉਹ ਆਜ਼ਾਦੀ ਅਜੇ ਵੀ ਭਾਰਤੀਆਂ ਨੂੰ ਨਸੀਬ ਨਹੀਂ ਹੋਈ। ਭਾਰਤੀਆਂ ਨੂੰ ਸਿਰਫ ਰਾਜਸੀ ਆਜ਼ਾਦੀ ਮਿਲੀ ਹੈ। ਉਨ੍ਹਾਂ ਨੇ ਆਰਥਕ ਆਜ਼ਾਦੀ ਅਜੇ ਪ੍ਰਾਪਤ ਕਰਨੀ ਹੈ। ਮਿਹਨਤਕਸ਼ ਭਾਰਤੀਆਂ ਦੀ ਲੁੱਟ-ਖਸੁੱਟ ਅਜੇ ਵੀ ਜਾਰੀ ਹੈ। ਦੇਸ਼ ਅਨਪੜ੍ਹਤਾ, ਭੁੱਖਮਰੀ, ਬੇਰੁਜ਼ਗਾਰੀ ਅਤੇ ਗਰੀਬੀ ਦਾ ਸ਼ਿਕਾਰ ਹੈ। ਉਹੋ ਜ਼ਾਲਮ ਡੰਡਾ ਪੁਲਿਸ ਹੈ। ਭਾਰਤ ਦਾ ਸਰਮਾਇਆ ਕੁਝ ਘਰਾਣਿਆਂ ਦੇ ਹੱਥਾਂ ਵਿਚ ਇਕੱਠਾ ਹੋ ਰਿਹਾ ਹੈ। ਭਾਰਤ ਵਿਚ ਅਜੇ ਵੀ ਕੁਝ ਪਰਿਵਾਰਾਂ ਦਾ ਰਾਜ ਹੈ, ਜਿਨ੍ਹਾਂ ਵਿਚੋਂ ਕੁਝ ਪਰਿਵਾਰ ਉਹ ਵੀ ਸ਼ਾਮਲ ਹਨ, ਜੋ ਗੁਲਾਮ ਭਾਰਤ ਵਿਚ ਰਾਜੇ-ਮਹਾਰਾਜੇ ਅਖਵਾਉਂਦੇ ਸਨ ਤੇ ਅੰਗਰੇਜ਼ਾਂ ਦੇ ਪਿੱਠੂ ਸਨ। ਇਸ ਲਈ ਮਦਨ ਲਾਲ ਢੀਂਗਰਾ ਅਤੇ ਹੋਰਨਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਭਾਰਤ ਦੀ ਸਿਆਸਤ ਦੀ ਵਾਗਡੋਰ ਮਿਹਨਤਕਸ਼ ਲੋਕਾਂ ਦੇ ਹੱਥ ਆਵੇ ਅਤੇ ਆਜ਼ਾਦੀ ਦਾ ਨਿੱਘ ਹਰੇਕ ਭਾਰਤੀ ਨੂੰ ਮਿਲੇ, ਜਿਸ ਦਾ ਸੁਪਨਾ ਇਨ੍ਹਾਂ ਦੇਸ਼ ਭਗਤਾਂ ਨੇ ਲਿਆ ਸੀ।

# ਬਾਪੂ ਤਾਂ ਬਾਪੂ ਹੁੰਦਾ...

ਮੋਠੂ ਮਲੰਗਾ, ਇਹ ਜੋ ਘਰਾਂ ਵਿਚ ਪੋਚਾ ਝਾੜੂ ਅਤੇ ਬਰਤਨ ਸਾਫ ਕਰਨ ਵਾਲੀਆਂ ਯੂ. ਪੀ. ਦੀਆਂ ਲੜਕੀਆਂ ਹੁੰਦੀਆਂ ਨਾ, ਇਹ ਵਾਹਵਾ ਹੀ ਇਮਾਨਦਾਰ ਗਿਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਜਰੂਰ ਕੋਈ ਸਿਖਿਆ ਦਿੱਤੀ ਗਈ ਹੋਵੇਗੀ, ਜੋ ਇਹ ਕਮਰਿਆਂ ਵਿਚ ਪਏ ਕੀਮਤੀ ਸਮਾਨ ਅਤੇ ਪੈਸੇ-ਟਕੇ ਨੂੰ ਹੱਥ ਨਹੀਂ ਲਾਉਂਦੀਆਂ। ਕਦੇ ਕਦੇ ਲਗਦੈ, ਇਨ੍ਹਾਂ ਨੂੰ ਦੂਜਾ ਪ੍ਰਾਂਤ ਜਿਵੇਂ ਪਰਾਇਆ ਦੇਸ਼ ਲੱਗਦਾ ਹੋਵੇ। ਜਿਸ ਤਰ੍ਹਾਂ ਵਿਦੇਸ਼ਾਂ ਵਿਚ ਗਏ

ਗੱਜਣਵਾਲਾ ਸੁਖਮਿੰਦਰ
ਫੋਨ: 91-99151-06449

ਸਾਡੇ ਪੰਜਾਬੀ ਜਨਮ ਭੂਮੀ ਨੂੰ ਬਹੁਤ ਲੋਚਦੇ ਰਹਿੰਦੇ ਹਨ ਤੇ ਵਾਰ ਵਾਰ ਪੰਜਾਬ ਪਰਤਣ ਦੀ ਸੋਚਦੇ ਰਹਿੰਦੇ, ਉਸੇ ਤਰ੍ਹਾਂ ਇਹ ਵੀ ਆਪਣੇ ਜਨਮ ਸਥਾਨਾਂ ਨੂੰ ਬਹੁਤ ਪਿਆਰ ਕਰਦੀਆਂ ਹਨ। ਇਨ੍ਹਾਂ ਨੇ ਵੀ ਸਾਲ 'ਚ ਦੋ ਕੁ ਵਾਰ ਖਾਸ ਕਰ ਮਈ-ਜੂਨ ਜਾਂ ਹੋਲੀ ਆਦਿ 'ਤੇ ਪੂਰੇ ਪਰਿਵਾਰ ਸਮੇਤ 'ਅਪਨੇ ਗਾਓਂ' ਜਾਣਾ ਹੁੰਦਾ। ਹਿੰਦੀ ਬੈਲਟ ਦੀਆਂ ਵਸਨੀਕ ਹੋਣ ਕਰ ਕੇ ਇਨ੍ਹਾਂ ਦੀ ਬੋਲੀ ਬਹੁਤ ਹੀ ਮਿਠਾਸੜੀ, ਮਿਦੂਲ ਤੇ ਸਾਫ-ਸਵਾਫ ਹੁੰਦੀ ਹੈ। ਸਾਡੇ ਵਾਂਗ ਠਾਹ-ਸੋਟਾ, ਬੇਰੁਖੀ, ਖੁਰਦਰੇ ਅਲਫਾਜ਼ ਨਹੀਂ ਵਰਤਦੇ। ਇਨ੍ਹਾਂ ਦੇ ਨਾਮ ਵੀ ਕਮਾਲ ਦੇ ਬਹੁਤ ਹੀ ਨਵੀਨਤਮ ਅਤੇ ਫਿਲਮੀ ਤਰਜ਼ ਵਾਲੇ ਰੱਖੇ ਹੁੰਦੇ ਹਨ=ਸੀਮਾ, ਵਿਕ੍ਰਾਂਤੀ, ਉਰਮਿਲਾ, ਕਲਪਨਾ, ਉਰਵਸੀ ਆਦਿ।

ਸਾਡੇ ਘਰ ਕੰਮ ਕਰਨ ਵਾਲੀ ਦਾ ਨਾਮ ਸੁਨੈਨਾ ਹੈ। ਕੁਝ ਮਹੀਨਿਆਂ ਤੋਂ ਹਾਮਲਾ (ਗਰਭਵਤੀ) ਹੋਣ ਕਰਕੇ ਉਸ ਦੇ ਨਿੱਕਾ ਨਿਆਣਾ ਹੋਣ ਵਾਲਾ ਸੀ। ਉਸ ਨੇ ਆਪਣੇ ਮਾਤਾ-ਪਿਤਾ ਕੋਲ ਯੂ. ਪੀ. ਜਾਣਾ ਸੀ। ਉਹ ਆਪਣੇ ਗਾਓਂ ਜਾਣ ਲੱਗੀ ਮੇਰੀ ਘਰਵਾਲੀ ਨੂੰ ਕਹਿਣ ਲੱਗੀ, ਆਂਟੀ! ਮੇਰਾ ਅਗਲੇ ਮਹੀਨੇ ਮਾਰਚ ਮੇਂ ਡਿਲਿਵਰੀ ਟਾਈਮ ਹੈ। ਆਪਣੇ ਵਤਨ ਜਾਵਾਂਗੀ ਅਤੇ ਜੂਨ ਮਹੀਨੇ ਮੇਂ ਵਾਪਸ ਆ ਜਾਵਾਂਗੀ। ਤੁਸੀਂ ਮੇਰੇ ਪਿੱਛੋਂ ਕਿਸੇ ਨੂੰ ਪੱਕੇ ਤੌਰ 'ਤੇ ਕੰਮ ਉਤੇ ਨਾ ਰੱਖਣਾ। ਸਮਾਂ ਆਉਣ ਤੇ ਸੁਨੈਨਾ (ਫਰਜ਼ੀ ਨਾਮ) ਆਪਣੇ ਮਿਥੇ ਸਮੇਂ ਅਨੁਸਾਰ ਆਪਣੇ ਗਾਓਂ ਚਲੀ ਗਈ। ਬਾਅਦ ਵਿਚ ਅਸੀਂ ਫੋਨ 'ਤੇ ਉਸ ਦਾ ਅੱਠੀਂ-ਦਸੀਂ ਦਿਨੀਂ ਹਾਲ-ਚਾਲ ਪੁੱਛਦੇ ਰਹੇ। ਕਰੋਨੇ ਦਾ ਬਹੁਤ ਹੀ ਜ਼ੋਰ ਹੋਣ ਕਰ ਕੇ ਲੋਕਾਂ ਨੇ ਘਰਾਂ 'ਚ ਸਾਫ-ਸਫਾਈ ਕਰਨ ਵਾਲੀਆਂ ਹਟਾ ਦਿੱਤੀਆਂ ਸਨ। ਅਸੀਂ ਵੀ ਸੁਨੈਨਾ ਦੇ ਜਾਣ ਪਿੱਛੋਂ ਕਿਸੇ ਨੂੰ ਵੀ ਕੰਮ 'ਤੇ ਨਹੀਂ ਰੱਖਿਆ, ਖੁਦ ਹੀ ਸਾਫ-ਸਫਾਈ ਦਾ ਕੰਮ ਸੰਭਾਲੀ ਰੱਖਿਆ। ਸਮਾਂ ਆਉਣ 'ਤੇ ਜਦ ਡਿਲਿਵਰੀ ਹੋ ਗਈ ਤੇ ਜਦ ਬੱਚਾ ਵਾਹਵਾ ਹੋ ਗਿਆ ਤਾਂ ਸੁਨੈਨਾ ਪਿਛਲੇ ਮਹੀਨੇ ਵਾਪਸ ਸਾਡੇ ਕੰਮ 'ਤੇ ਆ ਗਈ।

ਮੋਠੂ ਮਲੰਗਾ! ਆਹ ਗੱਲ ਨੋਟ ਕਰਨ ਵਾਲੀ ਹੈ, ਬਈ ਔਰਤ ਚਾਹੇ ਕਿਸੇ ਵੀ ਖਿੱਤੇ, ਕਿਸੇ ਦੇਸ਼ ਪ੍ਰਾਂਤ ਨਾਲ ਸਬੰਧਤ ਹੋਵੇ, ਹਰ ਔਰਤ ਦੇ ਸੁਭਾਅ ਦੀ ਇਹ ਖਾਸੀਅਤ ਹੁੰਦੀ ਹੈ ਕਿ ਉਹ ਅਕਸਰ ਰਾਹ-ਖੈਹੜੇ ਕੋਲ ਦੀ ਲੰਘਣ ਵਾਲੀ ਬੁੜੀ-ਕੁੜੀ ਨੂੰ ਬਿਨਾ ਬੁਲਾਇਆਂ ਜਾਣ ਨਹੀਂ ਦਿੰਦੀ। ਤਾਕ ਵਿਚ ਹੁੰਦੀ ਹੈ, ਮੈਂ ਕੋਈ ਗੱਲ ਕਿਉਂ ਨਾ ਕਰ ਲਵਾਂ। ਪੱਕੀ ਗੱਲ ਹੈ ਕਿ ਇਨ੍ਹਾਂ ਨੂੰ ਇਕ ਦੂਜੀ ਨਾਲ ਦੁੱਖ-ਸੁੱਖ ਫਰੋਲ ਕੇ ਕੋਈ ਸਕੂਨ ਜਿਹਾ ਜਰੂਰ ਮਿਲਦਾ ਹੋਵੇਗਾ। ਬਿਨਾ ਕਿਸੇ ਜਾਣ-ਪਛਾਣ ਦੇ ਪਲਾਂ ਵਿਚ ਜੋ ਘੁਲਮਿਲ ਜਾਂਦੀਆਂ ਤੇ ਬਗੈਰ ਕਿਸੇ ਉਚੇਚੇ ਮੁੱਦੇ ਦੇ, ਨਿੱਕੀਆਂ ਨਿੱਕੀਆਂ ਗੱਲਾਂ ਛੇੜ ਕੇ ਆਪਣਾ ਦਿਲ ਪ੍ਰਚਾਵਾ ਜਿਹਾ ਕਰ ਲੈਂਦੀਆਂ। ਇਸੇ ਧਾਰਨਾ ਹਿਤ ਸੁਨੈਨਾ ਵੀ ਜਦ ਸਾਫ-ਸਫਾਈ ਦਾ ਕੰਮ ਧੰਦਾ ਨਿਬੇੜ ਕੇ ਚਾਹ ਦਾ ਕੱਪ ਪੀਣ ਲੱਗਦੀ ਤਾਂ ਉਹ ਅਤੇ ਉਸ ਦੀ ਆਂਟੀ ਅੱਧਾ ਅੱਧਾ ਘੰਟਾ ਮਿਕਸ ਹਿੰਦੀ-ਪੰਜਾਬੀ ਵਿਚ ਘਰੇਲੂ ਦੁੱਖਾਂ-ਸੁੱਖਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗ ਪੈਂਦੀਆਂ।



ਇਕ ਦਿਨ ਸੁਨੈਨਾ ਨੇ ਆਪਣੇ ਡਿਲਿਵਰੀ ਕੇਸ ਦੀ ਗੱਲ ਚਲਾ ਦਿੱਤੀ ਤੇ ਦੱਸਣ ਲੱਗੀ, ਆਂਟੀ! ਇਸ ਵਾਰ ਮੇਰੀ ਡਿਲਿਵਰੀ ਵੱਡੇ ਅਪਰੇਸ਼ਨ (ਸਰਜਰੀ) ਰਾਹੀਂ ਹੋਣੀ ਸੀ। ਹਮਾਰੇ ਯੂ. ਪੀ. ਮੇਂ ਸਰਕਾਰੀ ਹਸਪਤਾਲਾਂ ਵਿਚ ਕੋਈ ਭਰੋਸੇਯੋਗ ਉਚਿਤ ਪ੍ਰਬੰਧ ਨਹੀਂ ਹਨ। ਪ੍ਰਾਈਵੇਟ ਹਸਪਤਾਲ ਬਹੁਤ ਮਹਿੰਗੇ ਹੋਣ ਕਰਕੇ ਹਮਾਰੀ ਪਹੁੰਚ ਵਿਚ ਨਹੀਂ ਸਨ, ਘਰ ਵਿਚ ਇਸ ਗੱਲ ਦੀ ਬਹੁਤ ਚਿੰਤਾ ਹੋ ਗਈ। ਹਮ ਠਹਿਰੇ ਗਰੀਬ ਲੋਕ, ਹਮਾਰੇ ਪਾਸ ਕਿਹੜਾ ਪੰਜਾਬ ਵਾਂਗ ਖੁੱਲ੍ਹੀਆਂ ਜ਼ਮੀਨਾਂ ਹਨ। ਛੋਟੀ-ਮੋਟੀ ਖੇਤੀ ਮਜ਼ਦੂਰੀ ਕਰ ਕੇ ਗੁਜ਼ਰ ਬਸਰ ਕਰਦੇ ਹਾਂ। ਪਰ ਮੇਰੇ ਬਾਪ ਨੇ ਫੈਸਲਾ ਕਰ ਲਿਆ ਕਿ 'ਲੜਕੀ ਕੋ ਮਾਰਨਾ ਥੋੜ੍ਹਾ ਹੈ, ਕੁਛ ਭੀ ਹੋ ਜਾਏ, ਇਸ ਕਾ ਇਲਾਜ ਪ੍ਰਾਈਵੇਟ ਹਸਪਤਾਲ ਮੇਂ ਹੀ ਕਰਵਾਏਂਗੇ।' ਮੇਰੇ ਬਾਪ ਨੇ ਆਂਟੀ! ਖਰਚੇ ਕਾ ਜੁਗਾੜ ਪਤੈ ਕੈਸੇ ਕੀਆ? ਉਸ ਵਕਤ ਮੇਰੀ ਛੋਟੀ ਭੈਣ ਕੀ ਮੰਗਨੀ ਹੋ ਚੁਕੀ ਥੀ ਔਰ ਸ਼ਾਦੀ ਹੋਨੇ ਵਾਲੀ ਥੀ। ਕਰੋਨਾ ਕੀ ਵਜ੍ਹਾ ਸੇ ਹੋ ਨਾ ਸਕੀ ਤੇ ਅੱਗੇ ਪੈ ਗਈ। ਮੇਰੇ ਬਾਪ ਨੇ ਉਸ ਕੋ ਦਹੇਜ ਮੇਂ ਦੇਨੇ ਕੇ ਲੀਏ ਇੱਕ ਬਕਰੀ ਪਾਲ ਰੱਖੀ ਥੀ। ਹਮ ਗਰੀਬ ਲੋਗ ਹੈ ਨਾ, ਭੈਂਸ (ਮੱਝ) ਵਗੈਰਾ ਤੋ ਦੇ ਨਹੀਂ ਸਕਤੇ, ਬੱਕਰੀ ਵਗੈਰਾ ਦੇਤੇ ਹੈਂ। ਜਬ ਮੇਰੀ ਸ਼ਾਦੀ ਹੁਈ ਥੀ, ਤਬ ਮੁਝੇ ਬੀ ਬੱਕਰੀ ਦੀ ਗਈ ਥੀ।

ਆਂਟੀ! ਮੇਰੇ ਬਾਪ ਨੇ ਸੋਚਾ ਕਿ ਛੋਟੀ ਲੜਕੀ ਕੀ ਸ਼ਾਦੀ ਤੋਂ ਅਬ ਆਗੇ ਪੈ ਗਈ ਹੈ, ਉਸ ਨੇ ਇੱਕ ਤੋ ਵੋ ਬੱਕਰੀ ਜੋ ਦੇਨੇ ਕੇ ਲਿਏ ਪਾਲ ਰੱਖੀ ਥੀ, ਵੋ ਬੀਸ ਹਜ਼ਾਰ ਕੀ ਤੁਰੰਤ ਬੇਚ ਦੀ, ਔਰ ਹਮਾਰੇ ਛੋਟੇ ਸੇ ਖੇਤ ਮੇਂ ਦੋ ਸਫੈਦੇ ਕੇ ਦਰਖਤ ਥੇ, ਵੋਹ ਬੇਚ ਦੀਏ। ਇਸ ਤਰ੍ਹਾਂ ਹਸਪਤਾਲ ਦਾ ਸਾਰਾ ਭੁਗਤਾਨ ਕਰਨੇ ਕਾ ਪ੍ਰਬੰਧ ਕਰ ਲੀਆ। ਦਵਾਈਆਂ ਤੇ ਓਪਰੇਸ਼ਨ ਵਗੈਰਾ ਕਾ ਪੂਰਾ ਪੰਤਾਲੀ ਹਜ਼ਾਰ ਰੁਪਈਆ ਹਸਪਤਾਲ ਕੋ ਦੇਨਾ ਪੜਾ। ਆਂਟੀ ਆਪ ਕੇ ਲਿਏ ਤਾਂ ਏਹ ਰਕਮ ਥੋੜ੍ਹੀ ਜਾਪਤੀ ਹੋਗੀ, ਹਮ ਗਰੀਬੋਂ ਕੇ ਲਿਏ ਤੋ ਬਹੁਤ ਭਾਰੀ ਹੈ। ਆਪ ਜਾਨਤੇ ਹੀ ਹੋ ਕਿ ਮੈਂ ਸਾਰਾ ਦਿਨ ਲੋਗੋਂ ਕੇ ਗਰੋਂ ਮੇਂ ਕਾਮ ਕਰਤੀ ਹੂੰ। ਮਰ ਕੇ ਮਹੀਨੇ ਕਾ ਚਾਰ ਪਾਂਚ ਹਜ਼ਾਰ ਬਨਤਾ ਹੈ। ਤੀਨ ਬੱਚੇ ਹੈਂ, ਉਨ ਕਾ ਅਲੱਗ ਖਰਚ। ਏਕ ਕਮਰਾ ਹੈ ਤੀਨ ਹਜ਼ਾਰ ਕਿਰਾਏ ਪਰ, ਪਤੀ ਮਜ਼ਦੂਰੀ ਕਰਤਾ ਹੈ। ਫਿਰ ਬੀ ਆਂਟੀ! ਹਮ ਨੇ ਸੋਚ ਰੱਖਾ ਹੈ ਕਿ ਜਬ ਭੈਣ ਕੀ ਸ਼ਾਦੀ ਹੋਗੀ, ਹਮ ਜਰੂਰ ਕੁਝ ਨਾ ਕੁਝ ਦੇਂਗੇ। ਹੋਰ ਨਾ ਸਹੀ ਬੈਡ ਵਗੈਰਾ ਖਰੀਦ ਕੇ ਦੇ ਦੇਂਗੇ। ਦੇਖੋ! ਹਮਾਰੇ ਪਿਤਾ ਨੇ ਔਖੇ ਵਕਤ ਹਮਾਰੀ ਬਹੁਤ ਬੜੀ ਮਦਦ ਕੀ। ਉਨ ਕੇ ਬੋਲ ਮੁਝੇ ਅਬ ਬੀ ਯਾਦ ਹੈਂ, ਲੜਕੀ ਕੋ ਮਾਰਨਾ ਥੋੜ੍ਹਾ, ਪ੍ਰਾਈਵੇਟ ਹਸਪਤਾਲ ਮੈਂ ਇਸ ਕਾ ਇਲਾਜ ਕਰਵਾਏਂਗੇ। ਆਂਟੀ! ਗਰੀਬ ਹੋਵੇ ਚਾਹੇ ਅਮੀਰ ਹੋਵੇ... ਪਿਉ ਤਾਂ ਪਿਉ ਹੀ ਹੁੰਦਾ ਹੈ ਨਾ!

# ਪੰਜਾਬੀ ਨੌਜਵਾਨੋ ਸਿਆਣੇ ਬਣੋ!

ਪੰਜਾਬ ਵਿਚ ਦਿਨ ਦਿਹਾੜੇ ਕਤਲ ਦੀਆਂ ਖਬਰਾਂ, ਗੈਂਗਵਾਰ ਤੇ ਫਿਰ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਸਿਲਸਿਲਾ ਪਤਾ ਹੀ ਨੀ ਲੱਗਾ ਕਦੋਂ ਸ਼ੁਰੂ ਹੋ ਗਿਆ, ਪਰ ਅੱਜ ਜੋ ਹਾਲਾਤ ਬਣ ਗਏ, ਉਹ ਬਹੁਤ ਹੀ ਖਤਰਨਾਕ ਹਨ। ਜਦੋ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਖਬਰ ਪੜ੍ਹੀ ਅਤੇ ਸੀ.ਸੀ.ਟੀ.ਵੀ ਦੁਆਰਾ ਸਾਹਮਣੇ ਆਈ ਵੀਡੀਉ ਵੇਖੀ ਤਾਂ ਹੱਥ ਵਿਚ ਪਿਸਟਲ ਫੜੀ ਦੋ ਨੌਜਵਾਨ



ਜੋ ਵਿੱਕੀ ਮਿੱਡੂਖੇੜਾ ਦੇ ਮਗਰ ਦੌੜ ਰਹੇ ਸਨ, ਉਨ੍ਹਾਂ ਦੀ ਮਾਨਸਿਕ ਸਥਿਤੀ ਸਮਝਣੀ ਔਖੀ ਹੋ ਗਈ। ਮੈਨੂੰ ਨਹੀਂ ਪਤਾ ਕਿ ਵਿੱਕੀ

ਕੰਵਲਪ੍ਰੀਤ ਕੌਰ, ਪ੍ਰਿੰਸੀਪਲ
ਨਿਊਜੀਲੈਂਡ

ਮਿੱਡੂਖੇੜਾ ਦੀ ਕੀ ਦੁਸ਼ਮਣੀ ਸੀ ਉਨ੍ਹਾਂ ਨਾਲ, ਮੈਨੂੰ ਇੰਜ ਲੱਗਾ ਕਿ ਸਾਡੇ ਦੋ ਪੰਜਾਬੀ ਭਰਾ ਮਿਲ ਕੇ ਤੀਜੇ ਪੰਜਾਬੀ ਭਰਾ ਨੂੰ ਮਾਰ ਰਹੇ ਸਨ। ਇਸ ਸਭ ਨੂੰ ਵੇਖ ਕੇ ਚਿੰਤਾ ਹੋਈ, ਪੰਜਾਬ ਦੀ ਚਿੰਤਾ, ਪੰਜਾਬੀਆਂ ਦੀ ਚਿੰਤਾ, ਨੌਜਵਾਨਾਂ ਦੀ ਚਿੰਤਾ, ਪਰਿਵਾਰਾਂ ਦੀ ਚਿੰਤਾ ਤੇ ਪੰਜਾਬ ਦੇ ਭਵਿੱਖ ਦੀ ਚਿੰਤਾ।

ਛੋਟੇ ਹੁੰਦਿਆਂ ਤੋਂ ਸੁਣਦੇ ਆ ਰਹੇ ਹਾਂ ਕਿ ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ। ਪੰਜਾਬ ਦੀ ਸਿਫਤ ਵਿਚ ਜੋ ਲੋਕ ਗੀਤ ਸੁਣੇ, ਉਨ੍ਹਾਂ ਵਿਚ ਵੀ ਪਿਆਰ, ਸਭਿਆਚਾਰ ਤੇ ਭਾਈਚਾਰਕ ਸਾਂਝ ਹੀ ਸਿੱਖਣ ਨੂੰ ਮਿਲੀ। ਪਤਾ ਨਹੀਂ ਇਹ ਕਿਹੜੇ ਚੱਕਰਾਂ ਵਿਚ ਪੈ ਗਏ ਪੰਜਾਬੀ? ਕਿਵੇਂ ਦੀ ਮਾਨਸਿਕਤਾ ਬਣ ਗਈ ਕਿ ਕਿਸੇ ਦਾ ਵੀ ਕਤਲ ਕਰ ਦੇਵੋ ਤੇ ਫਿਰ ਫੇਸਬੁੱਕ 'ਤੇ ਉਸ ਦੀ ਜ਼ਿੰਮੇਵਾਰੀ ਲਵੋ। ਉਸ ਤੋਂ ਬਾਅਦ ਅਗਲਾ ਗਰੁੱਪ ਫਿਰ ਚੁਣੌਤੀ ਦੇਵੇ ਤੇ ਫਿਰ ਉਹੋ ਕੁਝ। ਕਹਿੰਦੇ ਨੇ ਇਹ ਸਭ ਰਾਜਨੀਤਿਕ ਧਿਰਾਂ ਵੱਲੋਂ ਆਪਣੇ ਫਾਇਦੇ ਲਈ ਸ਼ੁਰੂ ਕੀਤਾ ਗਿਆ। ਸੋ ਇਸ ਦੇ ਪਿੱਛੇ ਰਾਜਨੀਤੀ ਹੈ, ਬਿਲਕੁਲ ਮੰਨਣਯੋਗ ਹੈ, ਪਰ ਇਨ੍ਹਾਂ ਨੌਜਵਾਨਾਂ ਦੀ ਮਾਨਸਿਕਤਾ ਕਿੰਨੀ ਗਿਰ ਗਈ ਹੈ ਕਿ ਇਹ ਕਤਲ ਕਰ ਕੇ ਮਾਣ ਮਹਿਸੂਸ ਕਰਦੇ ਨੇ ਅਤੇ ਸੱਚਾਈ ਜਾਣਦੇ ਹੋਏ ਵੀ ਕਿ ਇਸ ਦਾ ਹਸ਼ਰ ਕੀ ਹੋਵੇਗਾ, ਗੈਂਗ ਦਾ ਹਿੱਸਾ ਬਣ ਰਹੇ ਹਨ।



ਹੁਣ ਤੱਕ ਕਿੰਨੇ ਕਤਲ ਹੋਏ ਤੇ ਕੀ ਕੁਝ ਸਾਹਮਣੇ ਆਇਆ, ਕਿੰਨੇ ਘਰ ਬਰਬਾਦ ਹੋਏ, ਕਿੰਨੇ ਮਾਪੇ ਵਿਰਲਾਪ ਵਿਚ ਤੜਪਦੇ ਵੇਖੇ ਗਏ, ਪਰ ਪਤਾ ਨਹੀਂ ਕਿਹੜੀ ਮਿੱਟੀ ਦੇ ਬਣ ਗਏ ਨੇ ਇਹ ਨੌਜਵਾਨ, ਜੋ ਮਾਪਿਆਂ ਦਾ ਦਰਦ ਵੀ ਨਹੀਂ ਸਮਝਦੇ। ਗਲਤ ਕੰਮਾਂ ਦਾ ਨਤੀਜਾ ਮਾੜਾ ਹੀ ਹੁੰਦਾ ਹੈ ਤੇ ਭੁਗਤਣਾ ਵੀ ਪੈਂਦਾ, ਇੰਨੀ ਤਾਂ ਇਨ੍ਹਾਂ ਨੌਜਵਾਨਾਂ ਨੂੰ ਸਮਝ ਹੋਵੇਗੀ। ਫਿਰ ਵੀ ਇਹ ਦਿਨ-ਦਿਹਾੜੇ ਕਤਲ ਕਰਨ ਦਾ ਹੌਂਸਲਾ ਕਰ ਰਹੇ ਨੇ। ਕੁਝ ਅਜਿਹੀਆਂ ਘਟਨਾਵਾਂ ਵੀ ਸਾਹਮਣੇ ਆਈਆਂ, ਜਿੱਥੇ ਨੌਜਵਾਨਾਂ ਵੱਲੋਂ ਕਤਲ ਕਰ ਕੇ ਖੁਸ਼ੀਆਂ ਮਨਾਈਆਂ ਗਈਆਂ। ਇਹ ਹਰਕਤ ਕਰਨ ਵਾਲਿਆਂ ਦੀ ਮਾਨਸਿਕਤਾ ਬਾਰੇ ਸੋਚਣਾ ਬਣਦਾ। ਇਹ ਸੱਚੀਂ ਇੱਕ ਗੰਭੀਰ ਮਸਲਾ ਹੈ, ਜਿਸ ਲਈ ਪੰਜਾਬੀਆਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ।

ਜੇ ਰਾਜਨੀਤਿਕ ਲੋਕਾਂ ਦੀ ਗੱਲ ਕਰੀਏ ਤਾਂ ਕੋਈ ਇੱਕ ਚਿਹਰਾ ਵੀ ਲੱਭਣਾ ਔਖਾ ਹੋ ਜਾਂਦਾ, ਜੋ ਭਰੋਸੇਯੋਗ ਹੋਵੇ ਤੇ ਜੋ ਕੁਰਸੀ ਤੋਂ ਉਪਰ ਉੱਠ ਕੇ ਪੰਜਾਬ ਲਈ ਕੁਝ ਕਰਨ ਦਾ ਚਾਹਵਾਨ ਹੋਵੇ। ਨੌਜਵਾਨਾਂ ਨੂੰ ਇਕੱਠਾ ਕਰਕੇ ਸਮਝਾਉਣ ਲਈ ਪੰਜਾਬੀਉ ਸਾਨੂੰ ਪਾਰਟੀਆਂ ਤੋਂ ਉਪਰ ਉੱਠ ਕੇ ਸੋਚਣਾ ਪੈਣਾ। ਇਨ੍ਹਾਂ ਪਾਰਟੀਆਂ ਨੇ ਆਪੋ-ਆਪਣੇ ਫਾਇਦਿਆਂ ਲਈ ਪੰਜਾਬ ਨੂੰ ਉਜਾੜ ਦਿੱਤਾ।

ਪਿਆਰੇ ਪੰਜਾਬੀ ਬੱਚਿਉ, ਭਰਾਵੋ, ਆਪਣਾ ਭਵਿੱਖ ਨਾ ਉਜਾੜੋ, ਪੰਜਾਬ ਨੂੰ ਹੋਰ ਨਾ ਉਜਾੜੋ।

ਪੰਜਾਬ ਦੀ ਸਥਿਤੀ ਪਹਿਲੇ ਹੀ ਬਹੁਤ ਗੰਭੀਰ ਹੈ ਅਤੇ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਤੋਂ ਕੁਝ ਆਸਾਂ ਹਨ, ਪਰ ਜੇ ਤੁਸੀਂ ਹੀ ਗੈਂਗਵਾਰ ਵੱਲ ਤੁਰ ਪਏ ਤਾਂ ਪੰਜਾਬ ਦਾ ਕੀ ਬਣੂੰ? ਜਿਹੜੇ ਗੈਂਗਸਟਰਾਂ ਦਾ ਹੁਣ ਤੱਕ ਕਤਲ ਹੋ ਗਿਆ, ਉਸ ਤੋਂ ਹੀ ਕੋਈ ਸੇਧ ਲੈ ਲਵੋ। ਤੁਸੀਂ ਉਸ ਕੌਮ ਦੇ ਵਾਰਸ ਹੋ, ਜਿਨ੍ਹਾਂ ਦੇ ਗੁਰੂ ਨੇ ਤੁਹਾਨੂੰ ਸ਼ਬਦ ਨਾਲ ਜੋੜਿਆ, ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ। ਜਿਸ ਗੁਰੂ ਨੇ ਆਪਣੇ ਛੋਟੇ ਸਾਹਿਬਜ਼ਾਦੇ ਤੱਕ ਤੁਹਾਡੀ ਕੌਮ ਤੋਂ ਕੁਰਬਾਨ ਕਰਕੇ ਤੁਹਾਨੂੰ ਪੁੱਤ ਕਿਹਾ, ਉਸ ਗੁਰੂ ਨੂੰ ਕੀ ਮੂੰਹ ਵਿਖਾਓਗੇ? ਜ਼ਰਾ ਸੋਚਿਓ, ਆਪਣੇ ਇਤਿਹਾਸ ਵਿਚ ਬੈਠੇ ਜਰਨੈਲਾਂ ਬਾਰੇ, ਸ਼ਹੀਦਾਂ ਬਾਰੇ। ਤੁਸੀਂ ਉਸ ਪੰਜਾਬ ਦੇ ਪੁੱਤ ਹੋ, ਜਿੱਥੇ ਕਦੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੁੰਦਾ ਸੀ ਅਤੇ ਹਰੀ ਸਿੰਘ ਨਲੂਏ ਵਰਗੇ ਸਰਦਾਰ ਸਨ।

ਨੌਜਵਾਨ ਵੀਰੋ, ਪੰਜਾਬ ਦੇ ਇਤਿਹਾਸ ਵੱਲ ਅਤੇ ਪੰਜਾਬ ਦੇ ਮੌਜੂਦਾ ਹਾਲਾਤਾਂ ਵੱਲ ਇੱਕ ਝਾਤ ਜ਼ਰੂਰ ਮਾਰੋ। ਪੰਜਾਬ ਦੇ ਨੌਜਵਾਨ ਨਸ਼ੇ ਵਿਚ ਆਪਣਾ ਆਪ ਖਤਮ ਕਰ ਰਹੇ ਨੇ, ਪੜ੍ਹੇ-ਲਿਖੇ ਨੌਜਵਾਨ ਸੜਕਾਂ ਉੱਪਰ ਧਰਨੇ ਲਾਉਂਦੇ ਤੇ ਫਿਰ ਪੁਲਿਸ ਦੇ ਡੰਡੇ ਖਾਂਦੇ, ਸਿੱਖਿਆ ਦਾ ਕੋਈ ਢਾਂਚਾ ਨਹੀਂ, ਮੈਡੀਕਲ ਸਹੂਲਤਾਂ ਨਹੀਂ ਤੇ ਤੁਸੀਂ ਆਪਣੀ ਹੀ ਗੈਂਗਵਾਰ ਚਲਾ ਕੇ ਹਾਸਲ ਕੀ ਕਰਨਾ ਚਾਹੁੰਦੇ ਹੋ? ਤੁਹਾਡਾ ਰੌਲਾ ਕੀ ਹੈ ਆਪਸ ਵਿਚ? ਕੀ ਵੰਡਣਾ ਤੁਸੀਂ? ਜਿਨ੍ਹਾਂ ਦੇ ਕਤਲ ਹੋ ਗਏ, ਉਨ੍ਹਾਂ ਦੀਆਂ ਮੌਤਾਂ ਤੋਂ ਸਿੱਖੋ ਤੇ ਇਨਸਾਨ ਬਣੋ। ਇਹ ਜ਼ਿੰਦਗੀ ਵਾਹਿਗੁਰੂ ਦੀ ਬਖਸ਼ੀ ਅਣਮੁੱਲੀ ਦਾਤ ਹੈ, ਇਸ ਦੀ ਕਦਰ ਕਰੋ।

ਲੰਬੇ ਸਮੇਂ ਤੋਂ ਆਪਣੇ ਬਜ਼ੁਰਗ ਤੁਹਾਡੇ ਹੱਕਾਂ ਲਈ ਬਾਰਡਰ 'ਤੇ ਬੈਠੇ ਸੰਘਰਸ਼ ਕਰ ਰਹੇ, ਕਿੰਨੀਆਂ ਜਾਨਾਂ ਚਲੀਆਂ ਗਈਆਂ, ਪਰ ਸਰਕਾਰਾਂ ਨੂੰ ਕੋਈ ਫਰਕ ਨਹੀਂ ਪਿਆ। ਪੰਜਾਬ ਵਿਚ ਰਾਜਨੀਤੀ ਜ਼ੋਰਾਂ 'ਤੇ ਹੈ, ਟਿਕਟਾਂ ਵੰਡੀਆਂ ਜਾ ਰਹੀਆਂ ਤੇ ਵੋਟਰਾਂ ਦੀ ਬੋਲੀ ਲੱਗ ਰਹੀ ਆ। ਕਿਸੇ ਦੀ ਮੌਤ, ਕਿਸੇ ਦੇ ਕਤਲ ਦਾ ਇਨ੍ਹਾਂ ਲੀਡਰਾਂ ਨੂੰ ਕੋਈ ਫਰਕ ਨਹੀਂ ਪੈਣਾ, ਸੋ ਆਪਣੀ ਕੀਮਤੀ ਜ਼ਿੰਦਗੀ ਦੇ ਮਕਸਦ ਨੂੰ ਸਮਝੋ ਤੇ ਚੰਗੇ ਕੰਮ ਕਰੋ।

# 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ' ਲਈ ਮੌਲਿਕ, ਅਣਛਪੀਆਂ ਰਚਨਾਵਾਂ ਦੀ ਮੰਗ

ਅਮਰੀਕਾ ਨਿਵਾਸੀ ਪਿਆਰੇ ਕਹਾਣੀਕਾਰ ਦੋਸਤੋ, ਇਸ ਨਵੇਂ ਸਾਲ 2021 ਦੌਰਾਨ ਤੁਹਾਡੇ ਨਾਲ ਇਹ ਖੁਸ਼ੀ ਭਰੀ ਖਬਰ ਸਾਂਝੀ ਕਰਨ ਜਾ ਰਹੇ ਹਾਂ ਕਿ ਪਰਵਾਸੀ ਪੰਜਾਬੀ ਲੇਖਕਾਂ ਵਿਚ ਕਹਾਣੀ ਵਿਧਾ ਪ੍ਰਤੀ ਲਗਾਤਾਰ ਵਧ ਰਹੇ ਸਿਰਜਨਾਤਮਕ ਉਤਸ਼ਾਹ ਨੂੰ ਵੇਖਦਿਆਂ ਡਾ. ਰਵੀ ਸ਼ੇਰ ਗਿੱਲ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਦੇ ਸੰਪਾਦਕੀ ਮੰਡਲ ਵਲੋਂ ਇਕ ਹੋਰ ਨਵਾਂ ਕਹਾਣੀ ਸੰਗ੍ਰਹਿ ਛਾਪਣ ਦਾ ਫੈਸਲਾ ਲਿਆ ਗਿਆ ਹੈ। ਇਸ ਵਿਚ ਅਮਰੀਕਾ ਵਸਦੇ ਕਹਾਣੀਕਾਰਾਂ ਦੀਆਂ ਮੌਲਿਕ, ਅਣਛਪੀਆਂ ਤੇ ਪਾਇਦਾਰ ਰਚਨਾਵਾਂ ਸ਼ਾਮਲ ਕੀਤੀਆਂ ਜਾਣਗੀਆਂ।

ਇਸ ਨਵੇਂ ਕਹਾਣੀ-ਸੰਗ੍ਰਹਿ ਨੂੰ ਵੀ ਅਸੀਂ ਪਹਿਲੇ ਪ੍ਰਕਾਸ਼ਿਤ ਕਹਾਣੀ-ਸੰਗ੍ਰਹਿਆਂ ਵਾਂਗ ਖੂਬਸੂਰਤੀ ਅਤੇ ਵਿਲੱਖਣਤਾ ਪ੍ਰਦਾਨ ਕਰਨੀ ਚਾਹੁੰਦੇ ਹਾਂ ਤਾਂ ਕਿ ਇਹ ਵੀ ਅਮਰੀਕਨ ਪੰਜਾਬੀ ਕਹਾਣੀ ਦਾ ਇਕ ਪ੍ਰਮੁੱਖ ਦਸਤਾਵੇਜ਼ ਬਣਨ ਦਾ ਮਾਣ ਪ੍ਰਾਪਤ ਕਰ ਸਕੇ। ਇਸ ਲਈ ਕੁਝ ਨਿਯਮਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ। ਸੰਪਾਦਕੀ ਮੰਡਲ ਨੂੰ ਆਪਣੀਆਂ ਰਚਨਾਵਾਂ ਭੇਜਣ ਵਾਲੇ ਸਮੂਹ ਕਹਾਣੀਕਾਰਾਂ ਨੂੰ ਗੁਜਾਰਸ਼ ਹੈ ਕਿ ਸੰਪਾਦਕੀ ਬੋਰਡ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਹੇਠ ਲਿਖੇ ਨੁਕਤਿਆਂ 'ਤੇ ਗੌਰ ਨਾਲ ਨਜ਼ਰਸਾਨੀ ਕੀਤੀ ਜਾਵੇ।

-ਸੰਪਾਦਕੀ ਮੰਡਲ ਨੂੰ ਆਪਣੀ ਕੋਈ ਨਵੀਂ, ਮੌਲਿਕ ਅਤੇ ਅਣਪ੍ਰਕਾਸ਼ਿਤ ਕਹਾਣੀ ਹੀ ਭੇਜੀ ਜਾਵੇ।

-ਵਿਸ਼ੇ ਵਸਤੂ ਪੱਖੋਂ ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ ਪੱਖੀ ਹੁੰਗਾਰੇ, ਅਗਾਂਹਵਧੂ ਪਹੁੰਚ ਅਤੇ ਉਸਾਰੂ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਵੇਗੀ। ਨਿਰੋਲ ਦੇਸੀ ਸਰੋਕਾਰ ਵਾਲੀ ਕਹਾਣੀ ਨਾ ਭੇਜੀ ਜਾਵੇ। ਇਸ ਸੰਗ੍ਰਹਿ ਦਾ ਸੰਪਾਦਕੀ ਬੋਰਡ ਪਾਠਕ ਦੇ ਮਨ ਵਿਚ ਸਿਹਤਮੰਦ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਿਹਤਰ ਦੁਨੀਆਂ ਦਾ ਸੁਪਨਾ ਸਜਾਉਣਾ ਚਾਹੁੰਦਾ ਹੈ। ਇਸ ਮਕਸਦ ਦੀ ਪੂਰਤੀ ਲਈ ਤੁਸੀਂ ਆਪਣੀ ਕੋਈ ਵੀ ਮਨਪਸੰਦ ਰਚਨਾ ਸੰਪਾਦਕੀ ਮੰਡਲ ਦੇ ਹੇਠ ਲਿਖੇ ਕਿਸੇ ਵੀ ਪਤੇ 'ਤੇ ਭੇਜ ਸਕਦੇ ਹੋ:

**Dr. Ravi Sher Gill: 9024 Wharton Way, Elk Grove, CA, 9562**
**drgilldvm@yahoo.com; Ph: 916-753-2868**

**Surinder Sohal: 15 Remsen Ave, Valley Stream, NY, 11580.**
**surindersohal@hotmail.com; Ph: 646- 220 2586**

**Harjinder Pandher: 3974 Chatsworth Circle, Stockton, CA,95209**
**pandher@gmail.com; Ph: 209- 610- 5055**

# ‘ਮਹਾਂ ਫਰਾਡ’ ਅਮਰੀਕ ਗਿੱਲ

***ਮੁੰਬਈ ਵਿਚ ਪੰਜਾਬ ਵਾਲਾ ਧੜਕਦਾ ਦਿਲ ਲੈ ਕੇ ਵੱਸਣ ਵਾਲੇ ਅਮਰੀਕ ਗਿੱਲ ਦਾ ਆਪਣਾ ਵੱਖਰਾ ਮੁਕਾਮ ਹੈ। ਉਹਨੇ ਫਿਲਮਾਂ ਲਈ ਕਹਾਣੀਆਂ, ਪਟਕਥਾ, ਡਾਇਲਾਗ ਲਿਖੇ, ਇਕ ਪੰਜਾਬੀ ਫਿਲਮ ‘ਕਿਰਪਾਨ’ ਨਿਰਦੇਸ਼ਤ ਕੀਤੀ ਅਤੇ ਕਈ ਲੜੀਵਾਰਾਂ ਤੇ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ। ਉਹ ਪੰਜਾਬ ਦੇ ਨਿੱਕੇ ਜਿਹੇ ਪਿੰਡ ਤੋਂ ਉਠ ਕੇ ਪੰਜਾਬ ਦੀ ਹਾਜ਼ਰੀ ਪਤਾ ਨਹੀਂ ਕਿੱਥੇ-ਕਿੱਥੇ ਲੁਆ ਚੁਕਾ ਹੈ। ਉਹਦੇ ਮਿੱਤਰ ਅਤੇ ਅਮਰੀਕਾ ਵੱਸਦੇ ਲਿਖਾਰੀ ਤੇ ਵਿਦਵਾਨ ਪ੍ਰੇਮ ਮਾਨ ਨੇ ਉਹਦੇ ਜੀਵਨ ਸਫਰ ਅਤੇ ਕੰਮ-ਕਾਰ ‘ਤੇ ਝਾਤ ਪੁਆਉਂਦਾ ਲੰਮਾ ਲੇਖ ‘ਪੰਜਾਬ ਟਾਈਮਜ਼’ ਲਈ ਭੇਜਿਆ ਹੈ। ਇਸ ਲੇਖ ਵਿਚ ਅਮਰੀਕ ਗਿੱਲ ਦੇ ਜੀਵਨ ਦੇ ਰੰਗ ਹੀ ਨਹੀਂ, ਪੰਜਾਬ ਨਾਲ ਜੁੜੇ ਸਰੋਕਾਰਾਂ ਦੇ ਰੰਗ ਵੀ ਬੜੇ ਉਘੜਵੇਂ ਰੂਪ ਵਿਚ ਪੇਸ਼ ਹੋਏ ਹਨ। ਪੇਸ਼ ਹੈ, ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ।***



“ਮੈਂ ਐਵੇਂ ਤੇਰੇ ਨਾਲ ਚਾਰ-ਪੰਜ ਮਿੰਟ ਬਹੁਤ ਇੰਪੌਰਟੈਂਟ ਗੱਲ ਕਰਨੀ ਐ। ਬੱਸ ਸਿਰਫ ਚਾਰ-ਪੰਜ ਮਿੰਟ।” ਇਕ ਦਿਨ ਅਮਰੀਕ ਗਿੱਲ ਦਾ ਮੁੰਬਈ ਤੋਂ ਫੋਨ ਆਇਆ। ਸਾਡੇ ਨਿਊ ਯਾਰਕ ਵਿਚ ਸ਼ਾਮ ਦਾ ਇਕ ਵੱਜਿਆ ਹੋਣਾ ਅਤੇ ਹਿੰਦੋਸਤਾਨ ਵਿਚ ਰਾਤ ਦੇ ਸਾਢੇ ਦਸ।

“ਅਮਰੀਕ ਜਿੰਨੀ ਦੇਰ ਮਰਜ਼ੀ ਗੱਲ ਕਰ। ਮੈਂ ਘਰ ਹੀ ਹਾਂ। ਤੇਰੇ ਨਾਲ ਗੱਲ ਕਰ ਕੇ ਹਮੇਸ਼ਾ ਖੁਸ਼ੀ ਹੁੰਦੀ ਐ।” ਮੈਂ ਕਿਹਾ।

“ਤੈਨੂੰ ਸਰਸਵਤੀ ਇਨਾਮ ਦਾ ਪਤਾ?”

“ਮੈਂ ਸੁਣਿਆ ਹੋਇਆ ਪਰ ਡੀਟੇਲ ਵਿਚ ਇਸ ਬਾਰੇ ਨਹੀਂ ਪਤਾ।”

“ਇਹ ਬਿਰਲਾ ਕੰਪਨੀ ਵਲੋਂ ਹਰ ਸਾਲ ਕਈ ਭਾਸ਼ਾਵਾਂ ‘ਚੋਂ ਵਧੀਆ ਕਿਤਾਬ ਨੂੰ ਦਿੱਤਾ ਜਾਂਦਾ। ਪੰਦਰਾਂ ਲੱਖ ਰੁਪਏ ਦੇ ਕਰੀਬ ਹੈ। ਡਾ. ਹਰਿਭਜਨ ਸਿੰਘ, ਗੁਰਦਿਆਲ ਸਿੰਘ ਅਤੇ ਸੁਰਜੀਤ ਪਾਤਰ ਨੂੰ ਮਿਲ ਚੁੱਕਾ। ਬਿਰਲਾ ਦਾ ਹੀ ਇਕ ਹੋਰ ਇਨਾਮ ਐ ਰਿਆਸ। ਇਹ ਚਾਰ ਲੱਖ ਰੁਪਏ ਦੇ ਕਰੀਬ ਹੈ।”

“ਐਤਕੀਂ ਇਨ੍ਹਾਂ ‘ਚੋਂ ਕੋਈ ਤੈਨੂੰ ਮਿਲ ਰਿਹਾ?” ਮੈਂ ਹੱਸਦਿਆਂ ਪੁੱਛਿਆ।

“ਨਹੀਂ, ਮੈਨੂੰ ਨਹੀਂ ਮਿਲ ਰਿਹਾ। ਮੈਂ ਤਾਂ ਇਸ ਦੀ ਜਿਊਰੀ ਵਿਚ ਹਾਂ। 100 ਤੋਂ ਵੱਧ ਮੈਂਬਰ ਹਨ ਇਸ ਦੀ ਜਿਊਰੀ ਵਿਚ। ਕਈ ਭਾਸ਼ਾਵਾਂ ਦੀਆਂ ਕਿਤਾਬਾਂ ਵਿਚਾਰੀਆਂ ਜਾਂਦੀਆਂ ਹਨ। ਮੈਨੂੰ ਕੱਲ੍ਹ ਹੀ ਉਨ੍ਹਾਂ ਦੀ ਚਿੱਠੀ ਆਈ ਸੀ। ਮੈਂ ਕਿਸੇ ਕਿਤਾਬ ਅਤੇ ਲੇਖਕ ਨੂੰ ਵੀ ਇਨ੍ਹਾਂ ਇਨਾਮਾਂ ਲਈ ਨਾਮਜ਼ਦ ਕਰ ਸਕਦਾਂ।”

**ਪ੍ਰੇਮ ਮਾਨ**
**ਫੋਨ: 860-983-5002**

“ਵਾਹ! ਕਮਾਲ ਐ। ਸਾਡਾ ਯਾਰ ਇਸ ਵੇਲੇ ਸਿਖਰਾਂ ‘ਤੇ ਹੈ।”

“ਅਸਲ ਵਿਚ ਮੈਂ ਤੇਰੀ ਕਿਤਾਬ ‘ਅੰਦਰੇਟੇ ਦਾ ਜੋਗੀ’ ਪੜ੍ਹੀ ਐ। ਮੈਂ ਤੈਨੂੰ ਪਹਿਲਾਂ ਵੀ ਦੱਸਿਆ ਸੀ ਕਿ ਬਹੁਤ ਵਧੀਆ ਕਿਤਾਬ ਐ। ਮੈਨੂੰ ਬਹੁਤ ਪਸੰਦ ਆਈ ਐ। ਮੈਂ ਇਹ ਕਿਤਾਬ ਇਨ੍ਹਾਂ ਇਨਾਮਾਂ ਲਈ ਨਾਮੀਨੇਟ ਕਰਨੀ ਐ।” ਅਮਰੀਕ ਨੇ ਮੇਰੀ ਕਿਤਾਬ ਪੜ੍ਹੀ ਸੀ ਜੋ ਮੈਂ ਉਸ ਨੂੰ ਭੇਜੀ ਸੀ ਅਤੇ ਉਹ ਉਸ ਬਾਰੇ ਆਪਣਾ ਪ੍ਰਤੀਕਰਮ ਵੀ ਮੈਨੂੰ ਪਹਿਲਾਂ ਦੱਸ ਚੁੱਕਾ ਸੀ।

“ਅਮਰੀਕ, ਮੈਂ ਤਾਂ ਬਹੁਤ ਛੋਟਾ ਜਿਹਾ ਲੇਖਕ ਹਾਂ। ਮੇਰੀ ਕਿਤਾਬ ਨੂੰ ਇਨਾਮ ਕਿਸ ਨੇ ਦੇਣਾ। ਉੱਥੇ ਤਾਂ ਵੱਖ-ਵੱਖ ਭਾਸ਼ਾਵਾਂ ਤੋਂ ਵੱਡੇ-ਵੱਡੇ ਲਿਖਾਰੀਆਂ ਦੀਆਂ ਕਿਤਾਬਾਂ ਆਉਣੀਆਂ। ਨਾਲੇ ਆਪਣੀ ਕਿਹੜੀ ਕੋਈ ਸਿਫਾਰਸ਼ ਹੈ। ਹਿੰਦੋਸਤਾਨ ਵਿਚ ਤਾਂ ਸਭ ਕੁਝ ਸਿਫਾਰਸ਼ ਨਾਲ ਹੀ ਹੁੰਦਾ। ਆਪਾਂ ਕਿਹੜੇ ਜੁਗਾੜੀਏ ਆਂ। ਜੁਗਾੜ ਕਰਨਾ ਤਾਂ ਮੈਂ ਜ਼ਿੰਦਗੀ ਵਿਚ ਸਿੱਖਿਆ ਹੀ ਨਹੀਂ।”

“ਤੂੰ ਪਹਿਲਾਂ ਵੀ ਦੋ ਕਿਤਾਬਾਂ ਛਪਵਾਈਆਂ। ਤੇਰੀਆਂ ਅੰਗਰੇਜ਼ੀ ਵਿਚ ਵੀ ਕਿਤਾਬਾਂ ਹਨ। ਇਨਾਮ ਨਾ ਮਿਲੂ ਨਾ ਸਹੀ। ਤੇਰਾ ਅਤੇ ਤੇਰੀ ਕਿਤਾਬ ਦਾ ਨਾਂ ਅਖਬਾਰਾਂ ਵਿਚ ਆ ਜਾਊ। ਤੇਰੀ ਫੋਟੋ ਅਖਬਾਰਾਂ ਵਿਚ ਛਪ ਜਾਊ। ਚਰਚਾ ਹੋ ਜਾਊ।”

“ਅਮਰੀਕ, ਆਪਾਂ ਇਨ੍ਹਾਂ ਗੱਲਾਂ ਤੋਂ ਕੀ ਲੈਣਾ। ਸਾਧਾਂ ਨੂੰ ਕੀ ਸੁਆਦਾਂ ਨਾਲ।”

“ਤੂੰ ਮੈਨੂੰ ਆਪਣੇ ਸਾਰੇ ਵੇਰਵੇ ਭੇਜ ਦੇ। ਆਪਣਾ ਬਾਇਓ ਡੇਟਾ, ਈਮੇਲ ਐਡਰੈੱਸ, ਜਨਮ ਤਾਰੀਖ, ਘਰ ਦਾ ਐਡਰੈੱਸ। ਮੈਂ ਨਾਮਜ਼ਦਗੀ ਫਾਰਮ ਭਰ ਦਿਆਂਗਾ।”

“ਅਮਰੀਕ, ਰਹਿਣ ਦੇ ਯਾਰ। ਐਵੇਂ ਮੈਨੂੰ ਇਨਾਮਾਂ ਪਿੱਛੇ ਨੱਠਣ ਦਾ ਭੁਸ ਨਾ ਪਾ। ਇਨਾਮਾਂ ਦਾ ਲੱਗਿਆ ਨਸ਼ਾ ਫਿਰ ਛੁੱਟਣਾ ਨਹੀਂ। ਫਿਰ ਮੈਂ ਤੈਨੂੰ ਕਹਿਣਾ ਕਿ ਹੁਣ ਤੂੰ ਮੈਨੂੰ ਭਾਸ਼ਾ ਵਿਭਾਗ ਦੇ ਇਨਾਮ ਲਈ ਵੀ ਨਾਮਜ਼ਦ ਕਰ। ਫਿਰ ਗਿਆਨ ਪੀਠ ਇਨਾਮ ਲਈ ਵੀ। ਫਿਰ ਪਦਮ ਵਿਭੂਸ਼ਨ ਇਨਾਮ ਲਈ ਵੀ। ਫਿਰ ਮੈਂ ਕਹਿਣਾ, ਅਮਰੀਕ ਹੁਣ ਸਿਫਾਰਸ਼ ਵੀ ਲੱਭ। ਇਹ ਇਨਾਮ ਸਿਫਾਰਸ਼ ਤੋਂ ਬਗੈਰ ਤਾਂ ਮਿਲਣੇ ਨਹੀਂ। ਸਾਹਿਤ ਅਕੈਡਮੀ ਇਨਾਮ ਵੈਸੇ ਹੀ ਮੈਨੂੰ ਨਹੀਂ ਮਿਲ ਸਕਦਾ ਹਿੰਦੁਸਤਾਨ ਤੋਂ ਬਾਹਰ ਰਹਿੰਦਾ ਹੋਣ ਕਰ ਕੇ।” ਮੈਂ ਅਮਰੀਕ ਨਾਲ ਮਜ਼ਾਕ ਕੀਤਾ।

“ਤੂੰ ਭਾਸ਼ਾ ਵਿਭਾਗ ਦੇ ਇਨਾਮ ਲਈ ਜ਼ਰੂਰ ਅਪਲਾਈ ਕਰ ਦੇਵੀਂ। ਮੈਨੂੰ ਆਪਣੇ ਵੇਰਵੇ ਛੇਤੀ ਭੇਜ ਦੇਵੀਂ। ਮੈਂ ਸਰਸਵਤੀ ਅਤੇ ਰਿਆਸ ਇਨਾਮਾਂ ਲਈ ਫਾਰਮ ਭਰ ਦਿਆਂਗਾ।” ਅਮਰੀਕ ਨੇ ਫਿਰ ਮੈਨੂੰ ਮਜਬੂਰ ਕੀਤਾ।

ਉਸ ਦਿਨ ਚਾਰ-ਪੰਜ ਮਿੰਟ ਦੀ ਥਾਂ ਅਸੀਂ ਦੋ ਘੰਟਿਆਂ ਤੋਂ ਵੱਧ ਫੋਨ ਤੇ ਗੱਲਾਂ ਕੀਤੀਆਂ।

ਕੁਝ ਦਿਨਾਂ ਬਾਦ ਅਮਰੀਕ ਦਾ ਫਿਰ ਫੋਨ ਆਇਆ। ਕਹਿੰਦਾ, “ਸਰਸਵਤੀ ਇਨਾਮ ਲਈ ਨਾਮਜ਼ਦਗੀ ਵਾਲੀ ਤਾਰੀਖ ਲੰਘ ਗਈ ਹੈ। ਅਗਲੇ ਸਾਲ ਨਾਮਜ਼ਦ ਕਰ ਦਿਆਂਗਾ। ਇਸੇ ਕਿਤਾਬ ’ਤੇ ਤੈਨੂੰ 10 ਸਾਲ ਨਾਮਜ਼ਦ ਕੀਤਾ ਜਾ ਸਕਦਾ।” ਅਸਲ ਵਿਚ ਕੋਵਿਡ-19 ਦਾ ਮੁੰਬਈ ਵਿਚ ਬਹੁਤ ਬੁਰਾ ਹਾਲ ਹੋਣ ਕਰ ਕੇ ਅਮਰੀਕ ਕੋਲ ਨਾਮਜ਼ਦਗੀ ਵਾਲੀ ਡਾਕ ਬਹੁਤ ਦੇਰ ਨਾਲ ਪਹੁੰਚੀ ਸੀ। ਮੈਂ ਸੋਚਿਆ, ਵਧੀਆ ਹੋਇਆ, ਬਚਾਅ ਹੋ ਗਿਆ। ਐਵੇਂ ਇਨਾਮਾਂ ਪਿੱਛੇ ਨੱਠ ਕੇ ਜ਼ਲੀਲ ਹੋਣ ਵਾਲੀ ਗੱਲ ਹੈ।

---

ਅਮਰੀਕ ਬਹੁਤ ਸੱਚਾ-ਸੁੱਚਾ ਇਨਸਾਨ ਹੈ। ਜ਼ਿੰਦਗੀ ਵਿਚ ਅੱਜ ਵਾਲੇ ਮੁਕਾਮ ‘ਤੇ ਪਹੁੰਚ ਕੇ ਵੀ ਉਹ ਬਹੁਤ ਸਾਧਾਰਨ ਜ਼ਿੰਦਗੀ ਬਤੀਤ ਕਰਦਾ ਹੈ ਅਤੇ ਨਿਮਰਤਾ ਨਾਲ ਰਹਿੰਦਾ ਹੈ। ਜਿਨ੍ਹਾਂ ਦੋਸਤਾਂ ਜਾਂ ਇਕ-ਦੋ ਰਿਸ਼ਤੇਦਾਰਾਂ ਨੇ ਲੋੜ ਵੇਲੇ ਉਸ ਦਾ ਸਾਥ ਦਿੱਤਾ, ਉਹ ਉਨ੍ਹਾਂ ਨੂੰ ਨਹੀਂ ਭੁੱਲਦਾ। ਉਸ ਦੇ ਪੁਰਾਣੇ ਦੋਸਤ ਹਾਲੇ ਵੀ ਦੋਸਤ ਹਨ। ਅਮਰੀਕ ਕਹਿੰਦਾ ਹੈ ਕਿ ਮੁਕੇਰੀਆਂ ਦਾ ਕੁਲਦੀਪ ਮੋਚੀ ਹਾਲੇ ਵੀ ਉਸ ਦਾ ਦੋਸਤ ਹੈ ਅਤੇ ਉਹ ਹੁਣ ਵੀ ਕੁਲਦੀਪ ਦੇ ਘਰ ਜਾ ਕੇ ਖਾਣਾ ਖਾ ਆਉਂਦਾ ਹੈ। ਮੁਕੇਰੀਆਂ ਵਿਚ ਅਮਰੀਕ ਦਾ ਇਕ ਹੋਰ ਦੋਸਤ ਅਰੁਨੇਸ਼ ਸ਼ਾਕਿਰ ਹੈ ਜੋ ਐਮ.ਐਲ.ਏ. ਅਤੇ ਮੰਤਰੀ ਰਿਹਾ ਹੈ। ਅਮਰੀਕ ਥੋੜ੍ਹੇ ਕੀਤੇ ਦੋਸਤੀਆਂ ਤੋੜਦਾ ਨਹੀਂ। ਅਮਰੀਕ ਕਹਿੰਦਾ ਹੈ ਕਿ ਜੇ ਉਸ ਦੇ ਰਿਸ਼ਤੇਦਾਰ ਕਹਿਣ ਕਿ ਉਹ ਹੁਣ ਵੱਡਾ ਬੰਦਾ ਬਣ ਗਿਆ ਹੈ ਅਤੇ ਉਨ੍ਹਾਂ ਦੇ ਨਿਆਣਿਆਂ ਨੂੰ ਹੀਰੋ ਬਣਾ ਦੇਵੇਗਾ, ਇਹ ਨਹੀਂ ਹੋ ਸਕਦਾ।

ਅਮਰੀਕ ਜਦੋਂ ਗੱਲਾਂ ਕਰਦਾ ਹੈ ਤਾਂ ਇੰਜ ਲਗਦਾ ਜਿਵੇਂ ਉਹ ਕਿਸੇ ਡਰਾਮੇ ਜਾਂ ਫਿਲਮ ਵਿਚ ਕਿਸੇ ਪਾਤਰ ਦਾ ਰੋਲ ਨਿਭਾ ਰਿਹਾ ਹੋਵੇ। ਕਈ ਵਾਰੀ ਉਹ ਗੱਲਾਂ ਕਰਦਾ ਕਿਸੇ ਕਹਾਣੀ ਜਾਂ ਵਾਕਿਆ ਦਾ ਜ਼ਿਕਰ ਕਰੇ ਤਾਂ ਉਸ ਵਿਚ ਮਸਾਲਾ ਅਤੇ ਗਾਲਾਂ ਭਰ ਕੇ ਉਸ ਨੂੰ ਕਿਸੇ ਫਿਲਮ ਵਾਂਗ ਖੂਬਸੂਰਤ ਬਣਾ ਦਿੰਦਾ ਹੈ। ਉਹ ਮਜ਼ਾਕੀਆ ਵੀ ਬਹੁਤ ਹੈ। ਮਜ਼ਾਕ ਕਰ ਕੇ ਖੂਬ ਹੱਸਦਾ ਹੈ। ਆਪਣੇ ਆਪ ਨੂੰ ਮਹਾਂ ਫਰਾਡ, ਨਾਲਾਇਕ ਆਦਿ ਆਖਣ ਦਾ ਮਜ਼ਾਕ ਆਮ ਹੀ ਕਰਦਾ ਹੈ। ਇਸ ਦੀਆਂ ਹੇਠ ਲਿਖੀਆਂ ਕੁਝ ਉਦਾਹਰਨਾਂ ਹਨ:

*ਅਮਰੀਕ ਜਦੋਂ ਆਪਣੀ ਅਤੇ ਉਨ੍ਹਾਂ ਸਭ ਇਨਾਮਾਂ ਦੀ ਗੱਲ ਕਰਦਾ ਹੈ ਜੋ ਉਸ ਨੂੰ ਮਿਲੇ ਹਨ ਤਾਂ ਕਹਿੰਦਾ ਹੈ, “ਇਹ ਸਭ ਇਨਾਮ ਫਰਾਡ ਹਨ। ਮੈਂ ਆਪ ਬਹੁਤ ਵੱਡਾ ਫਰਾਡ ਹਾਂ ...।” ਫਿਰ ਉਹ ਉੱਚੀ-ਉੱਚੀ ਹੱਸਦਾ ਹੈ।

*”ਸਾਡੇ (ਮਨਸੂਰਪੁਰ ਵਿਚ) ਘਰੋਂ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਦਿਸਦਾ ਸੀ। ਜਦੋਂ ਮੇਰੀ (ਪਹਿਲੀ) ਮੰਗਣੀ ਟੁੱਟੀ ਤਾਂ ਮੇਰੀ ਮਾਂ ਘਰ ਵਿਚ ਖੜ੍ਹ ਕੇ ਨਿਸ਼ਾਨ ਸਾਹਿਬ ਵੱਲ ਮੂੰਹ ਕਰ ਕੇ ਅਤੇ ਹੱਥ ਜੋੜ ਕੇ ਕਹਿੰਦੀ ਹੁੰਦੀ ਸੀ- ਰੱਬਾ, ਤੂੰ ਮੈਨੂੰ ਇਕੋ ਪੁੱਤ ਦਿੱਤਾ, ਉਹ ਵੀ ਖੋਤਾ, ਗਧਾ, ਬੇਵਕੂਫ, ਤੇ ਨਾਲਾਇਕ ਦਿੱਤਾ।”

*”ਜਦੋਂ ਮੈਂ ਹੁਸ਼ਿਆਰਪੁਰ ਪੜ੍ਹਾਉਂਦਾ ਸੀ ਤਾਂ ਮੈਂ (ਆਪਣੀ ਮੰਗੇਤਰ) ਰੂਪ ਨੂੰ ਤਿੰਨ ਵਾਰੀ ਚੰਡੀਗੜ੍ਹ ਮਿਲਣ ਗਿਆ ਸੀ। ਮੈਂ ਉਸ ਨੂੰ ਮਿਲ ਕੇ ਮਿੰਨਤਾਂ ਕੀਤੀਆਂ, ਊਂਅ ਊਂਅ ਊਂਅ ਕਰ ਕੇ ਰੋਇਆ ਵੀ ਕਿ ਮੈਥੋਂ ਤੇਰੇ ਬਗੈਰ ਰਹਿ ਨਹੀਂ ਹੋਣਾ। ਉਹ ਕਹਿੰਦੀ ਤੂੰ ਮੈਨੂੰ ਹੁਣ ਬਿਲਕੁਲ ਨਾ ਮਿਲਿਆ ਕਰ। ਉਹ ਸੋਚਦੀ ਸੀ ਕਿ ਇਹ ਖੋਤਾ, ਨਾਲਾਇਕ, ਬੇਵਕੂਫ ਮੇਰਾ ਪਿੱਛਾ ਹੀ ਨਹੀਂ ਛੱਡਦਾ। ਫਿਰ ਜਦੋਂ ਵੀ ਉਸ ਨੇ ਮੈਨੂੰ ਦੇਖਣਾ, ਉਸ ਦੇ ਚਿਹਰੇ ਦਾ ਰੰਗ ਬਿਲਕੁਲ ਪੀਲਾ ਪੈ ਜਾਣਾ।”

*”ਮੇਰਾ ਪਿਉ ਇੰਗਲੈਂਡ ਤੋਂ ਵਾਪਸ ਆਇਆ। ਉਦੋਂ ਮੇਰੀ ਮੰਗਣੀ ਹੋ ਚੁੱਕੀ ਸੀ। ਮੇਰਾ ਪਿਉ ਅਤੇ ਬਾਬਾ ਮੇਰੀ ਮੰਗੇਤਰ ਦੇ ਘਰ ਗਏ ਅਤੇ ਉਸ ਦੇ ਪਿਉ ਨੂੰ ਕਹਿੰਦੇ- ਸਾਡਾ ਮੁੰਡਾ ਤਾਂ ਨਿਰਾ ਗਧਾ ਹੈ, ਨਿਰਾ ਖੋਤਾ, ਭੈਣ ... ਬੇਵਕੂਫ, ਨਾਲਾਇਕ, ਫਰਾਡ। ਤੁਸੀਂ ਆਪਣੀ ਕੁੜੀ ਉਹਦੇ ਨਾਲ ਕਿੱਦਾਂ ਮੰਗ ਦਿੱਤੀ? ਅਸੀਂ ਨਹੀਂ ਉਸ ਦੇ ਜ਼ਿੰਮੇਵਾਰ। ਹਾਲੇ ਵੀ ਸੋਚ ਲਵੋ। ਇਹ ਮੰਗਣੀ ਠੀਕ ਨਹੀਂ। ਉਹ ਭੈਣ ... ਤੁਹਾਡੀ ਕੁੜੀ ਦੇ ਮੁਕਾਬਲੇ ਬਿਲਕੁਲ ਨਾਲਾਇਕ ਹੈ। ਅਸੀਂ ਉਸ ਨੂੰ ਇੰਗਲੈਂਡ ਵੀ ਨਹੀਂ ਲਿਜਾਣਾ ਅਤੇ ਜ਼ਮੀਨ ਵੀ ਨਹੀਂ ਦੇਣੀ ...।” ਫਿਰ ਅਮਰੀਕ ਕਹਿੰਦਾ ਹੈ, “ਮੈਂ ਅਜੇ ਵੀ ਬੇਵਕੂਫ ਹਾਂ। ਅਜੇ ਵੀ ਬਹੁਤ ਗਲਤੀਆਂ ਕਰਦਾਂ।” ਫਿਰ ਉਹ ਹੱਸਦਾ ਹੈ।


*ਅਮਰੀਕ ਹੱਸਦਾ ਮਜ਼ਾਕ ਕਰਦਾ ਹੈ, “ਮੈਂ ਦੋਸਤਾਂ ਨੂੰ ਕਹਿੰਦਾ ਹਾਂ, ਸਾਡਾ ਸਾਰਾ ਪਰਿਵਾਰ ਹੀ ਫਰਾਡ ਹੈ। ਮੇਰੇ ‘ਤੇ ਇਤਬਾਰ ਨਾ ਕਰਿਓ। ਤੁਹਾਡੇ ਘਰੋਂ ਜੇ ਹੋਰ ਕੁਝ ਨਾ ਲੱਭਾ ਤਾਂ ਮੈਂ ਪਲੇਟਾਂ ਹੀ ਚੁੱਕ ਕੇ ਲੈ ਜਾਣੀਆਂ।”

*ਅਮਰੀਕ ਹੱਸਦਾ ਮਜ਼ਾਕ ਕਰਦਾ ਕਹਿੰਦਾ ਹੈ, “ਮੇਰਾ ਬਾਬਾ ਮੈਨੂੰ ਕਹਿੰਦਾ ਸੀ, ਤੂੰ ਗਧਾ ਏਂ, ਤੂੰ ਬੇਵਕੂਫ ਏਂ। ਤੂੰ ਮੱਝਾਂ ਚਾਰਨ ਲੈ ਕੇ ਜਾਂਦਾਂ ਪਰ ਉਨ੍ਹਾਂ ਵੱਲ ਧਿਆਨ ਨਹੀਂ ਰੱਖਦਾ। ਮੱਝਾਂ ਖੇਤਾਂ ਵਿਚ ਜਾ ਵੜਦੀਆਂ ਪਰ ਤੂੰ ਉਨ੍ਹਾਂ ਨੂੰ ਮੋੜਦਾ ਹੀ ਨਹੀਂ। ਤੂੰ ਸੋਚਾਂ ਵਿਚ ਹੀ ਪਿਆ ਰਹਿੰਦਾਂ।”

*ਅਮਰੀਕ ਦੀ ਇਕ ਭੂਆ ਜਿਸ ਦਾ ਨਾਂ ਦੀਸ਼ੋ ਸੀ, ਵੀ ਉਨ੍ਹਾਂ ਨਾਲ ਹੀ ਮਨਸੂਰਪੁਰ ਰਹਿੰਦੀ ਸੀ। ਅਮਰੀਕ ਹੱਸਦਾ ਹੈ, “ਮੇਰੀ ਭੂਆ ਲਲਿਤਾ ਪਵਾਰ (ਐਕਟ੍ਰੈੱਸ) ਵਰਗੀ ਸੀ। ਇਕ ਅੱਖੋਂ ਕਾਣੀ। ਟੇਢੀ ਜਿਹੀ। ਉਹ ਪੁਆੜੇ ਪਾਉਣੀ ਸੀ। ਉਸ ਨੇ ਮੇਰੀ ਮਾਤਾ ਨੂੰ ਬਹੁਤ ਪਰੇਸ਼ਾਨ ਕੀਤਾ ਸੀ।”

*ਅਮਰੀਕ ਦੇ ਮੁੰਬਈ ਜਾਣ ਤੋਂ ਬਾਅਦ ਜਦੋਂ ਅਮਰੀਕ ਦੀ ਮਾਤਾ ਪਹਿਲੀ ਵਾਰੀ ਅਮਰੀਕ ਨਾਲ ਜਹਾਜ਼ ਵਿਚ ਪੰਜਾਬ ਤੋਂ ਮੁੰਬਈ ਗਈ ਤਾਂ ਉਹ ਤਾਕੀ ਕੋਲ ਬੈਠੀ ਸੀ। ਜਦੋਂ ਜਹਾਜ਼ ਉੱਪਰ ਚਲੇ ਗਿਆ ਤਾਂ ਮਾਤਾ ਅਮਰੀਕ ਨੂੰ ਪੁੱਛਣ ਲੱਗੀ, “ਅਮਰੀਕ, ਇਹ ਜਹਾਜ਼ ਸਵਰਗ ਵਿਚੋਂ ਹੋ ਕੇ ਜਾਂਦਾ? ... ਮੈਂ ਸੋਚਦੀ ਆਂ, ਜੇ ਇਹ ਸਵਰਗ ‘ਚੋਂ ਹੋ ਕੇ ਜਾਂਦਾ ਤਾਂ ਤੇਰੇ ਭਾਪੇ ਦੇ ਦਰਸ਼ਨ ਹੀ ਕਰ ਲਵਾਂ।” ਅਮਰੀਕ ਨੇ ਜਵਾਬ ਦਿੱਤਾ, “ਇਹ ਜਹਾਜ਼ ਸਵਰਗ ‘ਚੋਂ ਹੋ ਕੇ ਨਹੀਂ ਜਾਂਦਾ। ਸਵਰਗ ਤਾਂ ਬਹੁਤ ਉੱਪਰ ਹੈ। ਨਾਲੇ ਭਾਪਾ ਤਾਂ ਜਿਹੋ ਜਿਹਾ ਬੰਦਾ ਸੀ, ਉਹ ਤਾਂ ਨਰਕ ਵਿਚ ਹੋਣਾ। ਭੁੱਲ ਜਾ ਉਸ ਨੂੰ। ਉਸ ਨੇ ਤੈਨੂੰ ਇੰਨੇ ਦੁੱਖ ਦਿੱਤੇ ਸੀ।”

*ਇਕ ਦਿਨ ਅਮਰੀਕ ਨੇ ਮੈਨੂੰ ਵ੍ਹੱਟਸਐਪ ‘ਤੇ ਫੋਨ ਕੀਤਾ ਅਤੇ ਜਦੋਂ ਅਸੀਂ ਗੱਲਾਂ ਕਰ ਰਹੇ ਸੀ ਤਾਂ ਅਚਾਨਕ ਫੋਨ ਦਾ ਕੁਨੈਕਸ਼ਨ ਟੁੱਟ ਗਿਆ। ਮੈਂ ਉਸ ਨੂੰ ਮੋੜਵਾਂ ਫੋਨ ਵ੍ਹੱਟਸਐਪ ‘ਤੇ ਦੋ ਵਾਰੀ ਕੀਤਾ ਪਰ ਉਸ ਨੇ ਜਵਾਬ ਨਾ ਦਿੱਤਾ। ਫਿਰ ਦੋ ਕੁ ਮਿੰਟਾਂ ਬਾਅਦ ਉਸ ਦਾ ਫੋਨ ਆ ਗਿਆ। ਮੈਂ ਕਿਹਾ- ਮੈਂ ਤੈਨੂੰ ਫੋਨ ਕੀਤਾ ਸੀ ਪਰ ਤੂੰ ਜਵਾਬ ਹੀ ਨਹੀਂ ਦਿੱਤਾ। ਅੱਗਿਓਂ ਕਹਿੰਦਾ, “ਤੂੰ ਮੈਨੂੰ ਫੋਨ ਨਾ ਕਰਿਆ ਕਰ। ਜਦੋਂ ਮੇਰਾ ਫੋਨ ਚਿੜੀ ਚਿੜੀ ਕਰਦਾ ਤਾਂ ਮੈਨੂੰ ਨਹੀਂ ਪਤਾ ਲਗਦਾ ਕਿ ਕਿਹੜਾ ਬਟਨ ਦੱਬਣਾ। ਮੈਂ ਪੰਜਾਬੀ ਦੀ ਐਮ.ਏ. ਆਂ। ਮੈਨੂੰ ਇਹ ਗੱਲਾਂ ਨਹੀਂ ਆਉਂਦੀਆਂ।” ਤੇ ਅਸੀਂ ਦੋਵੇਂ ਹੱਸਦੇ ਰਹੇ।



*ਆਪਣੀ ਮਾਂ ਨਾਲ ਅਮਰੀਕ ਗਿੱਲ।*

---

1968-1970 ਵਿਚ ਜਦੋਂ ਮੈਂ ਗੌਰਮਿੰਟ ਕਾਲਜ ਹੁਸ਼ਿਆਰਪੁਰ ਅਰਥ ਸ਼ਾਸਤਰ ਦੀ ਐਮ.ਏ. ਕਰਦਾ ਸੀ ਤਾਂ ਅਮਰੀਕ ਇਸੇ ਕਾਲਜ ਵਿਚ ਬੀ.ਏ. ਵਿਚ ਪੜ੍ਹਦਾ ਸੀ। ਅਮਰੀਕ ਉਨ੍ਹੀਂ ਦਿਨੀਂ ਮਿਲਿਆ ਸੀ ਪਰ ਸਾਡੀ ਬਹੁਤੀ ਦੋਸਤੀ ਨਹੀਂ ਸੀ ਹੋਈ। ਫਿਰ ਜਦੋਂ ਮੈਂ 1971 ਵਿਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਪੜ੍ਹਾਉਣ ਦੀ ਨੌਕਰੀ ਲੈ ਲਈ ਤਾਂ ਦੋ ਸਾਲਾਂ ਬਾਅਦ ਅਮਰੀਕ ਵੀ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੀ ਐਮ.ਏ. ਕਰਨ ਆ ਲੱਗਿਆ। ਉਥੇ ਸਾਡੀ ਦੋਸਤੀ ਬਹੁਤ ਵਧ ਗਈ। ਅਮਰੀਕ ਮੇਰੀ ਉਮਰ ਦਾ ਹੀ ਹੈ ਪਰ ਉਹ ਪੜ੍ਹਾਈ ਵਿਚ ਕੁਝ ਸਾਲ ਇਸ ਲਈ ਪਿੱਛੇ ਸੀ ਕਿਉਂਕਿ ਉਸ ਨੇ ਕੁਝ ਸਾਲ ਸਕੂਲ ਦੀ ਪੜ੍ਹਾਈ ਛੱਡ ਦਿੱਤੀ ਸੀ। ਉਹ ਮੈਨੂੰ ਸਾਈਕਲ ‘ਤੇ ਮਿਲਣ ਆਉਂਦਾ। ਬਹੁਤੀ ਵਾਰੀ ਉਦਾਸ ਹੀ ਹੁੰਦਾ। ਮੈਂ ਸੋਚਦਾ, ਸ਼ਾਇਦ ਘਰੇਲੂ ਮੁਸ਼ਕਿਲਾਂ ਕਾਰਨ ਉਦਾਸ ਰਹਿੰਦਾ ਹੋਵੇਗਾ। ਉਹ ਆਪਣੀ ਮਾਤਾ ਅਤੇ ਘਰ ਦੀ ਗਰੀਬੀ ਬਾਰੇ ਆਮ ਹੀ ਗੱਲਾਂ ਕਰਦਾ ਹੁੰਦਾ ਸੀ। ਬਾਅਦ ਵਿਚ ਇਸ ਉਦਾਸੀ ਦਾ ਹੋਰ ਕਾਰਨ ਵੀ ਪਤਾ ਲੱਗਾ।

ਤਿੰਨ ਸਾਲ ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਨ ਤੋਂ ਬਾਅਦ ਅਮਰੀਕ ਆਪਣੇ ਪਿੰਡ ਦੇ ਨੇੜੇ ਮੁਕੇਰੀਆਂ ਕਾਲਜ ਵਿਚ ਪੜ੍ਹਨ ਜਾ ਲੱਗਾ ਜੋ ਉਸ ਵੇਲੇ ਨਵਾਂ-ਨਵਾਂ ਖੁੱਲ੍ਹਿਆ ਸੀ। ਉਸੇ ਕਾਲਜ ਵਿਚ ਮੁਕੇਰੀਆਂ ਦੇ ਇਕ ਅਫਸਰ ਦੀ ਲੜਕੀ ਰੂਪ ਵੀ ਅਮਰੀਕ ਨਾਲ ਪੜ੍ਹਦੀ ਸੀ। ਦੋਵੇਂ ਹਾਈ ਸਕੂਲ ਵਿਚ ਵੀ ਇਕੱਠੇ ਪੜ੍ਹੇ ਸਨ। ਰੂਪ ਦੇ ਮਾਤਾ-ਪਿਤਾ ਨੇ ਅਮਰੀਕ ਦੀ ਮਾਤਾ ਨੂੰ ਮਿਲ ਕੇ ਰੂਪ ਦੀ ਮੰਗਣੀ ਅਮਰੀਕ ਨਾਲ ਕਰ ਦਿੱਤੀ। ਮੁਕੇਰੀਆਂ ਕਾਲਜ ਤੋਂ ਬੀ.ਏ. ਕਰਨ ਪਿੱਛੋਂ ਰੂਪ ਪੰਜਾਬ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੀ ਐਮ.ਏ. ਕਰਨ ਲੱਗ ਪਈ। ਅਮਰੀਕ ਨੇ ਅਰਥ ਸ਼ਾਸਤਰ ਦੀ ਐਮ.ਏ. ਕਰਨੀ ਚਾਹੀ ਪਰ ਉਸ ਨੂੰ ਪੰਜਾਬ ਯੂਨੀਵਰਸਿਟੀ ਵਿਚ ਦਾਖਲਾ ਨਾ ਮਿਲਿਆ। ਬਹੁਤ ਨਿਰਾਸ਼ ਹੋਇਆ। ਉਹ ਵਾਪਸ ਹੁਸ਼ਿਆਰਪੁਰ ਚਲੇ ਗਿਆ ਜਿੱਥੇ ਉਸ ਨੇ ਆਪਣੇ ਦੋਸਤ ਮੋਹਣ ਚੌਧਰੀ ਦੀ ਮਦਦ ਨਾਲ ਇਕ ਸਕੂਲ ਵਿਚ ਪੜ੍ਹਾਉਣ ਦੀ ਨੌਕਰੀ ਲੈ ਲਈ। ਕੁਝ ਦੋਸਤਾਂ ਨੇ ਅਮਰੀਕ ਨੂੰ ਪੰਜਾਬੀ ਦੀ ਐਮ.ਏ. ਕਰਨ ਦਾ ਸੁਝਾਅ ਦਿੱਤਾ। ਅਮਰੀਕ ਨੂੰ ਇਸ ਵਾਸਤੇ ਬੀ.ਏ. ਦੇ ਪੰਜਾਬੀ ਦੇ ਦੋ ਪੇਪਰ ਦੇਣੇ ਪੈਣੇ ਸਨ, ਉਸ ਨੇ ਬੀ.ਏ. ਵਿਚ ਪੰਜਾਬੀ ਦਾ ਮਜ਼ਮੂਨ ਨਹੀਂ ਸੀ ਰੱਖਿਆ। ਸਕੂਲ ਵਿਚ ਪੜ੍ਹਾਉਂਦਿਆਂ ਉਹਨੇ ਪੰਜਾਬੀ ਦੇ ਇਮਤਿਹਾਨ ਦੇ ਦਿੱਤੇ ਅਤੇ ਅਗਲੇ ਸਾਲ ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਪੰਜਾਬੀ ਵਿਚ ਦਾਖਲਾ ਲੈ ਲਿਆ। ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਥੋੜ੍ਹੀ ਜਿਹੀ ਸਕਾਲਰਸ਼ਿਪ ਵੀ ਦਿੱਤੀ। ਜਦੋਂ ਅਮਰੀਕ ਨੂੰ ਅਰਥ ਸ਼ਾਸਤਰ ਦੀ ਐਮ.ਏ. ਵਿਚ ਦਾਖਲਾ ਨਾ ਮਿਲਿਆ ਤਾਂ ਰੂਪ ਦੇ ਮਾਤਾ-ਪਿਤਾ ਨੇ ਅਮਰੀਕ ਦੀ ਮਾਤਾ ਨੂੰ ਮਿਲ ਕੇ ਉਨ੍ਹਾਂ ਦੀ ਮੰਗਣੀ ਤੋੜ ਦਿੱਤੀ। ਅਮਰੀਕ ਨੂੰ ਇਸ ਘਟਨਾ ਨੇ ਬਹੁਤ ਨਿਰਾਸ਼ ਕਰ ਦਿੱਤਾ ਸੀ। ਉਹ ਉਦਾਸ ਰਹਿਣ ਲੱਗ ਪਿਆ।

ਜਦੋਂ ਅਮਰੀਕ ਹੁਸ਼ਿਆਰਪੁਰ ਸਕੂਲ ਵਿਚ ਪੜ੍ਹਾਉਂਦਾ ਸੀ ਤਾਂ ਉਸ ਦੇ ਦੋਸਤਾਂ ਨੇ ਕਿਹਾ ਕਿ ਉਹ ਚੰਡੀਗੜ੍ਹ ਜਾ ਕੇ ਖੁਦ ਰੂਪ ਨਾਲ ਗੱਲ ਕਰੇ। ਅਮਰੀਕ ਤਿੰਨ ਵਾਰੀ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਗਿਆ ਪਰ ਰੂਪ ਨੇ ਕਿਹਾ ਕਿ ਉਹ ਉੱਥੇ ਹੀ ਵਿਆਹ ਕਰਵਾਏਗੀ ਜਿੱਥੇ ਉਸ ਦੇ ਮਾਂ-ਪਿਓ ਕਹਿਣਗੇ; ਇਹ ਵੀ ਕਿਹਾ ਸੀ ਕਿ ਉਹ ਹਿੰਦੋਸਤਾਨ ਤੋਂ ਬਾਹਰ ਪੀ.ਐਚ.ਡੀ. ਕਰਨ ਜਾਵੇਗੀ ਅਤੇ ਹੁਣ ਉਹ ਉਸ ਨੂੰ ਮਿਲਿਆ ਨਾ ਕਰੇ। ਉਹ ਜਦੋਂ ਆਖਰੀ ਵਾਰੀ ਰੂਪ ਨੂੰ ਚੰਡੀਗੜ੍ਹ ਮਿਲਣ ਗਿਆ ਤਾਂ ਰੂਪ ਨੂੰ ਕਿਹਾ ਕਿ ਉਹ ਕੁਝ ਦੂਰ ਤੱਕ ਉਹਦੇ ਨਾਲ ਤੁਰ ਕੇ ਜਾਵੇਗੀ। ਰੂਪ ਨੇ ਆਪਣੀਆਂ ਸਹੇਲੀਆਂ ਨਾਲ ਕਿਤੇ ਜਾਣਾ ਸੀ ਪਰ ਉਹ ਅਮਰੀਕ ਨਾਲ ਪੰਜਾਬ ਯੂਨੀਵਰਸਿਟੀ ਦੇ ਪੀ.ਜੀ.ਆਈ. ਵੱਲ ਦੇ ਗੇਟ ਤੱਕ ਜਾਣ ਲਈ ਮੰਨ ਗਈ। ਉਹ ਦੋਵੇਂ ਉਸ ਗੇਟ ਤੱਕ ਇਕੱਠੇ ਤੁਰ ਕੇ ਗਏ ਅਤੇ ਕੁਝ ਗੱਲਾਂ ਵੀ ਕੀਤੀਆਂ। ਗੇਟ ‘ਤੇ ਜਾ ਕੇ ਇਕ ਦੂਜੇ ਨੂੰ ਅਲਵਿਦਾ ਕਿਹਾ, ਸ਼ੁੱਭ ਇੱਛਾਵਾਂ ਭੇਟ ਕੀਤੀਆਂ ਅਤੇ ਹਮੇਸ਼ਾ ਲਈ ਜੁਦਾ ਹੋ ਗਏ। ਅਮਰੀਕ ਉੱਥੇ ਖੜ੍ਹਾ ਰੂਪ ਨੂੰ ਜਾਂਦੀ ਨੂੰ ਦੇਖਦਾ ਰਿਹਾ। ਕੁਝ ਦੂਰ ਜਾ ਕੇ ਰੂਪ ਨੇ ਅਮਰੀਕ ਵੱਲ ਮੁੜ ਕੇ ਦੇਖਿਆ। ਅਮਰੀਕ ਨਮ ਅੱਖਾਂ ਨਾਲ ਵਾਪਸ ਆ ਗਿਆ। ਇਹ ਦ੍ਰਿਸ਼ ਉਸ ਨੂੰ ਕਦੇ ਨਹੀਂ ਭੁੱਲਿਆ।

ਇਕ ਵਾਰੀ ਅਮਰੀਕ ਮੈਨੂੰ ਦੱਸ ਰਿਹਾ ਸੀ: “ਮੈਂ ਚੰਡੀਗੜ੍ਹ ਕਈ ਵਾਰੀ ਰੂਪ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨੇ ਕਦੇ ਹੁੰਗਾਰਾ ਨਾ ਭਰਿਆ। ਉਹ ਕਹਿੰਦੀ ਸੀ ਕਿ ਮੈਂ ਉਸ ਨਾਲ

***(ਬਾਕੀ ਅਗਲੇ ਸਫੇ ’ਤੇ)***

# 'ਮਹਾਂ ਫਰਾਡ' ਅਮਰੀਕ ਗਿੱਲ

*(ਪਿਛਲੇ ਸਫੇ ਦੀ ਬਾਕੀ)*

ਗੱਲ ਨਾ ਕਰਾਂ, ਉਸ ਤੋਂ ਦੂਰ ਰਹਾਂ। ... ਮੈਨੂੰ ਉਸ ਨਾਲ ਪਿਆਰ ਹੋ ਗਿਆ ਸੀ। ਮੈਂ ਕਈ ਵਾਰੀ ਮੁਕੇਰੀਆਂ ਉਹਦੇ ਘਰ ਵੀ ਗਿਆ। ਉਹਦੇ ਮਾਤਾ-ਪਿਤਾ ਘਰ ਹੀ ਹੁੰਦੇ ਸੀ। ਅਸੀਂ ਪਰਿਵਾਰ ਨਾਲ ਬੈਠ ਕੇ ਕਾਫੀ ਦੇਰ ਗੱਲਾਂ ਵੀ ਕੀਤੀਆਂ। ਇਕ ਦੂਜੇ ਨੂੰ ਪਸੰਦ ਕਰਦੇ ਸੀ। ਇਕ ਦੂਜੇ ਨੂੰ ਮਿਲ ਕੇ ਖੁਸ਼ੀ ਹੁੰਦੀ ਸੀ ...।"

ਕੁਝ ਦੇਰ ਠਹਿਰ ਕੇ ਉਹ ਬੋਲਿਆ, "ਕੁੜਮਾਈ ਵੇਲੇ ਉਨ੍ਹਾਂ ਨੇ ਮੈਨੂੰ ਸੋਨੇ ਦਾ ਕੜਾ ਅਤੇ ਕੁਝ ਕੱਪੜੇ ਦਿੱਤੇ ਸਨ। ਕੁੜਮਾਈ ਟੁੱਟੀ ਤਾਂ ਮੈਂ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਸੋਨੇ ਦਾ ਕੜਾ ਮੋੜ ਆਇਆ। ਮੈਂ ਕਿਹਾ ਕਿ ਆਪਣਾ ਕੜਾ ਵਾਪਸ ਲੈ ਲਓ, ਕੱਪੜੇ ਤਾਂ ਮੈਂ ਪਾ ਲਏ ਸਨ ਅਤੇ ਪਾਟ ਗਏ ਹਨ।" ਮੈਨੂੰ ਇਹ ਸੁਣ ਕੇ ਹਾਸਾ ਆ ਗਿਆ, ਅਮਰੀਕ ਵੀ ਹੱਸ ਪਿਆ।

ਅਮਰੀਕ ਜਦੋਂ ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਕਰ ਰਿਹਾ ਸੀ ਅਤੇ ਕੁੜਮਾਈ ਟੁੱਟਣ ਕਾਰਨ ਬਹੁਤ ਉਦਾਸ ਸੀ ਤਾਂ ਉਹਨੇ ਦਰਦ ਭਰੀਆਂ ਕਈ ਕਵਿਤਾਵਾਂ ਲਿਖ ਕੇ ਅਮੀਰੂਪ ਦੇ ਨਾਂ ਹੇਠ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪਵਾਈਆਂ ਸਨ। ਕੁਝ ਦੋਸਤਾਂ ਨੇ ਮਜ਼ਾਕ ਕੀਤਾ ਕਿ ਅਮੀਰੂਪ ਦੀ ਥਾਂ ਜੇ ਉਹ ਅਮਰੂਦ ਨਾਂ ਰੱਖ ਲੈਂਦਾ ਤਾਂ ਵਧੀਆ ਸੀ। ਇਹ ਕਹਾਣੀ ਦੱਸਦਾ ਉਹ ਖੂਬ ਹੱਸਦਾ ਹੈ।

ਅਮਰੀਕ ਅਨੁਸਾਰ ਉਸ ਦਾ ਪਿਤਾ ਬੀ.ਏ. ਪਾਸ ਸੀ ਅਤੇ ਜ਼ਿਲ੍ਹਾ ਅਫਸਰ ਸੀ। ਰਿਸ਼ਵਤ ਬਹੁਤ ਲੈਂਦਾ ਸੀ ਅਤੇ ਐਸ਼ ਕਰਦਾ ਸੀ। ਔਰਤਾਂ ਦਾ ਬਹੁਤ ਸ਼ੌਕੀਨ ਸੀ। ਫਿਰ ਰਿਸ਼ਵਤ ਲੈਂਦਾ ਫੜਿਆ ਗਿਆ ਅਤੇ ਉਸ ਦਾ ਅਹੁਦਾ ਘਟਾ ਦਿੱਤਾ ਗਿਆ। ਛੇਤੀ ਬਾਅਦ ਉਹ ਇੰਗਲੈਂਡ ਚਲੇ ਗਿਆ। ਉਸ ਵੇਲੇ ਉਹ ਛੇਵੀਂ ਵਿਚ ਪੜ੍ਹਦਾ ਸੀ। ਉਹਦਾ ਪਿਤਾ ਉਹਦੀ ਮਾਂ ਨੂੰ ਕੁੱਟਦਾ ਵੀ ਸੀ। ਦੱਸਦਾ ਕਿ ਉਸ ਦੀ ਮਾਤਾ ਉੱਚੀ-ਲੰਮੀ ਅਤੇ ਪਤਲੇ ਸਰੀਰ ਦੀ ਬਹੁਤ ਸੋਹਣੀ ਔਰਤ ਸੀ। ਖਾਣਾ ਬਹੁਤ ਸੁਆਦੀ ਬਣਾਉਂਦੀ। ਸਾਰਾ ਪਿੰਡ ਉਸ ਦੀ ਇੱਜ਼ਤ ਕਰਦਾ। ਜਦੋਂ ਉਹ ਛੋਟਾ ਸੀ ਤਾਂ ਮਾਂ ਉਹਨੂੰ ਗੁਰਦੁਆਰੇ ਗੁਰਪੁਰਬ 'ਤੇ ਗਾਉਣ ਲਈ ਧਾਰਮਿਕ ਗਾਣੇ ਲਿਖ ਕੇ ਦਿੰਦੀ। ਅਮਰੀਕ ਹੱਸਦਾ ਹੈ ਕਿ ਉਸ ਦੀ ਮਾਤਾ ਮਿਊਜ਼ਿਕ ਡਾਇਰੈਕਟਰ ਸੀ। ਦਰੀਆਂ ਅਤੇ ਸਵੈਟਰਾਂ ਦੇ ਡਿਜ਼ਾਈਨ ਬਣਾ ਬਣਾ ਕੇ ਬੁਣਨ ਵਿਚ ਬਹੁਤ ਨਿਪੁੰਨ ਸੀ। ਪਿੰਡ ਦੀਆਂ ਕੁੜੀਆਂ ਉਸ ਕੋਲੋਂ ਇਹ ਕਲਾ ਸਿੱਖਣ ਆਉਂਦੀਆਂ। ਮਾਂ ਬਹੁਤ ਸੁਚੱਜੀ ਔਰਤ ਸੀ।

ਅਮਰੀਕ, ਉਸ ਦੀ ਛੋਟੀ ਭੈਣ ਤੇ ਮਾਂ ਮੁਕੇਰੀਆਂ ਨੇੜੇ ਆਪਣੇ ਪਿੰਡ ਮਨਸੂਰਪੁਰ ਰਹਿੰਦੇ ਸਨ। ਬਾਬਾ ਵੀ ਉਨ੍ਹਾਂ ਨਾਲ ਹੀ ਰਹਿੰਦਾ ਸੀ, ਬਹੁਤ ਕੱਬਾ ਅਤੇ ਜ਼ਾਲਮ ਸੀ। ਅਮਰੀਕ ਦੇ ਪਿਤਾ ਦੇ ਇੰਗਲੈਂਡ ਜਾਣ ਤੋਂ ਛੇਤੀ ਬਾਅਦ ਬਾਬੇ ਨੇ ਅਮਰੀਕ ਦੀ ਮਾਂ ਨੂੰ ਘਰੋਂ ਕੱਢ ਦਿੱਤਾ। ਮਾਂ ਆਪਣੀ ਛੋਟੀ ਧੀ ਨੂੰ ਲੈ ਕੇ ਗੜ੍ਹਸ਼ੰਕਰ ਕੋਲ ਪਿੰਡ ਭੱਜਲਾਂ ਆਪਣੇ ਪੇਕੇ ਘਰ ਆਪਣੇ ਭਰਾ ਤਾਰਾ ਸਿੰਘ ਢਿੱਲੋਂ ਕੋਲ ਰਹਿਣ ਲੱਗ ਪਈ। ਬਾਬਾ ਅਮਰੀਕ ਤੋਂ ਖੇਤਾਂ ਵਿਚ ਕੰਮ ਕਰਾਉਂਦਾ। ਫਿਰ ਉਹਨੇ ਛੇਵੀਂ ਜਮਾਤ ਵਿਚੋਂ ਹੀ ਅਮਰੀਕ ਨੂੰ ਹਟਾ ਲਿਆ। ਕਈ ਸਾਲ ਅਮਰੀਕ ਸਕੂਲ ਨਹੀਂ ਗਿਆ, ਬਾਬੇ ਨਾਲ ਖੇਤਾਂ ਵਿਚ ਕੰਮ ਕਰਦਾ। ਅਮਰੀਕ ਕਈ ਸਾਲ ਆਪਣੀ ਮਾਂ ਅਤੇ ਛੋਟੀ ਭੈਣ ਨੂੰ ਮਿਲ ਨਾ ਸਕਿਆ, ਖਬਰ-ਸਾਰ ਵੀ ਨਹੀਂ ਸੀ ਮਿਲਦੀ। ਜਦੋਂ ਉਹ ਥੋੜ੍ਹਾ ਵੱਡਾ ਹੋਇਆ ਤਾਂ ਉਸ ਦੀ ਮਨਸੂਰਪੁਰ ਦੇ ਸਰਪੰਚ ਬੁੱਧ ਸਿੰਘ ਨਾਲ ਆਉਣੀ-ਜਾਣੀ ਹੋ ਗਈ। ਇਕ ਦਿਨ ਉਹਨੇ ਬੁੱਧ ਸਿੰਘ ਦੇ ਘਰ ਅਲਮਾਰੀ ਵਿਚ ਪਈਆਂ ਪੰਜਾਬੀ ਦੀਆਂ ਕਿਤਾਬਾਂ ਦੇਖੀਆਂ। ਕਿਤਾਬਾਂ ਬਾਰੇ ਪੁੱਛਿਆ ਤਾਂ ਬੁੱਧ ਸਿੰਘ ਕਹਿਣ ਲੱਗਾ ਕਿ ਬੀ.ਡੀ.ਓ. ਨੇ ਸਾਰੇ ਸਰਪੰਚਾਂ ਨੂੰ ਬਹੁਤ ਸਾਰੀਆਂ ਕਿਤਾਬਾਂ ਦਿੱਤੀਆਂ ਸਨ ਪਿੰਡਾਂ ਵਿਚ ਲਾਇਬਰੇਰੀਆਂ ਬਣਾਉਣ ਲਈ ਪਰ ਬੁੱਧ ਸਿੰਘ ਇਸ ਝੰਜਟ ਵਿਚ ਨਹੀਂ ਸੀ ਪੈਣਾ ਚਾਹੁੰਦਾ ਕਿ ਲੋਕਾਂ ਨੂੰ ਪੜ੍ਹਨ ਲਈ ਕਿਤਾਬਾਂ ਦੇਵੇ ਅਤੇ ਉਨ੍ਹਾਂ ਦਾ ਹਿਸਾਬ ਰੱਖੇ। ਉਹਨੇ ਬੁੱਧ ਸਿੰਘ ਨੂੰ ਪੁੱਛ ਕੇ ਇਕ ਕਿਤਾਬ ਪੜ੍ਹਨ ਲਈ ਲੈ ਲਈ। ਇਹ ਪਹਿਲੀ ਸਾਹਿਤਕ ਕਿਤਾਬ ਸੀ ਜੋ ਉਸ ਨੇ ਪੜ੍ਹੀ: ਗੋਰਕੀ ਦਾ ਨਾਵਲ 'ਮਾਂ'। ਉਸ ਵੇਲੇ ਉਸ ਨੂੰ ਨਹੀਂ ਸੀ ਪਤਾ ਕਿ ਗੋਰਕੀ ਕੌਣ ਹੈ! ਮਗਰੋਂ ਉਹਨੇ ਬੁੱਧ ਸਿੰਘ ਦੀ ਅਲਮਾਰੀ ਵਿਚੋਂ ਲਿਜਾ ਕੇ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ। ਬੁੱਧ ਸਿੰਘ ਨੂੰ ਉਨ੍ਹਾਂ ਦੇ ਘਰ ਦੀ ਹਾਲਤ ਦਾ ਪਤਾ ਸੀ। ਹੌਲੀ-ਹੌਲੀ ਬੁੱਧ ਸਿੰਘ ਨੇ ਉਹਨੂੰ ਸਮਝਾਇਆ ਕਿ ਉਹ ਦੁਬਾਰਾ ਸਕੂਲ ਵਿਚ ਪੜ੍ਹਨ ਲੱਗ ਜਾਵੇ ਪਰ ਉਹ ਆਪਣੇ ਬਾਬੇ ਤੋਂ ਡਰਦਾ ਸੀ ਪਰ ਬੁੱਧ ਸਿੰਘ ਨੇ ਉਹਨੂੰ ਹੌਸਲਾ ਦਿੱਤਾ ਕਿ ਕਿਸੇ ਤੋਂ ਡਰਨ ਦੀ ਲੋੜ ਨਹੀਂ। ਇਉਂ ਉਹ ਕੁਝ ਸਾਲਾਂ ਬਾਅਦ ਦੁਬਾਰਾ ਸਕੂਲ ਦਾਖਲ ਹੋ ਗਿਆ। ਦਾਖਲੇ ਦੇ ਪੈਸੇ ਵੀ ਬੁੱਧ ਸਿੰਘ ਨੇ ਹੀ ਦਿੱਤੇ। ਫਿਰ ਇਕ ਦਿਨ ਬੁੱਧ ਸਿੰਘ ਨੇ ਉਹਨੂੰ ਨਾਨਕੀਂ ਜਾ ਕੇ ਮਾਂ ਨੂੰ ਮਿਲਣ ਲਈ ਆਖਿਆ। ਉਹ ਜਦੋਂ ਨਾਨਕੀਂ ਗਿਆ ਤਾਂ ਮਾਂ ਉਹਨੂੰ ਪਛਾਣ ਨਾ ਸਕੀ। ਜਦੋਂ ਦੱਸਿਆ ਤਾਂ ਗਲ ਲੱਗ ਬਹੁਤ ਰੋਏ। ਛੋਟੀ ਭੈਣ ਬਾਰੇ ਪੁੱਛਿਆ ਤਾਂ ਮਾਂ ਨੇ ਦੱਸਿਆ ਕਿ ਉਹ ਬਹੁਤ ਬਿਮਾਰ ਹੋ ਗਈ ਸੀ, ਉਨ੍ਹਾਂ ਕੋਲ ਧੀ ਦਾ ਇਲਾਜ ਕਰਾਉਣ ਲਈ ਪੈਸੇ ਵੀ ਨਹੀਂ ਸਨ। ਉਸ ਦੀ ਮੌਤ ਹੋ ਚੁੱਕੀ ਸੀ। ਅਮਰੀਕ ਹੁਣ ਵੀ ਜਦੋਂ ਆਪਣੀ ਮਾਂ ਅਤੇ ਭੈਣ ਬਾਰੇ ਗੱਲਾਂ ਕਰਦਾ ਹੈ ਤਾਂ ਬਹੁਤ ਭਾਵੁਕ ਹੋ ਜਾਂਦਾ ਹੈ। ਉਦੋਂ ਉਹ ਮਾਤਾ ਨੂੰ ਆਪਣੇ ਨਾਲ ਹੀ ਪਿੰਡ ਲੈ ਆਇਆ ਸੀ। ਅਮਰੀਕ ਦੇ ਪਿਤਾ ਨੇ ਇੰਗਲੈਂਡ ਤੋਂ ਅਮਰੀਕ ਜਾਂ ਉਸ ਦੀ ਮਾਂ ਲਈ ਕਦੇ ਕੋਈ ਪੈਸਾ ਨਹੀਂ ਸੀ ਭੇਜਿਆ।

---

ਅਮਰੀਕ ਦਾ ਬਾਬਾ ਅਤੇ ਇਕ ਭੂਆ ਦੀਸ਼ੋ (ਜੋ ਬਹੁਤਾ ਸਮਾਂ ਮਨਸੂਰਪੁਰ ਹੀ ਰਹਿੰਦੀ ਸੀ) ਸਾਰੀ ਜ਼ਮੀਨ ਤੇ ਕਬਜ਼ਾ ਕਰੀ ਬੈਠੇ ਸਨ ਅਤੇ ਅਮਰੀਕ ਅਤੇ ਉਸ ਦੀ ਮਾਤਾ ਨੂੰ ਬਹੁਤ ਘੱਟ ਗੁਜ਼ਾਰੇ ਜੋਗੇ ਪੈਸੇ ਹੀ ਦਿੰਦੇ ਸਨ। ਜਦੋਂ ਅਮਰੀਕ ਹੁਸ਼ਿਆਰਪੁਰ ਪੜ੍ਹਦਾ ਸੀ, ਉਸ ਦੇ ਬਾਬੇ ਦੀ ਮੌਤ ਹੋ ਗਈ ਸੀ ਪਰ ਜ਼ਮੀਨ ਤੇ ਕਬਜ਼ਾ ਭੂਆ ਹੁਰਾਂ ਨੇ ਹੀ ਕੀਤਾ ਹੋਇਆ ਸੀ। ਜਦੋਂ ਅਮਰੀਕ ਮੁਕੇਰੀਆਂ ਕਾਲਜ ਵਿਚ ਪੜ੍ਹਨ ਆ ਲੱਗਾ ਤਾਂ ਉਸ ਨੇ ਸਰਪੰਚ ਬੁੱਧ ਸਿੰਘ ਨਾਲ ਇਸ ਬਾਰੇ ਗੱਲ ਕੀਤੀ ਤਾਂ ਬੁੱਧ ਸਿੰਘ ਨੇ ਅਮਰੀਕ ਨੂੰ ਆਪਣੇ ਹਿੱਸੇ ਦੀ ਜ਼ਮੀਨ ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਸਲਾਹ ਦਿੱਤੀ। ਅਮਰੀਕ ਆਪਣੇ ਫੁੱਫੜ ਤੋਂ ਡਰਦਾ ਸੀ ਜਿਸ ਨੇ ਕਤਲ ਕੇਸ ਵਿਚ ਜੇਲ੍ਹ ਵੀ ਕੱਟੀ ਸੀ। ਬੁੱਧ ਸਿੰਘ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਅਮਰੀਕ ਦੇ ਨਾਲ ਖੜ੍ਹਨਗੇ ਅਤੇ ਉਸ ਨੂੰ ਡਰਨ ਦੀ ਲੋੜ ਨਹੀਂ। ਇਸ ਤਰ੍ਹਾਂ ਅਮਰੀਕ ਨੇ ਜ਼ਬਰਦਸਤੀ ਆਪਣੇ ਹਿੱਸੇ ਦੀ ਸਾਢੇ ਤਿੰਨ ਏਕੜ ਜ਼ਮੀਨ 'ਤੇ ਕਬਜ਼ਾ ਕਰ ਲਿਆ। ਪਿੰਡ ਦੀ ਪੰਚਾਇਤ ਨੇ ਪੂਰੀ ਤਰ੍ਹਾਂ ਅਮਰੀਕ ਦਾ ਸਾਥ ਦਿੱਤਾ ਸੀ। ਇਹ ਕਬਜ਼ਾ ਅਮਰੀਕ ਨੇ ਬੀ.ਏ. ਦੀ ਪੜ੍ਹਾਈ ਖਤਮ ਕਰਨ ਵੇਲੇ ਕੀਤਾ ਸੀ। ਇਸ ਜ਼ਮੀਨ ਤੋਂ ਆਉਂਦੇ ਠੇਕੇ ਨਾਲ ਅਮਰੀਕ ਦੇ ਮਾਤਾ ਦਾ ਗੁਜ਼ਾਰਾ ਹੋਈ ਜਾਂਦਾ ਸੀ ਅਤੇ ਕੁਝ ਐਮ.ਏ. ਦੀ ਪੜ੍ਹਾਈ ਵਿਚ ਅਮਰੀਕ ਦੀ ਮਦਦ ਹੋ ਜਾਂਦੀ ਸੀ।



ਪ੍ਰੇਮ ਮਾਨ ਅਤੇ ਅਮਰੀਕ ਗਿੱਲ

ਜਦੋਂ ਉਹਨੇ ਮੈਨੂੰ ਦੱਸਿਆ ਕਿ ਉਸ ਦੇ ਪਿਤਾ ਨੇ ਦੂਜਾ ਵਿਆਹ ਕਰਾ ਲਿਆ ਸੀ ਤਾਂ ਮੈਂ ਸੋਚਿਆ ਕਿ ਸ਼ਾਇਦ ਉਸ ਨੇ ਇਹ ਵਿਆਹ ਇੰਗਲੈਂਡ ਜਾ ਕੇ ਕਰਾਇਆ ਸੀ। ਮੈਂ ਉਤਸੁਕਤਾ ਨਾਲ ਪੁੱਛਿਆ, "ਉਹ ਔਰਤ ਇੰਡੀਅਨ ਹੈ ਜਿਸ ਨਾਲ ਤੇਰੇ ਪਿਤਾ ਨੇ ਦੂਜਾ ਵਿਆਹ ਕਰਾਇਆ ਸੀ?"

"ਇੰਡੀਅਨ ਹੈ। ਹੋਰ ਉਸ ਨਾਲ ਕਿਸੇ ਮੇਮ ਨੇ ਵਿਆਹ ਕਰਾਉਣਾ ਸੀ? ਮੇਮਾਂ ਤਾਂ ਬਹੁਤ ਇੰਟੈਲੀਜੈਂਟ ਹੁੰਦੀਆਂ।" ਇਹ ਕਹਿ ਕੇ ਅਮਰੀਕ ਆਪਣੇ ਟਰੇਡ-ਮਾਰਕ ਉੱਚੀ-ਉੱਚੀ ਹਾਸੇ ਵਿਚ ਹੱਸਣ ਲੱਗ ਪਿਆ।

ਫਿਰ ਉਹ ਕਹਿੰਦਾ, "ਸਾਡੇ ਤਾਂ ਘਰ ਵਿਚ ਹੀ ਵਿਲਨ ਹਨ, ਬਾਹਰੋਂ ਥੋੜ੍ਹੇ ਲੈਣ ਜਾਣੇ ਹਨ।" ਅਮਰੀਕ ਅਨੁਸਾਰ ਉਸ ਦੀ ਮਤਰੇਈ ਮਾਂ ਪਿੱਛਿਓਂ ਕਰਨਾਲ ਦੀ ਸੀ। ਉਸ ਨੇ ਆਪਣੇ ਪੁੱਤਰ ਦਾ ਵਿਆਹ ਆਪਣੇ ਭਰਾ ਦੀ ਕੁੜੀ ਨਾਲ ਕਰ ਦਿੱਤਾ ਸੀ, ਸਿਰਫ ਆਪਣੇ ਭਰਾ ਦੀ ਧੀ ਨੂੰ ਇੰਗਲੈਂਡ ਸੱਦਣ ਲਈ। ਇਹ ਪੁੱਤਰ ਕਤਲ ਕੇਸ ਵਿਚ ਜੇਲ੍ਹ ਦੀ ਸਜ਼ਾ ਭੁਗਤ ਚੁੱਕਾ ਸੀ। ਅਮਰੀਕ ਦੇ ਪਿਤਾ ਨੇ ਅਮਰੀਕ ਦੀ ਮਾਤਾ ਨੂੰ ਤਲਾਕ ਦਿੱਤੇ ਬਗੈਰ ਹੀ ਇੰਗਲੈਂਡ ਜਾਣ ਤੋਂ ਪਹਿਲਾਂ ਕਰਨਾਲ ਕੋਲ ਰਹਿੰਦੀ ਇਕ ਅਧਿਆਪਕਾ ਨਾਲ ਦੂਜਾ ਵਿਆਹ ਕਰਾ ਲਿਆ ਸੀ ਅਤੇ ਫਿਰ ਉਹ ਦੋਵੇਂ ਇਕੱਠੇ ਹੀ ਇੰਗਲੈਂਡ ਚਲੇ ਗਏ ਸੀ।

ਜਦੋਂ ਅਮਰੀਕ ਨੂੰ 'ਹਮ ਦਿਲ ਦੇ ਚੁਕੇ ਸਨਮ' ਫਿਲਮ ਦੇ ਡਾਇਲਾਗ ਲਿਖਣ ਲਈ 'ਆਈਫਾ' (ਇੰਡੀਅਨ ਇੰਟਰਨੈਸ਼ਨਲ ਫਿਲਮ ਐਵਾਰਡ) ਮਿਲਿਆ ਤਾਂ ਇਸ ਦਾ ਸਮਾਗਮ ਲੰਡਨ ਹੋਇਆ ਸੀ। ਉਹ ਹੋਟਲ ਵਿਚ ਠਹਿਰਿਆ। ਉਹਦੇ ਪਿਤਾ ਅਤੇ ਪਿਤਾ ਦੇ ਦੂਜੇ ਵਿਆਹ ਦੇ ਬੱਚਿਆਂ ਨੂੰ ਇਸ ਦੀ ਜਾਣਕਾਰੀ ਮਿਲ ਗਈ। ਉਨ੍ਹਾਂ ਹੋਟਲ ਵਿਚ ਆ ਕੇ ਹੇਠੋਂ ਅਮਰੀਕ ਨੂੰ ਫੋਨ ਕੀਤਾ ਕਿ ਉਹ ਹੋਟਲ ਵਿਚ ਆਏ ਹਨ ਅਤੇ ਉਸ ਨੂੰ ਮਿਲਣਾ ਚਾਹੁੰਦੇ ਹਨ। ਅਮਰੀਕ ਨੇ ਉਨ੍ਹਾਂ ਨੂੰ ਉਪਰ ਕਮਰੇ ਵਿਚ ਆਉਣ ਲਈ ਕਿਹਾ। ਅਮਰੀਕ ਦੀ ਭੈਣ ਕਹਿਣ ਲੱਗੀ, "ਭਾਅ ਜੀ, ਇਕ ਹੋਰ ਗੱਲ, ਡੈਡੀ ਜੀ ਵੀ ਸਾਡੇ ਨਾਲ ਹਨ।" ਅਮਰੀਕ ਨੇ ਉਸ ਨੂੰ ਕਿਹਾ ਕਿ ਡੈਡੀ ਉਸ ਨੂੰ ਮਿਲਣ ਨਹੀਂ ਆ ਸਕਦਾ, ਸਿਰਫ ਭੈਣ ਭਰਾ ਆ ਸਕਦੇ ਹਨ। ਜੇ ਡੈਡੀ ਵੀ ਆ ਗਿਆ ਤਾਂ ਅਮਰੀਕ ਸਾਰਿਆਂ ਨੂੰ ਵਾਪਸ ਭੇਜ ਦੇਵੇਗਾ। ਇਸ ਤਰ੍ਹਾਂ ਅਮਰੀਕ ਨੂੰ ਮਿਲਣ ਸਿਰਫ ਉਸ ਦੇ ਭੈਣ-ਭਰਾ ਹੀ ਆਏ।

ਜਦੋਂ ਅਮਰੀਕ ਦੇ ਪਿਤਾ ਦੀ ਇੰਗਲੈਂਡ ਵਿਚ ਮੌਤ ਹੋਈ ਤਾਂ ਉਹਦੇ ਰਿਸ਼ਤੇਦਾਰ ਕਹਿਣ ਲੱਗੇ ਕਿ ਉਹਨੂੰ ਸੰਸਕਾਰ 'ਤੇ ਜ਼ਰੂਰ ਜਾਣਾ ਚਾਹੀਦਾ ਹੈ। ਉਹ ਨਹੀਂ ਸੀ ਜਾਣਾ ਚਾਹੁੰਦਾ ਪਰ ਰਿਸ਼ਤੇਦਾਰਾਂ ਦੇ ਬਹੁਤ ਮਜਬੂਰ ਕਰਨ 'ਤੇ ਉਹ ਚਲੇ ਗਿਆ। ਉਹ ਸੰਸਕਾਰ ਦੀ ਕਹਾਣੀ ਸੁਣਾਉਂਦਾ ਹੈ: "ਸੰਸਕਾਰ ਵੇਲੇ ਪਿਤਾ ਬਕਸੇ ਵਿਚ ਬੰਦ ਸੀ। ਬਕਸਾ ਬੈਲਟ 'ਤੇ ਪਿਆ ਸੀ। ਫੈਸਲਾ ਹੋਇਆ ਸੀ ਕਿ ਮੈਂ ਅਤੇ ਮੇਰਾ ਮਤਰੇਆ ਭਰਾ, ਦੋਵੇਂ ਹੀ ਰਲ ਕੇ ਬਟਨ ਦੱਬਾਂਗੇ। ਬਟਨ ਦੱਬਿਆ ਜਾਵੇਗਾ ਤਾਂ ਬਕਸਾ ਬੈਲਟ 'ਤੇ ਤੁਰਨ ਨਾਲ ਅੱਗ ਦੀ ਲਾਟ ਵਿਚ ਜਾ ਪਵੇਗਾ। ਗੋਰੇ ਇੰਚਾਰਜ ਨੇ ਅਮਰੀਕ ਨੂੰ ਸਮਝਾਇਆ ਕਿ ਉਹ (ਗੋਰਾ) ਆਪਣੀ ਬਾਂਹ ਉੱਪਰ ਕਰੇਗਾ। ਜਦੋਂ ਉਹ ਬਾਂਹ ਪੂਰੀ ਹੇਠਾਂ ਸੁੱਟ ਲਵੇ ਤਾਂ ਦੋਵੇਂ ਭਰਾ ਰਲ ਕੇ ਬਟਨ ਦੱਬ ਦੇਣਾ। ਮੇਰੇ ਅੰਦਰ ਮੇਰੇ ਬਾਬੇ ਅਤੇ ਪਿਤਾ ਵਾਲੀ ਕਮੀਨਗੀ ਦਾ ਕੀੜਾ ਉੱਭਰ ਆਇਆ। ਹਾਲੇ ਗੋਰੇ ਨੇ ਬਾਂਹ ਥੋੜ੍ਹੀ ਜਿਹੀ ਹੇਠਾਂ ਕੀਤੀ ਸੀ ਕਿ ਮੈਂ ਬਟਨ ਦੱਬ ਦਿੱਤਾ। ਮੇਰੀ ਮਤਰੇਈ ਮਾਂ ਨੇ ਬਕਸਾ ਰੋਕਣ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਦੇ ਪੁੱਤਰ ਨੂੰ ਬਟਨ ਦੱਬਣ ਦਾ ਮੌਕਾ ਨਹੀਂ ਸੀ ਮਿਲਿਆ ਪਰ ਬਕਸਾ ਅੱਗੇ ਜਾ ਚੁੱਕਾ ਸੀ। ਜਦੋਂ ਮੈਨੂੰ ਮੇਰੇ ਰਿਸ਼ਤੇਦਾਰਾਂ ਨੇ ਪੁੱਛਿਆ ਕਿ ਮੈਂ ਬਟਨ ਪਹਿਲਾਂ ਕਿਉਂ ਦੱਬ ਦਿੱਤਾ ਤਾਂ ਮੈਂ ਕਿਹਾ ਕਿ ਮੈਂ ਨਰਵਸ ਹੋ ਗਿਆ ਸੀ। ਮੇਰੇ ਅੰਦਰ ਪਿਓ ਪ੍ਰਤੀ ਮੋਹ ਪੈਦਾ ਹੋ ਗਿਆ ਸੀ। ਮੈਨੂੰ ਪਤਾ ਹੀ ਨਹੀਂ ਲੱਗਾ ਕਿ ਬਟਨ ਕਦੋਂ ਦੱਬਿਆ ਗਿਆ।" ਇਹ ਕਹਿ ਕੇ ਅਮਰੀਕ ਜ਼ੋਰ ਜ਼ੋਰ ਦੀ ਹੱਸਿਆ। ਮੈਨੂੰ ਵੀ ਖੂਬ ਹਾਸਾ ਆਇਆ। ਹੁਣ ਵੀ ਮੈਨੂੰ ਜਦੋਂ ਉਸ ਦੀ ਇਹ ਗੱਲ ਯਾਦ ਆਉਂਦੀ ਹੈ ਤਾਂ ਹਾਸਾ ਆ ਜਾਂਦਾ ਹੈ।

ਅਮਰੀਕ ਕਹਿੰਦਾ ਹੈ, "ਜਦੋਂ ਮੈਂ ਆਪਣੇ ਪਿਤਾ ਦੇ ਸੰਸਕਾਰ 'ਤੇ ਇੰਗਲੈਂਡ ਗਿਆ ਸੀ ਤਾਂ ਉੱਥੇ ਮੇਰੇ ਪਿਤਾ ਦਾ ਇਕ (ਕਾਲੇ ਰੰਗ ਦਾ) ਦੋਸਤ ਮਿਲਿਆ ਜਿਸ ਦਾ ਨਾਂ ਜਾਰਜ ਸੀ। ਉਹ ਕਹਿੰਦਾ, ਮੈਂ ਤੇਰੇ ਨਾਲ ਬੈਠ ਕੇ ਗੱਲ ਕਰਨੀ ਹੈ। ਜਦੋਂ ਅਸੀਂ ਉਸ ਦੇ ਘਰ ਬੈਠੇ ਤਾਂ ਉਸ ਨੇ ਦੱਸਿਆ ਕਿ ਮੇਰੇ ਪਿਤਾ ਦੀ ਇਕ ਮਾਸ਼ੂਕ ਵੀ ਸੀ ਜਿਸ ਦਾ ਨਾਂ ਬੀਬੋ ਸੀ। ਉਹ ਮੁਸਲਮਾਨ ਸੀ ਅਤੇ ਨੇੜਲੇ ਸ਼ਹਿਰ ਵਿਚ ਰਹਿੰਦੀ ਸੀ। ਮੇਰਾ ਪਿਤਾ ਉਸ ਨੂੰ ਲੁਕ-ਛਿਪ ਕੇ ਹੋਟਲਾਂ ਵਿਚ ਮਿਲਦਾ ਹੁੰਦਾ ਸੀ। ਦੋਸਤ ਨੇ ਦੱਸਿਆ ਕਿ ਬੀਬੋ ਮੈਨੂੰ ਮਿਲਣਾ ਚਾਹੁੰਦੀ ਹੈ। ਮੇਰੇ ਪਿਤਾ ਨੇ ਬੀਬੋ ਨੂੰ ਮੇਰੇ ਬਾਰੇ ਦੱਸਿਆ ਹੋਇਆ ਸੀ। ਇਸ ਤਰ੍ਹਾਂ ਮੈਂ ਬੀਬੋ ਨੂੰ ਮਿਲਿਆ। ਬਹੁਤ ਵਧੀਆ ਔਰਤ ਸੀ। ... ਬੀਬੋ ਨੇ ਮੈਨੂੰ ਦੱਸਿਆ ਕਿ ਮੇਰਾ ਪਿਤਾ ਕਈ ਵਾਰੀ ਉਸ ਨੂੰ ਨਾਲ ਲੈ ਕੇ ਜਿੱਥੇ ਵੀ ਮੇਰੀ ਫਿਲਮ ਲੱਗੀ ਹੋਵੇ, ਦੇਖਣ ਜਾਂਦਾ ਸੀ। ਬੀਬੋ ਨੇ ਦੱਸਿਆ ਕਿ ਮੇਰਾ ਪਿਤਾ ਮੈਨੂੰ ਬਹੁਤ ਪਿਆਰ ਕਰਦਾ ਸੀ। ਮੇਰੀ ਮਤਰੇਈ ਮਾਂ ਨੇ ਮੇਰੇ ਪਿਉ ਨੂੰ ਬਹੁਤ ਤੰਗ ਕੀਤਾ ਸੀ। ਬੀਬੋ ਨੇ ਮੇਰੇ ਦੋਵੇਂ ਹੱਥ ਫੜ ਕੇ ਆਪਣੇ ਮੂੰਹ ਨਾਲ ਲਾ ਲਏ ਸਨ ਅਤੇ ਉਹ ਬਹੁਤ ਰੋਈ ਸੀ ...।"

*(ਚਲਦਾ)*

# ਆਜ਼ਾਦ ਸੂਫੀ ਬਲਵੀਰ ਆਪਣੇ ਗੀਤ "ਐ ਮੁਲਕ ਮੇਰੇ" ਨਾਲ ਚਰਚਾ ਵਿਚ

## ਗੀਤ-ਸੰਗੀਤ

**ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**
ਫੋਨ: 559-333-5776

ਆਜ਼ਾਦ ਸੂਫੀ ਬਲਵੀਰ ਨੇ ਆਪਣਾ ਨਵਾਂ ਗੀਤ "ਐ ਮੁਲਕ ਮੇਰੇ" ਪਿਛਲੇ ਦਿਨੀਂ ਰਿਲੀਜ਼ ਕੀਤਾ ਤੇ ਮੈਨੂੰ ਵੱਟਸਐਪ ਜ਼ਰੀਏ ਸੁਣਨ ਲਈ ਭੇਜਿਆ। ਇਹ ਗੀਤ ਮੈਂ ਇੱਕ ਵਾਰ ਨਹੀਂ, ਸਗੋਂ ਕਈ ਵਾਰੀ ਸੁਣਿਆ। ਮੈਨੂੰ ਲੱਗ ਰਿਹਾ ਸੀ ਜਿਵੇਂ ਸੂਫੀ ਬਲਵੀਰ ਇਸ ਗੀਤ ਰਾਹੀਂ ਮੇਰੇ ਜਜ਼ਬਾਤਾਂ ਦੀ ਤਰਜ਼ਮਾਨੀ ਕਰ ਰਿਹਾ ਹੋਵੇ। ਇਹ ਗੀਤ ਹਰ ਸੱਚੇ ਸੁੱਚੇ ਭਾਰਤੀ ਦੇ ਦਿਲ ਦੀ ਹੂਕ ਹੈ। ਇਸ ਗੀਤ ਵਿਚ ਸ਼ਾਇਰ ਨੇ ਦੇਸ਼ ਪ੍ਰਤੀ ਆਪਣਾ ਪਿਆਰ ਭਾਰਤੀ ਸਿਆਸਤਦਾਨਾਂ ਨੂੰ ਨਿਹੋਰੇ ਮਾਰ ਕੇ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਇਸ ਗੀਤ ਜ਼ਰੀਏ ਦੇਸ਼ ਵਿਚ ਕਿਸਾਨ-ਮਜ਼ਦੂਰ ਦੇ ਹਾਲਾਤ 'ਤੇ ਨਿਵੇਕਲੇ ਢੰਗ ਨਾਲ ਚਾਨਣਾ ਪਾਇਆ ਗਿਆ ਹੈ।

ਇਸ ਗੀਤ ਰਾਹੀਂ ਪਰਦੇਸਾਂ ਵੱਲ ਨੂੰ ਮੂੰਹ ਕਰ ਰਹੀ ਜਵਾਨੀ ਅਤੇ ਨਸ਼ਿਆਂ ਦੇ ਵਗਦੇ ਦਰਿਆ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਗੀਤ ਰਾਹੀਂ ਲੋਕਾਂ ਨੂੰ ਅੰਧ-ਵਿਸ਼ਵਾਸ, ਬੇਰੁਜ਼ਗਾਰੀ, ਰਿਸ਼ਵਤਖੋਰੀ ਆਦਿ ਖਿਲਾਫ ਵੀ ਅੱਛੇ ਢੰਗ ਨਾਲ ਜਾਗਰੁਕ ਕੀਤਾ ਗਿਆ ਹੈ। ਗੱਲ ਕੀ, ਉਹ ਹਰ ਵਿਸ਼ਾ ਜੋ ਨਾਸੂਰ ਬਣ ਦੇਸ਼ ਨੂੰ ਗਿਰਾਵਟ ਵੱਲ ਲਿਜਾ ਰਿਹਾ ਹੈ, ਨੂੰ ਬਾਖੂਬੀ ਛੋਇਆ ਗਿਆ ਹੈ। ਇਸ ਗੀਤ ਦੀ ਵੀਡੀਓ ਵੀ ਆਪਣੇ ਆਪ ਵਿਚ ਕਮਾਲ ਹੈ, ਜਿਸ ਦਾ ਨਿਰਦੇਸ਼ਨ ਸੋਨੀ ਧਾਲੀਵਾਲ ਨੇ ਕੀਤਾ ਹੈ। ਇਸ ਗੀਤ ਦੀ ਵੀਡੀਓ ਵਿਚ ਮਲਕੀਤ ਰੌਣੀ, ਸਤਿੰਦਰ ਧੀਮਾਨ ਅਤੇ ਰਛਪਾਲ ਪੰਨੂੰ ਵਰਗੇ ਮੰਝੇ ਹੋਏ ਕਲਾਕਾਰਾਂ ਨੇ ਕੰਮ ਕਰਕੇ ਇਸ ਨੂੰ ਹੋਰ ਵੀ ਚਾਰ ਚੰਨ ਲਾਏ ਹਨ। ਇਸ ਗੀਤ ਨੂੰ 'ਸੂਫੀ ਬਲਵੀਰ ਮਿਊਜ਼ਿਕ' ਚੈਨਲ ਵਲੋਂ ਰਿਲੀਜ਼ ਕੀਤਾ ਗਿਆ ਹੈ। ਮਿਊਜ਼ਿਕ, ਗੀਤਕਾਰੀ ਅਤੇ ਗਾਇਕੀ ਦਾ ਬਹੁਤ ਵਧੀਆ ਸੁਮੇਲ ਇਸ ਗੀਤ ਰਾਹੀਂ ਸੁਣਨ, ਵੇਖਣ ਨੂੰ ਮਿਲ ਰਿਹਾ ਹੈ।




ਆਜ਼ਾਦ ਬਲਵੀਰ ਸੂਫੀ ਨਾਲ ਮੇਰਾ ਵਾਹ ਪਿਛਲੇ ਕਰੀਬ ਇੱਕ ਦਹਾਕੇ ਤੋਂ ਹੈ। ਬਲਵੀਰ ਜਿੰਨਾ ਵਧੀਆ ਲਿਖਦਾ, ਉਸ ਤੋਂ ਵਧੀਆ ਗਾਉਂਦਾ ਵੀ ਹੈ। ਆਪਣੇ ਨਰਮ ਸੁਭਾਅ ਕਰਕੇ ਉਹ ਹਰ ਇੱਕ ਨੂੰ ਆਪਣਾ ਬਣਾਉਣ ਦਾ ਹੁਨਰ ਰੱਖਦਾ ਹੈ। ਉਸ ਨੇ ਅੱਜ ਤੱਕ ਜੋ ਗਾਇਆ, ਬੜਾ ਸਾਫ ਸੁਥਰਾ ਅਤੇ ਮਿਆਰਾ ਗਾਇਆ, ਸਭ ਤੋਂ ਵੱਧ ਖੁਸ਼ੀ ਦੀ ਗੱਲ ਕਿ ਉਸ ਨੇ ਜ਼ਿਆਦਾਤਰ ਗੀਤ ਆਪਣੀ ਕਲਮ ਨਾਲ ਲਿਖੇ ਤੇ ਲੱਚਰਤਾ ਤੋਂ ਕੋਹਾਂ ਦੂਰ ਗਾਏ। ਉਸ ਦੇ ਹਰ ਗੀਤ ਵਿਚ ਕੋਈ ਨਾ ਕੋਈ ਉਦੇਸ਼ ਛੁਪਿਆ ਹੁੰਦਾ ਹੈ। ਉਸ ਦੀਆਂ ਹੁਣ ਤੱਕ 23 ਦੇ ਕਰੀਬ ਐਲਬਮਾਂ ਅਤੇ ਸਿੰਗਲ ਟ੍ਰੈਕ ਆ ਚੁਕੇ ਹਨ। ਪਿੱਛੇ ਜਿਹੇ ਉਸ ਦੀ ਸ਼ਾਇਰੋ ਸ਼ਾਇਰੀ ਦੀ ਕਿਤਾਬ 'ਨਿੱਕਾ ਜਿਹਾ ਕੰਮ' ਵੀ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣੀ।

ਇਸ ਤੋਂ ਇਲਾਵਾ ਆਜ਼ਾਦ ਸੂਫੀ ਬਲਵੀਰ ਦੁਨੀਆਂ ਦੇ ਕਰੀਬ ਵੀਹ ਦੇਸ਼ਾਂ ਵਿਚ ਸਫਲ ਸਟੇਜ ਸ਼ੋਅ ਵੀ ਕਰ ਚੁਕਾ ਹੈ। ਬਲਵੀਰ ਫੋਨ 'ਤੇ ਆਪਣੇ ਨਵੇਂ ਗੀਤ "ਐ ਮੁਲਕ ਮੇਰੇ" ਬਾਰੇ ਗੱਲ ਕਰਦਾ ਕਰਦਾ ਭਾਵੁਕ ਵੀ ਹੋ ਗਿਆ ਅਤੇ ਕਹਿਣ ਲੱਗਾ, ਨੀਟੇ ਬਾਈ ਇਹ ਗੀਤ ਮੇਰਾ ਅੱਜ ਤੱਕ ਦਾ ਸਭ ਤੋ ਬੇਹਤਰੀਨ ਗੀਤ ਹੈ। ਮੈਂ ਆਪਣੇ ਦਿਲ ਦੇ ਵਲਵਲੇ ਇਸ ਗੀਤ ਰਾਹੀਂ ਲਿਖ ਦਿੱਤੇ ਹਨ। ਇਹੋ ਦੁਆ ਹੈ ਕਿ ਆਜ਼ਾਦ ਸੂਫੀ ਬਲਵੀਰ ਦੀ ਕਲਮ ਪੰਜਾਬੀਆਂ ਦੀ ਤਰਜ਼ਮਾਨੀ ਕਰਦੀ ਅਰੁਕ ਚਲਦੀ ਰਹੇ।

# ਕਬੱਡੀ ਦਾ ਕੌਮਾਂਤਰੀ ਕੁਮੈਂਟੇਟਰ-ਕਾਲਾ ਰਛੀਨ

**ਖੇਡ-ਜਗਤ**

ਕਬੱਡੀ 'ਚ ਕੁਮੈਂਟਰੀ ਦੀ ਕਲਾ ਦੇ
ਕਮਾਲ 'ਤੇ ਕਮਾਲ ਹੋ ਗਏ।
ਬੇਰੁਜ਼ਗਾਰ ਖਿਡਾਰੀ ਮਾਇਆ ਨਾਲ
ਅੱਜ ਵੇਖੋ ਮਾਲੋਮਾਲ ਹੋ ਗਏ।
ਛੋਟੇ ਮੋਟੇ ਇਨਾਮਾਂ ਦੀ ਹੁੰਦੀ ਸੀ ਕਦੇ
ਲੱਖਾਂ ਤੋਂ ਕਰੋੜਾਂ ਦੀ ਗਈ ਹੋ ਕਬੱਡੀ।
ਪਰਵਾਸੀ ਵੀਰਾਂ ਤੇ ਪ੍ਰੋਮੋਟਰਾਂ ਦੇ ਸਾਥ ਨਾਲ
ਪਿੰਡ ਪਿੰਡ ਕਬੱਡੀ ਕੱਪਾਂ ਦੀ ਛਾਪ ਛੱਡੀ।
ਸਾਈਕਲ-ਸਕੂਟਰਾਂ 'ਤੇ ਘੁੰਮਦੇ ਸੀ ਕਦੇ
ਸਫਰ ਜਹਾਜ਼ਾਂ ਦੇ ਵੇਖੋ ਆਮ ਹੋ ਗਏ।
ਬਹੁਤਿਆਂ ਦੀ ਕਬੱਡੀ ਨੇ ਬਾਂਹ ਫੜੀ
ਉਚੇ ਅਹੁਦਿਆਂ 'ਤੇ ਬਿਰਾਜ਼ਮਾਨ ਹੋ ਗਏ।
ਰੋਮ ਰੋਮ ਵਸੀ ਕਬੱਡੀ ਪੰਜਾਬੀਆਂ ਦੇ

**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਖੇਡਣ ਵਾਲੇ ਬਈ ਸੁੱਖ ਮਾਣਦੇ ਨੇ,
ਕੁਮੈਂਟਰੀ ਕਬੱਡੀ ਦੀ ਜਾਨ 'ਜੱਬੋਵਾਲੀਏ'
ਸਰੋਤੇ 'ਕਾਲੇ' ਦੇ ਬੋਲਾਂ ਦਾ ਨਸ਼ਾ ਜਾਣਦੇ ਨੇ।

ਪੰਜਾਬੀਆਂ ਦੀ ਜਿੰਦ-ਜਾਨ ਹੈ ਕਬੱਡੀ। ਕਬੱਡੀ...ਕਬੱਡੀ...ਸੁਣਦੇ ਹੀ ਕਬੱਡੀ ਦੇ ਆਸ਼ਕ ਵਾਹੋ-ਦਾਹੀ ਉਧਰ ਭੱਜਦੇ ਨੇ। ਕੁਮੈਂਟਰੀ ਬਿਨਾ ਕਬੱਡੀ ਮਨਫੀ। ਕਬੱਡੀ ਨੂੰ ਹੋਰ ਅਨੰਦਾਇਕ ਤੇ ਦਿਲਚਸਪ ਬਣਾਉਣ ਲਈ ਕੁਮੈਂਟਰੀ ਵਿਚ ਸ਼ੇਅਰੋ-ਸ਼ਾਇਰੀ, ਖਿਡਾਰੀਆਂ ਦੀ ਜ਼ਿੰਦਗੀ, ਨਾਨਕੇ-ਦਾਦਕੇ ਬਾਰੇ ਜੰਤਰੀ ਵਾਂਗ ਲੇਖਾ-ਜੋਖਾ ਮਿੰਟੋ-ਮਿੰਟੀ ਹੁੰਦੈ। ਜ਼ਮੀਨ ਆਸਮਾਨ ਦੇ ਕੁੰਡੇ ਮੇਲਦੇ ਨੇ। ਦਰਸ਼ਕਾਂ ਦੀ ਉਤਸੁਕਤਾ ਵਧਦੀ ਹੈ। ਦਰਸ਼ਕ ਕੀਲੇ ਜਾਂਦੇ ਨੇ। ਕਬੱਡੀ ਕੱਪਾਂ 'ਚ ਕੁਮੈਂਟਰੀ ਦੀਆਂ ਧੂੜਾਂ ਪੱਟਦੇ ਕਾਲੇ ਰਛੀਨ ਦੀ ਕੁਮੈਂਟਰੀ ਗੂੰਜਦੀ ਐ। ਉਹ ਕਾਲਾ, ਜਿਸ ਨੇ ਛੋਟੀ ਉਮਰੇ ਵੱਡੀਆਂ ਮੱਲਾਂ ਮਾਰੀਆਂ। ਕੁਮੈਂਟਰੀ ਦੀ ਕਲਾ 'ਚ ਪੂਰੀ ਤਰ੍ਹਾਂ ਨਿਪੁੰਨ ਹੋ ਨਿਬੜਿਆ। ਹੁਣ ਤੱਕ ਉਹਨੇ ਗੱਡੀਆਂ (ਕਾਰਾਂ), ਮੋਟਰ-ਸਾਈਕਲ, ਸੋਨੇ ਦੀਆਂ ਚੇਨੀਆਂ ਤੇ ਅਨੇਕਾਂ ਮਾਣ-ਸਨਮਾਨ ਤੇ ਬੇਹਿਸਾਬਾ ਪਿਆਰ ਸਤਿਕਾਰ ਲਿਆ।

ਤੇਰਾਂ ਸਾਲਾਂ ਤੋਂ ਵੱਧ ਹੋ ਗਏ ਕਬੱਡੀ ਕੱਪਾਂ 'ਚ ਕੁਮੈਂਟਰੀ ਕਰਦੇ ਨੂੰ। ਪੰਜਾਬ ਦਾ ਅਜਿਹਾ ਕੋਈ ਪਿੰਡ ਜਾਂ ਕਬੱਡੀ ਕੱਪ ਨਹੀਂ, ਜਿਥੇ ਹਾਜ਼ਰ ਨਾ ਹੋਵੇ। ਸ਼ੇਅਰੋ-ਸ਼ਾਇਰੀ ਦੇ ਨਾਲ ਨਾਲ ਉਹ ਲਿਖਣ ਦਾ ਸ਼ੌਕ ਵੀ ਰੱਖਦੈ। ਕੁਮੈਂਟਰੀ ਦਾ ਜਾਗ ਉਸ ਨੂੰ ਪ੍ਰੋ. ਮੱਖਣ ਸਿੰਘ ਹਕੀਮਪੁਰ ਤੋਂ ਲੱਗਾ। ਉਹ ਉਸ ਨੂੰ ਆਪਣਾ ਉਸਤਾਦ ਮੰਨਦੈ। ਸਰਾਭੇ ਟੂਰਨਾਮੈਂਟਾਂ 'ਤੇ ਪਹਿਲੀ ਵਾਰ ਉਹਨੂੰ ਮਾਈਕ ਫੜਨ ਦਾ ਮੌਕਾ ਮਿਲਿਆ। ਪ੍ਰੋ. ਮੱਖਣ ਸਿੰਘ ਹਕੀਮਪੁਰ ਉਨ੍ਹਾਂ ਮੈਚਾਂ ਦੀ ਕੁਮੈਂਟਰੀ ਕਰਨ ਪਹੁੰਚੇ ਹੋਏ ਸਨ। ਮੈਚਾਂ ਦਾ ਅਨੰਦ ਮਾਣਨ ਗਏ ਕਾਲੇ ਨੇ ਆਪਣੇ ਲਿਖੇ ਕੁਝ ਸ਼ੇਅਰ ਪ੍ਰੋ. ਮੱਖਣ ਸਿੰਘ ਨੂੰ ਬੋਲਣ ਲਈ ਕਿਹਾ। ਪ੍ਰੋ. ਮੱਖਣ ਸਿੰਘ ਨੇ ਉਹਨੂੰ ਮਾਈਕ ਫੜਾ ਕੇ ਖੁਦ ਸ਼ੇਅਰ ਬੋਲਣ ਲਈ ਕਹਿ ਦਿੱਤਾ। ਕਾਲੇ ਲਈ ਇਹ ਪਹਿਲਾ ਮੌਕਾ ਸੀ ਮਾਈਕ ਫੜਨ ਦਾ। ਲਿਖੇ ਸ਼ੇਅਰ ਬੋਲ ਕੇ ਕਾਲੇ ਨੇ ਝੜੀਆਂ ਲਾ ਦਿੱਤੀਆਂ ਤੇ ਬਹਿ ਜਾ ਬਹਿ ਜਾ ਕਰਾ'ਤੀ। ਬੋਲਣ ਦਾ ਝਾਕਾ ਖੁਲ੍ਹ ਗਿਆ ਤੇ ਨਾਲ ਹੀ ਕਿਸਮਤ ਦੇ ਸਿਤਾਰੇ ਵੀ ਖੁਲ੍ਹ ਗਏ। ਕਦਰਦਾਨਾਂ ਨੇ ਦਿਲ ਦੇ ਬੂਹੇ ਖੋਲ੍ਹ ਦਿੱਤੇ। ਸ਼ੁਰੂਆਤ ਹੋ ਗਈ, ਫਿਰ ਮੈਚਾਂ 'ਚ ਕੁਮੈਂਟਰੀ ਲਈ ਸੱਦੇ 'ਤੇ ਸੱਦੇ ਆਉਣ ਲੱਗੇ।

14 ਅਪਰੈਲ 2008 ਨੂੰ ਸਵੱਦੀ-ਕਲਾਂ ਕਬੱਡੀ ਕੱਪ 'ਤੇ ਪਹਿਲੀ ਵਾਰ ਕੁਮੈਂਟਰੀ ਕਰਨ ਦਾ ਮੌਕਾ ਮਿਲਿਆ। ਖੇਡ-ਪ੍ਰੇਮੀਆਂ ਨੇ ਭਰਵਾਂ ਪਿਆਰ ਦਿੱਤਾ। ਹੋਰ ਮਿਹਨਤ ਕੀਤੀ। ਫਿਰ ਤਾਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ, ਕਾਲਖ ਕਬੱਡੀ ਕੱਪ, ਹਠੂਰ ਕਬੱਡੀ ਕੱਪ, ਮੋਗਾ ਕਬੱਡੀ ਕੱਪ, ਮੌਲੀ ਬੈਦਵਾਨ-ਚੰਡੀਗੜ੍ਹ, ਫੁੱਲਾਂਵਾਲ ਕਬੱਡੀ ਕੱਪ, ਡਫਰ ਕਬੱਡੀ ਕੱਪ (ਹੁਸ਼ਿਆਰਪੁਰ), ਕਾਲਾ ਸੰਘੇ ਕਬੱਡੀ ਕੱਪ ਅਤੇ ਵਿਦੇਸ਼ਾਂ 'ਚ ਕੈਨੇਡਾ, ਅਮਰੀਕਾ ਦੇ ਕਬੱਡੀ ਕੱਪਾਂ 'ਚ ਪੂਰਾ ਠੁੱਕ ਬੰਨ੍ਹਿਆ। ਉਹਦੇ ਬੋਲਾਂ ਦਾ ਦੇਸ਼-ਵਿਦੇਸ਼ ਦੇ ਕਬੱਡੀ ਪ੍ਰੇਮੀ ਘਰਾਂ 'ਚ ਬੈਠੇ ਟੀ. ਵੀ. 'ਤੇ ਨਜ਼ਾਰੇ ਮਾਣਦੇ ਨੇ।



ਖੁਸ਼ੀ ਦੇ ਪਲਾਂ 'ਚ ਕਾਲਾ ਰਛੀਨ

16 ਜਨਵਰੀ 2011 ਨੂੰ ਕਾਲਖ ਕਬੱਡੀ ਕੱਪ 'ਤੇ ਮੋਟਰ-ਸਾਈਕਲ ਨਾਲ ਸਨਮਾਨ ਕੀਤਾ ਗਿਆ। ਪਹਿਲਾ ਵਿਦੇਸ਼ੀ ਟੂਰ ਵੀ 2011 ਵਿਚ ਹੀ ਲੱਗਾ। 4 ਫਰਬਰੀ 2014 ਨੂੰ ਸਵਿਫਟ ਗੱਡੀ ਦੀਆਂ ਚਾਬੀਆਂ ਮਿਲੀਆਂ। 2013 ਨੂੰ ਹਠੂਰ ਕਬੱਡੀ ਕੱਪ 'ਤੇ ਬੁਲੇਟ ਮੋਟਰ-ਸਾਈਕਲ ਮਿਲਿਆ। ਸ਼ਹੀਦ ਭਗਤ ਸਿੰਘ ਕਲੱਬ ਐਡਮਿੰਟਨ ਵਲੋਂ ਮੋਟਰ-ਸਾਈਕਲ ਦਿੱਤਾ ਗਿਆ। ਮਨੂੰ-ਰਛੀਨ, ਬੱਬੀ ਚੜਿਕ ਅਤੇ ਚੰਨਾ ਕਾਲਖ ਜਿਹੇ ਸੱਜਣਾਂ ਨੇ ਗੱਡੀ ਦੀ ਚਾਬੀ ਫੜਾਈ। ਪੱਪੀ ਫੁੱਲਾਂਵਾਲ, ਸ਼ਰਨਜੀਤ ਸੇਖੋਂ ਸਾਥੀਆਂ ਵਲੋਂ ਬੁਲੇਟ ਮੋਟਰ-ਸਾਈਕਲ ਦਿੱਤਾ ਗਿਆ। ਰਾਮਪੁਰਾ ਫੂਲ ਤੋਂ ਰਿੱਕੀ ਰਾਮਪੁਰ, ਹਰਦੀਪ ਫੁੱਲ ਤੇ ਸਾਥੀਆਂ ਨੇ ਬੁਲੇਟ ਮੋਟਰ ਸਾਈਕਲ ਨਾਲ ਸਨਮਾਨ ਕੀਤਾ।

ਅਲਬਰਟਾ ਕਬੱਡੀ ਫੈਡਰੇਸ਼ਨ ਵਾਲੇ ਚੰਨਾ ਕਾਲਖ ਤੇ ਬੱਬੀ ਚੜਿਕ ਜਿਹੇ ਸੱਜਣਾਂ ਦੀ ਬਦੌਲਤ 2011 'ਚ ਪਹਿਲਾ ਵਿਦੇਸ਼ੀ ਟੂਰ ਲੱਗਾ। ਵਿਦੇਸ਼ੀ ਮਿੱਤਰਾਂ ਵਲੋਂ ਪਿਆਰ ਮਿਲਣ ਲੱਗਾ। ਫਿਰ ਤਾਂ ਟੂਰ 'ਤੇ ਟੂਰ ਲੱਗਣ ਲੱਗੇ। ਐਡਮਿੰਟਨ, ਕੈਲਗਰੀ, ਐਬਸਫੋਰਡ ਕਬੱਡੀ ਕੱਪਾਂ 'ਤੇ ਮੌਕਾ ਮਿਲਿਆ। "ਯੰਗ ਕਬੱਡੀ ਕਲੱਬ" ਸਰੀ ਬੀ. ਸੀ. ਦੇ ਮਾਨਾਂ, ਰੂਮੀ ਤੇ ਇੰਦਰਜੀਤ ਸਾਥੀਆਂ ਨੇ ਸੋਨੇ ਦੀ ਚਮਕਦੀ ਚੇਨੀ ਗਲ ਪਾਈ।




ਕਾਲਖ ਕਬੱਡੀ ਕੱਪ ਮੌਕੇ ਕਾਲੇ ਦਾ ਗੱਡੀ ਦੇ ਕੇ ਸਨਮਾਨ ਕਰਦੇ ਹੋਏ ਪ੍ਰਬੰਧਕ ਤੇ ਹੋਰ ਸੱਜਣ

ਸੈਂਟਰਲ ਵੈਲੀ ਸਪੋਰਟਸ ਕਲੱਬ ਦੇ ਅਹੁਦੇਦਾਰਾਂ-ਹੈਰੀ ਭੰਗੂ, ਰਾਜਾ ਧਾਮੀ, ਸੁੱਖੀ ਸੰਘੇੜਾ, ਅਮਨ ਟਿਵਾਣਾ, ਕੋਮਲ, ਜਗਰੂਪ ਸਿੱਧੂ, ਜੇ. ਸਿੰਘ, ਕਾਲਾ ਟਰੇਸੀ ਤੇ ਤੀਰਥ ਗਾਖਲ ਨੇ ਗੋਲਡ-ਮੈਡਲ ਨਾਲ ਨਿਵਾਜਿਆ।

ਕੈਲੀਫੋਰਨੀਆ ਦੇ ਗਾਖਲ ਭਰਾਵਾਂ ਤੇ ਸਾਥੀਆਂ ਦੇ ਸਥਾਪਤ ਯੁਨਾਈਟਿਡ ਸਪੋਰਟਸ ਕਲੱਬ ਬੇ-ਏਰੀਆ ਵਲੋਂ ਵਾਹਵਾ ਮਾਣ ਦਿੱਤਾ ਗਿਆ। ਨਿਊ ਯਾਰਕ ਦੇ ਪੰਜਾਬੀ ਵਿਰਸਾ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ ਸ. ਮਹਿੰਦਰ ਸਿੰਘ ਸਿੱਧੂ ਤੇ ਕਲੱਬ ਦੇ ਸਮੂਹ ਸਾਥੀਆਂ ਅਤੇ ਪੰਜਾਬ ਸਪੋਰਟਸ ਕਲੱਬ, ਫਿਲਾਡੈਲਫੀਆ ਵਿਖੇ ਜਿੰਦ ਸਿਆਟਲ, ਲਾਲ ਸਿੰਘ ਤੇ ਸੰਘੇੜਾ ਭਰਾਵਾਂ ਨੇ ਵਿਸ਼ੇਸ਼ ਮਾਣ ਕੀਤਾ।

ਕਰੋਨਾ ਦਾ ਪ੍ਰਕੋਪ ਮੁੱਕਦੇ ਹੀ ਕਬੱਡੀ ਕਲੱਬਾਂ ਵਾਲੇ ਉਹਦਾ ਮਾਣ-ਤਾਣ ਕਰਨ ਲਈ ਤਿਆਰ ਹਨ। ਯੰਗ ਕਬੱਡੀ ਕਲੱਬ, ਜੋਨਾ ਵਲੀਨਾ ਦੇ ਇੰਦਰਜੀਤ ਰੋਮੀ, ਚਰਨਜੀਤ ਤੇ ਡਗਰੂ ਵੀ ਮਾਣ-ਸਨਮਾਨ ਕਰਨ ਲਈ ਪੱਬਾਂ ਭਾਰ ਖੜ੍ਹੇ ਨੇ। ਇਸੇ ਤਰ੍ਹਾਂ ਹੀ ਸੈਂਟਰਲ ਵੈਲੀ ਕਬੱਡੀ ਕਲੱਬ ਵਲੋਂ ਵੱਡਾ ਸਨਮਾਨ ਕੀਤਾ ਜਾਵੇਗਾ।

ਕਈ ਖੇਡ ਮੇਲਿਆਂ 'ਤੇ ਕਈ ਵਾਰ 'ਕੱਠੇ ਹੋਏ ਹਾਂ। ਬੜਾ ਮਿਲਾਪੜਾ ਹੈ ਕਾਲਾ। ਪਹਿਲੀ ਮਿਲਣੀ 'ਚ ਅਗਲੇ ਨੂੰ ਮੋਹ ਲੈਂਦੈ। ਯੁਨਾਈਟਡ ਸਪੋਟਰਸ ਕਲੱਬ ਬੇ-ਏਰੀਆ, ਕੈਲੀਫੋਰਨੀਆ; ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ ਦੇ ਕਬੱਡੀ-ਕੱਪ ਅਤੇ ਨਿਊ ਯਾਰਕ ਦੇ ਪੰਜਾਬੀ ਵਿਰਸਾ ਸਪੋਰਟਸ ਕਲੱਬ ਦੇ ਕਬੱਡੀ ਕੱਪ 'ਤੇ ਕਾਲੇ ਦੀ ਕੁਮੈਂਟਰੀ ਗੂੰਜੀ ਤੇ ਦਰਸ਼ਕਾਂ ਤੋਂ ਵਾਹਵਾ ਖੱਟੀ। ਉਹਦੀ ਕੁਮੈਂਟਰੀ ਦੀ ਵੰਨਗੀ ਦੇ ਵੱਖੋ ਵੱਖਰੇ ਰੰਗ ਵੇਖੋ। ਵੋਟਾਂ ਮੰਗਣ ਆਉਂਦੇ ਲੀਡਰਾਂ ਨੂੰ ਸ਼ੀਸ਼ਾ ਵੀ ਵਿਖਾਇਐ:

ਉਡਣ ਦਿਉ ਪਤੰਗਾਂ ਨੂੰ ਵਿਚ ਆਸਮਾਨ ਦੇ
ਤੁਣਕੇ ਨਾਲ ਲਾਹ ਲਾਂ'ਗੇ ਜਹਾਜ਼ ਥੋੜੀ ਨੇ।
ਪੈਸੇ, ਨਸ਼ੇ, ਪਾਵਰਾਂ ਤੇ ਚੌਧਰਾਂ ਦੇ ਲਾਲਚਾਂ ਨੂੰ
ਬੋਤਲਾਂ ਲਈ ਵਿਕੇ ਜੋ, ਆਜ਼ਾਦ ਥੋੜੀ ਨੇ।
ਸ਼ਹਾਦਤਾਂ ਨੂੰ ਛਿੱਕੇ ਟੰਗ ਹਾਕਮਾਂ ਦੇ ਪੈਰਾਂ ਵਿਚ
ਰੁਲ ਰਹੀਆਂ ਪੱਗਾਂ ਦੇ ਹਿਸਾਬ ਥੋੜੀ ਨੇ।
ਬੈਠ ਜੋ ਕੁਰਸੀ 'ਤੇ ਖੂਨ ਪੀਣ ਪਰਜਾ ਦਾ
ਠੱਗ ਨੇ ਉਹ 'ਕਾਲਿਆ', ਜਨਾਬ ਥੋੜੀ ਨੇ।
ਨਸ਼ੇ ਆਲੀ ਲੋਰ 'ਚ ਜੋ ਦੇਖੇ ਅੱਖਾਂ ਮੀਟ ਕੇ
ਪੂਰੇ ਕੀਹਨੇ ਕਰਨੇ ਆ ਖਾਬ ਥੋੜੀ ਨੇ।
ਬਿਨਾ ਖਿੜੇ ਟੁੱਟ ਟੁੱਟ ਡਿੱਗੀ ਜਾਣ 'ਕਾਲਿਆ' ਜੋ,
ਕਾਗਜ਼ੀ ਉਹ ਫੁੱਲ ਹਨ, ਗੁਲਾਬ ਥੋੜੀ ਨੇ।

1984 ਦੇ ਅੱਲੇ ਜ਼ਖਮ। ਸਰਕਾਰੀ ਧੱਕੇ ਦਾ ਸ਼ਿਕਾਰ ਹੋਏ ਸਿੱਖ। ਮਾਂਵਾਂ-ਭੈਣਾਂ ਦੀ ਬੇਪਤੀ, ਭੈਣਾਂ ਦੇ ਉਜੜੇ ਸੁਹਾਗ, ਬੱਚਿਆਂ ਦੇ ਵਿਰਲਾਪ ਤੇ ਹੋਰ ਪਤਾ ਨਹੀਂ ਕੀ ਕੀ ਹੋਇਆ! ਕਾਲਾ ਇਉਂ ਬਿਆਨਾ ਕਰਦੈ:

ਬੜੇ ਹਿੰਦੂਆਂ ਦੇ ਪੁੱਤ ਵੀ ਮਰੇ ਇਥੇ
ਬਹੁਤੇ ਸਿੱਖਾਂ ਦੇ ਘਰਾਂ ਦਾ ਘਾਣ ਹੋਇਆ।
ਗਿਆ ਕੁਝ ਨਹੀਂ ਸਰਕਾਰੀ ਬੰਦਿਆਂ ਦਾ
ਬਸ ਪੰਜਾਬ ਹੀ ਲਹੂ ਲੁਹਾਣ ਹੋਇਆ।
ਰੰਗ ਕੇਸਰੀ ਭਿੱਜ ਕੇ ਲਾਲ ਹੋਇਆ
ਕਿਸੇ ਮਾਂ ਦਾ ਮਾਸੂਮ ਜਿਹਾ ਬਾਲ ਮੋਇਆ।
ਚੀਕਾਂ ਸੁਣੀਆਂ ਸ਼ਹਿਰ ਲਾਹੌਰ ਤੀਕਰ
ਯੁੱਧ 'ਕਾਲਿਆ' ਬੜਾ ਘਮਸਾਨ ਹੋਇਆ।
ਪੱਤ ਔਰਤਾਂ ਦੀ ਵਰਦੀਆਂ ਲੁੱਟਦੀਆਂ ਸੀ
ਲਾਹ ਲਾਹ ਗਰਦਨਾਂ ਨਹਿਰਾਂ 'ਚ ਸੁੱਟ'ਤੀਆਂ ਸੀ।
ਰੂਹ ਕੰਬ ਗਈ 'ਕਾਲੇ' ਸ਼ਾਇਰ ਦੀ ਜੀ
ਵੇਖ ਕਿਸੇ ਦਾ ਘਰ ਸ਼ਮਸ਼ਾਨ ਹੋਇਆ।

ਤੁਰ ਗਈ ਮਾਂ ਦੇ ਵਿਛੋੜੇ ਦਾ ਦਰਦ ਦਿਲ 'ਚ ਲਈ ਫਿਰਦੇ ਨੇ ਇੰਜ ਬਿਆਨ ਕੀਤਾ:

ਤੇਰੇ ਜਾਣ ਦਾ ਮਾਂ ਕਿੰਨਾ ਦੁੱਖ ਹੋਇਆ
ਭੇਤ ਕਿਸੇ ਨਾਲ ਨਾ ਖੋਲ੍ਹਿਆ ਮੈਂ।
ਹੌਲੇ ਮਨ ਤੋਂ ਡੋਲਿਆ ਕਈ ਵਾਰੀ
ਪਰ ਦਿਲ ਤੋਂ ਨਾ ਕਦੇ ਡੋਲਿਆ ਮੈਂ।
ਲੱਖਾਂ ਹੱਥ ਵਧੇ ਹੰਝੂ, ਮੂੰਹ ਪੂੰਝਣੇ ਨੂੰ
ਮੂੰਹ ਆਪੇ ਉਠ ਕੇ ਧੋ ਲਿਆ ਮੈਂ।
ਬਿਨਾ ਮਾਂ-ਪਿਉ ਜ਼ਿੰਦਗੀ ਕੀ 'ਕਾਲੇ'
ਇਹੋ ਸੋਚ ਕੇ ਅੱਜ ਫਿਰ ਰੋ ਲਿਆ ਮੈਂ।

ਪਿਤਾ ਸ. ਕੁਲਦੀਪ ਸਿੰਘ ਤੇ ਸਵਰਗੀ ਮਾਤਾ ਜਸਵੀਰ ਕੌਰ ਦਾ ਸ਼ਿੰਦਾ ਪੁੱਤ ਅਤੇ ਤਿੰਨਾਂ ਭੈਣ-ਭਰਾਵਾਂ ਤੋਂ ਸਭ ਨਾਲੋਂ ਛੋਟਾ ਵੀਰ ਕਾਲਾ 26 ਜਨਵਰੀ 1991 ਨੂੰ ਰਛੀਨ (ਛਪਾਰ ਲਾਗੇ) ਵਿਖੇ ਜਨਮਿਆ। ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲਾ ਕਾਲਾ 2010 ਨੂੰ ਕੈਨੇਡਾ ਪਹੁੰਚ ਗਿਆ ਸੀ। ਕੈਨੇਡਾ ਆ ਕੇ ਹੱਡ ਭੰਨਵੀਂ ਮਿਹਨਤ ਕੀਤੀ:

ਪੈਰ ਪੈਰ ਖਾਧੀਆਂ ਠੋਕਰਾਂ ਮੈਂ
ਪੈਰ ਪੈਰ 'ਤੇ ਦੇ ਕੇ ਇਮਤਿਹਾਨ ਦੇਖੇ।
ਜ਼ਿੰਦਗੀ ਲੰਘੀ ਏ ਸੂਈ ਦੇ ਨੱਕਿਆਂ 'ਚੋਂ
ਏਹ ਦਿਨ 'ਕਾਲੇ' ਨਹੀਂ ਐਨੇ ਅਸਾਨ ਦੇਖੇ।

ਹੁਣ ਉਹ ਪੱਕੇ ਤੌਰ 'ਤੇ ਕੈਨੇਡਾ ਦਾ ਵਾਸੀ ਐ। ਆਪਣੀ ਹਿੰਮਤ ਅਤੇ ਮਿਹਨਤ ਸਦਕਾ ਕੈਲਗਰੀ ਵਿਖੇ 'ਲੀਫ ਕੰਸਟਰਕਸ਼ਨ ਕੰਪਨੀ' ਸਥਾਪਿਤ ਕੀਤੀ ਹੋਈ ਹੈ। ਮਕਾਨਾਂ ਦਾ ਕੰਮ ਅਤੇ ਕਬੱਡੀ ਕੁਮੈਂਟਰੀ-ਦੋਵੇਂ ਖੇਤਰਾਂ ਵਿਚ ਬਾਕਮਾਲ ਹੈ। ਉਸ ਨੂੰ ਲਿਖਣ ਤੇ ਬੋਲਣ ਦੀ ਬੜੀ ਮੁਹਾਰਤ ਹੈ। "ਸਾਂਝੇ ਅੱਖਰ" ਨਾਂ ਦੀ ਇਕ ਕਿਤਾਬ ਵੀ ਲਿਖ ਰਿਹੈ। ਲਿਖਣ ਦੀ ਚੇਟਕ ਲਾਉਣ ਵਾਲਾ ਉਹਦੇ ਪਿੰਡ ਦਾ ਪ੍ਰਸਿੱਧ ਕਵੀ ਸ. ਜਰਨੈਲ ਸਿੰਘ 'ਅਰਸ਼ੀ' ਹੈ। ਉਸ ਦੇ ਪ੍ਰਭਾਵ ਹੇਠ ਆ ਕੇ ਕਾਲੇ ਨੇ ਕਲਮ ਚਲਾਉਣੀ ਸ਼ੁਰੂ ਕੀਤੀ। ਕਬੱਡੀ ਕੁਮੈਂਟਰੀ 'ਚ ਪ੍ਰੋ. ਮੱਖਣ ਸਿੰਘ ਹਕੀਮਪੁਰ ਉਸਤਾਦ ਹੈ ਤੇ ਸ਼ੇਅਰੋ-ਸ਼ਾਇਰੀ, ਗੀਤ ਲਿਖਣ ਵਿਚ ਸ. ਜਰਨੈਲ ਸਿੰਘ ਅਰਸ਼ੀ ਗੁਰੂ ਹਨ। ਕਰੋਨਾ ਕਾਲ ਮੁੱਕਦੇ ਹੀ ਖੇਡ ਮੈਦਾਨਾਂ 'ਚ ਕਾਲਾ ਫਿਰ ਗੂੰਜੇਗਾ। ਸ਼ੇਅਰੋ-ਸ਼ਾਇਰੀ ਦੀਆਂ ਝੜੀਆਂ ਲਾਵੇਗਾ ਤੇ ਕਬੱਡੀ ਪ੍ਰੇਮੀਆਂ ਨੂੰ ਝੂਮਣ ਲਾਵੇਗਾ।



ਕਾਲਾ ਰਛੀਨ ਦੀ ਮਾਤਾ ਸਵਰਗੀ ਜਸਵੀਰ ਕੌਰ

ਤੇਰੀ ਕੁਮੈਂਟਰੀ ਨੇ 'ਕਾਲੇ' ਲੋਕ ਕੀਲੇ
ਬੋਲ ਸੁਣਨ ਲਈ ਦਰਸ਼ਕ ਭੱਜ ਉਠੇ।
ਹਲ ਵਾਹੁੰਦੇ ਹਾਲੀ ਹਲ ਛੱਡ ਜਾਂਦੇ
ਲੋਕੀ ਘਰਾਂ 'ਚ ਟੀ. ਵੀ. ਮੂਹਰੇ ਹੋਣ 'ਕੱਠੇ।
'ਇਕਬਾਲ ਸਿੰਹਾਂ' ਰਾਹੀ ਥਾਂਏਂ ਰੁਕ ਜਾਂਦੇ
ਖੇਡਾਂ-ਖਿਡਾਰੀਆਂ ਦੇ ਆਸ਼ਕ ਯਾਰ ਲੱਠੇ।



ਕਾਲਾ ਆਪਣੇ ਪਿਤਾ ਅਤੇ ਬੱਬੀ ਚੜਿੱਕ ਨਾਲ



ਕੁਮੈਂਟੇਟਰ ਕਿੰਗ (ਖੱਬੇ) ਕਾਲਾ ਤੇ (ਸੱਜੇ) ਲੱਖਾ ਸਿੱਧਵਾਂ ਨਾਲ (ਵਿਚਾਲੇ) ਜੱਬੋਵਾਲੀਆ

# ਘੋੜਿਆਂ ਅਤੇ ਬਲਦਾਂ ਦੇ ਸ਼ੌਕੀਨਾਂ ਦਾ ਲੇਖਕ

ਪੰਜਾਬੀ ਖੇਡ ਸਾਹਿਤ 55



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਮਰੀਕ ਸਿੰਘ ਭਾਗੋਵਾਲੀਆ ਘੋੜਿਆਂ ਤੇ ਬੈਲ-ਗੱਡੀਆਂ ਦੇ ਸ਼ੌਕੀਨਾਂ ਦਾ ਖੇਡ ਲੇਖਕ ਹੈ। ਸ਼ੌਕ-ਸ਼ੌਕ ਵਿਚ ਉਸ ਨੇ ਉੱਤਰੀ ਭਾਰਤ ਵਿਚ ਘੋੜਿਆਂ ਦੇ ਅਨੇਕਾਂ ਸਟੱਡ ਫਾਰਮ ਤੇ ਤਬੇਲੇ ਗਾਹੇ ਹਨ। ਘੋੜਿਆਂ ਤੇ ਬੈਲ-ਗੱਡੀਆਂ ਵਾਲੇ ਬਲਦਾਂ ਦੇ ਸ਼ੌਕੀਨਾਂ ਨੂੰ ਘਰ-ਘਰ ਜਾ ਕੇ ਮਿਲਿਆ, ਜਿਥੋਂ ਉਨ੍ਹਾਂ ਦੇ ਵੇਰਵੇ 'ਕੱਠੇ ਕੀਤੇ ਹਨ। ਨਾ ਕਦੇ ਮੀਂਹ ਦੀ ਪਰਵਾਹ ਕੀਤੀ ਤੇ ਨਾ ਹਨੇਰੀ ਦੀ। ਨਾ ਗਰਮੀ ਦੀ, ਨਾ ਸਰਦੀ ਦੀ। ਦੂਰ ਦੀਆਂ ਵਾਟਾਂ ਦੀ ਵੀ ਕਦੇ ਤਕਲੀਫ ਨੂੰ ਮੰਨੀ। ਹਿੰਮਤ ਤੇ ਮਿਹਨਤ ਨਾਲ ਘੋੜਿਆਂ ਤੇ ਬਲਦਾਂ ਦੇ ਸ਼ੌਕੀਨਾਂ ਬਾਰੇ ਚਾਰ ਦਰਸ਼ਨੀ ਪੁਸਤਕਾਂ ਤਿਆਰ ਕੀਤੀਆਂ। 'ਘੋੜਿਆਂ ਵਾਲੇ ਸਰਦਾਰ', 'ਘੋੜੇ ਸਰਦਾਰਾਂ ਦੇ' ਤੇ 'ਸਰਦਾਰਾਂ ਦੇ ਘੋੜੇ' ਤਾਂ ਸਚਿੱਤਰ ਰੂਪ ਵਿਚ ਛਪ ਹੀ ਚੁਕੀਆਂ ਹਨ ਅਤੇ 'ਬਲਦਾਂ ਦੇ ਸ਼ੌਂਕੀ' ਛਪਣ ਵਾਲੀ ਹੈ। 'ਸਰਦਾਰਾਂ ਦੇ ਘੋੜੇ' ਕੌਫੀ ਟੇਬਲ ਬੁੱਕ ਹੈ, ਜਿਸ ਦੀ ਕੀਮਤ 1495 ਰੁਪਏ ਹੈ। ਇਸ ਦੇ ਮੋਮੀ ਪੰਨਿਆਂ ਉਤੇ ਸੌ ਦੇ ਕਰੀਬ ਦਰਸ਼ਨੀ ਘੋੜਿਆਂ ਦੀਆਂ ਰੰਗੀਨ ਤਸਵੀਰਾਂ ਹਨ। ਪੰਜਾਬੀ ਦੀ ਇਸ ਦਰਸ਼ਨੀ ਪੁਸਤਕ ਨੂੰ ਕਿਸੇ ਵੀ ਹੋਰ ਭਾਸ਼ਾ ਦੀਆਂ ਨੁਮਾਇਸ਼ੀ ਪੁਸਤਕਾਂ ਦੇ ਮੁਕਾਬਲੇ ਵਿਚ ਰੱਖਿਆ ਜਾ ਸਕਦਾ ਹੈ।

ਪੁਸਤਕ ਦੇ ਸਰਵਰਕ ਉਤੇ ਨਰਿੰਦਰ ਸਿੰਘ ਕਪੂਰ ਦੇ ਸ਼ਬਦ ਹਨ: ਅਮਰੀਕ ਸਿੰਘ ਭਾਗੋਵਾਲੀਆ ਨੇ ਪਹਿਲਾਂ 'ਘੋੜਿਆਂ ਵਾਲੇ ਸਰਦਾਰ' ਅਤੇ ਹੁਣ 'ਸਰਦਾਰਾਂ ਦੇ ਘੋੜੇ' ਪੁਸਤਕ ਰਚ ਕੇ ਆਪਣੇ ਸ਼ੌਕ ਨੂੰ ਕਲਾ ਬਣਾ ਵਿਖਾਇਆ ਹੈ। ਪਹਿਲਾਂ ਬਲਦਾਂ ਅਤੇ ਮਗਰੋਂ ਘੋੜਿਆਂ ਵਿਚ, ਉਸ ਦੀ ਦਿਲਚਸਪੀ ਉਸ ਦੇ ਸ਼ੌਕ ਦੀ ਅਮੀਰੀ ਅਤੇ ਨਿਰੰਤਰ ਘੋਲ-ਕਮਾਈ ਦੇ ਪ੍ਰਮਾਣ ਹਨ। ਮੈਨੂੰ ਉਸ ਦੀ ਰਚਨਾ ਦਾ ਮੀਰੀ ਗੁਣ ਇਹ ਪ੍ਰਤੀਤ ਹੋਇਆ ਹੈ ਕਿ ਉਹ ਮਨੁੱਖਾਂ ਨਾਲੋਂ ਵੀ ਘੋੜਿਆਂ ਬਾਰੇ ਵਧੇਰੇ ਸਹਿਜ ਨਾਲ ਗੱਲਾਂ ਕਰਦਾ ਹੈ। ਉਸ ਦੀ ਘੋਖਵੀਂ ਨਜ਼ਰ ਅਤੇ ਤਿੱਖੀ ਸੂਝ, ਗੁਣੀ ਘੋੜਿਆਂ ਨੂੰ ਵੇਖਣ, ਨਿਹਾਰਨ ਅਤੇ ਪਰਖਣ ਵਿਚ ਮਾਹਿਰ ਹੈ। ਉਸ ਨੂੰ ਘੋੜੇ ਪਛਾਣਨੇ ਤਾਂ ਆਉਂਦੇ ਹੀ ਹਨ, ਵੇਰਵੇ ਲੱਭਣੇ ਵੀ ਆਉਂਦੇ ਹਨ ਅਤੇ ਆਪਣੀਆਂ ਗੱਲਾਂ ਦਿਲਚਸਪ ਢੰਗ ਨਾਲ ਕਹਿਣੀਆਂ ਤੇ ਲਿਖਣੀਆਂ ਵੀ ਆਉਂਦੀਆਂ ਹਨ। ਉਸ ਨੇ ਪੰਜਾਬੀ ਭਾਸ਼ਾ ਵਿਚ ਇੱਕ ਅਣਗੌਲੇ ਖੇਤਰ ਦੀਆਂ ਸਭਿਆਚਾਰਕ ਅਤੇ ਆਰਥਿਕ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ। ਘੋੜਿਆਂ ਨੂੰ ਹਮੇਸ਼ਾ ਆਜ਼ਾਦ, ਖੁਸ਼ਹਾਲ, ਬਹਾਦਰ ਤੇ ਸੋਹਣੀਆਂ ਕੌਮਾਂ ਨੇ ਪਾਲਿਆ ਅਤੇ ਵਰਤਿਆ ਹੈ। ਜੋ ਸਵੈ-ਵਿਸ਼ਵਾਸ ਘੋੜੇ ਦੀ ਸਵਾਰੀ ਨਾਲ ਉਪਜਦਾ ਹੈ, ਉਸ ਨਾਲ ਇਤਿਹਾਸ ਵਿਚ ਗੁਲਾਮਾਂ ਤੋਂ ਬਾਦਸ਼ਾਹ ਬਣਦੇ ਵੇਖੇ ਗਏ ਹਨ। ਨਿਰਸੰਦੇਹ ਇਹ ਪੁਸਤਕ ਉਸ ਦੀ ਲਗਨ, ਮਿਹਨਤ, ਸਿਰੜ ਅਤੇ ਸਿਦਕ ਦੀ ਗਵਾਹੀ ਭਰਦੀ ਹੈ। ਜਿਵੇਂ ਕਿਸੇ ਦੀ ਬਹਾਦਰੀ ਅਤੇ ਦਲੇਰੀ ਦਾ ਹਵਾਲਾ ਸ਼ੇਰ ਨਾਲ ਦਿੱਤਾ ਜਾਂਦਾ ਹੈ, ਉਵੇਂ ਹੀ ਕਿਸੇ ਦੀ ਸੁਹਿਰਦਤਾ, ਵਫਾਦਾਰੀ, ਤੰਦਰੁਸਤੀ ਅਤੇ ਅਣਥੱਕ-ਫੁਰਤੀਲੇਪਣ ਦਾ ਹਵਾਲਾ ਘੋੜੇ ਨਾਲ ਦਿੱਤਾ ਜਾਂਦਾ ਹੈ। ਭਾਗੋਵਾਲੀਏ ਦੀਆਂ ਲਿਖਤਾਂ ਨਾ ਕੇਵਲ ਘੋੜੇ-ਪਾਲਕਾਂ ਨੂੰ ਉਤਸ਼ਾਹ ਦੇਣਗੀਆਂ, ਸਗੋਂ ਇਹ ਪਾਠਕਾਂ ਦੇ ਗਿਆਨ ਵਿਚ ਵੀ ਵਾਧਾ ਕਰਨਗੀਆਂ ਅਤੇ ਪੰਜਾਬੀਆਂ ਨੂੰ ਚੜ੍ਹਦੀ ਕਲਾ ਦਾ ਅਹਿਸਾਸ ਕਰਵਾਉਣਗੀਆਂ। ਜੇ ਉਸ ਨੇ ਪੰਜਾਬੀਆਂ ਨੂੰ ਘੋੜਿਆਂ ਸਬੰਧੀ ਧਿਆਨ ਲਗਾਉਣ ਤੇ ਸੁਚੇਤ ਕਰਨ ਦੇ ਯਤਨ ਹੋਰ ਜਾਰੀ ਰੱਖੇ ਤਾਂ ਇੱਕ ਦਿਨ ਪੰਜਾਬ ਦੇ ਘੋੜ ਸਵਾਰ ਜਵਾਨ ਅਤੇ ਮੁਟਿਆਰਾਂ ਓਲੰਪਿਕਸ ਵਿਚ ਧੁੰਮਾਂ ਪਾਉਣਗੀਆਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਹਥਲੀ ਪੁਸਤਕ ਨਾਲ ਅਮਰੀਕ ਸਿੰਘ, ਘੋੜਿਆਂ ਵਾਲਾ ਅਮਰੀਕ ਸਿੰਘ ਅਖਵਾਉਂਦਾ ਪ੍ਰਸਿੱਧ ਹੋਵੇਗਾ।

ਐਸ. ਅਸ਼ੋਕ ਭੌਰਾ ਨੇ ਅਮਰੀਕ ਸਿੰਘ ਬਾਰੇ ਲਿਖਿਆ: ਅਮਰੀਕ ਸਿੰਘ ਭਾਗੋਵਾਲੀਆ ਰਾਤੋ-ਰਾਤ ਲੇਖਕ ਨਹੀਂ ਬਣਿਆ, ਸਗੋਂ ਇਸ ਪਿਛੇ ਉਸ ਦਾ ਕਰੜਾ ਸੰਘਰਸ਼ ਅਤੇ ਘਾਲਣਾ ਹੈ। ਘਰ ਬੈਠ ਕੇ ਲਿਖਣਾ ਸੌਖਾ ਹੋ ਸਕਦਾ ਹੈ, ਪਰ ਘੁੰਮ ਫਿਰ ਕੇ ਲਿਖਣਾ ਔਖਾ ਕਾਰਜ ਹੈ। ਅਮਰੀਕ ਸਿੰਘ ਭਾਗੋਵਾਲੀਏ ਦੀ ਇਹ ਸਿਆਣਪ ਹੈ ਕਿ ਉਸ ਨੇ ਆਮ ਜ਼ਿੰਦਗੀ ਦੇ ਅਣਛੋਹੇ ਅਮੀਰ ਵਿਰਸੇ ਦੇ ਵਿਸ਼ਿਆਂ ਬਾਰੇ ਬਾਖੂਬੀ ਲਿਖਿਆ ਹੀ ਨਹੀਂ, ਸਗੋਂ ਇਨ੍ਹਾਂ ਨੂੰ ਮਾਣਿਆ ਵੀ ਹੈ। ਚੰਗੀ ਨਸਲ ਦੇ ਘੋੜਿਆਂ ਨੇ ਆਪਣੇ ਮਾਲਕਾਂ ਨੂੰ ਮਸ਼ਹੂਰ ਕੀਤਾ, ਜਦਕਿ ਭਾਗੋਵਾਲੀਏ ਨੇ ਆਪਣੀ ਕਲਮ ਰਾਹੀਂ ਇਨ੍ਹਾਂ ਦੋਵਾਂ ਨੂੰ ਪੂਰੇ ਵਿਸ਼ਵ ਵਿਚ ਚਮਕਾਇਆ ਹੈ। ਸਾਰੇ ਜਾਨਵਰਾਂ ਵਿਚੋਂ ਘੋੜਾ ਮਨੁੱਖ ਦਾ ਸਭ ਤੋਂ ਵੱਧ ਵਫਾਦਾਰ ਤੇ ਭਰੋਸੇਮੰਦ ਸਾਥੀ ਹੈ। ਇਸੇ ਕਰਕੇ ਘੋੜੇ ਤੇ ਮਰਦ ਵਿਚ ਕਾਫੀ ਸਮਾਨਤਾਵਾਂ ਹਨ। ਜੇ ਦੋਵਾਂ ਨੂੰ ਚੰਗੀ ਖੁਰਾਕ ਮਿਲਦੀ ਰਹੇ ਤਾਂ ਇਹ ਕਦੇ ਬੁੱਢੇ ਨਹੀਂ ਹੁੰਦੇ। ਇਹ ਕੰਮ ਕਰਦੇ ਹੋਏ ਕਿਸੇ ਦੀ ਪ੍ਰਵਾਹ ਨਹੀਂ



ਅਮਰੀਕ ਸਿੰਘ ਭਾਗੋਵਾਲੀਆ


ਕਰਦੇ। ਦੁੱਖ ਇਸ ਗੱਲ ਦਾ ਹੈ ਕਿ ਬੁੱਢੇਵਾਰੇ ਦੋਵੇਂ ਜਵਾਨੀ ਨੂੰ ਬਹੁਤ ਝੂਰਦੇ ਨੇ। ਮਰਦ ਦੀ ਅਗਾੜੀ ਤੇ ਘੋੜੇ ਦੀ ਪਛਾੜੀ ਨਹੀਂ ਕਰਨੀ ਚਾਹੀਦੀ। ਘੋੜਾ ਲੱਤ ਮਾਰਦੈ, ਇਸ ਦਾ ਦਵਾ ਦਾਰੂ ਤਾਂ ਹੋ ਜਾਂਦੈ ਪਰ ਮਰਦ ਤੋਂ ਬਚਿਆ ਹੀ ਰਹਿਣਾ ਚਾਹੀਦਾ ਐ, ਕਿਉਂਕਿ ਜੋ ਉਹ ਮਾਰਦੈ, ਉਸ ਅੱਗੇ ਵੈਦ ਹਕੀਮ ਵੀ ਹੱਥ ਖੜ੍ਹੇ ਕਰ ਕੇ ਕਹਿੰਦੇ ਨੇ, 'ਭਰਾਵਾ ਸਾਡੀ ਬਸ ਐ!' ਅਮਰੀਕ ਸਿੰਘ ਭਾਗੋਵਾਲੀਏ ਨੇ ਮਰਦਾਂ ਤੇ ਘੋੜਿਆਂ ਦੀਆਂ ਬਾਤਾਂ ਪਾ ਕੇ ਦੱਸਿਆ ਹੈ ਕਿ ਦੋਵਾਂ ਦਾ 'ਹੁੰਗਾਰਾ ਹੀ ਸਾਂਝਾ ਨਹੀਂ, ਬਲਕਿ ਇਹ ਸੁਭਾਅ ਪੱਖੋਂ ਵੀ ਇੱਕ ਨੇ, ਫਰਕ ਸਿਰਫ ਨਸਲ ਦਾ ਹੀ ਹੈ। ਉਸ ਨੇ ਚੰਗੀ ਨਸਲ ਦੇ ਘੋੜਿਆਂ ਦਾ ਤੁਆਰਫ ਤਾਂ ਕਰਾ ਦਿੱਤਾ ਹੈ, ਪਰ ਚੰਗੀ ਨਸਲ ਦੇ ਮਰਦਾਂ ਦਾ ਤੁਆਰਫ ਪਤਾ ਨਹੀਂ ਕਦੋਂ ਕਰਾਵੇਗਾ? ਮੈਂ ਸਮੂਹ ਘੋੜਾ ਪਾਲਕਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ 'ਸਰਦਾਰੀ' ਦੇ ਪ੍ਰਤੀਕ 'ਘੋੜੇ' ਨੂੰ ਆਪਣੇ ਅਸਤਬਲਾਂ ਤੇ ਸਟੱਡਾਂ ਦਾ ਸ਼ਿੰਗਾਰ ਬਣਾਇਆ ਹੋਇਆ ਹੈ।

ਡਾ. ਹਰਚੰਦ ਸਿੰਘ ਸਰਹਿੰਦੀ ਨੇ ਲਿਖਿਆ: 'ਘੋੜਿਆਂ ਵਾਲੇ ਸਰਦਾਰ' ਪੁਸਤਕ ਪਸ਼ੂ-ਪ੍ਰੇਮੀਆਂ ਲਈ ਖ਼ਾਸ ਕਰਕੇ ਘੋੜਿਆਂ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਇਕ ਕੀਮਤੀ ਤੋਹਫ਼ਾ ਹੈ। ਇਕ ਵੈਟਰਨਰੀ ਡਾਕਟਰ ਹੋਣ ਦੇ ਨਾਤੇ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਭਾਸ਼ਾ ਵਿਚ ਘੋੜਿਆਂ ਬਾਰੇ ਇਸ ਤੋਂ ਵਧੀਆ ਜਾਣਕਾਰੀ ਹੋਰ ਕਿਧਰੇ ਵੀ ਉਪਲੱਬਧ ਨਹੀਂ। ਅਮਰੀਕ ਸਿੰਘ ਭਾਗੋਵਾਲੀਆ ਦੀ ਲਗਨ, ਮਿਹਨਤ, ਸਿਦਕ ਤੇ ਸਿਰੜ ਦੀ ਦਾਦ ਦੇਣੀ ਬਣਦੀ ਹੈ। ਦਿਲਚਸਪ ਬੋਲੀ ਤੇ ਸ਼ੈਲੀ ਵਿਚ ਲਿਖੀ ਇਹ ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ।

### ਭਾਗੋਵਾਲ ਦਾ ਅਮਰੀਕ ਸਿੰਘ

'ਭਾਗੋਵਾਲ' ਰੂਪਨਗਰ (ਰੋਪੜ) ਜਿਲੇ ਦਾ ਨਿੱਕਾ ਜਿਹਾ ਪਿੰਡ ਹੈ, ਜੋ ਕੁਰਾਲੀ ਨਜ਼ਦੀਕ ਲੰਘੇ ਨਵੇਂ ਬਾਈਪਾਸ ਦੇ ਛਿਪਦੇ ਪਾਸੇ ਪੈਂਦਾ ਹੈ। ਇਸ ਪਿੰਡ ਦੇ ਹੋਣਹਾਰ ਨੌਜੁਆਨ ਅਮਰੀਕ ਸਿੰਘ ਭਾਗੋਵਾਲੀਆ ਨੂੰ ਬੈਲ-ਗੱਡੀਆਂ ਦੀਆਂ ਦੌੜਾਂ ਬਾਰੇ ਲਿਖਣ ਦੀ ਅਜਿਹੀ ਚੇਟਕ ਲੱਗੀ ਕਿ ਉਸ ਨੇ ਨਿੱਕੀ ਉਮਰੇ ਬਲਦਾਂ, ਘੋੜਿਆਂ, ਖੇਡਾਂ, ਸਭਿਆਚਾਰਕ ਸਰਗਰਮੀਆਂ ਅਤੇ ਹੋਰ ਵੱਖ-ਵੱਖ ਵਿਸ਼ਿਆਂ ਬਾਰੇ ਲਿਖ ਕੇ ਸਾਹਿਤਕ ਖੇਤਰ ਵਿਚ ਚੰਗਾ ਨਾਮਣਾ ਖੱਟਿਆ। ਉਸ ਦਾ ਜਨਮ ਬਾਪੂ ਕੇਸਰ ਸਿੰਘ ਤੇ ਮਾਤਾ ਕਰਮ ਕੌਰ ਦੇ ਘਰ ਪਹਿਲੀ ਜਨਵਰੀ 1969 ਨੂੰ ਹੋਇਆ। ਬਚਪਨ ਵਿਚ ਵਾਪਰੇ ਇਕ ਹਾਦਸੇ ਕਾਰਨ ਉਹ 6 ਭਰਾਵਾਂ ਤੇ ਇੱਕ ਭੈਣ ਲਈ ਹਮੇਸ਼ਾ ਲਾਡਲਾ ਬਣ ਕੇ ਰਿਹਾ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਉਸ ਨੂੰ ਹਾਇਰ ਸੈਕੰਡਰੀ ਪਾਸ ਕਰਨ ਸਾਰ ਹੀ ਕੇਂਦਰ ਸਰਕਾਰ ਦੀ ਨੌਕਰੀ ਮਿਲ ਗਈ। ਅੱਜ ਕੱਲ੍ਹ ਉਹ ਡਿਪਾਰਟਮੈਂਟ ਆਫ ਸਪੇਸ (ਐਸ. ਸੀ. ਐੱਲ. ਮੁਹਾਲੀ) ਵਿਖੇ ਬਤੌਰ ਸੀਨੀਅਰ ਟੈਕਨੀਸ਼ੀਅਨ 'ਏ' ਵਜੋਂ ਸੇਵਾ ਨਿਭਾਅ ਰਿਹਾ ਹੈ। ਉਸ ਦੀ ਪਤਨੀ ਮਨਜੀਤ ਕੌਰ ਸਰਕਾਰੀ ਅਧਿਆਪਕਾ ਤੇ ਇਕਲੌਤਾ ਬੇਟਾ ਸਹਿਜਦੀਪ ਸਿੰਘ ਬਾਰ੍ਹਵੀਂ ਜਮਾਤ ਵਿਚ ਪੜ੍ਹ ਰਿਹਾ ਹੈ। ਪਿਛਲੇ 18 ਸਾਲਾਂ ਤੋਂ ਉਸ ਨੇ ਆਪਣਾ ਰੈਣ ਬਸੇਰਾ ਕੁਰਾਲੀ ਵਿਖੇ ਕੀਤਾ ਹੋਇਆ ਹੈ।

ਪੜ੍ਹਨ-ਲਿਖਣ ਦਾ ਉਸ ਨੂੰ ਏਨਾ ਸ਼ੌਕ ਸੀ ਕਿ ਨੌਕਰੀ ਮਿਲਣ ਦੇ ਬਾਵਜੂਦ ਉਸ ਨੇ ਪੜ੍ਹਾਈ ਜਾਰੀ ਰੱਖੀ। ਉਸ ਨੇ ਗ੍ਰੈਜੂਏਸ਼ਨ ਕਰਨ ਪਿੱਛੋਂ ਪੰਜਾਬੀ, ਫਿਲਾਸਫੀ, ਪਬਲਿਕ ਐਡਮਨਿਸਟ੍ਰੇਸ਼ਨ ਤੇ ਸਮਾਜਿਕ ਵਿਗਿਆਨ ਵਿਸ਼ਿਆਂ ਵਿਚ ਮਾਸਟਰ ਡਿਗਰੀਆਂ ਹਾਸਲ ਕੀਤੀਆਂ ਅਤੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਡਿਪਲੋਮਾ ਕੀਤਾ। ਬਚਪਨ ਵਿਚ ਹੀ ਪੰਜਾਬੀ ਸਭਿਆਚਾਰ ਦੇ ਰੰਗ ਮਾਣਦਿਆਂ ਉਨ੍ਹਾਂ ਦਾ ਅਸਰ ਉਹਦੇ ਅਚੇਤ ਮਨ ਉੱਤੇ ਉਕਰਿਆ ਗਿਆ। ਪਸ਼ੂ-ਪੰਛੀਆਂ ਤੇ ਕੁਦਰਤ ਨਾਲ ਉਸ ਦਾ ਮੁੱਢ ਕਦੀਮੋਂ ਪਿਆਰ ਹੈ। ਆਪਣੇ ਬਾਪੂ ਤੇ ਵੱਡੇ ਭਰਾਵਾਂ ਦੇ ਕੰਧਾੜਿਆਂ 'ਤੇ ਚੜ੍ਹ ਕੇ ਵੇਖੇ ਮੇਲਿਆਂ ਵਿਚੋਂ ਉਹ ਅਕਸਰ ਮਿੱਟੀ ਦੇ ਖਿਡੌਣਿਆਂ ਵਿਚੋਂ ਬਲਦ, ਘੋੜੇ ਤੇ ਤੋਤੇ ਆਦਿ ਹੀ ਖਰੀਦਦਾ ਹੁੰਦਾ ਸੀ। ਆਪਣੇ ਪੈਰਾਂ 'ਤੇ ਖਲੋਣ ਪਿੱਛੋਂ ਉਸ ਨੇ ਲੁਧਿਆਣੇ ਦੇ ਪ੍ਰੋ. ਮੋਹਨ ਸਿੰਘ ਮੇਲੇ ਦੀਆਂ ਝਲਕਾਂ ਅਤੇ ਕਿਲ੍ਹਾ ਰਾਏਪੁਰ ਦੀਆਂ ਪੇਂਡੂ ਓਲੰਪਿਕ ਖੇਡਾਂ ਬਹੁਤ ਨੇੜੇ ਤੋਂ ਬੜੀ ਰੀਝ ਨਾਲ ਤੱਕੀਆਂ ਤੇ ਮਾਣੀਆਂ। ਪੜ੍ਹਨਾ ਤੇ ਲਿਖਣਾ ਉਸ ਦਾ ਨਿੱਤਨੇਮ ਬਣ ਗਿਆ। ਉਸ ਨੇ ਉੱਘੇ ਲੇਖਕਾਂ ਦੀਆਂ ਲਿਖਤਾਂ ਤੇ ਕਿਤਾਬਾਂ ਨੂੰ ਬੜੀ ਰੀਝ ਨਾਲ ਪੜ੍ਹਿਆ। ਕਿਲ੍ਹਾ ਰਾਏਪੁਰ ਦੀਆਂ ਖੇਡਾਂ ਵਿਚ ਬੈਲ-ਗੱਡੀਆਂ ਦੀਆਂ ਹੀਟ ਦੌੜਾਂ ਤੇ ਫਾਈਨਲ ਦੌੜਾਂ ਨੇ ਉਸ ਨੂੰ ਬਲਦਾਂ ਦੇ ਮਾਲਕਾਂ ਬਾਰੇ ਲਿਖਣ ਲਈ ਪ੍ਰੇਰਿਆ। ਅਖਬਾਰਾਂ ਦੇ ਸੰਪਾਦਕਾਂ ਦੀ ਹੱਲਾਸ਼ੇਰੀ ਨਾਲ ਉਸ ਨੇ ਬੈਲ-ਗੱਡੀਆਂ ਦੇ ਪ੍ਰਸਿੱਧ ਦੌੜਾਕਾਂ ਬਾਰੇ ਪੌਣੇ ਦੋ ਸੌ ਆਰਟੀਕਲ 'ਸ਼ੌਕੀ ਬਲਦਾਂ ਦੇ' ਕਾਲਮ ਹੇਠ ਲਿਖੇ। ਫਿਰ 'ਘੋੜਿਆਂ ਵਾਲੇ ਸਰਦਾਰ' ਕਾਲਮ ਅਧੀਨ 150 ਘੋੜਾ ਪਾਲਕਾਂ ਨੂੰ ਪਾਠਕਾਂ ਦੇ ਰੂਬਰੂ ਹੀ ਨਹੀਂ ਕਰਵਾਇਆ, ਸਗੋਂ ਘੋੜਿਆਂ ਦੇ ਸ਼ੌਕ ਤੇ ਵਪਾਰ ਵਿਚ ਇੱਕ ਤਰ੍ਹਾਂ ਇਨਕਲਾਬ ਲੈ ਆਂਦਾ। ਪ੍ਰਸਿੱਧ ਖਿਡਾਰੀਆਂ, ਗਾਇਕਾਂ ਤੇ







ਕਲਕਾਰਾਂ ਦੇ ਰੇਖਾ-ਚਿੱਤਰ ਲਿਖਣ ਤੋਂ ਇਲਾਵਾ ਓਲੰਪਿਕ ਤੇ ਏਸ਼ੀਅਨ ਖੇਡਾਂ ਬਾਰੇ ਲਿਖੇ ਅਨੇਕਾਂ ਫੀਚਰ ਵੀ ਉਸ ਦੇ ਚੰਗੇ ਕਾਲਮ-ਨਵੀਸ ਹੋਣ ਦੀ ਗਵਾਹੀ ਭਰਦੇ ਹਨ। ਘੋੜਿਆਂ ਸਬੰਧੀ ਉਸ ਦੀਆਂ ਤਿੰਨ ਦਰਸ਼ਨੀ ਪੁਸਤਕਾਂ 'ਘੋੜਿਆਂ ਵਾਲੇ ਸਰਦਾਰ', 'ਸਰਦਾਰਾਂ ਦੇ ਘੋੜੇ' ਤੇ 'ਘੋੜੇ ਸਰਦਾਰਾਂ ਦੇ' ਪਿਛਲੇ ਸਾਲਾਂ ਵਿਚ ਛਪ ਚੁਕੀਆਂ ਹਨ। ਭਵਿੱਖ ਵਿਚ ਘੋੜਿਆਂ ਬਾਰੇ ਦੋ ਪੁਸਤਕਾਂ ਹੋਰ ਅਤੇ 'ਸ਼ੌਂਕੀ ਬਲਦਾਂ ਦੇ' ਪੁਸਤਕ ਲਈ ਖਰੜੇ ਤਿਆਰ ਹਨ। ਉਸ ਨੇ ਲਿਖਿਆ:

ਘੋੜਾ ਜੋ ਪਹਿਲਾਂ ਜੰਗਲੀ ਜਾਨਵਰ ਹੁੰਦਾ ਸੀ, ਮਨੁੱਖ ਨੇ 4000 ਬੀ. ਸੀ. ਦੇ ਆਸ-ਪਾਸ ਘਰੇਲੂ ਤੇ ਪਾਲਤੂ ਜਾਨਵਰ ਵਜੋਂ ਅਪਨਾਇਆ। ਇਕ ਘੋੜੀ ਗਰਭ ਧਾਰਨ ਤੋਂ 11 ਮਹੀਨਿਆਂ ਬਾਅਦ ਆਪਣੇ ਬੱਚੇ ਨੂੰ ਜਨਮ ਦਿੰਦੀ ਹੈ, ਜਿਸ ਨੂੰ ਵਛੇਰਾ ਜਾਂ ਵਛੇਰੀ ਕਿਹਾ ਜਾਂਦਾ ਹੈ। ਇਸ ਦਾ ਨਵਾਂ ਜੰਮਿਆ ਬੱਚਾ ਜਿਥੇ ਜਨਮ ਤੋਂ ਹੀ ਖੜ੍ਹਾ ਹੋ ਜਾਂਦਾ ਹੈ, ਉਥੇ ਇਹ ਥੋੜ੍ਹਾ ਭੱਜਣ ਦੇ ਸਮਰੱਥ ਵੀ ਹੁੰਦਾ ਹੈ। ਇਕ ਘੋੜੀ ਪੰਦਰਾਂ ਤੋਂ ਤੀਹ ਤਕ ਸੂਏ ਦੇ ਸਕਦੀ ਹੈ। ਘੋੜੇ ਦੀ ਉਮਰ 20-50 ਸਾਲ ਵਿਚਕਾਰ ਹੁੰਦੀ ਹੈ। ਕੁੱਤੇ ਦੀ ਉਮਰ ਲਗਭਗ ਦਸ ਸਾਲ ਹੁੰਦੀ ਹੈ। ਇਸੇ ਕਰਕੇ ਘੋੜੇ ਨੂੰ ਕੁੱਤੇ ਨਾਲੋਂ ਲੰਮਾ ਸਾਥੀ ਮੰਨਿਆ ਜਾਂਦਾ ਹੈ। ਘੋੜੇ ਦੀਆਂ ਔਸਤਨ 205 ਹੱਡੀਆਂ ਹੁੰਦੀਆਂ ਹਨ। ਸਾਢੇ ਚਾਰ ਕੁਇੰਟਲ ਵਜ਼ਨੀ ਘੋੜਾ 7 ਕਿਲੋਗਰਾਮ ਤੋਂ 11 ਕਿਲੋਗਰਾਮ ਖੁਰਾਕ ਖਾਂਦਾ ਹੈ ਅਤੇ 38 ਤੋਂ 45 ਲੀਟਰ ਤਕ ਪਾਣੀ ਪੀਂਦਾ ਹੈ। ਮਨੁੱਖ ਦੇ ਉਲਟ ਘੋੜੇ ਦੀ ਨੀਂਦ ਗੂੜ੍ਹੀ ਨਹੀਂ ਹੁੰਦੀ ਤੇ ਉਹ ਖੜ੍ਹਾ-ਖੜ੍ਹਾ ਹੀ ਸੌਂ ਲੈਂਦਾ ਹੈ!

ਪੰਜਾਬੀ ਦੇ ਸਾਹਿਤਕ ਖੇਤਰ ਵਿਚ 'ਖੇਡ ਸਾਹਿਤ' ਦਾ ਇੱਕ ਵੱਖਰਾ ਰੂਪ ਆਣ ਜੁੜਿਆ ਹੈ, ਜੋ ਖੇਡ ਜਗਤ ਲਈ ਸ਼ੁਭ ਸ਼ਗਨ ਹੈ। ਖੇਡ ਜਗਤ ਅੰਦਰ ਖੇਡ ਲੇਖਕਾਂ ਦਾ ਰੋਲ ਢਾਡੀਆਂ ਵਰਗਾ ਹੁੰਦਾ ਹੈ। ਜਿਸ ਤਰ੍ਹਾਂ ਜੰਗ ਵਿਚ ਢਾਡੀ ਬੀਰ ਰਸੀ ਵਾਰਾਂ ਗਾ ਕੇ ਫੌਜਾਂ ਦਾ ਹੌਸਲਾ ਤੇ ਮਨੋਬਲ ਵਧਾ ਦਿੰਦੇ ਹਨ, ਠੀਕ ਇਸੇ ਤਰ੍ਹਾਂ ਖੇਡ ਲੇਖਕ ਖਿਡਾਰੀਆਂ ਨੂੰ ਵਧੀਆ ਖੇਡਣ ਅਤੇ ਸਰਕਾਰਾਂ ਨੂੰ ਚੰਗੀਆਂ ਤੇ ਵਧੀਆ ਖੇਡ ਨੀਤੀਆਂ ਘੜਨ ਲਈ ਰਾਹ ਦਸੇਰੇ ਬਣਦੇ ਹਨ। ਆਮ ਪਾਠਕਾਂ ਲਈ ਖੇਡ ਫੀਚਰ ਇੱਕ ਸਾਧਾਰਨ ਲਿਖਤ ਹੁੰਦੀ ਹੈ, ਪਰ ਇੱਕ ਨਿੱਕਾ ਜਿਹਾ ਪ੍ਰਸ਼ੰਸਾਮਈ ਖੇਡ ਆਰਟੀਕਲ ਕਿਸੇ ਖਿਡਾਰੀ ਦੀ ਜ਼ਿੰਦਗੀ ਹੀ ਬਦਲ ਦਿੰਦਾ ਹੈ। ਇੱਕ ਵਾਰੀ ਭਾਗੋਵਾਲੀਏ ਨੇ 'ਮਿਸਟਰ ਵਰਲਡ ਬਾਡੀ ਬਿਲਡਰ ਰਮਾਕਾਂਤ' ਬਾਰੇ ਇੱਕ ਆਰਟੀਕਲ ਅਖਬਾਰ ਵਿਚ ਲਿਖਿਆ ਸੀ, ਜਿਸ ਨੂੰ ਹੁਸ਼ਿਆਰਪੁਰ ਦੇ ਨੌਜਵਾਨ ਬਲਵਿੰਦਰ ਬੱਲੀ ਨੇ ਕੱਟ ਕੇ ਆਪਣੇ ਪਰਸ ਵਿਚ ਪ੍ਰੇਰਨਾ ਵਜੋਂ ਸਾਂਭ ਲਿਆ। ਜਦੋਂ ਬੱਲੀ ਨੇ ਰਾਮਾਕਾਂਤ ਦੀ ਦੇਖ-ਰੇਖ ਹੇਠ ਸਖਤ ਮਿਹਨਤ ਕਰਦਿਆਂ ਮਿਸਟਰ ਇੰਡੀਆ ਦਾ ਖਿਤਾਬ ਜਿੱਤਿਆ ਤਾਂ ਉਸ ਨੇ ਅਖਬਾਰ ਦੀ ਉਹੀ ਕਟਿੰਗ ਫਰੇਮ ਵਿਚ ਜੜਵਾ ਕੇ ਆਪਣੇ ਰੋਲ ਮਾਡਲ ਸ੍ਰੀ ਰਮਾਕਾਂਤ ਨੂੰ ਸਨਮਾਨ ਵਜੋਂ ਭੇਟ ਕੀਤੀ।

ਲੋਕ ਅਕਸਰ ਉਸ ਨੂੰ ਪੁੱਛਦੇ ਹਨ ਕਿ ਬਲਦਾਂ ਤੇ ਘੋੜਿਆਂ ਬਾਰੇ ਲਿਖਦਿਆਂ ਤੈਨੂੰ ਕੀ ਮਿਲਦੈ? ਤਾਂ ਉਸ ਦਾ ਇਕੋ ਜਵਾਬ ਹੁੰਦੈ ਕਿ ਜੋ ਕੁਝ ਕਿਸੇ ਨੂੰ ਕਰੋੜਾਂ-ਅਰਬਾਂ ਰੁਪਏ ਖਰਚ ਕੇ ਵੀ ਨਹੀਂ ਮਿਲਦਾ, ਉਹ ਮੈਨੂੰ ਮੁਫਤ 'ਚ ਮਿਲ ਜਾਂਦਾ। ਇਸ ਖੇਤਰ ਵਿਚ ਤਕਰੀਬਨ ਜਿੰਨੀਆਂ ਵੀ ਸ਼ਖਸੀਅਤਾਂ ਉਸ ਦੇ ਸੰਪਰਕ ਵਿਚ ਆਈਆਂ, ਉਨ੍ਹਾਂ ਨਾਲ ਉਸ ਦੇ ਪਰਿਵਾਰਕ ਸਬੰਧ ਬਣ ਗਏ ਹਨ। ਹੋਰ ਤਾਂ ਹੋਰ, ਕਈ ਵਾਰ ਬਲਦ ਤੇ ਘੋੜਾ ਪਾਲਕਾਂ ਦੇ ਰਿਸ਼ਤਿਆਂ ਦੀ ਪੁੱਛ-ਪੜਤਾਲ ਲਈ ਵੀ ਉਸ ਨੂੰ ਫੋਨ ਆਉਂਦੇ ਹਨ। ਉਸ ਦੇ ਉਕਤ ਆਰਟੀਕਲਾਂ ਵਿਚ ਘੋੜੇ ਜਾਂ ਬਲਦ ਪਾਲਕ ਦੇ ਪਿਛੋਕੜ ਬਾਰੇ ਜ਼ਿਕਰ ਹੁੰਦੈ, ਜਿਸ ਨਾਲ ਉਨ੍ਹਾਂ ਦੇ ਕਈ ਜਾਣਕਾਰਾਂ ਦਾ ਪਾਕਿਸਤਾਨ ਦੇ ਵਿਛੜਨ ਤੋਂ ਬਾਅਦ ਮੁੜ ਮੇਲ-ਜੋਲ ਹੋਇਆ। ਇਸ ਨੂੰ ਉਹ ਵੱਡਾ ਪੁੰਨ ਦਾ ਕਾਰਜ ਸਮਝਦਾ ਹੈ। ਇਸ ਤਰ੍ਹਾਂ ਦੇ ਅਨੇਕਾਂ ਹੋਰ ਕਿੱਸੇ ਉਸ ਦੀ ਕਲਮ ਨਾਲ ਜੁੜੇ ਹੋਏ ਹਨ। ਉਸ ਦਾ ਕਹਿਣਾ ਹੈ ਕਿ ਬਲਦਾਂ ਤੇ ਘੋੜਿਆਂ ਦੀ ਦੌੜਾਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਧੀਨ ਸਰਕਾਰੀ ਮਾਨਤਾ ਦੁਆਰਾ ਹੋਣੀਆਂ ਚਾਹੀਦੀਆਂ ਹਨ। ਪੰਜਾਬ ਸਰਕਾਰ ਨੂੰ ਘੋੜਿਆਂ ਦੇ ਸਟੱਡ ਫਾਰਮ ਇੱਕ ਟੂਰਿਜ਼ਮ ਸਥਾਨ ਵਜੋਂ ਵਿਕਸਿਤ ਕਰਨ ਲਈ ਉਪਰਾਲੇ ਕਰਨ ਦੀ ਲੋੜ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ ਘੋੜਿਆਂ ਦਾ ਹਰ ਸਾਲ ਮਾਘੀ ਦਾ ਵੱਡਾ ਮੇਲਾ ਹੁੰਦਾ ਹੈ। ਪੰਜਾਬ ਸਰਕਾਰ ਨੂੰ ਸ੍ਰੀ ਮੁਕਤਸਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਮੁਹਾਲੀ ਵਿਖੇ ਘੋੜਿਆਂ ਦੀਆਂ ਆਧੁਨਿਕ ਸਹੂਲਤਾਂ ਵਾਲੀਆਂ ਪੱਕੀਆਂ ਮੰਡੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਦੂਸਰੇ ਰਾਜਾਂ ਤੋਂ ਆਉਣ ਵਾਲੇ ਵਪਾਰੀਆਂ ਅਤੇ ਘੋੜਾ ਪ੍ਰੇਮੀਆਂ 'ਤੇ ਇਸ ਦਾ ਵਧੀਆ ਪ੍ਰਭਾਵ ਪੈ ਸਕੇ। ਇਸ ਨਾਲ ਪੰਜਾਬ ਵਿਚ ਘੋੜਿਆਂ ਦਾ ਵਪਾਰ ਹੋਰ ਵਧੇਗਾ।

### ਬੈਲ-ਗੱਡੀਆਂ ਦੀਆਂ ਦੌੜਾਂ ਦਾ ਸ਼ੌਕੀਨ

ਸੱਚੀ ਗੱਲ ਹੈ, ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਅਮਰੀਕ ਭਾਗੋਵਾਲੀਆ 1995 ਤੋਂ ਕਾਪੀ, ਕੈਮਰਾ ਚੁੱਕੀ ਬਲਦਾਂ ਦੀਆਂ ਦੌੜਾਂ ਲੁਆਉਣ ਵਾਲਿਆਂ ਮਗਰ ਦੌੜਦਾ ਆ ਰਿਹੈ। ਉਸ ਨੇ ਸੈਂਕੜੇ ਪਿੰਡ ਗਾਹੇ ਤੇ ਸੈਂਕੜੇ ਬੈਲ-ਗੱਡੀਆਂ ਦੀਆਂ ਦੌੜਾਂ ਅੱਖੀਂ ਵੇਖੀਆਂ। ਤਬੇਲਿਆਂ ਵਿਚ ਵੱਛਿਆਂ ਤੇ ਬਲਦਾਂ ਦੀ ਪਾਲਣਾ ਪੁੱਤਰਾਂ ਵਾਂਗ ਹੁੰਦੀ ਵੇਖੀ ਤੇ ਫਿਰ ਬੜੀ ਮਿਹਨਤ ਨਾਲ ਬਲਦਾਂ ਦੇ ਸ਼ੌਕੀਨਾਂ ਲਈ ਪੁਸਤਕ 'ਸ਼ੌਂਕੀ ਬਲਦਾਂ ਦੇ' ਤਿਆਰ ਕੀਤੀ, ਜੋ ਬੈਲ-ਗੱਡੀਆਂ ਵਾਲਿਆਂ ਲਈ ਅਨਮੋਲ ਤੋਹਫਾ ਹੋਵੇਗੀ! ਇਹ ਬੈਲ-ਗੱਡੀਆਂ ਤੇ ਹਲਟ ਦੌੜਾਂ ਦੇ ਬਲਦਾਂ ਦਾ ਮਹਾਨ ਕੋਸ਼ ਹੈ। ਪਾਠਕ ਇਸ ਪੁਸਤਕ ਰਾਹੀਂ ਤੇਜ਼ ਤੋਂ ਤੇਜ਼ ਦੌੜਨ ਵਾਲੇ ਬਲਦਾਂ ਦੀ ਦੁਨੀਆਂ ਦੇ ਦਰਸ਼ਨ ਘਰ ਬੈਠਿਆਂ ਹੀ ਕਰ ਸਕਣਗੇ। ਬਲਦਾਂ ਦੇ ਸ਼ੌਕੀਨਾਂ ਦੀਆਂ ਕਈ ਗੱਲਾਂ ਕਮਾਲ ਦੀਆਂ ਹਨ:

ਢੰਡਾਰੀ ਕਲਾਂ ਦੇ ਗੁਰਬਚਨ ਸਿੰਘ ਬਾਰੇ ਲਿਖਿਆ ਗਿਆ ਹੈ ਕਿ ਉਸ ਦਾ ਪਿਤਾ ਹਰਚੰਦ ਸਿੰਘ ਬਲਦਾਂ 'ਚ ਜੰਮਿਆ, ਬਲਦਾਂ 'ਚ ਜੁਆਨ ਹੋਇਆ ਤੇ ਬਲਦਾਂ ਵਿਚ ਹੀ ਫੌਤ ਹੋਇਆ। ਉਸ ਨੇ ਆਪਣੇ ਬਲਦਾਂ ਨਾਲ ਬੁਨੈਣਾਂ ਤੇ ਲਾਲਟੈਣਾਂ ਤੋਂ ਲੈ ਕੇ ਮੋਟਰ ਸਾਈਕਲਾਂ ਤਕ ਦੇ ਇਨਾਮ ਜਿੱਤੇ। ਗੁਰਬਚਨ ਸਿੰਘ ਨੇ ਚੌਦਾਂ ਸਾਲ ਦੀ ਉਮਰ ਵਿਚ ਆਪਣੇ ਬਾਪੂ ਨਾਲ ਜਾ ਕੇ 1891 ਵਿਚ ਮਾਣਕੀ ਵਾਲਾ ਬਲਦ 82 ਹਜ਼ਾਰ ਵਿਚ ਖਰੀਦਿਆ ਸੀ। ਫਿਰ ਲੱਖਾਂ ਰੁਪਿਆਂ ਦੇ ਚੜ੍ਹਦੇ ਤੋਂ ਚੜ੍ਹਦੇ ਬਲਦ ਖਰੀਦੇ ਤੇ ਲੱਖਾਂ ਦੇ ਇਨਾਮ ਜਿੱਤੇ। 1980 ਤੋਂ 2009 ਤਕ ਉਸ ਨੇ 80 ਲੱਖ ਰੁਪਏ ਬਲਦਾਂ 'ਤੇ ਖਰਚੇ। ਛਿੰਦੇ ਤੋਂ ਧਲੇਰੀਆ ਬਲਦ ਸਵਾ ਤਿੰਨ ਲੱਖ ਰੁਪਏ ਦਾ, ਬੌੜਹਾਈ ਵਾਲਾ ਬਲਦ ਛੇ ਲੱਖ ਦਾ, ਮਕਸੂਦੜੇ ਵਾਲਾ ਸਵਾ ਤਿੰਨ ਲੱਖ ਦਾ, ਭਮਾਰਸੀ ਤੋਂ ਢਾਈ ਲੱਖ ਦਾ, ਜਰਗੜੀ ਤੋਂ ਛੇ ਲੱਖ ਦਾ ਤੇ ਕੋਟ ਵਾਲਾ ਕਾਲਾ ਬਲਦ ਪੰਜ ਲੱਖ ਰੁਪਏ ਦਾ ਖਰੀਦਆ। ਭੀਮੇ ਸਹੇੜੀ ਦਾ ਬਲਦ ਦੋ ਲੱਖ ਦਸ ਹਜ਼ਾਰ ਤੇ ਸ਼ੇਰਪੁਰੀਆ ਬੈਲ ਦੋ ਲੱਖ ਸੱਠ ਹਜ਼ਾਰ ਰੁਪਏ ਦੇ ਕੇ ਦੌੜਾਂ 'ਚ ਭਜਾਏ। ਜਿਵੇਂ ਜਿਵੇਂ ਉਹ ਬਲਦਾਂ 'ਤੇ ਪੈਸਾ ਲਾਉਂਦਾ ਗਿਆ, ਬਲਦ ਉਸ ਦਾ ਘਰ ਭਰਦੇ ਗਏ।

ਹੁਣ ਵੀ ਉਸ ਦੇ ਤਬੇਲੇ ਵਿਚ ਸਾਢੇ ਛੇ ਲੱਖ ਦਾ ਜਰਗੜੀ ਵਾਲਾ, ਪੰਜ ਲੱਖ ਦਾ ਕਾਲਖਾਂ ਵਾਲਾ ਤੇ ਦੋ ਲੱਖ ਦਾ ਧਨੌਰੀਆ ਬਲਦ ਕਿੱਲਿਆਂ 'ਤੇ ਬੱਝੇ ਹੋਏ ਹਨ। ਉਸ ਦੇ ਬਲਦ ਸੋਲਾਂ ਮੋਟਰ

***(ਬਾਕੀ ਸਫਾ 28 ਉਤੇ)***

# ਬੈਚ ਫੁੱਲ ਸਕਲੇਰੈਂਥਸ: ਦੋਚਿੱਤੀ

ਸੇਕਸ਼ਪੀਅਰ ਦੇ ਡਰਾਮੇ ਹੈਮਲਿਟ (Hamlet) ਦਾ ਇਹ ਆਪਾ-ਸੰਵਾਦ (Soliloquy), "ਬਣੀਏ ਜਾਂ ਨਾ ਬਣੀਏ" ਭਾਵ 'ਕਰੀਏ ਜਾਂ ਨਾ ਕਰੀਏ', ਇਕ ਮੁਹਾਵਰੇ ਦਾ ਰੂਪ ਧਾਰਨ ਕਰ ਗਿਆ ਹੈ। ਇਹ ਮਨੁੱਖ ਦੀ ਉਸ ਮਨੋ-ਦਸ਼ਾ ਨੂੰ ਪੇਸ਼ ਕਰਦਾ ਹੈ, ਜਿਸ ਵਿਚ ਉਹ ਡਟ ਕੇ ਕੋਈ ਫੈਸਲਾ ਨਹੀਂ ਲੈ ਸਕਦਾ। ਉਸ ਦੀ ਰੂਹ ਦੋ ਭਾਗਾਂ ਵਿਚ ਵੰਡੀ ਰਹਿੰਦੀ ਹੈ। ਇਕ ਪੱਖ ਫੈਸਲੇ ਦੇ ਹੱਕ ਵਿਚ ਹੁੰਦਾ ਹੈ ਤੇ ਦੂਜਾ ਇਸ ਦਾ ਵਿਰੋਧ ਕਰਦਾ ਹੈ। ਫਲਸਰੂਪ ਉਸ ਦੀ ਹਾਲਤ ਕੰਧ ਘੜੀ ਦੇ ਪੈਂਡੂਲਮ ਜਿਹੀ ਹੋ ਜਾਂਦੀ ਹੈ, ਜੋ ਇਕੋ ਥਾਂ ਖੜ੍ਹਿਆ ਹਿੱਲੀ ਜਾਂਦਾ ਹੈ, ਪਰ ਕਿਸੇ ਪਾਸੇ ਪੈਰ ਨਹੀਂ ਪੁੱਟਦਾ। ਇਹ ਸਥਿਤੀ ਕਿਸੇ ਤਰ੍ਹਾਂ ਵੀ ਪ੍ਰਗਤੀਸ਼ੀਲ ਨਹੀਂ, ਕਿਉਂਕਿ ਇਸ ਦਾ ਝੁਕਾਅ ਖੜੋਤ ਵਲ ਹੈ। ਪਰੰਪਰਾਗਤ ਦਵਾਈ-ਪ੍ਰਣਾਲੀਆਂ ਵਿਚ ਇਸ ਸਮੱਸਿਆ ਦਾ ਕੋਈ ਇਲਾਜ ਨਹੀਂ। ਇਸੇ ਕਰਕੇ ਨਾ ਇਸ ਨੂੰ ਬਿਮਾਰੀ ਸਮਝਿਆ ਜਾਂਦਾ ਹੈ ਤੇ ਨਾ ਇਸ ਵਿਚ ਫਸੇ ਆਦਮੀ ਨੂੰ ਦਵਾਈ ਦਾਰੂ ਲਈ ਹਸਪਤਾਲ ਲਿਜਾਇਆ ਜਾਂਦਾ ਹੈ। ਇਸ ਨੂੰ ਉਸ ਦਾ ਸੁਭਾਅ ਜਾਂ ਆਦਤ ਸਮਝ ਕੇ ਛੱਡ ਦਿੱਤਾ ਜਾਂਦਾ ਹੈ।

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਇਸ ਆਦਤ ਨੂੰ ਇਸ ਕਰਕੇ ਵੀ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਕਿ ਇਸ ਦਾ ਧਾਰਕ ਇਸ ਦੀ ਤਕਲੀਫ ਨੂੰ ਆਪਣੇ ਤੌਰ 'ਤੇ ਭੁਗਤਣਾ ਚਾਹੁੰਦਾ ਹੈ। ਫੈਸਲਾ ਲੈਣ ਲੱਗਿਆਂ ਜੱਕੋ-ਤੱਕੀ ਵਿਚ ਪੈ ਜਾਣਾ ਉਸ ਦੀ ਆਪਣੀ ਸਮੱਸਿਆ ਹੈ। ਜੇ ਉਹ ਫੈਸਲਾ ਨਹੀਂ ਲੈ ਸਕਦਾ ਤਾਂ ਕਿਸੇ ਹੋਰ ਦਾ ਫੈਸਲਾ ਉਸ ਦੀ ਥਾਂ ਕੰਮ ਕਰਨ ਲਗੇਗਾ। ਭਾਵ ਜੇ ਉਹ ਇਹ ਨਿਰਣਾ ਨਾ ਕਰ ਸਕੇ ਕਿ ਸਵੇਰ ਵੇਲੇ ਸੈਰ ਨੂੰ ਜਾਵੇ ਜਾਂ ਨਾ ਜਾਵੇ, ਤਾਂ ਉਸ ਦੀ ਪਤਨੀ ਉਸ ਨੂੰ ਬੱਚੇ ਦਾ ਹੋਮ-ਵਰਕ ਕਰਾਉਣ ਲਈ ਬਿਠਾ ਦੇਵੇਗੀ। ਉਹ ਉਸ ਦੇ ਇਸ ਫੈਸਲੇ ਨੂੰ ਮੰਨ ਕੇ ਸਮੇਂ ਦੇ ਸਮੇਂ ਦੁਵਿਧਾ ਵਿਚੋਂ ਨਿਕਲ ਜਾਵੇਗਾ। ਉਹ ਇਸ ਦਾ ਨਫਾ ਨੁਕਸਾਨ ਆਪ ਭੁਗਤਦਾ ਹੈ ਤੇ ਹਿੰਸਕ ਹੋਏ ਬਗੈਰ ਆਪਣੀ ਸਥਿਤੀ ਨਾਲ ਆਪ ਸੁਲਝਦਾ ਹੈ। ਭਾਵੇਂ ਉਹ ਕਿਸੇ ਦਾ ਨੁਕਸਾਨ ਨਹੀਂ ਕਰਦਾ, ਪਰ ਇਸ ਦਾ ਭਾਵ ਇਹ ਨਹੀਂ ਕਿ ਉਸ ਦਾ ਇਹ ਸੁਭਾਅ ਚੰਗਾ ਹੈ ਜਾਂ ਲਾਇਲਾਜ ਹੈ। ਬੈਚ ਫੁੱਲ ਦਵਾਈ ਸਕਲੇਰੈਂਥਸ (Scleranthus) ਅਜਿਹੇ ਵਿਅਕਤੀ ਨੂੰ ਸੰਪੂਰਨ ਰਾਹਤ ਦਿੰਦੀ ਹੈ। ਇਸ ਉਪ੍ਰੰਤ ਉਹ ਆਪਣੇ ਮਸਲਿਆਂ ਵਿਚ ਆਪ ਹੀ ਆਪਣਾ ਦੋ-ਟੁਕ ਫੈਸਲਾ ਕਰਨ ਦੇ ਕਾਬਲ ਹੋ ਜਾਵੇਗਾ।

ਇਸ ਫੁੱਲ ਦਵਾਈ ਦੇ ਲੱਛਣ ਬਿਆਨ ਕਰਦਿਆਂ ਡਾ. ਬੈਚ ਲਿਖਦੇ ਹਨ, "ਇਹ ਉਨ੍ਹਾਂ ਲਈ ਹੈ, ਜੋ ਦੋ ਚੀਜ਼ਾਂ ਵਿਚਕਾਰ ਫੈਸਲਾ ਕਰਨ ਵੇਲੇ ਇਸ ਗੱਲ ਤੋਂ ਬਹੁਤ ਪ੍ਰੇਸ਼ਾਨ ਰਹਿੰਦੇ ਹਨ ਕਿ ਪਹਿਲਾਂ ਉਨ੍ਹਾਂ ਨੂੰ ਇਕ ਚੀਜ਼ ਚੰਗੀ ਲਗਦੀ ਹੈ ਤੇ ਬਾਅਦ ਵਿਚ ਦੂਜੀ। ਉਹ ਆਮ ਤੌਰ 'ਤੇ ਸ਼ਾਂਤੀ ਪਸੰਦ ਲੋਕ ਹੁੰਦੇ ਹਨ ਤੇ ਆਪਣੀ ਤਕਲੀਫ ਆਪ ਹੀ ਜਰਦੇ ਹਨ, ਕਿਉਂਕਿ ਉਹ ਇਸ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕਰਦੇ।" ਡਾ. ਬੈਚ ਦਾ ਇਹ ਵਰਨਣ ਆਮ ਵਾਂਗ ਸੰਖੇਪ ਤੇ ਭਾਵਪੂਰਨ ਹੈ। ਇਸ ਦਾ ਵਿਸਥਾਰਪੂਰਵਕ ਵਰਨਣ ਕਰਦਿਆਂ ਤਿੰਨ ਮੁੱਖ ਗੱਲਾਂ ਸਪਸ਼ਟ ਹੁੰਦੀਆਂ ਹਨ। ਪਹਿਲੀ ਇਹ ਕਿ ਇਹ ਉਨ੍ਹਾਂ ਲੋਕਾਂ ਲਈ ਹੈ, ਜੋ ਪ੍ਰੇਸ਼ਾਨ ਰਹਿੰਦੇ ਹਨ। ਪ੍ਰੇਸ਼ਾਨੀ ਰੋਗ ਦੀ ਨਿਸ਼ਾਨੀ ਹੈ ਤੇ ਇਹ ਫੁੱਲ ਦਵਾਈ ਇਸ ਰੋਗ ਦੀ ਦਾਰੂ ਹੈ। ਦੂਜੇ, ਇਹ ਕੋਈ ਸਾਧਾਰਨ ਪ੍ਰੇਸ਼ਾਨੀ ਨਹੀਂ, ਜੋ ਉਨ੍ਹਾਂ ਨੂੰ ਕਿਸੇ ਬਾਹਰਲੇ ਕਾਰਨ ਕਰ ਕੇ ਹੁੰਦੀ ਹੈ। ਇਹ ਉਨ੍ਹਾਂ ਦੀ ਮਾਨਸਿਕ ਸਮੱਸਿਆ ਕਰ ਕੇ ਹੈ, ਜੋ ਅੰਦਰੂਨੀ ਕਾਰਨਾਂ ਨਾਲ ਜੁੜੀ ਹੁੰਦੀ ਹੈ। ਇਸ ਲਈ ਸਕਲੇਰੈਂਥਸ ਵੀ ਦੂਜੀਆਂ ਫੁੱਲ ਦਵਾਈਆਂ ਵਾਂਗ ਇਕ ਮਾਨਸਿਕ ਦਵਾਈ ਹੈ, ਜੋ ਇਕ ਖਾਸ ਤਰ੍ਹਾਂ ਦੀ ਆਦਤ ਜਾਂ ਸੁਭਾਅ ਨੂੰ ਠੀਕ ਕਰਦੀ ਹੈ। ਤੀਜੇ, ਇਹ ਮਾਨਸਿਕ ਪ੍ਰੇਸ਼ਾਨੀ ਰੋਗੀ ਨੂੰ ਫੈਸਲੇ ਲੈਣ ਵੇਲੇ ਆਉਂਦੀ ਹੈ। ਇਹ ਤਾਂ ਸਾਫ ਹੈ ਕਿ ਤਰਕ-ਸੰਗਤ ਫੈਸਲੇ ਲੈਣਾ ਸਿਰਫ ਤੇ ਸਿਰਫ ਮਾਨਵ ਜਾਤੀ ਦਾ ਵਿਲੱਖਣ ਕਾਰਜ ਹੈ, ਜੋ ਉਸ ਨੂੰ ਦੂਜੀਆਂ ਜੀਵ ਜਾਤੀਆਂ ਨਾਲੋਂ ਵੱਖ ਕਰਦਾ ਹੈ। ਹਰ ਵਿਅਕਤੀ ਸਵੇਰ ਤੋਂ ਲੈ ਕੇ ਸ਼ਾਮ ਤੀਕ ਛੋਟੇ ਵੱਡੇ ਕਈ ਫੈਸਲੇ ਲੈਂਦਾ ਹੈ, ਜਿਨ੍ਹਾਂ ਦਾ ਉਸ ਦੇ ਜੀਵਨ ਨਾਲ ਗਹਿਰਾ ਸਬੰਧ ਹੁੰਦਾ ਹੈ। ਇਹ ਫੈਸਲੇ ਖਾਣ-ਪੀਣ, ਆਉਣ-ਜਾਣ, ਪੜ੍ਹਨ-ਲਿਖਣ, ਮਿਲਣ-ਜੁਲਣ ਆਦਿ ਬਾਰੇ ਹੁੰਦੇ ਹਨ। ਅਜਿਹੇ ਫੈਸਲੇ ਲੈਣ ਬਾਰੇ ਮਨੁੱਖ ਕਈ ਤਰ੍ਹਾਂ ਦੇ ਉਪਲਭਦ ਵਿਕਲਪਾਂ ਵਿਚੋਂ ਇਕ ਨੂੰ ਚੁਣਦਾ ਹੈ, ਜੋ ਉਸ ਨੂੰ ਪਸੰਦ ਹੋਵੇ ਜਾਂ ਜੋ ਉਸ ਦੇ ਹਿੱਤਾਂ ਭਾਵ ਉਦੇਸ਼ਾਂ ਦੀ ਪੂਰਤੀ ਕਰਨ ਵਾਲਾ ਹੋਵੇ। ਅਜਿਹੇ ਫੈਸਲੇ ਵਿਚ ਹੀ ਉਸ ਦੀ ਸੁਤੰਤਰਤਾ ਛੁਪੀ ਹੁੰਦੀ ਹੈ ਅਤੇ ਇਹੀ ਉਸ ਦੀ ਮਾਨਵ-ਸ਼ਕਤੀ ਤੇ ਪ੍ਰਗਤੀ ਦਾ ਪ੍ਰਤੀਕ ਹੁੰਦਾ ਹੈ। ਜੇ ਉਹ ਆਪਣੇ ਫੈਸਲੇ ਸਹੀ ਢੰਗ ਨਾਲ ਨਾ ਲੈ ਸਕੇ ਤਾਂ ਉਹ ਦੀ ਸੁਤੰਤਰਤਾ ਤੇ ਪ੍ਰਗਤੀ ਢਹਿ ਢੇਰੀ ਹੋ ਜਾਣਗੀਆਂ ਤੇ ਉਹ ਮਾਨਵ ਤੋਂ ਅਮਾਨਵ ਪੱਧਰ 'ਤੇ ਡਿਗ ਜਾਵੇਗਾ। ਇਸ ਨਾਲ ਸਿਰਫ ਉਸ ਇਕੱਲੇ ਨੂੰ ਹੀ ਸੱਟ ਨਹੀਂ ਵੱਜੇਗੀ, ਸਗੋਂ ਸਾਰਾ ਸਮਾਜ ਤੇ ਸਾਰਾ ਵਿਸ਼ਵ ਇਸ ਤੋਂ ਪ੍ਰਭਾਵਤ ਹੋਵੇਗਾ, ਕਿਉਂਕਿ ਸੰਸਾਰ ਅੰਦਰੋਂ ਇਕ ਵਿਸਾਲ ਵਿਅਕਤੀ ਸਮੂਹ ਹੀ ਤਾਂ ਹੈ।

ਮੁੱਕਦੀ ਗੱਲ ਇਹ ਕਿ ਸਕਲੇਰੈਂਥਸ ਦੇ ਮਰੀਜ਼ ਆਪਣੇ ਵਿਕਲਪ ਚੁਣਦੇ ਹੋਏ ਸਹੀ ਫੈਸਲੇ ਨਹੀਂ ਲੈ ਸਕਦੇ। ਇਸ ਦਾ ਭਾਵ ਇਹ ਨਹੀਂ ਕਿ ਇਹ ਫੁੱਲ ਦਵਾਈ ਸਹੀ ਫੈਸਲੇ ਕਰਾਉਣ ਦੀ ਦਵਾਈ ਹੈ। ਸਹੀ ਫੈਸਲਾ ਤਾਂ ਉਹੀ ਹੈ, ਜੋ ਉਹ ਲੈਣ; ਪਰ ਉਹ ਤਾਂ ਕੁਝ ਕਰ ਹੀ ਨਹੀਂ ਸਕਦੇ, ਕਿਉਂਕਿ ਉਹ ਇਸ ਦਵੰਧ ਵਿਚ ਫਸੇ ਹੁੰਦੇ ਹਨ ਕਿ ਉਹ ਕੀ ਕਰਨ? ਦੋ ਵਿਕਲਪ ਦੇਖਦਿਆਂ ਹੀ ਉਹ ਸ਼ਸ਼ੋਪੰਜ ਵਿਚ ਪੈ ਕੇ ਦੋਹਾਂ ਨੂੰ ਪਸੰਦ ਕਰਨ ਲਗਦੇ ਹਨ। ਉਨ੍ਹਾਂ ਦਾ ਮਨ ਦੋਹਾਂ ਦਿਸ਼ਾਵਾਂ ਵਲ ਭੱਜਦਾ ਹੈ ਤੇ ਉਹ ਦੋਹਾਂ ਵਿਕਲਪਾਂ ਨੂੰ ਇਕ ਦੂਜੇ ਤੋਂ ਵੱਧ ਚਾਹੁੰਦੇ ਹਨ, ਪਰ ਵਿਕਲਪ ਤਾਂ ਇਕ ਹੀ ਚੁਣਿਆ ਜਾਂਦਾ ਹੈ, ਭਾਵ ਜਾਂ ਪਟਿਆਲੇ ਜਾਓ ਜਾਂ ਚੰਡੀਗੜ੍ਹ। ਇਸ ਲਈ ਉਹ ਆਪਣੀ ਮੰਜ਼ਿਲ ਚੁਣਨ ਦੀ ਦੁਚਿੱਤੀ ਵਿਚ ਕਦੇ ਇਕ ਪਾਸੇ ਜਾਣ ਦੀ ਸੋਚਦੇ ਹਨ ਤੇ ਕਦੇ ਦੂਜੇ ਪਾਸੇ। ਦੋਵੇਂ ਪਾਸਿਆਂ ਦੇ ਗੁਣ ਔਗੁਣ ਜਾਂ ਲਾਭ ਹਾਨੀਆਂ ਹੁੰਦੇ ਹਨ, ਪਰ ਇਨ੍ਹਾਂ ਮਰੀਜ਼ਾਂ ਵਿਚ ਇੰਨੀ ਮਾਨਸਿਕ ਯੋਗਤਾ ਨਹੀਂ ਹੁੰਦੀ ਕਿ ਉਹ ਇਨ੍ਹਾਂ ਨੂੰ ਪਛਾਣ ਕੇ ਆਪਣੇ ਲਾਭ ਹਿੱਤ ਕੋਈ ਠੋਸ ਫੈਸਲਾ ਲੈ ਸਕਣ।



ਡਾ. ਬੈਚ ਨੇ ਲਿਖਿਆ ਹੈ ਕਿ ਸਕਲੇਰੈਂਥਸ ਲੱਛਣਾਂ ਵਾਲਾ ਵਿਅਕਤੀ ਆਮ ਤੌਰ 'ਤੇ ਖਾਮੋਸ਼ ਹੁੰਦਾ ਹੈ, ਅਰਥਾਤ ਆਪਣੀ ਤਕਲੀਫ ਦੂਜਿਆਂ ਨੂੰ ਦੱਸੇ ਬਿਨਾ ਆਪ ਹੀ ਭੁਗਤਦਾ ਹੈ। ਇਹ ਗੱਲ ਕਾਫੀ ਹੱਦ ਤੀਕ ਸਹੀ ਹੈ, ਕਿਉਂਕਿ ਆਪਣੇ ਫੈਸਲੇ ਲੈਣ ਦੀ ਮਨੋਵਿਗਿਆਨਕ ਵਿਧੀ ਵਿਅਕਤੀ ਹਰ ਥਾਂ ਨਸ਼ਰ ਕਰਦਾ, ਪਰ ਜੇ ਕੋਈ ਵਿਅਕਤੀ ਬੜਬੋਲਾ ਜਾਂ ਝਗੜਾਲੂ ਹੋਵੇ ਭਾਵ ਅਮਨਪਸੰਦ ਵੀ ਨਾ ਹੋਵੇ ਤੇ ਫੈਸਲਾ ਵੀ ਨਾ ਲੈ ਸਕੇ, ਜਿਵੇਂ ਰੋਂਦਾ ਝਗੜਦਾ ਬੱਚਾ ਕਦੇ ਕੁਲਫੀ ਮੰਗਦਾ ਹੋਵੇ, ਕਦੇ ਚਾਕਲੇਟ, ਤਾਂ ਕੀ ਉਸ ਨੂੰ ਇਹ ਫੁੱਲ ਦਵਾਈ ਨਹੀਂ ਦੇਣੀ ਚਾਹੀਦੀ? ਜ਼ਰੂਰ ਦੇਣੀ ਚਾਹੀਦੀ ਹੈ। ਡਾ. ਬੈਚ ਦੀ ਇਬਾਰਤ ਸਾਡੇ ਲਈ ਰਸਤੇ ਦੀ ਨਿਸ਼ਾਨਦੇਹੀ ਕਰਦੀ ਹੈ, ਇਸ ਦੀ ਚਾਰ-ਦੀਵਾਰੀ ਨਹੀਂ ਬਣਦੀ।

ਡਾ. ਬੈਚ ਨੇ ਲਿਖਿਆ ਹੈ ਕਿ ਸਕਲੇਰੈਂਥਸ ਦਾ ਮਰੀਜ਼ ਸਿਰਫ ਦੋ ਹੀ ਵਿਕਲਪਾਂ ਨਾਲ ਉਲਝਦਾ ਹੈ, ਪਰ ਇਹ ਜਾਣਕਾਰੀ ਸੰਕੇਤਕ ਹੈ। ਸੰਕਲਪ ਭਾਵੇਂ ਇਕ ਹੋਵੇ ਜਾਂ ਅਨੇਕ, ਉਸ ਦੀ ਚੋਣ ਸਮਰੱਥਾ 'ਤੇ ਕੋਈ ਅਸਰ ਨਹੀਂ ਪੈਂਦਾ। ਮਨ ਬਣਾਉਣ ਵੇਲੇ ਉਸ ਨੇ ਉਵੇਂ ਹੀ ਝੂਰਨਾ ਹੈ। ਬਹੁਤ ਸਾਰੀਆਂ ਇਸਤਰੀਆਂ ਕੱਪੜੇ ਦੀ ਦੁਕਾਨ 'ਚੋਂ ਇਸ ਲਈ ਭੱਜ ਤੁਰਦੀਆਂ ਹਨ ਕਿ ਉਸ ਦੁਕਾਨ ਵਿਚ ਇਕੋ ਰੰਗ ਦਾ ਸੂਟ ਹੈ। ਉਹ ਇਸ ਇਕ ਦੇ ਮੁਕਾਬਲੇ ਦੂਜਾ ਇਕ ਫਰਜ਼ੀ ਵਿਕਲਪ ਘੜ ਲੈਂਦੀਆ ਹਨ, ਜੋ ਉਨ੍ਹਾਂ ਦੇ ਸਾਹਮਣੇ ਨਹੀਂ ਹੁੰਦਾ, ਪਰ ਉਨ੍ਹਾਂ ਨੂੰ ਫੈਸਲਾ ਨਹੀਂ ਕਰਨ ਦਿੰਦਾ। ਇਹੀ ਹਾਲ ਉਨ੍ਹਾਂ ਮੁਟਿਆਰਾਂ ਦਾ ਹੁੰਦਾ ਹੈ, ਜੋ ਹਰ ਚੰਗਾ ਰਿਸ਼ਤਾ ਇਸ ਆਸ ਵਿਚ ਠੁਕਰਾ ਦਿੰਦੀਆਂ ਹਨ ਕਿ ਕੱਲ ਨੂੰ ਇਸ ਤੋਂ ਵੀ ਚੰਗਾ ਆਵੇਗਾ। ਪਰ ਉਹ ਚੰਗਾ ਕੀ ਹੈ, ਉਨ੍ਹਾਂ ਨੇ ਨਹੀਂ ਦੇਖਿਆ ਹੁੰਦਾ। ਉਹ ਸਿਰਫ ਇਕ ਕਲਪਿਤ ਵਿਕਲਪ ਹੈ, ਜੋ ਉਨ੍ਹਾਂ ਨੂੰ ਸਾਰੀ ਉਮਰ ਵਿਆਹ ਤੋਂ ਖੁੰਝਾ ਕੇ ਰੱਖਦਾ ਹੈ। ਸਕਲੇਰੈਂਥਸ ਫੁੱਲ ਦਵਾਈ ਦੀਆਂ ਕੁਝ ਕੁ ਖੁਰਾਕਾਂ ਹੀ ਇਨ੍ਹਾਂ ਲੜਕੀਆਂ ਦੇ ਮਨ ਦਾ ਵਿਗੜਿਆ ਸੰਤੁਲਨ ਠੀਕ ਕਰ ਕੇ ਉਨ੍ਹਾਂ ਨੂੰ ਗੱਲ ਇਕ ਪਾਸੇ ਲਾਉਣ ਦਾ ਬਲ ਦੇਣਗੀਆਂ।

ਸਕਲੇਰੈਂਥਸ ਦੇ ਕਈ ਸਾਰੇ ਮਰੀਜ਼ ਇਕੱਠੇ ਦੇਖਣੇ ਹੋਣ ਤਾਂ ਕਿਸੇ ਕੱਪੜਿਆਂ ਦੇ ਸਟੋਰ ਦੀ ਵਾਪਸੀ ਖਿੜਕੀ 'ਤੇ ਦੇਖੇ ਜਾ ਸਕਦੇ ਹਨ। ਕੱਪੜੇ ਖਰੀਦਣ ਵੇਲੇ ਬਹੁਤੀਆਂ ਬੀਬੀਆਂ ਇਹ ਨਿਰਣਾ ਨਹੀਂ ਲੈ ਸਕਦੀਆਂ ਕਿ ਉਨ੍ਹਾਂ ਨੇ ਕਿਹੜਾ ਕੱਪੜਾ ਲੈਣਾ ਹੈ। ਕਈ ਰੰਗ ਕਰਕੇ, ਕਈ ਨਾਪ ਕਰਕੇ ਤੇ ਕਈ ਡਿਜ਼ਾਇਨ ਕਰਕੇ ਦੋ-ਦੋ, ਤਿੰਨ-ਤਿੰਨ ਕੱਪੜਿਆਂ 'ਤੇ ਨਜ਼ਰ ਰੱਖੀ ਫਿਰਦੀਆਂ ਹਨ। ਉਨ੍ਹਾਂ ਦਾ ਮਨ ਕਦੇ ਇਕ ਵਲ ਭੱਜਦਾ ਹੈ ਤੇ ਕਦੇ ਦੂਜੇ ਵਲ। ਜਦੋਂ ਫੈਸਲਾ ਨਾ ਕਰ ਸਕਣ ਤਾਂ ਸਾਰੇ ਦੇ ਸਾਰੇ ਹੀ ਖਰੀਦ ਕੇ ਚਲ ਪੈਂਦੀਆਂ ਹਨ। ਘਰ ਜਾ ਕੇ ਦੋ ਚਾਰ ਵਾਰ ਪਾ ਕੇ ਜਾਂ ਕਿਸੇ ਦੂਜੇ ਤੋਂ ਪੁੱਛ ਪੁਛਾ ਕੇ ਉਹ ਇਕ ਰੱਖ ਲੈਂਦੀਆਂ ਹਨ ਤੇ ਦੂਜਿਆਂ ਨੂੰ ਮੋੜਨ ਆ ਜਾਂਦੀਆਂ ਹਨ। ਇਹੀ ਹਾਲ ਉਨ੍ਹਾਂ ਲੋਕਾਂ ਦਾ ਹੁੰਦਾ ਹੈ, ਜੋ ਕਿਸੇ ਦੀ ਮੱਝ, ਗਾਂ ਜਾਂ ਘੋੜੀ ਖਰੀਦ ਕੇ ਦੂਜੇ ਦਿਨ ਮੋੜਨ ਚੱਲ ਪੈਂਦੇ ਸਨ। ਕਈ ਵਾਰ ਗੱਲ ਸੁਲ੍ਹਾ ਸ਼ਾਂਤੀ ਨਾਲ ਨਿਬੜ ਜਾਂਦੀ ਤੇ ਕਈ ਵਾਰ ਝਗੜਾ ਚਲਦਾ ਹੈ। ਸਕੂਲ ਵਿਚ ਪੜ੍ਹਦਿਆਂ ਕਈ ਬੱਚੇ ਦੂਜੇ ਬੱਚਿਆਂ ਤੋਂ ਕੋਈ ਚੀਜ਼ ਆਨੇ, ਦੋ ਆਨੇ ਦੀ ਖਰੀਦ ਲੈਂਦੇ ਸਨ, ਪਰ ਦੂਜੇ ਪਲ ਹੀ ਮੋੜਨ ਲਈ ਕਹਿਣ ਲਗਦੇ ਸਨ। ਜੇ ਵੇਚਣ ਵਾਲਾ ਨਾ ਮੰਨਦਾ ਤਾਂ ਗੱਲ ਮਾਸਟਰ ਤੀਕ ਪਹੁੰਚਦੀ ਸੀ। ਸੰਪਤੀ ਦੀ ਖਰੀਦੋ-ਫਰੋਖਤ ਵਿਚ ਬਿਆਨੇ ਦਾ ਪ੍ਰਾਵਧਾਨ ਅਜਿਹੇ ਪਰਿਵਰਤਨਸ਼ੀਲ ਇਰਾਦਿਆਂ ਦੇ ਮਾਲਕਾਂ ਕਰਕੇ ਹੀ ਰੱਖਿਆ ਜਾਂਦਾ ਹੈ। ਨਿਰਣਾ ਬਦਲਣ ਦੇ ਕਈ ਕਾਰਨ ਹੋ ਸਕਦੇ ਸਨ, ਪਰ ਮੁੱਖ ਕਾਰਨ ਫੈਸਲਾ ਲੈਣ ਵਾਲੇ ਦੀ ਕਮਜ਼ੋਰ ਨਿਰਣਾ-ਸ਼ਕਤੀ ਹੁੰਦੀ ਹੈ। ਫੁੱਲ ਦਵਾਈ ਸਕਲੇਰੈਂਥਸ ਸੰਕਲਪ ਸ਼ਕਤੀ ਨੂੰ ਦ੍ਰਿੜ ਕਰਦੀ ਹੈ।

ਸਕਲੇਰੈਂਥਸ ਦੇ ਮਰੀਜ਼ ਹਮੇਸ਼ਾ ਦੋ ਦਿਲਾਂ (Dilemma) ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਲਗਦਾ ਕਿ ਉਨ੍ਹਾਂ ਦੀ ਪਸੰਦ ਕੀ ਹੈ। ਉਹ ਚੋਣ ਕਰਨ ਵੇਲੇ ਝਿਜਕਦੇ ਹਨ ਤੇ ਫੈਸਲਾ ਲੈਣ ਤੋਂ ਟਲਦੇ ਹਨ। ਮਾਂ ਧੀ ਨੂੰ ਡਰੈਸਾਂ ਖਰੀਦ ਕੇ ਦੇਣ ਲਈ ਸਟੋਰ ਲੈ ਜਾਂਦੀ ਹੈ। ਉਹ ਉਸ ਨੂੰ ਕਈ ਤਰ੍ਹਾਂ ਦੇ ਕੱਪੜੇ ਦਿਖਾ ਕੇ ਉਸ ਦੀ ਪਸੰਦ ਪੁੱਛਦੀ ਹੈ। ਕੁੜੀ ਇਕ 'ਤੇ ਉਂਗਲੀ ਰੱਖਣ ਦੀ ਥਾਂ ਕਹਿੰਦੀ ਹੈ ਕਿ ਮਾਂ ਤੂੰ ਈ ਦੇਖ ਲੈ ਕਿਹੜਾ ਠੀਕ ਲਗਦਾ ਐ, ਮੈਨੂੰ ਤਾਂ ਸਾਰੇ ਈ ਚੰਗੇ ਲਗਦੇ ਹਨ। ਮਾਂ ਅੱਗੇ ਸਹੇਲੀਆਂ ਨੂੰ ਦੱਸਦੀ ਹੈ ਕਿ ਮੇਰੀ ਧੀ ਤਾਂ ਇੰਨੀ ਸਾਊ ਹੈ ਕਿ ਜਿਹੜੇ ਕੱਪੜੇ ਲੈ ਦੇਵਾਂ, ਉਹੀ ਪਾ ਲੈਂਦੀ ਹੈ। ਉਸ ਨੂੰ ਇਹ ਨਹੀਂ ਪਤਾ ਕਿ ਉਹ ਸਾਊ ਹੋਣ ਦੇ ਨਾਲ ਨਾਲ ਬੀਮਾਰ ਵੀ ਹੈ। ਉਸ ਦੀ ਪਸੰਦ ਪਤਾ ਕਰਨ ਲਈ ਉਸ ਨੂੰ ਪਹਿਲਾਂ ਫੁੱਲ-ਦਵਾਈ ਸਕਲੇਰੈਂਥਸ ਦੇਣੀ ਚਾਹੀਦੀ ਹੈ।

ਪਤਨੀ ਪਤੀ ਨੂੰ ਪੁੱਛਦੀ ਹੈ, "ਅੱਜ ਦਾਲ ਮੂੰਗੀ ਦੀ ਚਾੜ੍ਹਾਂ ਕਿ ਮਸਰੀ ਦੀ, ਜਾਂ ਕੱਦੂ ਦੀ ਸਬਜ਼ੀ ਬਣਾ ਲਵਾਂ?" ਅੱਗੋਂ ਪਤੀ ਕਹਿੰਦਾ ਹੈ, "ਜੋ ਬਣਾ ਲਵੇਂਗੀ ਉਹੀ ਖਾ ਲਵਾਂਗਾ।" ਦੂਰੋਂ ਲਗੇਗਾ ਕਿ ਇਹ ਬੜਾ ਮਿਲਵਰਤਨੀ ਜੋੜਾ ਹੈ, ਜੋ ਇਕ ਜੁਟ ਹੋ ਕੇ ਨਿਰਣੇ ਲੈਂਦਾ ਹੈ, ਪਰ ਅਸਲ ਵਿਚ ਇਨ੍ਹਾਂ 'ਚੋਂ ਇਕ ਸਿਰਾਟੋ ਦਾ ਮਰੀਜ਼ ਹੈ ਤੇ ਦੂਜਾ ਸਕਲੇਰੈਂਥਸ ਦਾ। ਇਕ ਦੂਜਿਆਂ ਤੋਂ ਪੁੱਛ ਕੇ ਫੈਸਲਾ ਲੈਂਦਾ ਹੈ ਤੇ ਦੂਜਾ ਫੈਸਲਾ ਲੈਣ ਦੇ ਅਸਮਰਥ ਹੈ, ਕਿਉਂਕਿ ਉਹ ਆਪਣੀ ਪਸੰਦ ਜਾਹਰ ਨਹੀਂ ਕਰਦਾ। ਇਸੇ ਤਰ੍ਹਾਂ ਕਈ ਲੋਕ ਦੂਰ ਰਹਿੰਦੇ ਆਪਣੇ ਬੁੱਢੇ ਮਾਂ-ਪਿਓ ਜਾਂ ਕਿਸੇ ਹੋਰ ਰਿਸ਼ਤੇਦਾਰ ਨੂੰ ਮਿਲਣ ਜਾਣ ਵੇਲੇ ਹਫਤਾ ਭਰ ਸੋਚਦੇ ਰਹਿੰਦੇ ਹਨ ਕਿ ਜਾਣ ਕਿ ਨਾ ਜਾਣ। ਜੇ ਕਿਸੇ ਦੇ ਸਮਝਾਏ ਇਹ ਸਮਝ ਜਾਣ ਕਿ ਜਾਣਾ ਤਾਂ ਚਾਹੀਦਾ ਹੈ, ਉਹ ਫਿਰ ਇਸ ਸੋਚ ਵਿਚ ਪੈ ਜਾਂਦੇ ਹਨ ਕਿ ਇਸੇ ਹਫਤੇ (Week-end) ਜਾਣ ਕਿ ਅਗਲੇ। ਫੁੱਲ ਦਵਾਈ ਸਕਲੇਰੈਂਥਸ ਦੀਆਂ ਕੁਝ ਖੁਰਾਕਾਂ ਉਨ੍ਹਾਂ ਦੀ ਸੋਚ ਦੇ ਜਾਲੇ ਲਾਹ ਦੇਣਗੀਆਂ ਤੇ ਉਹ ਸਪਸ਼ਟ ਫੈਸਲਾ ਲੈਣ ਦੇ ਕਾਬਲ ਹੋ ਜਾਣਗੇ।

ਮੇਰੀ ਇਕ ਮਰੀਜ਼ ਜਦੋਂ ਵੀ ਆਉਂਦੀ, ਉਦੋਂ ਹੀ ਕਹਿੰਦੀ, "ਐਕਸਰੇ ਵਿਚ ਆਇਆ ਹੈ ਮੇਰੀ ਬੱਚੇਦਾਨੀ ਦੇ ਬਾਹਰ ਇਕ ਛੋਟੀ ਰਸੌਲੀ (Cyst) ਹੈ। ਡਾਕਟਰ ਕਹਿੰਦਾ ਹੈ, ਆਪਰੇਸ਼ਨ ਹੋਵੇਗਾ। ਕਰਵਾਵਾਂ ਕਿ ਨਾ ਕਰਵਾਵਾਂ।" ਮੈਂ ਉਸ ਨੂੰ ਕਹਿੰਦਾ ਕਿ ਇਸ ਬਾਰੇ ਉਹ ਉਸ ਡਾਕਟਰ ਤੋਂ ਹੀ ਪੁੱਛੇ। ਪਰ ਜਦੋਂ ਉਸ ਨੇ ਆਖਰੀ ਵਾਰ ਇਹ ਸਵਾਲ ਕੀਤਾ ਤਾਂ ਮੈਂ ਉਸ ਨੂੰ ਉਸ ਦੀ ਦੁਚਿੱਤੀ ਦੇ ਆਧਾਰ ਤੇ ਚਾਰ ਖੁਰਾਕਾਂ ਸਕਲੇਰੈਂਥਸ ਦੀਆਂ ਦੇ ਦਿੱਤੀਆਂ ਤਾਂ ਜੋ ਉਹ ਜੋ ਖੁਲ੍ਹ ਕੇ ਨਿਰਣਾ ਲੈ ਸਕੇ। ਅਗਲੀ ਵਾਰ ਆਈ ਤਾਂ ਕਹਿਣ ਲੱਗੀ, "ਡਾਕਟਰ ਨੇ ਦੱਸਿਆ ਹੈ ਕਿ ਉਸ ਦੀ ਰਸੌਲੀ ਘਟਣ ਲੱਗੀ ਹੈ, ਹਾਲੇ ਆਪਰੇਸ਼ਨ ਦੀ ਲੋੜ ਨਹੀਂ।" ਸਿੱਟਾ ਇਹ ਕਿ ਜਦੋਂ ਕੋਈ ਕਹੇ, "ਮੈਨੂੰ ਤਾਂ ਸਮਝ ਨਹੀਂ ਲਗਦੀ ਕਿ ਕੀ ਕਰਾਂ" ਭਾਵ ਕਰਾਂ ਤਾਂ ਕੀ ਕਰਾਂ ਅਰਥਾਤ ਕਰਾਂ ਜਾਂ ਨਾ ਕਰਾਂ, ਉਸ ਵੇਲੇ ਸਮਝੋ ਕਿ ਉਹ ਸਕਲੇਰੈਂਥਸ ਦਾ ਕੇਸ ਹੈ ਤੇ ਉਸ ਨੂੰ ਇਸ ਦਵਾਈ ਦੀ ਲੋੜ ਹੈ।

ਅਜੇ ਦੋ ਸਾਲ ਪਹਿਲਾਂ ਦੀ ਗੱਲ ਹੈ, ਪੰਜਾਬ ਵਿਚ ਮੈਨੂੰ ਮੇਰੇ ਇਕ ਮਿੱਤਰ ਦਾ ਮੁੰਡਾ ਮਿਲਣ ਆਇਆ। ਕਹਿਣ ਲੱਗਿਆ, "ਅੰਕਲ ਜੀ ਮੈਨੂੰ ਕਦੇ ਕਦੇ ਇਕ ਦੀਆਂ ਦੋ ਦੋ ਚੀਜ਼ਾਂ ਦਿਖਦੀਆਂ ਹਨ, ਕੰਮ ਵੀ ਨਹੀਂ ਹੁੰਦਾ, ਦਵਾਈ ਦਿਓ। ਮੁੰਡਾ ਕੰਪਿਊਟਰਾਂ ਦਾ ਇੰਜੀਨਿਅਰ ਸੀ ਤੇ ਮੋਹਾਲੀ ਦੀ ਕਿਸੇ ਕੰਪਨੀ ਵਿਚ ਕੰਮ ਕਰਦਾ ਸੀ। ਮੈਂ ਉਸ ਦੀ ਦਵਾਈ ਲੱਭ ਹੀ ਰਿਹਾ ਸਾਂ ਕਿ ਉਹ ਫਿਰ ਬੋਲਿਆ, "ਅੰਕਲ ਜੀ ਸਲਾਹ ਦਿਓ ਕਿ ਮੈਂ ਕੈਨੇਡਾ ਚਲਾ ਜਾਵਾਂ ਜਾਂ ਇੱਥੇ ਹੀ ਰਹਾਂ।" ਮੈਂ ਉਸ ਨੂੰ ਕਿਹਾ, "ਜੋ ਤੇਰਾ ਜੀ ਕਹਿੰਦਾ ਹੈ, ਸੋ ਕਰ।" ਉਹ ਬੋਲਿਆ, 'ਮੈਨੂੰ ਤਾਂ ਕੁਝ ਸਮਝ ਨਹੀਂ ਲਗਦੀ। ਜੇ ਜਾਂਦਾ ਹਾਂ ਤਾਂ ਇੱਥੇ ਮੇਰੀ ਮਾਂ ਇੱਕਲੀ ਰਹਿ ਜਾਵੇਗੀ ਤੇ ਜੇ ਨਹੀਂ ਜਾਂਦਾ ਤਾਂ ਇੱਥੇ ਮੇਰਾ ਕੋਈ ਭਵਿੱਖ ਨਹੀਂ।" ਮੈਂ ਉਸ ਨੂੰ ਕਿਹਾ ਕਿ ਜੇ ਉਹ ਜਾਣਾ ਹੀ ਚਾਹੁੰਦਾ ਹੈ ਤਾਂ ਮਾਂ ਨੂੰ ਵੀ ਨਾਲ ਲੈ ਜਾਵੇ। ਉਹ ਬੋਲਿਆ, "ਅੰਕਲ ਜੀ ਇਸ ਵਿਚ ਬੜਾ ਲੰਮਾ ਸਮਾਂ ਲਗਦਾ ਹੈ। ਮਾਂ ਓਨੀ ਦੇਰ ਕਿੱਥੇ ਰੁਲੇਗੀ।" ਮੈਨੂੰ ਲੱਗਿਆ ਕਿ ਮੁੰਡਾ ਦੁਚਿੱਤੀਆਂ ਵਿਚ ਫਸਿਆ ਹੋਇਆ ਹੈ। ਇਸ ਦਾ ਮਨ ਤੇ ਅੱਖਾਂ ਦੋਵੇਂ ਦੋ ਦੋ ਚੀਜ਼ਾਂ ਦੇਖ ਰਹੀਆਂ ਹਨ। ਮੈਨੂੰ ਉਸ ਦੀ ਦਵਾਈ ਲੱਭ ਗਈ ਸੀ। ਮੈਂ ਉਸ ਨੂੰ ਸਮਝਾਇਆ ਕਿ ਜੀਵਨ ਦੇ ਵੱਡੇ ਫੈਸਲੇ ਲੈਣ ਨੂੰ ਸਮਾਂ ਤਾਂ ਲਗਦਾ ਹੀ ਹੈ। ਸੋਚ ਕੇ ਹੱਲ ਕੱਢ, ਨਿਕਲ ਆਵੇਗਾ। ਨਾਲ ਹੀ ਮੈਂ ਉਸ ਨੂੰ ਸਕਲੇਰੈਂਥਸ ਫੁੱਲ ਦਵਾਈ ਦੀਆਂ ਕਈ ਖੁਰਾਕਾਂ ਸਵੇਰੇ ਸ਼ਾਮ ਖਾਣ ਲਈ ਦੇ ਦਿੱਤੀਆਂ। ਹਫਤਾ ਬੀਤਣ ਤੋਂ ਪਹਿਲਾਂ ਹੀ ਉਸ ਨੇ ਫੋਨ ਕਰਕੇ ਦੱਸਿਆ ਕਿ ਉਸ ਦੀ ਨਿਗਾਹ ਠੀਕ ਹੋ ਗਈ ਹੈ। ਨਾਲ ਹੀ ਉਸ ਨੇ ਧੰਨਵਾਦ ਕਰਦਿਆਂ ਦੱਸਿਆ, ਅੰਕਲ ਜੀ ਮੈਂ ਕੈਨੇਡਾ ਜਾਣ ਦਾ ਮਨ ਬਣਾ ਲਿਆ ਹੈ। ਜਿੰਨੀ ਦੇਰ ਮਾਤਾ ਜੀ ਇੱਥੇ ਰਹਿਣਗੇ, ਭੈਣ ਉਨ੍ਹਾਂ ਦੀ ਦੇਖ ਭਾਲ ਕਰ ਲਿਆ ਕਰਨਗੇ। ਫਿਰ ਮੈਂ ਉਨ੍ਹਾਂ ਨੂੰ ਉੱਥੇ ਲੈ ਜਾਵਾਂਗਾ।" ਮੈਨੂੰ ਡਾ. ਕ੍ਰਿਸ਼ਨਾਮੂਰਤੀ ਦਾ ਲਿਖਿਆ ਯਾਦ ਆਇਆ ਕਿ ਬੈਚ ਦਵਾਈਆਂ ਮਰੀਜ਼ਾਂ ਨੂੰ ਠੀਕ ਹੀ ਨਹੀਂ ਕਰਦੀਆਂ, ਸਗੋਂ ਉਨ੍ਹਾਂ ਦੀ ਅਕਲ ਦੇ ਬੰਦ ਦਰਵਾਜ਼ੇ ਵੀ ਖੋਲ੍ਹਦੀਆਂ ਹਨ।

ਕਈ ਵਾਰ ਜ਼ਿੰਦਗੀ ਵਿਚ ਫੌਰੀ ਭਾਵ ਆਪਾਤਕਾਲੀਨ ਫੈਸਲੇ ਲੈਣੇ ਪੈਂਦੇ ਹਨ, ਪਰ ਮਨ ਅਜਿਹੀ ਸਥਿਤੀ ਲਈ ਤਿਆਰ ਨਹੀਂ ਹੁੰਦਾ। ਰਾਤ ਨੂੰ ਸਭ ਕੰਮ ਨਿਪਟਾ ਕੇ ਥੱਕਿਆ ਵਿਅਕਤੀ ਜਦੋਂ ਸੌਣ ਲਈ ਤਿਆਰ ਹੁੰਦਾ ਹੈ, ਤਦੇ ਕਿਸੇ ਰਿਸ਼ਤੇਦਾਰ ਦੇ ਬੀਮਾਰ ਹੋਣ ਦਾ ਫੋਨ ਆ ਜਾਂਦਾ ਹੈ। ਥੱਕਿਆ ਵਿਅਕਤੀ ਕਦੇ ਉਸੇ ਵੇਲੇ ਜਾਣ ਦੀ ਸੋਚਦਾ ਹੈ ਤੇ ਕਦੇ ਸਵੇਰੇ ਉੱਠ ਕੇ। ਉਹ ਇੰਨਾ ਸ਼ਸ਼ੋਪੰਜ ਵਿਚ ਪੈਂਦਾ ਹੈ ਕਿ ਕੋਈ ਫੈਸਲਾ ਨਹੀਂ ਲੈ ਸਕਦਾ। ਫਿਰ ਸੋਚਦਾ ਹੈ ਕਿ ਘੰਟਾ ਤਾਂ ਨਿਕਲ ਗਿਆ ਹੈ, ਸਵੇਰੇ ਜਲਦੀ ਉੱਠ ਕੇ ਹੀ ਚਲਿਆ ਜਾਵਾਂਗਾ। ਉਹ ਇਹ ਫੈਸਲਾ ਲੈ ਕੇ ਲੇਟ ਤਾਂ ਜਾਂਦਾ ਹੈ, ਪਰ ਉਸ ਨੂੰ ਨੀਂਦ ਨਹੀਂ ਪੈਂਦੀ। ਪਿਆ ਪਿਆ ਸੋਚਦਾ ਰਹਿੰਦਾ ਹੈ ਕਿ ਬੀਮਾਰ ਰਿਸ਼ਤੇਦਾਰ ਪਤਾ ਨਹੀਂ ਕਿੰਨਾ ਕੁ ਢਿੱਲ੍ਹਾ ਹੋਵੇਗਾ। ਚੰਗਾ ਹੁੰਦਾ ਚਲਾ ਹੀ ਜਾਂਦਾ। ਅਜਿਹੇ ਵੇਲੇ ਉਸ ਨੂੰ ਸਕਲੇਰੈਂਥਸ ਲੈਣੀ ਚਾਹੀਦੀ ਹੈ। ਇਹ ਉਸ ਦੀ ਵਕਤੀ ਦੁਚਿੱਤੀ ਵੀ ਦੂਰ ਕਰੇਗੀ, ਨੀਂਦ ਵੀ ਲਿਆਵੇਗੀ ਤੇ ਅੱਗੋਂ ਲਈ ਉਸ ਦਾ ਸੁਭਾਅ ਵੀ ਠੀਕ ਕਰੇਗੀ। ਬੈਚ ਫਲਾਵਰ ਪੱਧਤੀ ਵਿਚ ਹੀ ਨੀਂਦ ਦੀਆਂ ਕਈ ਹੋਰ ਦਵਾਈਆਂ ਵੀ ਹਨ, ਪਰ ਸਭ ਆਪਣਾ ਕੰਮ ਆਪਣੀਆਂ ਅਲਾਮਤਾਂ ਅਨੁਸਾਰ ਕਰਦੀਆਂ ਹਨ।

ਸਕਲੇਰੈਂਥਸ ਦੀਆਂ ਨਿਸ਼ਾਨੀਆਂ ਬਚਪਨ ਤੋਂ ਹੀ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ। ਕਈ ਬੱਚੇ ਹਕਲਾਉਣ ਲੱਗ ਜਾਂਦੇ ਹਨ ਤੇ ਕਈ ਅੱਖਰਾਂ ਨੂੰ ਸਮਝਣ ਵਿਚ ਗਲਤੀ ਕਰ ਦਿੰਦੇ ਹਨ। ਜਿਹੜੇ ਸ਼ੁਰੂ ਤੋਂ ਹੀ ਦੋ ਬੋਲੀਆਂ ਬੋਲਣ ਦੀ ਕੋਸ਼ਿਸ਼ ਕਰਦੇ ਹੋਏ ਇਹ ਤੈਅ ਨਹੀਂ ਕਰ ਪਾਉਂਦੇ ਕਿ ਕਿਹੜੀ ਬੋਲੀ ਜਾਵੇ? ਇਸ ਲਈ ਉਹ ਬੋਲਣ ਤੋਂ ਹੀ ਲੇਟ ਹੋ ਜਾਂਦੇ ਹਨ। ਡਾਕਟਰ ਉਨ੍ਹਾਂ ਦੇ ਮਾਪਿਆਂ ਨੂੰ ਸਲਾਹ ਦਿੰਦੇ ਹਨ ਕਿ ਘਰ ਵਿਚ ਇਕੋ ਬੋਲੀ ਬੋਲੀ ਜਾਵੇ। ਇਹੀ ਮਰੀਜ਼ ਵੱਡੇ ਹੋ ਕੇ ਵਿਸ਼ਾ ਚੋਣ, ਮੀਡੀਅਮ ਚੋਣ, ਕਿੱਤਾ ਚੋਣ, ਕੰਪਨੀ ਚੋਣ ਤੇ ਸ਼ਹਿਰ ਚੋਣ ਵਿਚ ਅਸਥਿਰਤਾ ਦਰਸਾਉਂਦੇ ਹਨ। ਜੀਵਨ-ਸਾਥੀ ਦੀ ਚੋਣ ਵਿਚ ਤਾਂ ਲਗਪਗ ਸਾਰੇ ਹੀ ਉਲਝ ਜਾਂਦੇ ਹਨ। ਜੇ ਉਨ੍ਹਾਂ ਨੂੰ ਸਕਲੇਰੈਂਥਸ ਦਿੱਤੀ ਜਾਵੇ ਤਾਂ ਉਹ ਇੰਦਾਂ ਨਾ ਕਰਨ।

ਸਕਲੇਰੈਂਥਸ ਫੁੱਲ ਦਵਾਈ ਕਈ ਪੱਧਰਾਂ 'ਤੇ ਅਸਰ ਕਰਦੀ ਹੈ, ਹਰੇਕ ਪੱਧਰ 'ਤੇ ਵਿਲੱਖਣ ਅਲਾਮਤਾਂ ਪੈਦਾ ਕਰਦੀ ਹੈ। ਪਹਿਲੇ ਪੱਧਰ 'ਤੇ ਮਰੀਜ਼ ਫੈਸਲਾ ਲੈਣ ਵਿਚ ਪੱਕਾ ਨਹੀਂ ਹੁੰਦਾ ਭਾਵ ਨਿਰਣਾ ਲੈਣ ਵੇਲੇ ਉਹ ਦੋ ਦਿਲਾਂ ਵਿਚ ਹੁੰਦਾ ਰਹਿੰਦਾ ਹੈ। ਦੂਜੇ ਪੱਧਰ 'ਤੇ ਉਸ ਦੀ ਇਹ ਹਿਚਕਿਚਾਹਟ ਆਦਤ ਵਿਚ ਬਦਲੀ ਹੁੰਦੀ ਹੈ। ਉਹ ਸੁਭਾਵਿਕ ਤੌਰ 'ਤੇ ਸੁਸਤ, ਆਲਸੀ, ਦਲਿੱਦਰੀ ਤੇ ਪੱਛੜ ਕੇ ਚਲਣ ਵਾਲਾ ਹੁੰਦਾ ਹੈ। 'ਡੇਰੇ ਆਈ ਜੰਨ ਵਿੰਨੋ ਕੁੜੀ ਦੇ ਕੰਨ' ਦੇ ਅਖਾਣ ਵਾਂਗ ਉਹ ਹਰ ਕੰਮ ਦੇਰੀ ਨਾਲ ਕਰਦਾ ਹੈ। ਮੈਂ ਕਈ ਵਿਦਵਾਨ ਸੈਮੀਨਾਰ ਤੋਂ ਸਿਰਫ ਇਕ ਦਿਨ ਪਹਿਲਾਂ ਆਪਣਾ ਪੇਪਰ ਲਿਖਣਾ ਅਰੰਭ ਕਰਦੇ ਦੇਖੇ ਹਨ। ਕਈ ਵਿਦਿਆਰਥੀ ਅੱਜ ਦਾ ਹੋਮ-ਵਰਕ ਕੱਲ 'ਤੇ ਛੱਡੀ ਜਾਂਦੇ ਹਨ। ਉਹ ਸਕੂਲਾਂ ਵਿਚ ਲੇਟ ਜਾਂਦੇ ਹਨ ਤੇ ਜੁਰਮਾਨੇ ਭਰਦੇ ਹਨ। ਘਰੇਲੂ ਔਰਤਾਂ ਧੋਣ ਵਾਲੇ ਕੱਪੜੇ ਤੇ ਭਾਂਡੇ ਜਮ੍ਹਾਂ ਕਰੀ ਜਾਂਦੀਆਂ ਹਨ। ਕਿਸਾਨ ਫਸਲਾਂ ਲੇਟ ਬੀਜਦੇ ਤੇ ਵੱਢਦੇ ਹਨ। ਇਸ ਦਵਾਈ ਦੇ ਮਰੀਜ਼ਾਂ ਦੀਆਂ ਬੱਸਾਂ, ਗੱਡੀਆਂ ਤੇ ਉਡਾਣਾਂ ਛੁਟ ਜਾਂਦੀਆਂ ਹਨ। ਜੇ ਉਹ ਖਿਡਾਰੀ ਹੋਣ ਤਾਂ ਉਨ੍ਹਾਂ ਤੋਂ ਕਿਸੇ ਮੈਡਲ ਜਾਂ ਪੁਰਸਕਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਨੂੰ ਚੁਸਤ ਹੋਣ ਲਈ ਸਕਲੇਰੈਂਥਸ ਦਾ ਪੂਰਾ ਕੋਰਸ ਕਰਨਾ ਚਾਹੀਦਾ ਹੈ।

ਅੱਜ ਕੱਲ ਮੁਕਾਬਲੇ ਦਾ ਜਮਾਨਾ ਹੈ, ਪਰ ਸਕਲੇਰੈਂਥਸ ਦੇ ਰੋਗੀ ਅਕਸਰ ਯੋਗਤਾ ਟੈਸਟਾਂ ਵਿਚ ਪੂਰੇ ਨਹੀਂ ਉਤਰਦੇ। ਪ੍ਰੀਖਿਆਵਾਂ ਵਿਚ ਪ੍ਰਸ਼ਨ ਹੱਲ ਕਰਨ ਵੇਲੇ, ਨੌਕਰੀਆਂ ਲਈ ਅਰਜੀ-ਪੱਤਰ ਭੇਜਣ ਵੇਲੇ ਤੇ ਇੰਟਰਵਿਊ ਵਿਚ ਜਵਾਬ ਦੇਣ ਵੇਲੇ ਇਹ ਲੋਕ ਜਕੋਂ-ਤਕੋਂ ਵਿਚ ਪੈ ਜਾਂਦੇ ਹਨ। ਕਈਆਂ ਨੂੰ ਉੱਤਰ ਆਉਂਦੇ ਹੁੰਦੇ ਹਨ, ਪਰ ਉਹ ਹੋਰ ਢੁਕਵੇਂ ਉੱਤਰ ਦੀ ਤਾਲਾਸ਼ ਕਰਦੇ ਰਹਿੰਦੇ ਹਨ। ਕਈਆਂ ਦੇ ਦਿਮਾਗ 'ਤੇ ਤਾਲਾ ਜਿਹਾ ਲੱਗ ਜਾਂਦਾ ਹੈ। ਕਈਆਂ ਨੂੰ ਘਬਰਾਹਟ ਨਾਲ ਮੌਕੇ ਤੇ ਸਭ ਕੁਝ ਭੁੱਲ ਜਾਂਦਾ ਹੈ ਤੇ ਬਾਅਦ ਵਿਚ ਯਾਦ ਆ ਜਾਂਦਾ ਹੈ। ਉਹ ਫਿਰ ਤੜਪਦੇ ਰਹਿੰਦੇ ਹਨ ਕਿ ਫਲਾਂ ਪ੍ਰਸ਼ਨ ਦਾ ਉੱਤਰ ਇਹ ਬਣਦਾ ਸੀ ਤੇ ਫਲਾਂ ਦਾ ਔਹ। ਫਿਰ ਸੋਚਦੇ ਹਨ ਕਿ ਕਿਸਮਤ ਨੇ ਸਾਥ ਨਹੀਂ ਦਿੱਤਾ, ਪਰ 'ਸਬ ਕੁਛ ਲੁਟਾ ਕੇ ਹੋਸ਼ ਮੇਂ ਆਏ' ਇਹ ਵਿਅਕਤੀ ਜੇ ਇਮਤਿਹਾਨ ਜਾਂ ਇੰਟਰਵਿਊ ਤੋਂ ਕੁਝ ਸਮਾਂ ਪਹਿਲਾਂ ਸਕਲੇਰੈਂਥਸ ਲੈ ਲੈਂਦੇ ਤਾਂ ਉਹ ਅੱਜ ਕਾਮਯਾਬੀ ਦੀਆਂ ਖੁਸ਼ੀਆਂ ਮਨਾਉਂਦੇ ਹੁੰਦੇ!

ਕਈ ਲੋਕ ਸ਼ਿਕਾਇਤ ਕਰਦੇ ਹਨ ਕਿ ਉਹ ਲੋਕਾਂ ਦੇ ਨਾਂ ਭੁੱਲ ਜਾਂਦੇ ਹਨ। ਕਈ ਕਹਿੰਦੇ ਹਨ ਕਿ ਉਹ ਬੋਲਦੇ ਬੋਲਦੇ ਚੀਜ਼ਾਂ ਦੇ ਨਾਂ ਭੁੱਲ ਜਾਂਦੇ ਹਨ। ਉਹ ਨਾਲ ਸਬੂਤ ਵੀ ਦੇਣਗੇ ਕਿ ਦੇਖੋ ਦੇਖੋ ਹੁਣ ਫਲਾਂ ਸ਼ਬਦ ਬੋਲਣ ਲੱਗਿਆ ਸਾਂ ਜੋ ਯਾਦ ਨਹੀਂ ਆ ਰਿਹਾ। ਕਈਆਂ ਨੂੰ ਭੁੱਲਿਆ ਸ਼ਬਦ ਦੇਰੀ ਨਾਲ ਯਾਦ ਆ ਜਾਂਦਾ ਹੈ। ਕਈਆਂ ਨੂੰ ਉਹੀ ਸ਼ਬਦ ਸੁਪਨੇ ਵਿਚ ਯਾਦ ਆਉਂਦਾ ਹੈ। ਕਈ ਲੇਖਕ ਢੁਕਵੇਂ ਸ਼ਬਦ ਨਾ ਅਹੁੜਨ ਕਰ ਕੇ ਲਿਖਣਾ ਛੱਡ

*(ਬਾਕੀ ਅਗਲੇ ਸਫੇ 'ਤੇ)*

# ਬਨਸਪਤੀ ਅਤੇ ਪੰਜਾਬੀ ਸੱਭਿਆਚਾਰ

ਬਨਸਪਤੀ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਪੰਜਾਬੀ ਬੱਚੇ ਦੇ ਜਨਮ ਤੋਂ ਹੀ ਇਸ ਦੀ ਬਨਸਪਤੀ ਨਾਲ ਸਾਂਝ ਸ਼ੁਰੂ ਹੋ ਜਾਂਦੀ ਹੈ। ਜਨਮ ਸਮੇਂ ਨਿੰਮ ਜਾਂ ਸ਼ਰੀਂਹ ਦਾ ਬੂਹੇ ਅੱਗੇ ਬੱਝਣਾ ਇਸ ਦਾ ਪ੍ਰਮਾਣ ਹੈ। ਅੰਤ ਸਮੇਂ ਲੱਕੜੀਆਂ ਨਾਲ ਹੀ ਦਾਹ ਸਸਕਾਰ ਕੀਤਾ ਜਾਂਦਾ ਹੈ। ਸੋ

**ਰਾਜਨਦੀਪ ਕੌਰ ਮਾਨ**
ਫੋਨ: 91-62393-26166

ਸਾਰੀ ਜ਼ਿੰਦਗੀ ਦੀ ਕਹਾਣੀ ਬਨਸਪਤੀ ਦੇ ਆਸ-ਪਾਸ ਹੀ ਘੁੰਮਦੀ ਹੈ। ਰੁੱਖਾਂ ਨਾਲ ਸਾਡੀ ਸਾਂਝ ਉਦੋਂ ਤੋਂ ਹੈ, ਜਦੋਂ ਤੋਂ ਇਹ ਸ੍ਰਿਸ਼ਟੀ ਹੋਂਦ ਵਿਚ ਆਈ ਹੈ। ਪੰਜਾਬੀ ਲੋਕ-ਗੀਤਾਂ, ਬੋਲੀਆਂ, ਦਰਸ਼ਨ, ਧਰਮ ਆਦਿ ਹਰ ਤਰ੍ਹਾਂ ਦੇ ਸਾਹਿਤ ਵਿਚ ਬਨਸਪਤੀ ਦਾ ਖੂਬ ਜ਼ਿਕਰ ਮਿਲਦਾ ਹੈ। ਪੰਜਾਬੀ ਲੋਕ ਸਾਹਿਤ ਵਿਚ ਸਾਨੂੰ ਪਿੱਪਲ ਤੇ ਬੋਹੜ, ਅੰਬ, ਬੇਰੀਆਂ ਤੇ ਕਿੱਕਰਾਂ, ਤੂਤ, ਟਾਹਲੀਆਂ, ਵਣ ਕਰੀਰ, ਜੰਡ, ਨਿੰਮ ਤੇ ਫਲਾਹੀ, ਇਮਲੀ ਤੇ ਨਿੰਬੂ ਬਾਰੇ ਲਿਖਿਆ ਮਿਲਦਾ ਹੈ। ਪੰਜਾਬੀ ਸੱਭਿਆਚਾਰ ਵਿਚ ਏਕੇ ਤੇ ਇਕੱਠ ਦਾ ਬਹੁਤ ਮਹੱਤਵ ਹੈ। ਰੋਹੀ ਵਿਚ ਇਕੱਲਾ ਖੜ੍ਹਾ ਰੁੱਖ ਤੇ ਜੱਟ ਦਾ ਪੁੱਤ-ਦੋਵੇਂ ਹੀ ਨਿਰਾਸ਼ਾ ਪੈਦਾ ਕਰਦੇ ਹਨ।

'ਕੱਲੀ ਹੋਵੇ ਨਾ ਵਣਾ ਦੇ ਵਿਚ ਲੱਕੜੀ,
'ਕੱਲਾ ਨਾ ਹੋਵੇ ਪੁੱਤ ਜੱਟ ਦਾ।

ਇਸ ਤਰ੍ਹਾਂ ਦਰੱਖਤ ਨੂੰ ਵੀ ਮਨੁੱਖ ਦੇ ਬਰਾਬਰ ਹੀ ਹਮਦਰਦੀ ਦਿੱਤੀ ਗਈ ਹੈ। ਧਰੇਕਾਂ ਤੇ ਧੀਆਂ ਨੂੰ ਬਰਾਬਰ ਦਾ ਰੁਤਬਾ ਹਾਸਲ ਹੈ,

ਧੀਆਂ ਤੇ ਧਰੇਕਾਂ ਹੁੰਦੀਆਂ
ਰੌਣਕ ਵਿਹੜੇ ਦੀ।

ਪੁਰਾਣੇ ਸਮਿਆਂ ਵਿਚ ਜਦੋਂ ਬਰਾਤ ਢੁਕਦੀ ਸੀ ਤਾਂ ਸਭ ਤੋਂ ਪਹਿਲਾਂ ਲਾੜੇ ਕੋਲੋਂ ਜੰਡੀ ਵਢਾਈ ਜਾਂਦੀ। ਲਾੜੇ ਦੀਆਂ ਭੈਣਾਂ ਇਹ ਗੀਤ ਗਾ ਕੇ ਬਰਾਤ ਤੋਰਦੀਆਂ,

ਵੀਰਾ ਜੇ ਤੂੰ ਵੱਢੀ ਜੰਡੀ,
ਤੇਰੀ ਮਾਂ ਨੇ ਸ਼ੱਕਰ ਵੰਡੀ।

ਸੱਸ ਨੂੰ ਕੁੱਟਣ ਲਈ ਨਿੰਮ ਦਾ ਘੋਟਣਾ, ਕਾਲੀ ਟਾਹਲੀ ਦਾ ਚਰਖਾ, ਨਿੰਮ ਦਾ ਸੰਦੂਕ, ਚੰਦਨ ਦੀ ਚੌਂਕੀ ਆਦਿ ਵਸਤੂਆਂ ਤੋਂ ਬਨਸਪਤੀ ਦੀ ਅਹਿਮੀਅਤ ਬਾਰੇ ਹੋਰ ਵੀ ਜਾਣਕਾਰੀ ਮਿਲਦੀ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।

ਰਾਤ ਬਰਾਤੇ ਸੱਜ ਵਿਆਹੀ ਮਾਹੀ ਨੂੰ ਖੇਤ ਜਾਣ ਤੋਂ ਰੋਕਣ ਲਈ ਇਹ ਪੱਜ ਲਾਉਂਦੀ ਹੈ,

ਕਿੱਕਰ 'ਤੇ ਕਾਟੋ ਰਹਿੰਦੀ
'ਕੱਲਾ ਨਾ ਜਾਵੀਂ ਖੇਤ ਨੂੰ।

ਪੰਜਾਬ ਦੇ ਇਲਾਕੇ ਮਾਲਵੇ ਵਿਚ ਕਿੱਕਰ ਦਾ ਰੁੱਖ ਜ਼ਿਆਦਾ ਪ੍ਰਧਾਨ ਰਿਹਾ ਹੋਣ ਕਰਕੇ ਇਥੇ ਇਹ ਤੁਕਾਂਤ ਬਹੁਤ ਮਸ਼ਹੂਰ ਰਹੀ ਹੈ,

ਚਲ ਮਾਲਵੇ ਦੇਸ਼ ਨੂੰ ਚੱਲੀਏ,
ਜਿੱਥੇ ਕਿੱਕਰਾਂ ਨੂੰ ਅੰਬ ਲਗਦੇ।

ਬੇਰੀਆਂ ਦੇ ਦਰੱਖਤਾਂ ਦਾ ਜ਼ਿਕਰ ਸਿਰਫ ਦਰਖਤ ਕਰਕੇ ਨਹੀਂ, ਇਸ ਦੇ ਬੇਰਾਂ ਕਰਕੇ ਜ਼ਿਆਦਾ ਹੁੰਦਾ ਹੈ।

ਮੈਂ ਬੇਰੀਆਂ ਤੋਂ ਬੇਰ ਲਿਆਇਆ
ਨੀ ਭਾਬੀ ਤੇਰੇ ਰੰਗ ਵਰਗਾ।

ਦਸ ਕਿਹੜੇ ਬਹਾਨੇ ਆਵਾਂ,
ਬੇਰੀਆਂ ਦੇ ਬੇਰ ਮੁਕ ਗਏ।

ਕਰੀਰ ਦੇ ਬੂਟੇ ਦਾ ਜ਼ਿਕਰ ਵੀ ਲੋਕਧਾਰਾ ਵਿਚ ਆਮ ਮਿਲਦਾ ਹੈ,

ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ।
ਦੂਰੋਂ ਤਾਂ ਲਾਹੌਰੋਂ ਚੱਕੀ ਲਿਆਂਦੀ,
ਵਣੋ ਕਰੀਰੋ ਹੱਥੜਾ।

'ਕੱਲ ਮੁਕੱਲੀ ਤੋੜਾਂ ਮੈਂ
ਕਰੀਰਾਂ ਨਾਲੋਂ ਡੇਲੇ,
ਵੇ ਖੜ੍ਹਾ ਰਹਿ ਜਾਲਮਾ,
ਸਬੱਬੀਂ ਹੋ ਗਏ ਮੇਲੇ।

ਤੂਤ ਨਾ ਸਿਰਫ ਆਪਣੀ ਠੰਡੀ ਛਾਂ ਤੇ ਮਿੱਠੀਆਂ ਤੂਤੀਆਂ ਕਰਕੇ, ਸਗੋਂ ਇਸ ਦੀਆਂ ਟਾਹਣੀਆਂ ਤੋਂ ਟੋਕਰੇ, ਟੋਕਰੀਆਂ, ਛਿੱਕੂ, ਛਾਬੇ ਆਦਿ ਲੋੜੀਂਦੀਆਂ ਵਸਤਾਂ ਬਣਦੀਆਂ ਸਨ। ਤੂਤ ਆਪਣੀ ਮਜ਼ਬੂਤੀ ਲਈ ਵੀ ਜਾਣਿਆ ਜਾਂਦਾ ਹੈ,

ਯਾਰੀ ਜੱਟ ਦੀ ਤੂਤ ਦਾ ਮੋਛਾ
ਕਦੇ ਨਾ ਵਿਚਾਲਿਓਂ ਟੁੱਟਦੀ।

ਇਸ ਤੋਂ ਇਲਾਵਾ ਬੋਹੜ ਤੇ ਪਿੱਪਲਾਂ ਦੀ ਪੰਜਾਬੀ ਜਨ ਜੀਵਨ ਵਿਚ ਬਹੁਤ ਖਾਸ ਜਗ੍ਹਾ ਹੈ। ਹਿੰਦੂ ਧਰਮ ਵਿਚ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਬਾਬਾ ਬੋਹੜ ਸ਼ਬਦ ਕਿਸੇ ਲਈ ਬਹੁਤ ਉੱਚਾ ਰੁਤਬਾ ਮੰਨਿਆ ਜਾਂਦਾ ਹੈ। ਪਿੱਪਲ ਦੇ ਪੱਤੇ ਨੂੰ ਕਹੀ ਗਈ ਇਹ ਗੱਲ ਜ਼ਿੰਦਗੀ ਦੀ ਇੱਕ ਤਲਖ ਹਕੀਕਤ ਹੈ,

ਪਿੱਪਲ ਦਿਆ ਪੱਤਿਆ
ਕਿਉਂ ਖੜ ਖੜ ਲਾਈ ਆ,
ਪੱਤ ਝੜੇ ਪੁਰਾਣੇ
ਰੁੱਤ ਨਵਿਆਂ ਦੀ ਆਈ ਆ।

ਇਸ ਤੋਂ ਇਲਾਵਾ ਫਲਾਂ ਦੇ ਰਾਜੇ ਅੰਬ ਦੇ ਦਰੱਖਤ ਦਾ ਵੀ ਸਾਡੇ ਵਿਰਸੇ ਦੇ ਗੀਤਾਂ ਵਿਚ ਬਹੁਤ ਜ਼ਿਕਰ ਹੈ,

ਨੀ ਅੰਬੀਆਂ ਨੂੰ ਤਰਸੇਂਗੀ,
ਛੱਡ ਕੇ ਦੇਸ਼ ਦੋਆਬਾ।
ਅੰਬਾਂ ਤੇ ਤੂਤਾਂ ਦੀ ਠੰਡੀ ਠੰਡੀ ਛਾਂ,
ਕੋਈ ਪਰਦੇਸੀ ਜੋਗੀ ਆਣ ਲੱਥੇ।

ਦਰੱਖਤਾਂ ਦੀ ਤ੍ਰਿਵੈਣੀ ਲਾਉਣਾ ਬਹੁਤ ਪੁੰਨ ਵਾਲਾ ਕੰਮ ਮੰਨਿਆ ਜਾਂਦਾ ਸੀ। ਪੁਰਾਣੇ ਲੋਕ ਬੋਹੜ ਦੇ ਦਰੱਖਤ ਦਾ ਵਿਆਹ ਵੀ ਰਚਾਉਂਦੇ ਸਨ ਤੇ ਫਿਰ ਜੱਗ ਕਰਕੇ ਗਰੀਬ ਗੁਰਬੇ ਦਾ ਢਿੱਡ ਭਰਦੇ ਸਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਕਿਸ ਤਰ੍ਹਾਂ ਬਨਸਪਤੀ ਦੇ ਅੰਗ-ਸੰਗ ਵਿਚਰਦਾ ਹੈ।

ਪੁਰਾਣੀਆਂ ਸੱਭਿਅਤਾਵਾਂ ਦੀ ਖੁਦਾਈ ਵਿਚੋਂ ਅਜਿਹੇ ਸੰਕੇਤ ਵੀ ਮਿਲੇ ਹਨ ਕਿ ਉਸ ਸਮੇਂ ਲੋਕ ਦਰਖਤਾਂ ਦੀ ਪੂਜਾ ਕਰਦੇ ਸਨ। ਅੱਜ ਦੇ ਸਮੇਂ ਵਿਚ ਦਰੱਖਤਾਂ ਦਾ ਜ਼ਿਆਦਾ ਤੋਂ ਜ਼ਿਆਦਾ ਲਾਉਣਾ ਤੇ ਬਚਾਉਣਾ ਬੇਹਦ ਅਹਿਮ ਕੰਮ ਹੈ।

ਸਾਵਣ ਮਹੀਨੇ ਵਿਚ ਦਰਖਤ ਲੱਗਣੇ ਬਹੁਤ ਜਰੂਰੀ ਹਨ, ਕਿਉਂਕਿ ਇਸ ਮਹੀਨੇ ਵਿਚ ਦਰਖਤ ਸੁੱਕਦੇ ਨਹੀਂ ਹਨ। ਹਵਾ ਵਿਚ ਨਮੀ ਰਹਿਣ ਕਰਕੇ ਪੌਦੇ ਜਲਦੀ ਵਧਦੇ ਹਨ। ਸੋ ਆਓ ਪੰਜਾਬ ਦੀ ਵਿਰਾਸਤ ਬਚਾਈਏ ਤੇ ਵਿਰਾਸਤੀ ਦਰੱਖਤਾਂ ਨੂੰ ਵੱਧ ਤੋਂ ਵੱਧ ਲਾ ਕੇ ਆਕਸੀਜਨ ਤੇ ਸੱਭਿਆਚਾਰ-ਦੋਹਾਂ ਪੱਖਾਂ ਤੋਂ ਪੰਜਾਬ ਦੀ ਧਰਤੀ ਨੂੰ ਅਮੀਰ ਕਰੀਏ।

# ਦਰਸਨੁ ਪੇਖਤ ਹੋਇ ਨਿਹਾਲੁ

**ਰਾਮਕਲੀ ਮਹਲਾ ੫**
ਐਸਾ ਪੂਰਾ ਗੁਰਦੇਉ ਸਹਾਈ॥
ਜਾ ਕਾ ਸਿਮਰਨੁ ਬਿਰਥਾ ਨ ਜਾਈ॥ ਰਹਾਉ॥
ਦਰਸਨੁ ਪੇਖਤ ਹੋਇ ਨਿਹਾਲੁ॥
ਜਾ ਕੀ ਧੂਰਿ ਕਾਟੈ ਜਮ ਜਾਲੁ॥
ਚਰਨ ਕਮਲ ਬਸੇ ਮੇਰੇ ਮਨ ਕੇ॥
ਕਾਰਜ ਸਵਾਰੇ ਸਗਲੇ ਤਨ ਕੇ॥
ਜਾ ਕੈ ਮਸਤਕਿ ਰਾਖੈ ਹਾਥੁ॥
ਪ੍ਰਭੁ ਮੇਰੋ ਅਨਾਥ ਕੋ ਨਾਥੁ॥
ਪਤਿਤ ਉਧਾਰਣੁ ਕ੍ਰਿਪਾ ਨਿਧਾਨੁ॥
ਸਦਾ ਸਦਾ ਜਾਈਐ ਕੁਰਬਾਨੁ॥
ਨਿਰਮਲ ਮੰਤੁ ਦੇਇ ਜਿਸੁ ਦਾਨੁ॥
ਤਜਹਿ ਬਿਕਾਰ ਬਿਨਸੈ ਅਭਿਮਾਨੁ॥
ਏਕੁ ਧਿਆਈਐ ਸਾਧ ਕੈ ਸੰਗਿ॥
ਪਾਪ ਬਿਨਾਸੇ ਨਾਮ ਕੈ ਰੰਗਿ॥
ਗੁਰ ਪਰਮੇਸਰੁ ਸਗਲ ਨਿਵਾਸ॥
ਘਟਿ ਘਟਿ ਰਵਿ ਰਹਿਆ ਗੁਣਤਾਸ॥
ਦਰਸੁ ਦੇਹਿ ਧਾਰਉ ਪ੍ਰਭ ਆਸ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥

ਸਾਹਿਬ ਸਿਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਦੇ ਵਿਚ ਬਖਸ਼ਿਸ਼ ਕਰਦੇ ਆਖ ਰਹੇ ਹਨ, ਹੇ ਭਾਈ ਪੂਰਾ ਗੁਰੂ ਐਸੀ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਸਹਾਈ ਹੁੰਦਾ ਹੈ ਕਿ ਪੂਰੇ ਗੁਰੂ ਦਾ ਦਿੱਤਾ ਹੋਇਆ ਹਰਿ ਨਾਮ ਸਿਮਰਨ ਦਾ ਉਪਦੇਸ਼ ਕਦੀ ਵੀ ਵਿਅਰਥ ਨਹੀਂ ਜਾਂਦਾ, ਸੋ ਗੁਰੂ ਦੇ ਚਰਨੀਂ ਲੱਗੀਏ ਜੀ।

ਸਤਿਗੁਰੂ ਪਿਤਾ ਜੀ ਆਖਦੇ ਨੇ, ਹੇ ਭਾਈ ਪੂਰੇ ਗੁਰੂ ਦਾ ਦਰਸ਼ਨ ਕਰਦਿਆਂ ਹੀ ਮਨੁੱਖ ਦਾ ਤਨ ਅਤੇ ਮਨ-ਦੋਵੇਂ ਖਿੜ ਜਾਂਦੇ ਹਨ; ਭਾਈ ਐਸੇ ਗੁਰੂ ਦੀ ਚਰਨ ਧੂੜ ਜਮ ਦੀ ਫਾਹੀ ਕੱਟ ਦਿੰਦੀ ਹੈ। ਭਾਈ ਐਸੇ ਪਿਆਰੇ ਗੁਰੂ ਦੇ ਚਰਨ ਜਿਸ ਮਨੁੱਖ ਦੇ ਹਿਰਦੇ ਵਿਚ ਆ ਵਸਦੇ ਹਨ, ਉਸ ਦੇ ਮਨ ਅਤੇ ਸਰੀਰ ਦੇ ਸਾਰੇ ਹੀ ਕੰਮ ਗੁਰੂ ਆਪ ਸਵਾਰ ਦਿੰਦਾ ਹੈ।

ਜਾ ਕੈ ਮਸਤਕਿ ਰਾਖੈ ਹਾਥੁ॥
ਪ੍ਰਭੁ ਮੇਰੋ ਅਨਾਥ ਕੋ ਨਾਥੁ॥
ਪਤਿਤ ਉਧਾਰਣੁ ਕ੍ਰਿਪਾ ਨਿਧਾਨੁ॥
ਸਦਾ ਸਦਾ ਜਾਈਐ ਕੁਰਬਾਨੁ॥
ਜਾ ਕੈ ਮਸਤਕਿ ਰਾਖੈ ਹਾਥੁ॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ ਜਿਸ ਮਨੁੱਖ ਦੇ ਮਸਤਕ ਭਾਵ ਮੱਥੇ ਉਤੇ ਗੁਰੂ ਆਪਣਾ ਹੱਥ ਰੱਖ ਦਿੰਦਾ ਹੈ, ਉਸ ਵਡਭਾਗੇ ਨੂੰ ਉਹ ਨਿਆਸਰਿਆਂ ਦਾ ਆਸਰਾ ਪ੍ਰਭੂ ਮਿਲ ਪੈਂਦਾ

## ਗੁਰਬਾਣੀ ਗਿਆਨ

ਹੈ। ਹੇ ਭਾਈ, ਗੁਰੂ ਤਾਂ ਵਿਕਾਰਾਂ ਦੇ ਵਿਚ ਡੁੱਬੇ ਹੋਇਆਂ ਨੂੰ ਬਚਾਉਣ ਵਾਲਾ ਹੈ ਤੇ ਗੁਰੂ ਮਿਹਰਾਂ ਦਾ ਖਜਾਨਾ ਹੈ; ਐਸੇ ਮਿਹਰਬਾਨ ਗੁਰੂ ਤੋਂ ਸਦਾ ਸਦਾ ਹੀ ਬਲਿਹਾਰ ਜਾਣਾ ਚਾਹੀਦਾ ਹੈ।

ਨਿਰਮਲ ਮੰਤੁ ਦੇਇ ਜਿਸੁ ਦਾਨੁ॥
ਤਜਹਿ ਬਿਕਾਰ ਬਿਨਸੈ ਅਭਿਮਾਨੁ॥
ਏਕੁ ਧਿਆਈਐ ਸਾਧ ਕੈ ਸੰਗਿ॥
ਪਾਪ ਬਿਨਾਸੇ ਨਾਮ ਕੈ ਰੰਗਿ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ, ਗੁਰੂ ਜਿਸ ਜੀਵ ਨੂੰ ਆਪਣਾ ਪਵਿੱਤਰ ਉਪਦੇਸ਼ ਬਖਸ਼ਦਾ ਹੈ, ਉਸ ਜੀਵ ਨੂੰ ਸਾਰੇ ਹੀ ਵਿਕਾਰ ਛੱਡ ਜਾਂਦੇ ਹਨ, ਉਸ ਦਾ ਅਹੰਕਾਰ ਦੂਰ ਹੋ ਜਾਂਦਾ ਹੈ। ਹੇ ਭਾਈ, ਗੁਰੂ ਦੀ ਸੰਗਤ ਵਿਚ ਬੈਠ ਕੇ ਇਕ ਪਰਮਾਤਮਾ ਦਾ ਧਿਆਨ ਧਰਨਾ ਚਾਹੀਦਾ ਹੈ, ਗੁਰੂ ਦੀ ਸੰਗਤ ਨਾਲ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਿਹਾਂ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਗੁਰ ਪਰਮੇਸਰੁ ਸਗਲ ਨਿਵਾਸ॥
ਘਟਿ ਘਟਿ ਰਵਿ ਰਹਿਆ ਗੁਣਤਾਸ॥
ਦਰਸੁ ਦੇਹਿ ਧਾਰਉ ਪ੍ਰਭ ਆਸ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਕਹਿੰਦੇ ਹਨ, ਗੁਰੂ-ਪਰਮਾਤਮਾ ਸਭ ਜੀਵਾਂ ਵਿਚ ਵੱਸਦਾ ਹੈ, ਉਹ ਸਾਰੇ ਗੁਣਾ ਦਾ ਖਜਾਨਾ ਹਰ ਇਕ ਹਿਰਦੇ ਵਿਚ ਹੀ ਮੌਜੂਦ ਹੈ। ਹੇ ਮਿਹਰਬਾਨ ਪ੍ਰਭ ਜੀ, ਮੈਨੂੰ ਆਪਣਾ ਦੀਦਾਰ ਦੇਹ, ਮੈਂ ਤੇਰੇ ਦਰਸ਼ਨ ਦੀ ਆਸ ਲਈ ਬੈਠਾ ਹਾਂ, ਮੇਰੀ ਇਹੋ ਅਰਦਾਸ ਹੈ ਕਿ ਤੇਰਾ ਦਾਸ ਨਾਨਕ ਉਸ ਪ੍ਰਭੂ ਨੂੰ ਸਦਾ ਯਾਦ ਕਰਦਾ ਰਹੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
*ਫੋਨ: 916-687-3536*

# ਬੈਚ ਫੁੱਲ ਸਕਲੇਰੈਂਥਸ: ਦੋਚਿੱਤੀ

*(ਪਿਛਲੇ ਸਫੇ ਦੀ ਬਾਕੀ)*

ਜਾਂਦੇ ਹਨ। ਕਈ ਡਰਦੇ ਹਨ ਕਿ ਕਿਤੇ ਉਹ ਭੁੱਲਕੜਪੁਣੇ ਦੀ ਨਾਮੁਰਾਦ ਬੀਮਾਰੀ (Alzheimer) ਦੇ ਸ਼ਿਕਾਰ ਹੀ ਨਾ ਹੋ ਜਾਣ। ਕਈ ਅਸਲੋਂ ਹੋ ਵੀ ਜਾਂਦੇ ਹਨ ਅਤੇ ਫਿਰ ਉਨ੍ਹਾਂ ਨਾਲ ਜੋ ਵਰਤਦਾ ਹੈ, ਉਸ ਦੀ ਕਹਾਣੀ ਮੇਰੇ ਇਕ ਵਕੀਲ ਦੋਸਤ ਨੇ ਸੁਣਾਈ। ਉਹ ਇਕ ਅਧੇੜ ਉਮਰ ਦੇ ਵਿਅਕਤੀ ਦੇ ਕੇਸ ਦੀ ਪੈਰਵੀ ਕਰ ਰਹੇ ਸਨ, ਜਿਸ ਨੇ ਤਹਿਸੀਲ ਵਿਚੋਂ ਮੈਰਿਜ ਸਰਟੀਫਿਕੇਟ ਬਣਾਉਣਾ ਸੀ। ਇਸ ਕੰਮ ਲਈ ਉਨ੍ਹਾਂ ਨੇ ਉਸ ਦਾ ਪੈਂਤੀ ਸਾਲ ਪੁਰਾਣਾ ਵਿਆਹ ਰਜਿਸਟਰ ਕਰਵਾਉਣਾ ਸੀ ਤੇ ਗਵਾਹੀਆਂ ਪੇਸ਼ ਕਰਨੀਆਂ ਸਨ। ਹੋਰ ਗਵਾਹਾਂ ਦੇ ਨਾਲ ਨਾਲ ਉਨ੍ਹਾਂ ਨੇ ਉਸ ਆਦਮੀ ਦੇ ਬਿਰਧ ਪਿਤਾ ਨੂੰ ਵੀ ਸੱਦ ਲਿਆ।

ਤਹਿਸੀਲਦਾਰ ਦੀ ਕਚਹਿਰੀ ਲੱਗੀ ਤਾਂ ਉਸ ਨੇ ਪੁੱਤਰ ਵੱਲ ਇਸ਼ਾਰਾ ਕਰ ਕੇ ਪਿਤਾ ਤੋਂ ਪੁੱਛਿਆ, "ਬਾਬਾ ਇਸ ਨੂੰ ਜਾਣਦਾ ਐਂ?" ਪਿਤਾ ਨੇ ਕਿਹਾ, "ਹਾਂ ਜੀ, ਛੋਕਰਾ ਜੋਹ ਮੇਰਾ।" ਉਸ ਨੇ ਫਿਰ ਪੁੱਛਿਆ ਕੀ ਨਾਂ ਐ ਇਸ ਦਾ?" ਬਾਪ ਭਵੰਤਰ ਗਿਆ ਤੇ ਲੱਗਿਆ ਇੱਧਰ ਉਧਰ ਦੇਖਣ। ਉਸ ਦੀ ਖਾਮੋਸ਼ੀ ਤੋਂ ਘਬਰਾਏ ਵਕੀਲ ਨੇ ਉਹੀ ਸਵਾਲ ਆਪ ਦੋ ਵਾਰ ਦੁਹਰਾਇਆ, ਪਰ ਉਹ ਬਜ਼ੁਰਗ ਗਵਾਹ ਵਕੀਲ ਤੋਂ ਹੀ ਪੁੱਛਣ ਲੱਗਿਆ, "ਕੇ ਨੌਂ ਐਂ ਬਾਈ ਇਸ ਕਾ? ਮੇਰੀ ਜੀਭ ਪਰ ਫਿਰ ਰਿਹਾ।" ਇਹ ਦੇਖ ਕੇ ਪੁੱਤਰ ਨੇ ਕਿਹਾ, "ਬਾਪੂ, ਤੰਨੂੰ ਮੇਰੇ ਨੌਂ ਕਾ ਨੀ ਪਤਾ? ਬਤਾ ਦੇ ਮੈਂ ਕੌਣ ਆਂ।" ਪਿਤਾ ਬੋਲਿਆ, "ਪਤਾ ਤੋ ਹੈ, ਤੇਰਾ ਨੌਂ ਦਿਲ ਮਾਂ ਫਿਰ ਰਿਹਾ।" ਉਸ ਦਾ ਇਹ ਉੱਤਰ ਸੁਣ ਕੇ ਸਭ ਹੱਸ ਪਏ, ਤਹਿਸੀਲਦਾਰ ਵੀ। ਤਦੇ ਬਜ਼ੁਰਗ ਨੂੰ ਨਾਂ ਯਾਦ ਆ ਗਿਆ ਤੇ ਉਸ ਨੇ ਝੱਟ ਦੱਸ ਦਿੱਤਾ। ਅਫਸਰ ਨੇ ਇਸ ਨੂੰ ਵਿਰਲਿਆਂ 'ਚੋਂ ਵਿਰਲੀ (Rarest of the rare) ਗਵਾਹੀ ਮੰਨ ਕੇ ਸਰਟੀਫਿਕੇਟ ਜਾਰੀ ਕਰ ਦਿੱਤਾ। ਜਦੋਂ ਘਟਨਾ ਸੁਣਾ ਕੇ ਵਕੀਲ ਸਾਹਿਬ ਹੱਸ ਹਟੇ ਤਾਂ ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਕਚਹਿਰੀ ਵਿਚ ਪੇਸ਼ ਕਰਨ ਤੋਂ ਪਹਿਲਾਂ ਆਪਣੇ ਹਰ ਗਵਾਹ ਨੂੰ ਫੁੱਲ ਦਵਾਈ ਸਕਲੇਰੈਂਥਸ ਦੀ ਇਕ ਇਕ ਖੁਰਾਕ ਜਰੂਰ ਦੇ ਦਿਆ ਕਰਨ ਤਾਂ ਜੋ ਉਨ੍ਹਾਂ 'ਚੋਂ ਕੋਈ ਭੁੱਲੇ ਤੇ ਮੁੱਕਰੇ ਨਾ। ਪਹਿਲਾਂ ਤਾਂ ਉਸ ਨੇ ਮਖੌਲ ਮੰਨਿਆ ਫਿਰ ਦਵਾਈ ਦਾ ਨਾਂ ਡਾਇਰੀ ਵਿਚ ਲਿਖ ਲਿਆ।

ਸਕਲੇਰੈਂਥਸ ਦੀ ਰਿਣਾਤਮਿਕਤਾ (Negativity) ਇਕ ਬਾਹਰੀ ਕਸੂਰ ਨਹੀਂ ਹੈ, ਸਗੋਂ ਧੁਰ ਅੰਦਰ ਤੀਕ ਵੱਸਿਆ ਬਣਤਰੀ (Constitutional) ਨੁਕਸ ਹੈ। ਇਹ ਇਸ ਦੇ ਮਰੀਜ਼ਾਂ ਦੇ ਸੁਭਾਅ, ਆਦਤਾਂ ਤੇ ਵਿਹਾਰ ਤੋਂ ਲੈ ਕੇ ਉਨ੍ਹਾਂ ਦੇ ਮਨ ਤੇ ਆਤਮਾ ਤੀਕ ਫੈਲਿਆ ਹੁੰਦਾ ਹੈ। ਇਸ ਲਈ ਉਨ੍ਹਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਵਿਚ ਵੀ ਇਸ ਦੀ ਝਲਕ ਮਿਲਦੀ ਹੈ। ਇਸ ਫੁੱਲ ਦਵਾਈ ਦੇ ਮਰੀਜ਼ਾਂ ਵਿਚ ਕਬਜ਼, ਪੇਚਸ, ਜੀ ਮਤਲਾਉਣਾ, ਨਾ-ਮਰਦੀ, ਯਾਦਦਾਸ਼ਤ ਦੀ ਕਮਜ਼ੋਰੀ, ਉਨੀਂਦਰਾਪਨ, ਤੇਈਆ ਤਾਪ, ਉਬਾਲੀ ਗੁੱਸਾ, ਅਲਰਜ਼ੀ, ਅਲਗਰਜ਼ੀ, ਵਿਗੜਿਆ ਨਜ਼ਲਾ, ਦਬੀ ਹੋਈ ਮਾਤਾ (Suppressed small-pox), ਅਣਵਿਕਸਿਤ ਰਸੌਲੀਆਂ ਆਦਿ ਆਮ ਪਾਈਆਂ ਜਾਂਦੀਆਂ ਹਨ। ਔਰਤਾਂ 'ਚ ਚਿਹਰੇ ਦੇ ਵਾਲ, ਲਮਕਦੀ ਮਹਾਵਾਰੀ, ਗਰਮ ਤ੍ਰੇਲੀਆਂ, ਬਦਲਦੇ ਤੇਵਰ (Mood Swings), ਜਵਾਰਭਾਟੀ ਬਲੱਡ ਪ੍ਰੈਸ਼ਰ, ਆਦਿ ਸ਼ਿਕਾਇਤਾਂ ਅਕਸਰ ਮਿਲਦੀਆਂ ਹਨ।

ਇਸ ਦੇ ਪ੍ਰਭਾਵ ਵਾਲੇ ਨਸ਼ੇੜੀ ਰਾਤ ਨੂੰ ਨਸ਼ਾ ਛੱਡਣ ਦੇ ਪੱਕੇ ਵਾਅਦੇ ਕਰਕੇ ਅਗਲੇ ਦਿਨ ਫਿਰ ਪੀਣਾ ਸ਼ੁਰੂ ਕਰ ਦਿੰਦੇ ਹਨ। ਇਸ ਦੇ ਚੋਰ ਕੰਨ ਪਕੜ ਕੇ ਫਿਰ ਚੋਰੀ ਕਰਨ ਲਗਦੇ ਹਨ। ਸਕਲੇਰੈਂਥਸ ਦੇ ਬੇ-ਹਯਾ ਰੋਗੀ ਤੇ ਰੋਗਣਾਂ ਨੱਕ ਨਾਲ ਲਕੀਰਾਂ ਕੱਢ ਕੇ ਫਿਰ ਇੱਧਰ ਉਧਰ ਮੂੰਹ ਮਾਰਨ ਲਗਦੇ ਹਨ। ਇਹ ਫੁੱਲ ਦਵਾਈ ਉਨ੍ਹਾਂ ਨੂੰ ਚੁਸਤ, ਸਾਊ ਤੇ ਹਾਜਰ ਜਵਾਬ ਬਣਾਉਣ ਵਿਚ ਮਦਦ ਕਰੇਗੀ।

# ਘੋੜਿਆਂ ਅਤੇ ਬਲਦਾਂ ਦੇ ਸ਼ੌਕੀਨਾਂ ਦਾ ਲੇਖਕ

*(ਸਫਾ 26 ਦੀ ਬਾਕੀ)*

ਸਾਈਕਲ, ਇਕ ਫਰਿਜ ਤੇ ਲੱਖਾਂ ਰੁਪਏ ਦੇ ਇਨਾਮ ਜਿੱਤ ਚੁਕੇ ਹਨ। ਉਹ ਉਸੇ ਬਲਦ 'ਤੇ ਪੈਸਾ ਲਾਉਂਦੈ, ਜਿਹੜਾ ਆਪਣਾ ਖਰਚਾ ਆਪ ਚੁੱਕੇ। ਗੁਰਬਚਨ ਸਿੰਘ ਹਰ ਸਾਲ ਸੱਤ ਲੱਖ ਰੁਪਏ ਦੇ ਇਨਾਮਾਂ ਵਾਲੀਆਂ ਬੈਲ-ਗੱਡੀਆਂ ਦੀਆਂ ਦੌੜਾਂ ਕਰਾ ਕੇ ਆਪਣੇ ਸਵਰਗੀ ਪਿਤਾ ਹਰਚੰਦ ਸਿੰਘ ਨੂੰ ਸ਼ਰਧਾਂਜਲੀ ਦਿੰਦੈ। ਕਿਸੇ ਨੂੰ ਮੋਟਰ ਸਾਈਕਲ, ਕਿਸੇ ਨੂੰ ਫਰਿਜ, ਕਿਸੇ ਨੂੰ ਟੀ. ਵੀ. ਅਤੇ ਇੱਕੀਵੇਂ ਨੰਬਰ 'ਤੇ ਆਉਣ ਵਾਲੀ ਬੈਲ ਗੱਡੀ ਨੂੰ ਵੀ ਹਜ਼ਾਰ ਰੁਪਏ ਦੇ ਇਨਾਮ ਨਾਲ ਸਨਮਾਨਦੈ। ਬੈਲ-ਗੱਡੀਆਂ ਦੀਆਂ ਦੌੜਾਂ ਉਹਦਾ ਇਸ਼ਕ ਹਨ।

ਪੰਜਾਬ ਵਿਚ ਸੈਂਕੜੇ ਪਿੰਡ ਹਨ, ਜਿਥੇ ਬੈਲ-ਗੱਡੀਆਂ ਤੇ ਹਲਟਾਂ ਦੀਆਂ ਦੌੜਾਂ ਹੁੰਦੀਆਂ ਹਨ। ਇਨ੍ਹਾਂ ਦੌੜਾਂ ਸਦਕੇ ਹੀ ਪੰਜਾਬ ਵਿਚ ਬਲਦ ਜ਼ਿੰਦਾ ਹਨ, ਨਹੀਂ ਤਾਂ ਟਰੈਕਟਰਾਂ ਦੇ ਆ ਜਾਣ ਨਾਲ ਬਲਦ ਕਿਸੇ ਨੇ ਪੁੱਛਣੇ ਨਹੀਂ ਸਨ। ਮੈਨੂੰ ਕੋਟ ਗੰਗੂ ਰਾਏ ਦੇ ਖੇਡ ਮੇਲੇ 'ਤੇ ਪਤਾ ਲੱਗਾ ਕਿ ਇਕ ਬਲਦ ਦੀ ਕੀਮਤ ਤੇਰਾਂ ਲੱਖ ਰੁਪਏ ਤਕ ਚਲੀ ਗਈ ਹੈ, ਪਰ ਮਾਲਕ ਵੇਚ ਨਹੀਂ ਰਿਹਾ!

ਬੈਲ-ਗੱਡੀਆਂ ਦੀਆਂ ਦੌੜਾਂ ਦਾ ਤੋਰਾ ਕਿਲਾ ਰਾਇਪੁਰ ਦੀਆਂ ਖੇਡਾਂ 'ਚ 1940 ਦੇ ਕਰੀਬ ਤੁਰਿਆ ਸੀ। ਉਥੋਂ ਦਾ ਬਖਸ਼ੀਸ਼ ਸਿੰਘ ਬਖਸ਼ੀ ਕਮਾਲ ਦਾ ਗੱਡੀਵਾਨ ਸਾਬਤ ਹੋਇਆ। ਉਸ ਦੀਆਂ ਗਵਾਹੀਆਂ ਇਲਾਕੇ ਦੇ ਝਾੜ-ਬੂਟ ਵੀ ਭਰਦੇ ਹਨ। ਉਸ ਦੀ ਗੱਡੀ ਹਵਾ ਨੂੰ ਗੰਢਾਂ ਦਿੰਦੀ ਜਾਂਦੀ ਸੀ। ਉਸ ਬਾਰੇ ਟੱਪਾ ਪ੍ਰਚਲਿਤ ਹੋਇਆ: ਬਖਸ਼ੀ ਚਾਬਕ ਨੀ ਕਿਸੇ ਬਣ ਜਾਣਾ, ਘਰ ਘਰ ਪੁੱਤ ਜੰਮਦੇ...।

ਬਖਸ਼ੀਸ਼ ਸਿੰਘ ਦੀ ਯਾਦ ਵਿਚ ਉਸ ਦੇ ਸਪੁੱਤਰ ਸੁਰਜੀਤ ਸਿੰਘ ਗਰੇਵਾਲ ਨੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਕਿਲਾ ਰਾਇਪੁਰ ਨੂੰ ਟਰਾਫੀ ਵਜੋਂ ਦਸ ਤੋਲੇ ਸੋਨੇ ਦੀ ਛੋਟੀ ਬੈਲ ਗੱਡੀ ਬਣਾ ਕੇ ਦਿੱਤੀ, ਜੋ ਬੈਲ-ਗੱਡੀਆਂ ਦੀ ਦੌੜ ਦੇ ਜੇਤੂ ਨੂੰ ਇਨਾਮ ਦਿੱਤੀ ਜਾਂਦੀ ਹੈ। ਹੁਣ ਤਾਂ ਬੈਲ-ਗੱਡੀਆਂ ਤੇ ਹਲਟ ਦੌੜਾਂ ਪੰਜਾਬ ਦੇ ਸੈਂਕੜੇ ਪਿੰਡਾਂ ਵਿਚ ਲੱਗਣ ਲੱਗ ਪਈਆਂ ਹਨ। ਸਿਆਲ ਵਿਚ ਕੋਈ ਦਿਨ ਖਾਲੀ ਨਹੀਂ ਜਾਂਦਾ, ਜਿੱਦਣ ਕਿਤੇ ਦੌੜਾਂ ਨਾ ਹੋ ਰਹੀਆਂ ਹੋਣ। ਕਈ ਵਾਰ ਤਾਂ ਇਕੋ ਦਿਨ ਕਈ ਕਈ ਪਿੰਡਾਂ ਵਿਚ ਦੌੜਾਂ ਹੁੰਦੀਆਂ ਹਨ। ਕੁਝ ਪਿੰਡਾਂ ਦੀਆਂ ਦੌੜਾਂ ਵਿਚ ਦੋ ਸੌ ਤੋਂ ਵੀ ਵੱਧ ਬੈਲ-ਗੱਡੀਆਂ ਪੁੱਜ ਜਾਂਦੀਆਂ ਹਨ। ਖੀਰੇ ਦੁੱਗਿਆਂ ਦੀ ਦੌੜ ਤੋਂ ਲੈ ਕੇ ਬਲਦਾਂ ਦੀਆਂ ਹੀਟਾਂ, ਸੈਮੀ ਫਾਈਨਲ ਤੇ ਫਾਈਨਲ ਦੌੜਾਂ, ਹਲਟਾਂ ਦੇ ਗੇੜੇ ਅਤੇ ਇਕਹਿਰੀਆਂ ਤੇ ਦੂਹਰੀਆਂ ਦੌੜਾਂ ਲੱਗਦੀਆਂ ਹਨ। ਬੈਲ-ਗੱਡੀਆਂ ਤੇ ਹਲਟ ਦੌੜਾਂ ਪੇਂਡੂ ਪੰਜਾਬੀਆਂ ਦਾ ਮਨਭਾਉਂਦਾ ਮਨੋਰੰਜਨ ਬਣ ਗਈਆਂ ਹਨ।

ਖੇਤੀਬਾੜੀ 'ਚੋਂ ਬਲਦ ਬੇਸ਼ਕ ਮਨਫੀ ਹੋ ਗਏ ਹਨ, ਪਰ ਪੰਜਾਬੀਆਂ ਨੇ ਗਊ ਦੇ ਜਾਇਆਂ ਨੂੰ ਆਪਣੇ ਜੀਵਨ 'ਚੋਂ ਮਨਫੀ ਨਹੀਂ ਹੋਣ ਦਿੱਤਾ। ਅੱਜ ਵੀ ਖੀਰਿਆਂ, ਦੁੱਗਿਆਂ, ਛਿਗਲਾਂ, ਚੌਰਿਆਂ, ਬੱਗਿਆਂ, ਸਾਵਿਆਂ, ਨਾਰਿਆਂ, ਖੰਡਿਆਂ, ਮੀਣਿਆਂ, ਭੋਡਿਆਂ, ਬੂਲਿਆਂ, ਚੰਗਿਆੜਿਆਂ, ਲਸਣੀਆਂ, ਚੱਪਿਆਂ, ਨਗੌਰੀਏ ਤੇ ਹਿਸਾਰੀਏ ਵੱਛਿਆਂ, ਵਹਿੜਿਆਂ ਤੇ ਬਲਦਾਂ ਦੀਆਂ ਗੱਲਾਂ ਹੁੰਦੀਆਂ ਹਨ। ਬੈਲ-ਗੱਡੀਆਂ ਦੀਆਂ ਦੌੜਾਂ ਨਾਲ ਕਈ ਸ਼ਬਦ ਜੁੜ ਗਏ ਹਨ। ਕੋਈ ਬਲਦ ਰੁਸਤਮੇ ਹਿੰਦ ਹੈ, ਕੋਈ ਮਾਣਕ, ਕੋਈ ਲਾਦੇਨ, ਕੋਈ ਛਿੰਗੜੀ ਤੇ ਕੋਈ ਉਡਣਾ ਬਾਜ। ਬਲਦ ਵੀ ਹਾਕੀ ਦੇ ਗੋਲਾਂ ਵਾਂਗ ਜਿੱਤਾਂ ਦੇ ਹੈਟ ਟ੍ਰਿਕ ਮਾਰਨ ਲੱਗ ਪਏ ਹਨ। ਚਾਬਕਾਂ 'ਚ ਪਹਿਲਵਾਨੀ ਦੇ ਪੱਠਿਆਂ ਵਾਂਗ ਉਸਤਾਦੀ-ਸ਼ਾਗਿਰਦੀ ਚੱਲਣ ਲੱਗ ਪਈ ਹੈ ਤੇ ਕਿਸੇ ਕਿਸੇ ਗਡਵਾਨ ਨੂੰ ਚਾਬਕੀ ਦੇ ਹੀਰੋ ਦਾ ਖਿਤਾਬ ਮਿਲਣ ਲੱਗ ਪਿਐ। ਚੈਂਪੀਅਨ ਬਲਦਾਂ ਦਾ ਮਰਨ ਉਪਰੰਤ ਸੋਗ ਮਨਾਇਆ ਜਾਂਦੈ, ਸਸਕਾਰ ਹੁੰਦੈ ਤੇ ਭੋਗ ਪਾਇਆ ਜਾਂਦੈ!

ਕੋਈ ਬਲਦਾਂ ਦਾ ਜੌਹਰੀ ਹੈ, ਕੋਈ ਚਾਬਕੀ ਦਾ ਬਾਦਸ਼ਾਹ, ਕੋਈ ਬੈਲ-ਗੱਡੀਆਂ ਦਾ ਲੰਬੜਦਾਰ, ਕੋਈ ਦੌੜਾਂ ਦਾ ਝੰਡਾਬਰਦਾਰ, ਕੋਈ ਮੋਹੜੀਗੱਡ, ਕੋਈ ਬੈਲ-ਗੱਡੀਆਂ ਦਾ ਥੰਮ੍ਹ, ਕੋਈ ਚੈਂਪੀਅਨਾਂ ਦਾ ਚੈਂਪੀਅਨ, ਕੋਈ ਲੰਡੇ ਵਾਲਾ, ਮੀਣੇ ਵਾਲਾ, ਕੋਈ ਬੈਲ-ਗੱਡੀਆਂ ਦਾ ਵਣਜਾਰਾ, ਕੋਈ ਹਲਟ ਦੌੜਾਂ ਦਾ ਬਾਦਸ਼ਾਹ, ਕੋਈ ਬਲਦਾਂ ਦੀ ਜਿੰਦ-ਜਾਨ, ਕੋਈ ਬਲਦਾਂ ਦਾ ਪੁਜਾਰੀ, ਪ੍ਰੇਮੀ, ਕੋਈ ਬਲਦਾਂ ਦਾ ਸਰਦਾਰ, ਕੋਈ ਸੇਵਾਦਾਰ, ਕੋਈ ਦੀਵਾਨਾ ਤੇ ਕੋਈ ਭਾਗ ਖਾਂ ਟੇਲਰ ਵਾਂਗ ਬਲਦਾਂ ਨੂੰ ਦੁਲਹਨ ਵਾਂਗ ਸਜਾਉਣ ਵਾਲਾ 'ਸ਼ਿੰਗਾਰੀਆ' ਹੈ।

ਕਟਾਣੀ ਦੇ ਅੱਡੇ ਵਿਚ ਦੁਕਾਨ ਚਲਾ ਰਿਹਾ ਭਾਗ ਖਾਂ ਉੱਠਦਾ-ਬਹਿੰਦਾ, ਖਾਂਦਾ-ਪੀਂਦਾ, ਜਾਗਦਾ-ਸੌਂਦਾ ਬਲਦਾਂ ਦੇ ਝੁੱਲ ਹੋਰ ਵਧੀਆ ਬਣਾਉਣ ਬਾਰੇ ਸੋਚਦਾ ਰਹਿੰਦੈ। ਪੂਰੇ ਪੰਜਾਬ ਵਿਚ ਉਸ ਦੇ ਬਣਏ ਝੁੱਲਾਂ ਦੀ ਝੰਡੀ ਹੈ। ਗਿਣੇ ਤਾਂ ਨਹੀਂ ਪਰ ਅੰਦਾਜ਼ਾ ਹੈ ਕਿ ਉਹ ਇਕ ਹਜ਼ਾਰ ਝੁੱਲ ਤਾਂ ਸਿਓਂ ਹੀ ਚੁੱਕਾ ਹੋਵੇਗਾ। ਉਸ ਨੂੰ ਝੁੱਲ ਬਣਾਉਣ ਦੇ ਹੁਨਰ ਕਾਰਨ ਕੋਟ, ਹਾਦੀਵਾਲ, ਤਰਖੇੜੀ, ਬੀਜਾ, ਮੁੰਡੀਆਂ, ਕੁਹਾੜਾ ਤੇ ਹੋਰ ਨਾਮੀ ਗਰਾਮੀ ਖੇਡ ਮੇਲਿਆਂ 'ਤੇ ਸਨਮਾਨਿਤ ਕੀਤਾ ਜਾ ਚੁੱਕੈ। ਇਹ ਤਾਂ ਕਿਤਾਬ ਵਿਚਲੇ ਕੁਝ ਇਕ ਵੇਰਵਿਆਂ ਦਾ ਹੀ ਟ੍ਰੇਲਰ ਹੈ ਜਦ ਕਿ ਪੂਰੀ ਪੁਸਤਕ ਅਜਿਹੇ ਅਨੇਕਾਂ ਵੇਰਵਿਆਂ ਨਾਲ ਭਰੀ ਪਈ ਹੈ।


'ਸ਼ੌਂਕੀ ਬਲਦਾਂ ਦੇ' ਪੁਸਤਕ ਪੰਜਾਬੀ ਖੇਡ ਸਾਹਿਤ ਵਿਚ ਨਵਾਂ ਵਾਧਾ ਹੋਵੇਗੀ। ਜਦੋਂ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਤਾਂ ਪੰਜਾਬੀ ਵਿਚ 'ਭਾਰਤ ਦੇ ਪਹਿਲਵਾਨ' ਬਿਨਾ ਕੋਈ ਖੇਡ ਪੁਸਤਕ ਨਹੀਂ ਸੀ। ਮੇਰੇ ਵੇਖਦੇ ਵੇਖਦੇ ਡੇਢ ਸੌ ਤੋਂ ਵੱਧ ਖੇਡ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬੀ ਖੇਡ ਸਾਹਿਤ ਦੇ ਵੀ ਪਾਠਕ ਹਨ। ਅਮਰੀਕ ਭਾਗੋਵਾਲੀਏ ਨੂੰ ਨਿਵੇਕਲੀਆਂ ਪੁਸਤਕਾਂ ਲਿਖਣ ਦੀ ਵਧਾਈ ਦੇਣ ਦੇ ਨਾਲ ਮੈਂ ਸਲਾਹ ਵੀ ਦਿੰਦਾ ਹਾਂ ਕਿ ਉਹ ਆਪਣਾ ਸ਼ੌਕ ਹੋਰ ਅੱਗੇ ਵਧਾਵੇ ਅਤੇ ਦੌੜਨ ਵਾਲੇ ਕੁੱਤਿਆਂ, ਬਾਜ਼ੀ ਪਾਉਣ ਵਾਲੇ ਕਬੂਤਰਾਂ ਤੇ ਹੋਰਨਾਂ ਜਾਨਵਰਾਂ ਦੇ ਸ਼ੌਕੀਨਾਂ ਬਾਰੇ ਵੀ ਲਿਖੇ। ਉਹ ਵੀ ਖੇਡ ਪੁਸਤਕਾਂ ਲਿਖਣ ਦੇ ਹਾਕੀ ਦੇ ਬਲਬੀਰ ਸਿੰਘ ਵਾਂਗ 'ਗੋਲਡਨ ਹੈਟ ਟ੍ਰਿਕ' ਮਾਰੇ।

###

# ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ ਬਣਾਇਆ

ਗੁਰਮਤਿ ਗਿਆਨ

ਛੇਵੀਂ ਵਾਰ ਵਿਚ ਭਾਈ ਗੁਰਦਾਸ ਨੇ ਸਤਿਗੁਰੂ, ਗੁਰੂ, ਗੁਰਮੁਖਿ ਜਾਂ ਗੁਰਸਿੱਖ ਦੀ ਰਹਿਣੀ, ਗੁਰੂ ਦਾ ਸ਼ਬਦ, ਸਾਧਸੰਗਤਿ, ਕੁਦਰਤਿ, ਗ੍ਰਹਿਸਤ, ਗਿਆਨੀ, ਹੱਥੀਂ ਕਿਰਤ ਕਰਨਾ ਆਦਿ ਸਿੱਖ ਧਰਮ ਨਾਲ ਜੁੜੇ ਕਈ ਸੰਕਲਪਾਂ 'ਤੇ ਚਾਨਣਾ ਪਾਇਆ ਹੈ, ਜਿਨ੍ਹਾਂ ਦਾ ਸੰਖੇਪ ਵਰਨਣ ਅਸੀਂ ਆਪਣੇ ਛੇਵੀਂ ਵਾਰ ਦੇ ਅਧਿਐਨ ਵਿਚ ਕਰਾਂਗੇ। ਛੇਵੀਂ ਵਾਰ ਦੀ ਪਹਿਲੀ ਪਉੜੀ ਮੰਗਲਾਚਰਣ ਹੈ। ਮੰਗਲਾਚਰਣ ਆਮ ਤੌਰ 'ਤੇ ਕਿਸੇ ਗ੍ਰੰਥ ਦੇ ਅਰੰਭ ਵਿਚ ਕੀਤਾ ਜਾਂਦਾ ਹੈ, ਜਿਸ ਵਿਚ ਇਸ਼ਟਦੇਵ ਦੀ, ਜਿਸ ਬਾਰੇ ਅੱਗੇ ਲਿਖਿਆ ਜਾਣਾ ਹੁੰਦਾ ਹੈ, ਉਸ ਦੀ ਅਰਾਧਨਾ ਅਤੇ ਸਿਫਤਿ ਕੀਤੀ ਜਾਂਦੀ ਹੈ। ਪਹਿਲੀ ਪਉੜੀ ਵਿਚ ਭਾਈ ਗੁਰਦਾਸ ਨੇ ਸਤਿਗੁਰੂ, ਗੁਰੂ ਅਤੇ ਸਾਧਸੰਗਤਿ ਦੀ ਵਡਿਆਈ ਦੱਸੀ ਹੈ। ਭਾਈ ਗੁਰਦਾਸ ਪੂਰੇ ਸਤਿਗੁਰੂ ਨੂੰ ਕਰਤਾ ਪੁਰਖ ਦੇ ਅਰਥਾਂ ਵਿਚ ਲੈਂਦਿਆਂ ਬਿਆਨ ਕਰਦੇ ਹਨ ਕਿ ਪੂਰੇ



ਡਾ. ਗੁਰਨਾਮ ਕੌਰ, ਕੈਨੇਡਾ

ਸਤਿਗੁਰੂ ਨੂੰ ਜਾਣਨਾ ਅਤੇ ਸਮਝਣਾ ਚਾਹੀਦਾ ਹੈ, ਜਿਸ ਨੇ ਸਾਡੇ ਆਸ-ਪਾਸ ਏਨੀ ਸ਼ਾਨਦਾਰ, ਅਦਭੁੱਤ ਰਚਨਾ ਰਚੀ ਹੈ। ਉਸ ਪੂਰੇ ਦੀ ਰਚੀ ਹੋਈ ਸਾਧਸੰਗਤਿ ਵੀ ਸੰਪੂਰਨ ਹੈ, ਜਿਸ ਨੇ ਉਸ ਪੂਰੇ ਸਤਿਗੁਰੂ ਦੀ ਉਸਤਤਿ ਦਾ, ਉਸ ਦੇ ਨਾਮ ਦਾ ਪੂਰਾ ਮੰਤਰ ਦ੍ਰਿੜ ਕਰਾਇਆ ਹੈ। ਉਸ ਪੂਰੇ ਗੁਰੂ ਨੇ ਉਸ ਕਰਤਾ ਪੁਰਖ ਲਈ ਪੂਰਨ ਪ੍ਰੇਮ ਮਨਾਂ ਵਿਚ ਪੈਦਾ ਕੀਤਾ ਹੈ ਅਤੇ ਗੁਰਮੁਖਾਂ ਲਈ ਜੀਵਨ-ਜੁਗਤਿ ਦਾ 'ਗੁਰਮਤਿ ਗਾਡੀ ਰਾਹ' ਸਥਾਪਤ ਕੀਤਾ ਹੈ। ਉਸ ਪੂਰੇ ਗੁਰੂ ਦਾ ਦਰਸ਼ਨ ਵੀ ਪੂਰਾ ਹੈ ਅਤੇ ਉਸ ਨੇ ਜੋ ਸ਼ਬਦ ਸੁਣਨ ਲਈ ਦਿੱਤਾ ਹੈ, ਉਹ ਵੀ ਪੂਰਾ ਹੈ। ਉਸ ਪੂਰੇ ਦਾ ਆਸਣ (ਤਖਤ) ਵੀ ਪੂਰਾ ਹੈ ਅਤੇ ਉਸ ਆਸਣ 'ਤੇ ਉਸ ਦਾ ਬੈਠਣਾ ਵੀ ਸੰਪੂਰਨ ਹੈ। ਉਸ ਦੀ ਰਚੀ ਹੋਈ ਸਾਧਸੰਗਤਿ, ਜਿਥੇ ਬੈਠ ਕੇ ਉਹ ਉਪਦੇਸ਼ ਕਰਦਾ ਹੈ, ਸਚਖੰਡ ਹੈ, ਕਿਉਂਕਿ ਉਥੇ ਸਤਿ ਦਾ ਵਾਸਾ ਹੈ। ਉਸ ਨੂੰ ਆਪਣੇ ਭਗਤਾਂ ਨਾਲ ਪ੍ਰੇਮ ਹੈ, ਉਹ ਆਪਣੇ ਭਗਤਾਂ 'ਤੇ ਮਿਹਰ ਕਰਦਾ ਹੈ, ਇਸ ਲਈ ਉਹ ਆਪਣੇ ਭਗਤਾਂ ਦੀ ਪਹੁੰਚ ਵਿਚ ਹੈ। ਗੁਰੂ ਨੂੰ ਆਪਣੇ ਸਿੱਖਾਂ ਨਾਲ ਪ੍ਰੇਮ ਹੈ, ਇਸ ਲਈ ਉਹ ਆਪਣੇ ਸਿੱਖਾਂ ਨੂੰ ਉਸ ਕਰਤਾ ਪੁਰਖ ਦੇ ਸੱਚੇ ਸੁਭਾਅ ਦਾ ਗਿਆਨ, ਸੱਚਾ ਨਾਮ ਅਤੇ ਉਸ ਦਾ ਗਿਆਨ ਦੇਣ ਵਾਲੀ ਭਗਤੀ ਬਾਰੇ ਸਮਝਾਉਂਦਾ ਹੈ। ਇਸ ਦਾ ਨਤੀਜਾ ਇਹ ਕੱਢਦੇ ਹਨ ਕਿ ਗੁਰੂ ਨੇ ਆਪਣੇ ਸਿੱਖ ਨੂੰ ਗੁਰਮਤਿ ਦੇ ਰਸਤੇ 'ਤੇ ਵਿਲੀਨ ਕਰ ਦਿੱਤਾ ਹੈ:

> ਪੂਰਾ ਸਤਿਗੁਰੁ ਜਾਣੀਐ
> ਪੂਰੇ ਪੂਰਾ ਥਾਟੁ ਬਣਾਇਆ।
> ਪੂਰੇ ਪੂਰਾ ਸਾਧਸੰਗੁ
> ਪੂਰੇ ਪੂਰਾ ਮੰਤ੍ਰ ਦ੍ਰਿੜਾਇਆ।...
> ਗੁਰ ਚੇਲੇ ਪਰਚਾ ਪਰਚਾਇਆ॥1॥

ਭਾਈ ਗੁਰਦਾਸ ਅਗਲੀ ਪਉੜੀ ਵਿਚ ਦੱਸਦੇ ਹਨ ਕਿ ਸਮਰੱਥ ਕਰਤਾ ਪੁਰਖ ਹੀ ਇਸ ਰਚਨਾ ਦੀ ਹੋਂਦ ਦਾ ਕਾਰਨ ਹੈ ਅਤੇ ਸਾਧਸੰਗਤਿ ਜੋ ਚਾਹੇ ਸਤਿਗੁਰੂ ਉਸ ਦੀ ਇੱਛਾ ਅਨੁਸਾਰ ਕਰਦੇ ਹਨ। ਉਸ ਦਾਤੇ ਦੇ ਭੰਡਾਰ ਭਰੇ ਹੋਏ ਹਨ ਅਤੇ ਸਾਧਸੰਗਤਿ ਜੋ ਚਾਹੁੰਦੀ ਹੈ, ਉਹ ਦਿੰਦੇ ਹਨ। ਪਾਰਬ੍ਰਹਮ ਆਪ ਗੁਰੂ-ਰੂਪ ਹੋ ਕੇ ਸਾਧ ਸੰਗਤਿ ਵਿਚ ਗੁਰੂ ਸ਼ਬਦ ਦੇ ਰਾਹੀਂ ਸਮਾਇਆ ਹੋਇਆ ਹੈ। ਭਾਵ ਗੁਰੂ ਨੇ ਆਪ ਉਸ ਪਾਰਬ੍ਰਹਮ ਦਾ ਅਨੁਭਵ ਕੀਤਾ ਹੋਇਆ ਹੈ ਇਸ ਲਈ ਬ੍ਰਹਮ ਗੁਰੂ ਰੂਪ ਹੋ ਗਿਆ ਹੈ ਤੇ ਗੁਰੂ ਨੇ ਆਪਣੇ ਸ਼ਬਦ ਰਾਹੀਂ, ਬਾਣੀ ਰਾਹੀਂ ਸਾਧਸੰਗਤਿ ਨੂੰ ਉਸ ਪਾਰਬ੍ਰਹਮ ਦਾ ਅਨੁਭਵ ਕਰਾ ਦਿੱਤਾ ਹੈ ਅਤੇ ਗੁਰਸ਼ਬਦ ਰਾਹੀਂ ਪਾਰਬ੍ਰਹਮ ਸਾਧਸੰਗਤਿ ਵਿਚ ਸਮਾਇਆ ਹੋਇਆ ਹੈ। ਉਸ ਪਾਰਬ੍ਰਹਮ ਦਾ ਅਨੁਭਵ ਜਾਂ ਉਸ ਦੇ ਦਰਸ਼ਨ ਜੱਗ ਕਰਕੇ ਜਾਂ ਉਸ ਨੂੰ ਭੋਗ ਲਾ ਕੇ, ਯੋਗ ਰਾਹੀਂ ਜਾਂ ਸਮਾਧੀ ਲਾ ਕੇ ਜਾਂ ਪੂਜਾ ਆਦਿ ਕਰਕੇ ਨਹੀਂ ਕੀਤੇ ਜਾ ਸਕਦੇ (ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ਸਾਰੀਆਂ ਪਧਤੀਆਂ ਨੂੰ ਖਾਰਜ ਕੀਤਾ ਹੋਇਆ ਹੈ)। ਸਾਧਸੰਗਤਿ ਵਿਚ ਗੁਰੂ ਅਤੇ ਸਿੱਖ ਪਿਉ ਅਤੇ ਪੁੱਤਰ ਦੀ ਤਰ੍ਹਾਂ ਹਨ; ਗੁਰੂ ਜੋ ਦਿੰਦਾ ਹੈ, ਸਿੱਖ ਖਾਂਦੇ ਹਨ ਅਤੇ ਜੋ ਪਹਿਨਾਉਂਦਾ ਹੈ, ਪਹਿਨਦੇ ਹਨ। ਗੁਰੂ ਇੱਕ ਗ੍ਰਹਿਸਥੀ ਦੀ ਤਰ੍ਹਾਂ ਆਪ ਰਹੇ ਅਤੇ ਗ੍ਰਹਿਸਥੀ ਦੀ ਤਰ੍ਹਾਂ ਹੀ ਸਿੱਖ ਨੂੰ ਆਪਣੇ ਅੰਗੀਕਾਰ ਕੀਤਾ (ਸਿੱਖ ਧਰਮ ਗ੍ਰਹਿਸਥ ਧਰਮ ਹੈ, ਜਿਸ ਵਿਚ ਸਮਾਜ ਦਾ ਤਿਆਗ ਨਹੀਂ ਕਰਨਾ, ਸਗੋਂ ਸਮਾਜ ਵਿਚ ਵਿਚਰ ਕੇ ਸਰਬੱਤ ਦਾ ਭਲਾ ਚਾਹੁਣਾ ਹੈ)। ਨਤੀਜਾ ਇਹ ਕੱਢਿਆ ਹੈ ਕਿ ਕਰਤਾ ਪੁਰਖ ਮਾਇਆ ਦਾ ਪਾਸਾਰ ਕਰਕੇ ਵੀ, ਮਾਇਆ ਦੀ ਰਚਨਾ ਕਰਕੇ ਵੀ ਆਪ ਇਸ ਮਾਇਆਵੀ ਪਸਾਰੇ ਤੋਂ ਨਿਰਲੇਪ ਹੈ, ਅਪਰੰਪਰ ਹੈ:

> ਕਰਣ ਕਾਰਣ ਸਮਰਥੁ ਹੈ
> ਸਾਧਸੰਗਤਿ ਦਾ ਕਰੈ ਕਰਾਇਆ।
> ਭਰੈ ਭੰਡਾਰ ਦਾਤਾਰੁ ਹੈ
> ਸਾਧਸੰਗਤਿ ਦਾ ਦੇਇ ਦਿਵਾਇਆ।...
> ਮਾਇਆ ਵਿਚਿ ਉਦਾਸੁ ਰਖਾਇਆ॥2॥

ਇਸ ਤੋਂ ਅੱਗੇ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਅਰਥਾਤ ਗੁਰਮੁਖਾਂ ਦੀ ਹਰ ਰੋਜ਼ ਦੀ ਰਹਿਣੀ ਕਿਹੋ ਜਿਹੀ ਹੁੰਦੀ ਹੈ, ਉਸ ਦੀ ਵਿਆਖਿਆ ਕਰਦੇ ਹਨ। ਹਰ ਰੋਜ਼ ਅੰਮ੍ਰਿਤ ਵੇਲੇ ਜਾਗ ਕੇ ਗੁਰੂ ਦੇ ਸਿੱਖ ਦਰਿਆ ਆਦਿ (ਪਹਿਲੇ ਸਮਿਆਂ ਵਿਚ ਇਸ਼ਨਾਨ ਕਰਨ ਦੇ ਸਾਧਨ ਦਰਿਆ, ਖੂਹ ਜਾਂ ਤਾਲਾਬ, ਸਰੋਵਰ ਆਦਿ ਹੀ ਹੁੰਦੇ ਸਨ) ਵਿਚ ਇਸ਼ਨਾਨ ਕਰਦੇ ਹਨ। ਫਿਰ ਉਹ ਆਪਣਾ ਮਨ ਉਸ ਅਗਾਧਿ ਕਰਤਾ ਪੁਰਖ ਵਿਚ ਲਾ ਕੇ ਸਹਿਜ ਸਮਾਧ ਵਿਚ ਗੁਰੂ ਅਤੇ ਪਰਮਾਤਮਾ ਨੂੰ ਜਪੁਜੀ ਦੇ ਉਚਾਰਨ ਰਾਹੀਂ ਯਾਦ ਕਰਦੇ ਹਨ, ਭਾਵ ਗੁਰੂ ਦੇ ਰਚੇ ਸ਼ਬਦ 'ਜਪੁਜੀ' ਦਾ ਉਚਾਰਨ ਕਰਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ। ਫਿਰ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਕੇ ਸਾਧਸੰਗਤਿ ਵਿਚ ਜਾ ਕੇ ਬੈਠਦੇ ਹਨ। ਸਾਧਸੰਗਤਿ ਵਿਚ ਸ਼ਬਦ ਵਿਚ ਸੁਰਤਿ ਨੂੰ ਟਿਕਾ ਕੇ, ਸ਼ਬਦ ਨਾਲ ਸੁਰਤਿ ਨੂੰ ਲਿਵਲੀਨ ਕਰ ਲੈਂਦੇ ਹਨ ਅਤੇ ਇਕਸੁਰ ਹੋ ਕੇ ਗੁਰਬਾਣੀ ਗਾਉਂਦੇ ਹਨ ਭਾਵ ਉਹ ਬਾਣੀ ਦਾ ਕੀਰਤਨ ਕਰਦੇ ਤੇ ਸੁਣਾਉਂਦੇ ਹਨ। ਉਹ ਆਪਣਾ ਸਮਾਂ ਪ੍ਰੇਮਾ-ਭਗਤੀ, ਸੇਵਾ ਅਤੇ ਪਰਮਾਤਮਾ ਦੇ ਭਉ ਵਿਚ ਗੁਜ਼ਾਰਨਾ ਪਸੰਦ ਕਰਦੇ ਹਨ ਤੇ ਗੁਰੂ ਦੇ ਪੁਰਬਾਂ ਨੂੰ ਮਨਾ ਕੇ ਗੁਰੂ ਦੀ ਸੇਵਾ ਕਰਦੇ ਹਨ। ਸ਼ਾਮ ਦੇ ਸਮੇਂ ਉਹ 'ਸੋਦਰ' ਦਾ ਕੀਰਤਨ ਕਰਦੇ ਹਨ ਅਤੇ ਇੱਕ ਦੂਸਰੇ ਨਾਲ ਮੇਲ-ਮਿਲਾਪ ਕਰਦੇ ਹਨ, ਮਿਲ ਬੈਠਦੇ ਹਨ। ਰਾਤ ਵੇਲੇ ਸੋਹਿਲੇ ਅਤੇ ਆਰਤੀ ਦਾ ਉਚਾਰਨ ਕਰਕੇ ਪ੍ਰਸਾਦ ਵਰਤਾਉਂਦੇ ਹਨ। ਭਾਈ ਗੁਰਦਾਸ ਨਤੀਜਾ ਇਹ ਕੱਢਦੇ ਹਨ ਕਿ ਇਸ ਤਰ੍ਹਾਂ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਗੁਰਮੁਖਿ ਪ੍ਰੇਮ ਨਾਲ ਸੁਖਫਲ ਦੀ ਪ੍ਰਾਪਤੀ ਕਰਦੇ ਹਨ:

> ਅੰਮ੍ਰਿਤ ਵੇਲੇ ਉਠਿ ਕੈ
> ਜਾਇ ਅੰਦਰਿ ਦਰੀਆਉ ਨ੍ਹਵੰਦੇ।
> ਸਹਿਜਸਮਾਧਿ ਅਗਾਧਿ ਵਿਚਿ
> ਇਕ ਮਨਿ ਹੋਇ ਗੁਰ ਜਾਪੁ ਜਪੰਦੇ।...
> ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥3॥

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਸ੍ਰਿਸ਼ਟੀ ਰਚਨਾ ਦੀ ਗੱਲ ਕਰਦਿਆਂ ਕਿਹਾ ਹੈ, "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥" ਭਾਈ ਗੁਰਦਾਸ ਛੇਵੀਂ ਵਾਰ ਦੀ ਚੌਥੀ ਪਉੜੀ ਵਿਚ ਇਸੇ ਖਿਆਲ ਦਾ ਵਰਨਣ ਕਰਦੇ ਹਨ ਕਿ ਓਅੰਕਾਰ ਅਰਥਾਤ ਕਰਤਾ ਪੁਰਖ ਨੇ ਇੱਕ ਵਾਕ ਬੋਲ ਕੇ ਇਹ ਸਾਰਾ ਵਿਭਿੰਨ ਕਿਸਮ ਦਾ ਪਾਸਾਰਾ ਪਸਾਰ ਦਿੱਤਾ। ਉਸ ਨੇ ਹਵਾ, ਪਾਣੀ, ਅਗਨੀ, ਆਕਾਸ਼ ਅਤੇ ਧਰਤੀ ਨੂੰ ਬਿਨਾ ਕਿਸੇ ਆਸਰੇ ਦੇ ਟਿਕਾਇਆ ਹੋਇਆ ਹੈ। ਉਸ ਨੇ ਕਰੋੜਾਂ ਕੀ, ਅਣਗਿਣਤ ਬ੍ਰਹਿਮੰਡਾਂ ਦੀ ਰਚਨਾ ਕਰਕੇ ਆਪਣੇ ਆਪ ਨੂੰ ਇਸ ਦੇ ਜ਼ੱਰੇ ਜ਼ੱਰੇ ਵਿਚ ਰੱਖਿਆ ਹੋਇਆ ਹੈ। ਉਹ ਅਪਰੰਪਾਰ ਬ੍ਰਹਮ ਅੰਦਰ ਅਤੇ ਬਾਹਰ ਪੂਰਨ ਬ੍ਰਹਮ ਹੈ। ਉਹ ਅਪਹੁੰਚ, ਅਗਿਆਤ, ਅਚਿੰਤ ਅਤੇ ਅਨੰਤ ਹੈ। ਉਹ ਸਦੀਵੀ ਪ੍ਰੇਮਾ-ਭਗਤੀ ਦੇ ਕੇਂਦਰ ਵਿਚ ਹੁੰਦਾ ਹੈ ਅਤੇ ਭਗਤਾਂ 'ਤੇ ਦਇਆ ਕਰਕੇ ਹਮੇਸ਼ਾ ਰਚਨਾ ਕਰਦਾ ਹੈ। ਪਰਮਾਤਮਾ ਦੇ ਬੀਜ-ਰੂਪ ਹੋਣ ਨੂੰ ਭਾਈ ਗੁਰਦਾਸ ਫਲ-ਬੀਜ-ਰੁੱਖ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਉਹ ਸੂਖਮ ਬੀਜ-ਰੂਪ ਹੋ ਕੇ ਅਪਰਗਟ ਤੋਂ ਇਸ ਵਿਸ਼ਾਲ ਬ੍ਰਹਿਮੰਡ ਦੇ ਰੂਪ ਵਿਚ ਪਰਗਟ ਹੁੰਦਾ ਹੈ, ਉਸੇ ਤਰ੍ਹਾਂ ਜਿਵੇਂ ਇੱਕ ਨਿੱਕੇ ਜਿਹੇ ਬੀਜ ਤੋਂ ਵੱਡਾ ਦਰਖਤ ਬਣ ਜਾਂਦਾ ਹੈ। ਫਲਾਂ ਵਿਚ ਬੀਜ ਹੁੰਦੇ ਹਨ ਅਤੇ ਫਿਰ ਇੱਕ ਬੀਜ ਤੋਂ ਲੱਖਾਂ ਫਲ ਪੈਦਾ ਹੁੰਦੇ ਹਨ। ਗੁਰਮੁਖਾਂ ਦੀ ਭਗਤੀ ਦਾ ਮੁਖ ਫਲ ਅਕਾਲ ਪੁਰਖ ਨਾਲ ਪ੍ਰੇਮ ਹੈ ਅਤੇ ਸਿੱਖ ਗੁਰੂ ਨੂੰ ਪ੍ਰੇਮ ਕਰਦੇ ਹਨ, ਗੁਰੂ ਆਪਣੇ ਸਿੱਖਾਂ ਨੂੰ ਪ੍ਰੇਮ ਕਰਦਾ ਹੈ। ਸਾਧਸੰਗਤਿ ਅਰਥਾਤ ਗੁਰਮੁਖਾਂ ਦੀ ਸੰਗਤਿ ਸਚਖੰਡ ਹੈ, ਜਿਸ ਵਿਚ ਉਹ ਅਪਰਗਟ ਪਰਮਾਤਮਾ ਨਿਵਾਸ ਕਰਦਾ ਹੈ। ਗੁਰਮੁਖਿ ਪ੍ਰੇਮਾ-ਭਗਤੀ ਰਾਹੀਂ ਜੀਵਨਮੁਕਤੀ ਪ੍ਰਾਪਤ ਕਰ ਲੈਂਦੇ ਹਨ:

> ਇਕ ਕਵਾਉ ਪਸਾਉ ਕਰਿ
> ਓਅੰਕਾਰ ਅਕਾਰੁ ਪਸਾਰਾ।
> ਪਉਣ ਪਾਣੀ ਬੈਸੰਤਰੋ ਧਰਤਿ
> ਅਗਾਸੁ ਧਰੇ ਨਿਰਧਾਰਾ।...
> ਭਾਇ ਭਗਤਿ ਗੁਰਮੁਖਿ ਨਿਸਤਾਰਾ॥4॥

ਜਪੁਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਦਰਜ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਹੈ, ਜਿਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਇਸੇ ਵਾਰ ਦੀ ਤੀਸਰੀ ਪਉੜੀ ਵਿਚ ਕੀਤਾ ਹੈ। ਜਪੁਜੀ ਸਾਹਿਬ ਦੇ ਅਖੀਰ ਵਿਚ ਸਲੋਕ ਹੈ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਜਿਸ ਦੀ ਵਿਆਖਿਆ ਭਾਈ ਗੁਰਦਾਸ ਨੇ ਇਸ ਪੰਜਵੀ ਪਉੜੀ ਵਿਚ ਆਪਣੇ ਨਿਵੇਕਲੇ ਅੰਦਾਜ਼ ਵਿਚ ਕੀਤੀ ਹੈ। ਭਾਈ ਗੁਰਦਾਸ ਇਸ ਦੀ ਵਿਆਖਿਆ ਕਰਦੇ ਹਨ ਕਿ ਗੁਰੂ ਦਾ ਸ਼ਬਦ ਪਉਣ (ਹਵਾ) ਹੈ ਅਤੇ ਗੁਰੂ ਅਤੇ ਵਾਹਿਗੁਰੂ (ਪਰਮਾਤਮਾ) ਨੇ ਇਹ ਸ਼ਬਦ ਸੁਣਾਇਆ ਹੈ (ਬਾਣੀ ਨੂੰ, ਸ਼ਬਦ ਨੂੰ 'ਧੁਰਿ ਕੀ ਬਾਣੀ' ਮੰਨਿਆ ਗਿਆ ਹੈ)। ਪਾਣੀ ਮਨੁੱਖ ਦਾ ਪਿਤਾ ਹੈ, ਜੋ ਨਿਵਾਣ ਵੱਲ ਵਗ ਕੇ ਮਨੁੱਖ ਨੂੰ ਹਲੀਮੀ ਸਿਖਾਉਂਦਾ ਹੈ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਾਣੀ ਨੂੰ ਪਿਤਾ ਇਸ ਕਰਕੇ ਵੀ ਮੰਨਿਆ ਗਿਆ ਹੈ, ਕਿਉਂਕਿ ਪਾਣੀ ਜੀਵਨ ਦਾਤਾ ਹੈ, "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥"

**_ਗੁਰਮੁਖ ਦਾ ਜਨਮ ਸਫਲਾ ਹੁੰਦਾ ਹੈ, ਕਿਉਂਕਿ ਉਸ ਨੇ ਸਾਧਸੰਗਤਿ ਵਿਚ ਜਾ ਕੇ ਆਪਣੇ ਅੰਦਰੋਂ ਆਪਾ-ਭਾਵ ਅਰਥਾਤ ਹਉਮੈ ਦਾ ਤਿਆਗ ਕਰ ਦਿੱਤਾ ਹੈ। ਗੁਰਮੁਖਿ ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ ਅਤੇ ਸੰਸਾਰ ਵਿਚ ਰਹਿੰਦਿਆਂ ਵੀ ਜੀਵਨ-ਮੁਕਤ ਦੀ ਜੁਗਤਿ ਵਿਚ ਵਿਚਰਦੇ ਹਨ। ਭਾਵ ਗਮੀ-ਖੁਸ਼ੀ, ਦੁੱਖ-ਸੁੱਖ ਆਦਿ ਤੋਂ ਉੱਪਰ ਉੱਠ ਕੇ ਜਿਉਂਦੇ ਹਨ ਅਤੇ ਦੂਸਰਿਆਂ ਨੂੰ ਇਹ ਜੀਵਨ-ਜਾਚ ਸਿਖਾਉਂਦੇ ਹਨ। ਗੁਰੂ ਦੀ ਸਿਆਣਪ ਗੁਰਮੁਖਾਂ ਦੀ ਮਾਤਾ ਹੈ ਅਤੇ ਸੰਤੋਖ ਪਿਤਾ ਹੈ, ਜੋ ਉਨ੍ਹਾਂ ਦੀ ਸਹੀ ਰਸਤੇ 'ਤੇ ਚੱਲਣ ਦੀ ਅਗਵਾਈ ਕਰਦੇ ਹਨ ਤੇ ਮੁਕਤੀ ਪ੍ਰਾਪਤੀ ਦਾ ਸਬੱਬ ਬਣਦੇ ਹਨ।_**

ਗੁਰਮੁਖਾਂ ਨੇ ਵੀ ਆਪਣਾ ਪੰਥ ਹਲੀਮੀ, ਨਿਮਰਤਾ ਵਾਲਾ ਤੋਰਿਆ ਹੈ। ਧਰਤੀ ਮਾਤਾ ਹੈ, ਜਿਸ ਵਿਚ ਮਾਂ ਵਾਂਗ ਹੀ ਸਹਿਨਸ਼ੀਲਤਾ ਹੈ ਅਤੇ ਧਰਤੀ ਮਾਂ ਵਾਂਗ ਹੀ ਜੀਵਾਂ ਦੀ ਜਨਮਦਾਤੀ ਵੀ ਹੈ। ਰਾਤ ਅਤੇ ਦਿਨ ਦਾਈ ਤੇ ਦਾਇਆ ਹਨ, ਜੋ ਜਗਤ ਤਮਾਸ਼ੇ ਵਿਚ ਲੋਕਾਂ ਨੂੰ ਮਸ਼ਰੂਫ ਰੱਖਦੇ ਹਨ (ਰਾਤ ਸੁਆਉਂਦੀ ਹੈ, ਅਰਾਮ ਕਰਾਉਂਦੀ ਹੈ ਅਤੇ ਦਿਨ ਸੰਸਾਰਕ ਖੇਡਾਂ ਵਿਚ ਪਰਚਾਉਂਦਾ ਹੈ)। ਗੁਰਮੁਖ ਦਾ ਜਨਮ ਸਫਲਾ ਹੁੰਦਾ ਹੈ, ਕਿਉਂਕਿ ਉਸ ਨੇ ਸਾਧਸੰਗਤਿ ਵਿਚ ਜਾ ਕੇ ਆਪਣੇ ਅੰਦਰੋਂ ਆਪਾ-ਭਾਵ ਅਰਥਾਤ ਹਉਮੈ ਦਾ ਤਿਆਗ ਕਰ ਦਿੱਤਾ ਹੈ। ਗੁਰਮੁਖਿ ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ ਅਤੇ ਸੰਸਾਰ ਵਿਚ ਰਹਿੰਦਿਆਂ ਵੀ ਜੀਵਨ-ਮੁਕਤ ਦੀ ਜੁਗਤਿ ਵਿਚ ਵਿਚਰਦੇ ਹਨ। ਭਾਵ ਗਮੀ-ਖੁਸ਼ੀ, ਦੁੱਖ-ਸੁੱਖ ਆਦਿ ਤੋਂ ਉੱਪਰ ਉੱਠ ਕੇ ਜਿਉਂਦੇ ਹਨ ਅਤੇ ਦੂਸਰਿਆਂ ਨੂੰ ਇਹ ਜੀਵਨ-ਜਾਚ ਸਿਖਾਉਂਦੇ ਹਨ। ਗੁਰੂ ਦੀ ਸਿਆਣਪ ਗੁਰਮੁਖਾਂ ਦੀ ਮਾਤਾ ਹੈ ਅਤੇ ਸੰਤੋਖ ਪਿਤਾ ਹੈ, ਜੋ ਉਨ੍ਹਾਂ ਦੀ ਸਹੀ ਰਸਤੇ 'ਤੇ ਚੱਲਣ ਦੀ ਅਗਵਾਈ ਕਰਦੇ ਹਨ ਤੇ ਮੁਕਤੀ ਪ੍ਰਾਪਤੀ ਦਾ ਸਬੱਬ ਬਣਦੇ ਹਨ। ਧੀਰਜ ਅਤੇ ਆਪਣੇ ਫਰਜ਼ ਨੂੰ ਪਛਾਨਣਾ ਇਹ ਉਨ੍ਹਾਂ ਦੇ ਦੋਵੇਂ ਭਰਾ ਹਨ; ਜਪ, ਤਪ, ਜਤ, ਸਤ ਇਹ ਉਨ੍ਹਾਂ ਦੇ ਪੁੱਤਰ ਹਨ (ਗੁਰਮਤਿ ਅਨੁਸਾਰ ਪਰਮਾਤਮਾ ਦੇ ਗੁਣਾਂ ਦਾ ਸਿਮਰਨ ਕਰਨਾ, ਕਰਤਾ ਪੁਰਖ ਅਤੇ ਉਸ ਦੀ ਕੁਦਰਤਿ ਨੂੰ ਪ੍ਰੇਮ ਕਰਨਾ, ਕਾਮ, ਕ੍ਰੋਧ, ਲੋਭ, ਮੋਹ, ਹਉਮੈ ਆਦਿ 'ਤੇ ਕਾਬੂ ਪਾ ਕੇ ਰੱਖਣਾ, ਸਤਿ ਦੇ ਮਾਰਗ 'ਤੇ ਚੱਲਣਾ ਆਦਿ ਹੀ ਜਪ, ਤਪ, ਜਤ, ਸਤ ਆਦਿ ਗੁਣ ਹਨ)। ਗੁਰੂ ਅਤੇ ਚੇਲਾ ਇਕਮਿਕ ਹਨ, ਅਰਥਾਤ ਗੁਰੂ ਦੀ ਜੋਤਿ ਚੇਲੇ ਵਿਚ ਜਗ ਗਈ ਹੈ ਅਤੇ ਚੇਲਾ ਤੇ ਗੁਰੂ ਇਕਮਿਕ ਹੋ ਗਏ ਹਨ (ਗੁਰੂ ਨਾਨਕ ਨੇ ਆਪਣੀ ਜੋਤਿ ਭਾਈ ਲਹਿਣੇ ਵਿਚ ਜਗਾ ਕੇ ਉਨ੍ਹਾਂ ਨੂੰ ਗੁਰੂ ਅੰਗਦ ਬਣਾਇਆ ਅਤੇ ਵਿਧੀ ਪੂਰਵਕ ਮੱਥਾ ਟੇਕ ਕੇ ਗੁਰਗੱਦੀ ਸੌਂਪੀ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦਾ ਸਿਧਾਂਤ ਸਥਾਪਤ ਕੀਤਾ), ਇਸ ਤਰ੍ਹਾਂ ਅੱਗੇ ਤੋਂ ਅੱਗੇ ਪੂਰਨ ਤੋਂ ਪੂਰਨ ਪੁਰਖ ਦਾ ਕੌਤਕ ਵਰਤਾਇਆ। ਭਾਈ ਗੁਰਦਾਸ ਨਤੀਜਾ ਕੱਢਦੇ ਹਨ ਕਿ ਇਸ ਤਰ੍ਹਾਂ ਗੁਰਮੁਖਾਂ ਨੇ ਪਰਮ ਸੁੱਖ ਦਾ ਅਨੁਭਵ ਆਪ ਕੀਤਾ ਅਤੇ ਹੋਰਨਾਂ ਨੂੰ ਵੀ ਅਨੁਭਵ ਕਰਾਇਆ:

> ਪਉਣ ਗੁਰੂ ਗੁਰ ਸਬਦੁ ਹੈ
> ਵਾਹਗੁਰੂ ਗੁਰ ਸਬਦੁ ਸੁਣਾਇਆ।
> ਪਾਣੀ ਪਿਤਾ ਪਵਿਤ੍ਰ ਕਰਿ
> ਗੁਰਮੁਖਿ ਪੰਥਿ ਨਿਵਾਣਿ ਚਲਾਇਆ।...
> ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥5॥

ਭਾਈ ਗੁਰਦਾਸ ਇੱਥੇ ਗੱਲ ਗੁਰਮੁਖਿ, ਗੁਰੂ, ਸਾਧਸੰਗਤਿ ਅਤੇ ਸ਼ਬਦ-ਸੁਰਤਿ ਦੀ ਕਰ ਰਹੇ ਹਨ। ਗੁਰਮੁਖਿ ਦਾ ਇੱਕ ਗੁਣ ਇਸ ਮਾਇਆਵੀ ਸੰਸਾਰ ਵਿਚ ਨਿਰਲੇਪ ਹੋ ਕੇ ਵਿਚਰਨ ਦਾ ਹੈ, ਜਿਸ ਦੀ ਸੋਝੀ ਉਸ ਨੂੰ ਸਾਧਸੰਗਤਿ ਵਿਚ ਜਾਇਆਂ ਗੁਰੂ ਦੇ ਸ਼ਬਦ ਵਿਚ ਸੁਰਤਿ ਟਿਕਾਉਣ ਨਾਲ ਹੁੰਦੀ ਹੈ। ਇਹ ਨਿਰਲੇਪਤਾ ਕੀ ਅਤੇ ਕਿਵੇਂ ਹੈ, ਇਸ ਨੂੰ ਭਾਈ ਗੁਰਦਾਸ ਵੱਖਰੇ ਵੱਖਰੇ ਦ੍ਰਿਸ਼ਟਾਂਤਾਂ ਰਾਹੀਂ ਸਮਝਾਉਂਦੇ ਹਨ। ਭਾਈ ਗੁਰਦਾਸ ਅਨੁਸਾਰ ਜਦੋਂ ਕੋਈ ਕਿਸੇ ਪਰਾਏ ਘਰ ਮਹਿਮਾਨ ਜਾਂ ਪ੍ਰਾਹੁਣਾ ਬਣ ਕੇ ਜਾਂਦਾ ਹੈ ਤਾਂ ਉਸ ਦਾ ਉਸ ਘਰ ਨਾਲ ਕੋਈ ਬਹੁਤਾ ਲਗਾਉ ਨਹੀਂ ਹੁੰਦਾ, ਅਰਥਾਤ ਉਹ ਉਥੇ ਨਿਰਲੇਪ ਹੋ ਕੇ ਵਿਚਰਦਾ ਹੈ। ਇਸੇ ਤਰ੍ਹਾਂ ਗੁਰਮੁਖਿ ਨੇ ਇਸ ਸੰਸਾਰ ਵਿਚ ਨਿਰਲੇਪ ਹੋ ਕੇ ਵਿਚਰਨਾ ਹੈ। ਕੰਵਲ ਦਾ ਫੁੱਲ ਪਾਣੀ ਵਿਚ ਉੱਗਦਾ ਹੈ, ਪਰ ਉਸ ਉੱਤੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਉਹ ਪਾਣੀ ਤੋਂ ਅਭਿੱਜ ਹੋ ਕੇ ਆਪਣਾ ਧਿਆਨ ਸੂਰਜ ਵੱਲ ਟਿਕਾ ਕੇ ਰੱਖਦਾ ਹੈ। ਇਸੇ ਨੂੰ ਗੁਰੂ ਨਾਨਕ ਸਾਹਿਬ ਨੇ "ਸਿਧ ਗੋਸਟਿ" ਵਿਚ "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥" ਕਿਹਾ ਹੈ ਕਿ ਜਿਵੇਂ ਪਾਣੀ ਵਿਚ ਉੱਗਿਆ ਕੰਵਲ ਫੁੱਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਜਿਵੇਂ ਪਾਣੀ ਵਿਚ ਤਰਦੀ ਮੁਰਗਾਬੀ (ਪਾਣੀ ਵਿਚ ਉਸ ਦੇ ਖੰਭ ਨਹੀਂ ਭਿੱਜਦੇ) ਪਾਣੀ ਤੋਂ ਨਿਰਲੇਪ ਹੁੰਦੀ ਹੈ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਨਿਰਲੇਪ ਹੋ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ।

ਭਾਈ ਗੁਰਦਾਸ ਕਹਿੰਦੇ ਹਨ ਕਿ ਸਾਧਸੰਗਤਿ ਵਿਚ ਜਾ ਕੇ ਗੁਰੂ ਅਤੇ ਚੇਲੇ ਦਾ ਮੇਲ ਗੁਰੂ ਦੇ ਸ਼ਬਦ ਵਿਚ ਸੁਰਤਿ ਟਿਕਾ ਕੇ ਹੁੰਦਾ ਹੈ। ਚਾਰ ਵਰਣਾਂ ਦੇ ਲੋਕ ਜਦੋਂ ਸਾਧਸੰਗਤਿ ਵਿਚ ਜਾ ਕੇ ਬੈਠਦੇ ਹਨ ਤਾਂ ਉਹ ਗੁਰੂ ਦੇ ਸਿੱਖ ਹੋ ਕੇ ਸੱਚਖੰਡ ਵਿਚ ਵਿਚਰਦੇ ਹਨ ਅਰਥਾਤ ਉਹ ਵਰਣ-ਵੰਡ ਤੋਂ ਨਿਰਲੇਪ ਹੋ ਕੇ ਵਿਚਰਦੇ ਹਨ। ਜਦੋਂ ਕੋਈ ਪਾਨ ਦਾ ਬੀੜਾ ਤਿਆਰ ਕਰਦਾ ਹੈ ਤਾਂ ਪਾਨ ਦੇ ਪੱਤੇ 'ਤੇ ਕੱਥਾ, ਸੁਪਾਰੀ, ਚੂਨਾ ਆਦਿ ਪਾ ਕੇ ਤਿਆਰ ਕੀਤਾ ਜਾਂਦਾ ਹੈ, ਪਰ ਜਦੋਂ ਲੋਕ ਉਸ ਨੂੰ ਚਬਾ ਕੇ ਖਾਂਦੇ ਹਨ ਤਾਂ ਲਾਲ ਰੰਗ ਹੋ ਜਾਂਦਾ ਹੈ; ਉਹ ਚਾਰੇ ਪਦਾਰਥ ਆਪਾ-ਭਾਵ ਗੁਆ ਕੇ ਇੱਕੋ ਰੰਗ ਵਿਚ ਰੰਗੇ ਜਾਂਦੇ ਹਨ। ਛੇ ਸ਼ਾਸਤ੍ਰ (ਨਿਆਇ, ਵੈਸ਼ੇਸ਼ਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ) ਅਤੇ ਯੋਗੀਆਂ ਦੇ ਬਾਰਾਂ ਪੰਥ ਆਪੋ ਆਪਣੇ ਮੱਤਾਂ ਦੇ ਗ੍ਰੰਥ ਸੁਣਾ ਕੇ ਖੜ੍ਹੇ ਤਰਸ ਰਹੇ ਹਨ, ਕਿਉਂਕਿ ਹਉਮੈ ਕਾਰਨ ਉਹ ਇਸ ਪਦਵੀ ਨੂੰ ਪ੍ਰਾਪਤ ਨਹੀਂ ਹੁੰਦੇ। ਸਾਲ ਵਿਚ ਛੇ ਰੁੱਤਾਂ ਆਉਂਦੀਆਂ ਹਨ ਅਤੇ ਬਾਰਾਂ ਮਹੀਨੇ ਹੁੰਦੇ ਹਨ, ਪਰ ਜਿਨ੍ਹਾਂ ਦੇ ਕਾਰਨ ਇਹ ਮਹੀਨੇ ਅਤੇ ਰੁੱਤਾਂ ਆਉਂਦੀਆਂ ਹਨ, ਉਹ ਸੂਰਜ ਅਤੇ ਚੰਦ ਇੱਕੋ ਹਨ। ਗੁਰਮੁਖਾਂ ਨੇ ਸੂਰਜ ਅਤੇ ਚੰਦ੍ਰਮਾ ਨੂੰ ਇੱਕ ਦੂਸਰੇ ਵਿਚ ਮੇਲ ਦਿੱਤਾ ਹੈ, ਅਰਥਾਤ ਉਨ੍ਹਾਂ ਨੇ ਰਜੋ ਤੇ ਸਤੋ ਗੁਣਾਂ ਦੀਆਂ ਹੱਦਾਂ ਨੂੰ ਮੇਲ ਦਿੱਤਾ ਹੈ, ਇਕੱਠਾ ਕਰ ਦਿੱਤਾ ਹੈ। ਗੁਰਮੁਖਿ ਸ਼ਿਵ ਸ਼ਕਤੀ ਦੀ ਮਾਇਆ ਤੋਂ ਉਤਾਂਹ ਉੱਠ ਕੇ ਉਸ ਇੱਕ ਪਰਮਾਤਮਾ ਦਾ ਧਿਆਨ ਧਰਦੇ ਹਨ। ਉਹ ਆਪ ਹਲੀਮੀ ਦਾ ਗੁਣ ਧਾਰਨ ਕਰਦੇ ਹਨ ਅਤੇ ਇਸ ਹਲੀਮੀ ਕਾਰਨ ਸਾਰਾ ਜਗਤ ਉਨ੍ਹਾਂ ਨੂੰ ਨਤਮਸਤਕ ਹੁੰਦਾ ਹੈ:

> ਪਰ ਘਰ ਜਾਇ ਪਰਾਹੁਣਾ
> ਆਸਾ ਵਿਚਿ ਨਿਰਾਸੁ ਵਲਾਏ।
> ਪਾਣੀ ਅੰਦਰਿ ਕਵਲ ਜਿਉ
> ਸੂਰਜ ਧਿਆਨੁ ਅਲਿਪਤੁ ਰਹਾਏ।...
> ਪੈਰੀ ਪੈ ਜਗੁ ਪੈਰੀ ਪਾਏ॥6॥

ਅਗਲੀ ਪਉੜੀ ਵਿਚ ਵੀ ਗੁਰਮੁਖਿ ਦੀ ਰਹਿਣੀ ਕਿਹੋ ਜਿਹੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ, ਵਿਸ਼ੇ 'ਤੇ ਗੱਲ ਕਰਦਿਆਂ ਗੁਰਮੁਖਿ ਦੇ ਖਾਸ ਗੁਣ 'ਹਲੀਮੀ' ਦਾ ਵਰਨਣ ਕੀਤਾ ਹੈ। ਗੁਰਮੁਖਿ ਗੁਰੂ ਦੇ ਉਪਦੇਸ਼ ਨੂੰ ਹੁਕਮ ਵਾਂਗ ਮੰਨਦੇ ਹੋਏ ਹਲੀਮੀ ਨੂੰ ਆਪਣੀ ਰਹਿਤ ਵਿਚ ਅਹਿਮ ਥਾਂ ਦਿੰਦੇ ਹਨ, ਹਲੀਮੀ ਨਾਲ ਰਹਿਤ ਨੂੰ ਅਪਨਾਉਂਦੇ ਹਨ। ਉਹ ਆਪਣਾ ਆਪਾ-ਭਾਵ ਗੁਰੂ ਅੱਗੇ ਸਮਰਪਣ ਕਰ ਦਿੰਦੇ ਹਨ ਅਤੇ ਗੁਰੂ ਦੀ ਚਰਨ-ਧੂੜ ਆਪਣੇ ਮੱਥੇ 'ਤੇ ਲਾਉਂਦੇ ਹਨ (ਇਸ ਦਾ ਅਰਥ ਨਿਮਰਤਾ ਦਾ ਗੁਣ ਪੂਰੀ ਤਰ੍ਹਾਂ ਆਪਣੇ ਅੰਦਰ ਵਸਾਉਣਾ ਹੈ)। ਉਹ ਆਪਣੇ ਮਨ ਵਿਚੋਂ ਹਰ ਤਰ੍ਹਾਂ ਦੇ ਵਹਿਮ ਅਤੇ ਭਰਮ ਦਾ ਤਿਆਗ ਕਰਕੇ ਆਪਣੇ ਅੰਦਰ ਉਸ ਪਾਰਬ੍ਰਹਮ ਦੇ ਖਾਸ ਪ੍ਰੇਮ ਨੂੰ ਵਸਾ ਲੈਂਦੇ ਹਨ ਅਰਥਾਤ ਹਰ ਤਰ੍ਹਾਂ ਦੇ ਵਹਿਮ-ਭਰਮ ਤੋਂ ਮੁਕਤ ਹੋ ਕੇ ਇੱਕ ਕਰਤਾ ਪੁਰਖ ਵਿਚ ਪ੍ਰੇਮ ਉਤੇ ਭਰੋਸਾ ਕਰਦੇ ਤੇ ਟੇਕ ਰੱਖਦੇ ਹਨ। ਉਨ੍ਹਾਂ ਦੇ ਅੰਦਰ ਜਗ ਰਹੀ ਜੋਤਿ ਨੂੰ ਲੱਖਾਂ ਸੂਰਜਾਂ ਅਤੇ ਚੰਦਾਂ ਦੀ ਰੌਸ਼ਨੀ ਵੀ ਨਹੀਂ ਪਹੁੰਚ ਸਕਦੀ। ਗੁਰੂ ਨਾਨਕ ਸਾਹਿਬ ਨੇ ਹਉਮੈ ਨੂੰ "ਸਚਿਆਰ" ਪਦ ਅਰਥਾਤ ਗੁਰਮੁਖਿ ਪਦ ਦੀ ਪ੍ਰਾਪਤੀ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਮੰਨਿਆ ਹੈ। ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਮੁਖਿ ਆਪਣੇ ਅੰਦਰੋਂ ਹਉਮੈ ਦਾ ਤਿਆਗ ਕਰਕੇ ਨਿਮਰਤਾ ਸਹਿਤ ਸਾਧਸੰਗਤਿ ਰੂਪੀ ਪਵਿੱਤਰ ਸਰੋਵਰ ਵਿਚ ਡੁਬਕੀ ਲਾਉਂਦੇ ਹਨ। ਸਾਧਸੰਗਤਿ ਉਸ ਪੂਰਨ ਬ੍ਰਹਮ ਦਾ ਨਿਵਾਸ ਸਥਾਨ ਹੈ, ਜਿੱਥੇ ਜਾ ਕੇ ਗੁਰਮੁਖਿ ਆਪਣੇ ਮਨ ਨੂੰ ਉਸ ਪੂਰਨ ਬ੍ਰਹਮ ਦੇ ਚਰਨ ਕੰਵਲਾਂ ਨਾਲ ਜੋੜਦੇ ਹਨ। ਉਹ ਭੌਰੇ ਦੀ ਤਰ੍ਹਾਂ ਪਾਰਬ੍ਰਹਮ ਦੇ ਸੁਖ ਦੇਣ ਵਾਲੇ ਚਰਨ-ਕੰਵਲਾਂ ਨਾਲ ਜੁੜ ਜਾਂਦੇ ਹਨ:

> ਗੁਰ ਉਪਦੇਸ ਅਦੇਸੁ ਕਰਿ
> ਪੈਰੀ ਪੈ ਰਹਰਾਸਿ ਕਰੰਦੇ।
> ਚਰਣ ਸਰਣਿ ਮਸਤਕੁ ਧਰਨਿ
> ਚਰਨ ਰੇਣੁ ਮੁਖਿ ਤਿਲਕ ਸੁਹੰਦੇ।...
> ਸੁਖ ਸੰਪਟ ਹੋਇ ਭਵਰ ਵਸੰਦੇ॥7॥

ਅੱਗੇ ਦੱਸਿਆ ਹੈ ਕਿ ਗੁਰਮਤਿ ਅਨੁਸਾਰ ਅਸਲੀ ਗਿਆਨੀ ਕੌਣ ਹੈ। ਭਾਈ ਗੁਰਦਾਸ ਅਨੁਸਾਰ ਗੁਰੂ ਦਾ ਦਰਸ਼ਨ (ਫਲਸਫਾ) ਅਤੇ ਸੰਗਤਿ ਹੀ ਅਸਲੀ ਗਿਆਨ ਹੈ, ਕਿਉਂਕਿ ਇੱਥੇ ਦਰਸ਼ਨ (ਫਲਸਫੇ ਜਾਂ ਸਿਧਾਂਤ) ਦਾ ਵਿਸ਼ਾ ਇੱਕੋ ਅਕਾਲ ਪੁਰਖ ਦਾ ਗਿਆਨ ਹੈ। ਗੁਰਮੁਖਿ ਜਾਂ ਗਿਆਨੀ ਛੇ ਦਰਸ਼ਨਾਂ (ਛੇ ਭਾਰਤੀ ਸ਼ਾਸਤ੍ਰ) ਨੂੰ ਇੱਕੋ ਦਰਸ਼ਨ ਦੇ ਵਜੋਂ ਦੇਖਦਾ ਹੈ, ਅਰਥਾਤ ਉਨ੍ਹਾਂ ਨੂੰ ਮਾਨਤਾ ਨਹੀਂ ਦਿੰਦਾ, ਕਿਉਂਕਿ ਉਹ ਸਾਰੇ ਆਪਣਾ ਆਪਣਾ ਮਤ ਮੰਨਦੇ ਹਨ। ਗੁਰੂ ਦੇ ਗਿਆਨ ਰਾਹੀਂ ਦਿੱਬ-ਦ੍ਰਿਸ਼ਟੀ ਪ੍ਰਾਪਤ ਕਰਕੇ ਉਹ ਆਮ ਮਸਲਿਆਂ ਵਿਚ ਵੀ ਗੁਰੂ ਦੇ ਉਪਦੇਸ਼ਾਂ ਦੀ ਪਛਾਣ ਕਰਦਾ ਹੈ। ਸਿੱਖ ਧਰਮ ਚਿੰਤਨ ਵਿਚ ਅਧਿਆਤਮਕ ਪ੍ਰਾਪਤੀਆਂ ਲਈ ਬ੍ਰਹਮਚਾਰੀ ਰਹਿ ਕੇ ਜਾਂ ਗ੍ਰਹਿਸਥ ਦਾ ਤਿਆਗ ਕਰਕੇ ਜਤ-ਸਤ ਕਾਇਮ ਰੱਖਣ ਦੇ ਸਿਧਾਂਤ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ। ਗ੍ਰਹਿਸਥ ਵਿਚ ਰਹਿੰਦਿਆਂ 'ਏਕਾ ਨਾਰੀ ਜਤੀ ਸਦਾਇ' ਦੇ ਸਿਧਾਂਤ ਦੀ ਪਾਲਣਾ ਕਰਦਿਆਂ ਸਮਾਜ ਵਿਚ ਦੂਸਰੀਆਂ ਔਰਤਾਂ ਦਾ ਸਤਿਕਾਰ ਕਰਦਿਆਂ ਆਪਣੇ ਜਤ-ਸਤ ਨੂੰ ਕਾਇਮ ਰੱਖਣ ਦਾ ਸਿਧਾਂਤ ਦਿੱਤਾ ਹੈ। ਭਾਈ ਗੁਰਦਾਸ ਅਸਲੀ ਗਿਆਨੀ ਉਸ ਨੂੰ ਕਹਿੰਦੇ ਹਨ, ਜੋ ਆਪਣੀ ਪਤਨੀ ਨਾਲ ਗ੍ਰਹਿਸਥ ਦੇ ਫਰਜ਼ਾਂ ਨੂੰ ਨਿਭਾਉਂਦਿਆਂ ਪਰਾਈਆਂ ਔਰਤਾਂ ਨੂੰ ਆਪਣੀਆਂ ਭੈਣਾਂ ਤੇ ਧੀਆਂ ਸਮਝ ਕੇ ਸਤਿਕਾਰ ਦਿੰਦਾ ਹੈ। ਗੁਰੂ ਨਾਨਕ ਸਾਹਿਬ ਨੇ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਕਿਹਾ ਹੈ; ਭਾਈ ਗੁਰਦਾਸ ਇਸੇ ਸਿਧਾਂਤ ਦੀ ਲੋਅ ਵਿਚ ਦੂਸਰਿਆਂ ਦੇ ਹੱਕ ਦਾ ਸਤਿਕਾਰ ਕਰਨ ਨੂੰ ਗਿਆਨੀ ਦਾ ਲੱਛਣ ਮੰਨਦੇ ਹੋਏ ਕਹਿੰਦੇ ਹਨ ਕਿ ਦੂਸਰਿਆਂ ਦੀ ਦੌਲਤ ਹਥਿਆਉਣੀ ਉਵੇਂ ਹੀ ਗੁਨਾਹ ਹੈ ਤੇ ਵਰਜਿਤ ਹੈ, ਜਿਵੇਂ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਊ। ਗੁਰੂ ਦਾ ਗ੍ਰਹਿਸਥੀ ਸਿੱਖ ਗਿਆਨੀ ਹੁੰਦਿਆਂ ਹੋਇਆਂ ਬੋਦੀ ਅਤੇ ਜਨੇਊ ਦਾ ਉਵੇਂ ਹੀ ਤਿਆਗ ਕਰਦਾ ਹੈ, ਜਿਵੇਂ ਮਲ-ਮੂਤਰ ਆਦਿ ਦਾ। ਗੁਰੂ ਦਾ ਸਿੱਖ (ਗਿਆਨੀ) ਪਾਰਬ੍ਰਹਮ ਨੂੰ ਹੀ ਆਪਣੇ ਗਿਆਨ ਅਤੇ ਭਗਤੀ ਦਾ ਇੱਕੋ ਇੱਕ ਸਤਿ ਮੰਨਦਾ ਹੈ, ਉਸੇ ਇੱਕ ਦੀ ਪਛਾਣ ਕਰਦਾ ਹੈ। ਗੁਰਮਤਿ ਵਿਚ ਸਾਧਸੰਗਤਿ ਨੂੰ ਅਧਿਆਤਮਕਤਾ ਦੀ ਪਾਠਸ਼ਾਲਾ ਮੰਨਿਆ ਗਿਆ ਹੈ, ਜਿੱਥੇ ਗੁਰਮੁਖਿ ਗੁਰੂ ਦੇ ਸ਼ਬਦ ਨਾਲ ਜੁੜ ਕੇ ਗਿਆਨ ਪ੍ਰਾਪਤ ਕਰਦਾ ਹੈ। ਭਾਈ ਗੁਰਦਾਸ ਅਨੁਸਾਰ ਅਜਿਹੇ ਗੁਰਮੁਖਾਂ ਦੀ ਸੰਗਤਿ ਵਿਚ ਜਾ ਕੇ ਕੋਈ ਵੀ ਇਹ ਸਨਮਾਨਤਾ ਅਤੇ ਪ੍ਰਵਾਨਗੀ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ:

> ਗੁਰ ਦਰਸਨੁ ਪਰਸਣੁ ਸਫਲੁ
> ਛਿਅ ਦਰਸਨੁ ਇਕ ਦਰਸਨੁ ਜਾਣੈ।

(ਬਾਕੀ ਅਗਲੇ ਸਫੇ 'ਤੇ)

# ਤੀਆਂ ਤੀਜ ਦੀਆਂ





ਪੰਜਾਬ ਦੀਆਂ ਤੀਆਂ ਕਿਸੇ ਵੀ ਦੇਵੀ ਦੇਵਤੇ ਨਾਲ ਸਬੰਧ ਨਹੀਂ ਰੱਖਦੀਆਂ, ਭਾਵੇਂ ਮੂਲ ਰੂਪ ਵਿਚ ਇਸ ਦਾ ਸਬੰਧ ਪਾਰਬਤੀ ਦੀ ਭਾਰਤੀ ਸਭਿਆਚਾਰਕ ਮਿੱਥ ਨਾਲ ਜਾ ਜੁੜਦਾ ਹੈ। ਹਿੰਦੋਸਤਾਨ ਵਿਚ ਤੀਜ ਦੇ ਤਿਉਹਾਰਾਂ ਉਪਰ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਪੰਜਾਬ ਦੀਆਂ ਤੀਆਂ ਦਾ ਮਹੱਤਵ ਸਮਝ ਸਕਾਂਗੇ। ਅਸਲ ਵਿਚ ਪੰਜਾਬ ਦੀ ਤੀਜ ਨੂੰ ਹੀ ਹਰਿਆਲੀ ਤੀਜ ਕਿਹਾ ਜਾਂਦਾ ਹੈ ਜਿਸ ਉਪਰ ਆਮ ਤੌਰ 'ਤੇ ਹਰੇ ਕੱਪੜੇ ਪਾਏ ਜਾਂਦੇ ਹਨ। ਕੁਝ ਅਨੁਸਾਰ ਪੀਲੇ ਕੱਪੜੇ ਵੀ ਪਾਏ ਜਾਂਦੇ ਹਨ ਪਰ ਪੀਲੇ ਕੱਪੜੇ ਬਸੰਤ ਲਈ ਰਾਖਵੇਂ ਹਨ। ਇਕ ਤਰ੍ਹਾਂ ਨਾਲ ਤੀਜ ਬਰਸਾਤ ਦੇ ਮੌਸਮ ਨੂੰ ਮਾਨਣ ਦਾ ਤਿਉਹਾਰ ਹੈ; ਨਾਲ ਹੀ ਵਿਆਹੀਆਂ ਦਾ ਤਿਉਹਾਰ ਵੀ ਹੈ।

ਕੁਝ ਪੰਜਾਬੀ ਵਿਦਵਾਨਾਂ ਨੇ ਇਸ ਨੂੰ ਰਾਜਸਥਾਨ ਦੇ ਗੌਰੀ ਤ੍ਰਿਤਿਆ ਨਾਲ ਜੋੜਨ ਦੀ ਭੁੱਲ ਕੀਤੀ ਹੈ ਪਰ ਗੌਰੀ ਤ੍ਰਿਤਿਆ ਚੇਤ ਦੀ ਪਹਿਲੀ ਤੋਂ ਲੈ ਕੇ ਅਠਾਰਾਂ ਦਿਨ ਤੱਕ ਮਨਾਇਆ ਜਾਂਦਾ ਹੈ। ਇਹ ਹੋਲੀ ਤੋਂ ਬਾਅਦ ਆਉਂਦਾ ਹੈ। ਇੱਥੇ ਸ਼ਿਵ-ਗੌਰੀ ਜਾਂ ਈਸਰ ਗੌਰੀ ਦੀਆਂ ਮਿੱਟੀ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ



ਡਾ. ਕਰਮਜੀਤ ਸਿੰਘ

ਹਨ। ਇਸੇ ਤਰ੍ਹਾਂ ਇਕ ਹੋਰ ਪਰਵ ਨੂੰ ਵੀ ਗੌਰੀ ਤ੍ਰਿਤੀਆ ਕਿਹਾ ਜਾਂਦਾ ਹੈ ਜੋ ਚੇਤਰ ਦੇ ਚਾਨਣ ਪੱਖ ਦੀ ਤੀਜੀ ਤਿਥੀ ਤੋਂ ਲੈ ਕੇ ਵਿਸਾਖ ਦੇ ਚਾਨਣ ਪੱਖ ਦੀ ਤੀਜੀ ਤਿਥੀ ਤੱਕ ਪੂਰਾ ਇਕ ਮਹੀਨਾ ਚਲਦਾ ਹੈ। ਦੱਖਣ ਵਿਚ ਇਹ ਉਤਸਵ ਕੇਥਾਰਾ ਗੌਰੀ ਵ੍ਰਿਤਮ ਨਾਮ ਨਾਲ ਦੀਵਾਲੀ ਤੋਂ ਬਾਅਦ ਨਵੇਂ ਚੰਦ ਨਾਲ ਮਨਾਇਆ ਜਾਂਦਾ ਹੈ। 'ਗੌਰੀ ਹੱਬਾ' ਭਾਦੋਂ ਦੇ ਚਾਨਣੀ ਪੱਖ ਦੀ ਸੱਤਵੀਂ, ਅੱਠਵੀਂ ਅਤੇ ਨੌਵੀਂ ਤਿਥੀ ਨੂੰ ਮਨਾਇਆ ਜਾਂਦਾ ਹੈ। ਇਉਂ ਇਕ ਤੱਥ ਸਰਵ ਪ੍ਰਵਾਨਿਤ ਹੈ ਕਿ ਇਹ ਸਾਰੇ ਤਿਉਹਾਰ ਦੇਸੀ ਮਹੀਨੇ ਦੇ ਚਾਨਣ ਪੱਖ ਵਿਚ ਮਨਾਏ ਜਾਂਦੇ ਹਨ। ਦੂਜੇ ਇਹ ਸਾਰੇ ਮਨਾਏ ਜਾਂਦੇ ਤਿਉਹਾਰ ਬਹੁਤੇ ਵਿਆਹੀਆਂ ਵਰੀਆਂ ਔਰਤਾਂ ਨਾਲ ਜੁੜੇ ਹੋਏ ਹਨ। ਕਿਤੇ ਇਹ ਫਸਲਾਂ ਦੇ ਤਿਉਹਾਰ ਵਜੋਂ ਵੀ ਮਨਾਏ ਜਾਂਦੇ ਹਨ।

ਪੰਜਾਬ ਵਿਚ ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਪੂਰੇ ਤੇਰਾਂ ਦਿਨ ਮਨਾਇਆ ਜਾਂਦਾ ਹੈ। ਤੀਆਂ ਤੋਂ ਪਹਿਲਾਂ ਪਹਿਲਾਂ ਭਰਾ ਵਿਆਹੀਆਂ ਭੈਣਾਂ ਨੂੰ ਘਰ ਲੈ ਆਉਂਦੇ ਹਨ। ਜੋ ਨਹੀਂ ਆ ਸਕਦੀਆਂ, ਉਨ੍ਹਾਂ ਲਈ 'ਸੰਧਾਰਾ' ਭੇਜਿਆ ਜਾਂਦਾ ਹੈ। 'ਸੰਧਾਰਾ' ਜਾਂ ਸੰਧਉਰਾ ਦਾ ਅਰਥ ਸੰਧੂਰ ਹੈ ਜੋ ਵਿਆਹੇ ਹੋਣ ਦੀ ਨਿਸ਼ਾਨੀ ਹੈ ਤੇ ਜਿਸ ਨੂੰ ਸਿਰ ਦੇ ਚੀਰ ਵਿਚ ਪਾਇਆ ਜਾਂਦਾ ਹੈ ਪਰ ਸੰਧਾਰੇ ਵਿਚ ਕੇਵਲ ਸੰਧੂਰ ਹੀ ਨਹੀਂ ਹੁੰਦਾ ਸਗੋਂ ਕੱਪੜੇ, ਸ਼ਿੰਗਾਰ ਦਾ ਸਾਰਾ ਸਮਾਨ ਅਤੇ ਗਹਿਣਾ-ਗੱਟਾ ਵੀ ਹੁੰਦਾ ਹੈ। ਵਿਆਹ ਬਾਅਦ ਪਹਿਲੀ ਤੀਜ ਕੁੜੀਆਂ ਮਾਪਿਆਂ ਦੇ ਘਰ ਮਨਾਉਂਦੀਆਂ ਹਨ। ਕੁੜੀਆਂ ਖੁੱਲ੍ਹੀਆਂ ਥਾਵਾਂ ਵਿਚ ਬੋਹੜਾਂ ਪਿੱਪਲਾਂ ਉਪਰ ਪੀਂਘਾਂ ਪਾਉਂਦੀਆਂ ਹਨ। ਇੱਥੇ ਹੀ ਗਿੱਧੇ ਦਾ ਪਿੜ ਬੱਝਦਾ ਹੈ। ਪੀਂਘਾਂ ਝੂਟਣਾ ਇਕ ਤਰ੍ਹਾਂ ਨਾਲ ਸ਼ਗਨ ਵੀ ਮੰਨਿਆ ਜਾਂਦਾ ਹੈ ਪਰ ਜਵਾਨ ਕੁੜੀਆਂ ਇੰਨੀ ਉਚੀ ਪੀਂਘਾਂ ਚੜ੍ਹਾਉਂਦੀਆਂ ਹਨ ਕਿ ਬੋਹੜਾਂ, ਪਿੱਪਲਾਂ ਦੇ ਪੱਤਿਆਂ ਤੱਕ ਜਾ ਪਹੁੰਚਦੀਆਂ ਹਨ। ਕੁਝ ਪੱਤੇ ਤੋੜ ਲਿਆਉਂਦੀਆਂ ਹਨ ਜਿਨ੍ਹਾਂ ਨੂੰ 'ਸੱਸ ਦਾ ਚੂੰਡਾ ਪੁੱਟਣਾ' ਵੀ ਕਿਹਾ ਜਾਂਦਾ ਹੈ। ਸੱਸਾਂ ਤੋਂ ਦੂਰ ਅਜਿਹਾ ਕਰਨ ਦਾ ਕੋਈ ਮਿਹਣਾ ਵੀ ਨਹੀਂ ਹੈ। ਤੇਰਾਂ ਦਿਨ ਪੂੜੇ, ਗੁਲਗੁਲੇ, ਖੀਰਾਂ ਤੇ ਪਕਵਾਨ ਪੱਕਦੇ ਹਨ ਤੇ ਖਾਧੇ ਜਾਂਦੇ ਹਨ।

ਗਿੱਧੇ ਦੇ ਪਿੜ ਵਿਚ ਕੇਵਲ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ ਤੇ ਕੁਦਰਤੀ ਹੈ, ਜਿਵੇਂ ਮੁੰਡਿਆਂ ਦੇ ਅਖਾੜੇ ਵਿਚ ਲੁੱਚੀਆਂ ਬੋਲੀਆਂ ਤੱਕ ਪਾਈਆਂ ਜਾਂਦੀਆਂ ਹਨ, ਇਵੇਂ ਹੀ ਔਰਤਾਂ ਬੋਲੀਆਂ ਅਤੇ ਸਾਂਗਾਂ ਰਾਹੀਂ ਆਪਣੇ ਜਿਨਸੀ ਮਨੋਭਾਵਾਂ ਨੂੰ ਖੁੱਲ੍ਹ ਕੇ ਪ੍ਰਗਟਾਉਂਦੀਆਂ ਹਨ। ਜੇ ਕੋਈ ਮੁੰਡਾ/ਮਰਦ ਗਲਤੀ ਨਾਲ ਵੀ ਉਧਰ ਆ ਜਾਵੇ ਤਾਂ ਉਸ ਦੀ ਭੁਗਤ ਸੁਆਰੀ ਜਾਂਦੀ ਹੈ। ਕਈ ਥਾਈਂ ਭਾਈਚਾਰਾ ਮੁੰਡਿਆਂ ਕੁੜੀਆਂ ਨੂੰ ਇਕੱਠੇ ਹੋ ਕੇ ਵੀ ਅਜਿਹਾ ਕਰਨ ਦੀ ਇਜਾਜ਼ਤ ਦਿੰਦਾ ਹੈ ਪਰ ਤੀਆਂ ਵਿਚ ਔਰਤ ਦੀ ਸਰਦਾਰੀ ਹੁੰਦੀ ਹੈ। ਪੂਰੇ ਪਿੰਡ ਦੀਆਂ ਔਰਤਾਂ ਇਕ ਜਾਂ ਵਾਧੂ ਪਿੜ ਮੱਲ ਕੇ ਗਿੱਧੇ ਵਿਚ ਬੋਲੀਆਂ ਦੀ ਛਹਿਬਰ ਲਾਉਂਦੀਆਂ ਹਨ। ਪੂਰਾ ਪਿੰਡ ਤੇਰਾਂ ਦਿਨ ਜਸ਼ਨਾਂ ਵਿਚ ਡੁੱਬ ਜਾਂਦਾ ਹੈ।

ਪੁੰਨਿਆ ਵਾਲੇ ਦਿਨ ਬੱਲੋ ਪਾਈ ਜਾਂਦੀ ਹੈ। ਜੇ ਇਹ ਸ਼ਬਦ ਬਲਾਉ ਤੋਂ ਬਣਿਆ ਹੈ ਤਾਂ ਇਸ ਦਾ ਅਰਥ ਕਾਹਨ ਸਿੰਘ ਨਾਭਾ ਅਨੁਸਾਰ ਹੈ 'ਬਲ ਛਲ' ਹੈ। ਬੱਲੋ ਵਿਚ ਵਿਆਹ ਰਚਾਉਣ ਦਾ ਨਾਟਕ ਕੀਤਾ ਜਾਂਦਾ ਹੈ ਜਿਸ ਵਿਚ ਵਲ ਛਲ ਦੀ ਪ੍ਰਧਾਨਤਾ ਹੈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, "ਇਕ ਕੁੜੀ ਨੂੰ ਲਾੜੀ, ਦੂਜੀ ਨੂੰ ਲਾੜਾ ਬਣਾ ਕੇ ਚੰਗੇ ਵਿਆਹ ਵਾਲੀਆਂ ਪੂਰੀਆਂ ਰਸਮਾਂ ਰੀਤਾਂ ਕੀਤੀਆਂ ਜਾਂਦੀਆਂ ਹਨ। ਜੰਝ ਦੇ ਢੁਕਾਉ ਵੇਲੇ ਕੁੜੀਆਂ ਦੀ ਢਾਣੀ ਮੂੰਹ ਨਾਲ ਵਾਜੇ ਵਜਾਉਂਦੀ ਜੰਝ ਮੂਹਰੇ ਨੱਚਦੀ ਟੱਪਦੀ ਜਾਂਦੀ ਹੈ। ਢੁਕਾ ਹੋਣ ਵੇਲੇ ਪੈਸਿਆਂ ਟਕਿਆਂ ਦੀ ਥਾਂ ਠੀਕਰੀਆਂ ਦੇ ਗੋਲ ਗੋਲ ਬਣਾਏ ਟਹੂਆਂ ਦੀ ਸਿੱਟ (ਸੋਟ) ਕੀਤੀ ਜਾਂਦੀ ਹੈ।

"ਵਿਆਹ ਦੀਆਂ ਰਸਮਾਂ ਪਿੱਛੋਂ ਜੰਝ ਦੀ ਵਿਦਾਇਗੀ ਵੇਲੇ ਪੈਸਿਆਂ ਦੀ ਥਾਂ ਠੀਕਰੀਆਂ ਰੋੜ ਸ਼ਗਨਾਂ ਭਰੇ ਡੋਲੇ ਉਤੋਂ ਦੀ ਸੁੱਟੇ ਜਾਂਦੇ ਹਨ। ਇਹਨਾਂ ਠੀਕਰੀਆਂ ਨੂੰ ਹੱਲੇ ਨਾਲ ਚੁਗਣ ਨੂੰ 'ਤੀਆ ਲੁੱਟਣਾ' ਕਿਹਾ ਜਾਂਦਾ ਹੈ। "ਕੁੜੀਆਂ ਦੀ ਢਾਣੀ ਡਾਂਗਾਂ ਤੇ ਹਥਿਆਰ ਲੈ ਕੇ ਡਾਕੂਆਂ ਵਾਂਗ ਜੰਝ ਦਾ ਰਾਹ ਰੋਕਣ ਲਈ ਪਹਿਲਾਂ ਹੀ ਤਿਆਰ ਖੜ੍ਹੀ ਹੁੰਦੀ ਹੈ। ਜੰਝ ਤੋਂ ਡੋਲਾ ਖੋਹ ਲੈਣਾ ਜਾਂ ਲੁੱਟ ਮਚਾ ਦੇਣੀ, ਇਹ ਤੀਆਂ ਦੀ ਅੰਤਿਮ ਰਸਮ ਹੈ।" (ਮੇਰਾ ਪਿੰਡ)

ਇਸ ਨਾਟਕ ਦਾ ਪਹਿਲਾ ਹਿੱਸਾ ਤਾਂ ਵਿਆਹ ਦਾ ਹੀ ਰੂਪ ਹੈ ਪਰ ਦੂਸਰਾ ਹਿੱਸਾ ਡੋਲਾ ਲੁੱਟਣ ਨਾਲ ਸਬੰਧਤ ਹੈ। ਇਸ ਹਿੱਸੇ ਨੂੰ ਕੁਝ ਲੇਖਕਾਂ ਨੇ ਅਬਦਾਲੀ ਦੇ ਹੱਲਿਆਂ ਨਾਲ ਜੋੜਿਆ ਹੈ ਪਰ ਇਹ ਕਬੀਲਾਈ ਲੜਾਈਆਂ ਦਾ ਰੂਪ ਲੱਗਦਾ ਹੈ ਜਿਸ ਉਪਰ ਹੋਰ ਵਿਚਾਰ ਕੀਤੀ ਜਾ ਸਕਦੀ ਹੈ।

ਸਾਉਣ ਵਿਚ ਸਾਉਣ ਦੇ ਲੰਮੇ ਗਾਉਣ ਵੀ ਗਾਏ ਜਾਂਦੇ ਹਨ ਤੇ ਗਿੱਧੇ ਦੇ ਪਿੜ ਵਿਚ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ। ਗੀਤਾਂ ਦਾ ਵਿਸ਼ਾ ਬਿਰਹਾ ਹੈ। ਜੇ ਪਤੀ ਤੋਂ ਦੂਰ ਪਤਨੀ ਦਾ ਬਿਰਹਾ ਹੈ ਤਾਂ ਮੇਲ ਵੀ ਹੈ ਤੇ ਖੁਸ਼ੀ ਦਾ ਕਾਰਨ ਵੀ ਹੈ। ਇੱਥੇ ਇਕ ਗੀਤ ਦੇ ਕੁਝ ਬੋਲ ਸਾਂਝੇ ਕੀਤੇ ਜਾ ਸਕਦੇ ਹਨ।

ਚੁਣ ਚੁਣ ਮੋਤੀ ਦਾਲ ਰਿੰਨਾਂ ਨੀ ਮੈਂ,  
ਲੌਂਗਾਂ ਦਾ ਤੜਕਾ ਮੈਂ ਲਾਵਾਂ,  
ਬਾਰੀਂ ਵਰੀਏਂ ਘਰ ਸ਼ਾਮ ਆਇਆ।  
ਕੱਢ ਕਲ਼ੇਜਾ ਆਟਾ ਗੁੰਨਾਂ ਨੀ ਮੈਂ  
ਦਿਲ ਦਾ ਤੰਦੂਰ ਤਪਾਵਾਂ,  
ਬਾਰੀ ਵਰੀਏ ਘਰ ਸ਼ਾਮ ਆਇਆ...  
ਇਕ ਖਾਵੀਂ ਵੇ ਤੂੰ ਦੂਜੀ ਖਾਵੀਂ,  
ਮੇਰੀ ਤੀਜੀ ਨੂੰ ਹੱਥ ਨਾ ਲਾਵੀਂ, ਬਾਰੀ...  
ਇਕ ਅਰਜ ਮੰਨੀ ਕਾਲੀ ਬਦਲੀ ਨੇ,  
ਨੀ ਉਹ ਜਾਏ ਬਰਸੀ ਅੰਬੇ ਹੇਠ ਬਾਰੀਂ ...  
ਚੱਕ ਮੰਜੀ ਨੀ ਉਹ ਘਰ ਨੂੰ ਆਇਆ,  
ਕੁੰਡਾ ਖੋਲ੍ਹ ਦੇ ਕਪੱਤੀਏ ਨਾਰੇ, ਬਾਰੀਂ ...  
ਇਕ ਅਰਜ ਮੰਨੀ ਕਾਲੀ ਬਦਲੀ ਨੇ,  
ਮੇਰਾ ਰੁੱਠੜਾ ਸ਼ਾਮ ਮਨਾਇਆ...  
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਇਕ ਅੱਧ ਲੇਖਕ ਨੇ ਕਿਹਾ ਹੈ ਕਿ ਬੱਲੋ ਦੇ ਗਿੱਧੇ ਵਿਚ ਇਕ-ਤੁਕੀਆਂ ਬੋਲੀਆਂ ਹੀ ਪਾਈਆਂ ਜਾਂਦੀਆਂ ਹਨ ਪਰ ਇਸ ਵਿਚ ਕੋਈ ਸੱਚਾਈ ਨਹੀਂ। ਲੰਮੀਆਂ, ਦੋ-ਤੁਕੀਆਂ, ਇਕ-ਤੁਕੀਆਂ ਹਰ ਤਰ੍ਹਾਂ ਦੀਆਂ ਬੋਲੀਆਂ ਹੁੰਦੀਆਂ ਹਨ। ਬੋਲੀਆਂ ਦਾ ਵਿਸ਼ਾ ਉਹੀ ਹੁੰਦਾ ਹੈ ਜੋ ਬਾਕੀ ਲੋਕ ਗੀਤਾਂ ਦਾ ਹੁੰਦਾ ਹੈ। ਸਹੁਰੇ ਘਰ ਦੇ ਜੀਆਂ ਦੀ ਬਦਖੋਈ, ਔਰਤ-ਮਰਦ ਦਾ ਪਿਆਰ, ਪ੍ਰੇਮੀ, ਦਿਓਰ ਤੇ ਹੋਰ ਰਿਸ਼ਤੇ। ਮਨ ਦੇ ਜਿਨਸੀ ਭਾਵਾਂ ਦਾ ਪ੍ਰਗਟਾ ਇੱਥੇ ਨਿਸੰਗਤਾ ਨਾਲ ਕੀਤਾ ਜਾਂਦਾ ਹੈ। ਕੁਝ ਬੋਲੀਆਂ ਇੱਥੇ ਦੇਣੀਆਂ ਸ਼ਾਇਦ ਜ਼ਰੂਰੀ ਹਨ।

ਦੁਆਬੇ ਦੀ ਮੈਂ ਜੰਮੀ ਜਾਈ,  
ਜੰਗਲ ਵਿਚ ਵਿਆਹੀ।  
ਡਾਰ ਵਿਛੁੰਨੀ ਕੰਜ ਮੈਂ ਭੈਣੋਂ,  
ਜੰਗ ਨੂੰ ਗਿਆ ਮੇਰਾ ਮਾਹੀ।  
ਹਰ ਦਮ ਨੀਰ ਵੱਗੇ ਮੇਰੀ ਅੱਖੀਂ,  
ਔਣ ਦੀ ਚਿੱਠੀ ਨਾ ਪਾਈ।  
ਆ ਜਾ ਸਿਪਾਹੀਆ ਵੇ  
ਜਿੰਦੜੀ ਘੋਲ ਘੁਮਾਈ।

ਨੌਕਰ ਨੂੰ ਨਾ ਦੇਈਂ ਬਾਬਲਾ,  
ਹਾਲੀ ਪੁੱਤ ਬਥੇਰੇ।  
ਨੌਕਰ ਪੁੱਤ ਤਾਂ ਘਰ ਨਹੀਂ ਰਹਿੰਦੇ,  
ਵਿਚ ਪਰਦੇਸਾਂ ਡੇਰੇ।  
ਨੌਕਰ ਨਾਲੋਂ ਐਵੇਂ ਚੰਗੀ,  
ਦਿਨ ਕੱਟ ਲਊਂ ਘਰ ਤੇਰੇ।  
ਮੈਂ ਤੈਨੂੰ ਵਰਜ ਰਹੀ,  
ਦੇਈਂ ਨਾ ਬਾਬਲਾ ਫੇਰੇ।

ਸਾਉਣ ਮਹੀਨੇ ਦਿਨ ਵੇ ਗਿੱਧੇ ਦੇ,  
ਸਭੇ ਸਹੇਲੀਆਂ ਆਈਆਂ।  
ਭਿੱਜ ਗਈ ਰੂਹ ਮਿੱਤਰਾ,  
ਸ਼ਾਮ ਘਟਾ ਚੜ੍ਹ ਆਈਆਂ।

ਹਾੜ੍ਹ ਮਹੀਨੇ ਬੋਲਣ ਚਿੜੀਆਂ,  
ਸਾਉਣ ਮਹੀਨੇ ਕੋਲਾਂ  
ਦਿਲ ਤੋਲੇਂ ਤੂੰ ਝੁਕਦੇ ਪਲੜੇ,  
ਮੈਂ ਝੁਕਦੇ ਨਾ ਤੋਲਾਂ,  
ਗਿੱਧੇ ਵਿਚ ਤੈਂ ਲਾਈ ਛਹਿਬਰ,  
ਕਿਵੇਂ ਮੈਂ ਤੈਨੂੰ ਮੋਹ ਲਾਂ  
ਸੁਣ ਲੈ ਹੀਰੇ ਨੀ,  
ਦਿਲ ਦੀਆਂ ਘੁੰਡੀਆਂ ਖੋਲ੍ਹਾਂ।

ਖੜੋਤੀ ਕੁੜੀਏ, ਭਿਉਂ ਬੱਠਲਾਂ ਵਿਚ ਦਾਣਾ,  
ਤੀਵੀਆਂ ਦਾ ਰਾਜ ਹੋ ਗਿਆ,  
ਚੱਕੀ ਛੁੱਟ ਗਈ, ਚੁੱਲ੍ਹੇ ਨੇ ਛੁੱਟ ਜਾਣਾ।

ਇਸ ਤਰ੍ਹਾਂ ਦੀਆਂ ਹਜ਼ਾਰਾਂ ਬੋਲੀਆਂ ਅਤੇ ਗੀਤ ਤੀਆਂ ਨਾਲ ਸਬੰਧਤ ਹਨ।

ਸਾਲ ਬਾਅਦ ਆਉਂਦਾ ਤੀਆਂ ਦਾ ਇਹ ਤਿਉਹਾਰ ਸੈਂਕੜੇ ਸਾਲਾਂ ਤੱਕ ਕੁੜੀਆਂ ਨੂੰ ਹੁਲਾਰੇ ਦਿੰਦਾ ਰਿਹਾ ਹੈ। ਉਹਨਾਂ ਨੂੰ ਮਨ ਦੀਆਂ ਕਹਿਣ ਦਾ ਮੌਕਾ ਦਿੰਦਾ ਰਿਹਾ ਹੈ ਪਰ ਅਜੋਕੇ ਸਮੇਂ ਵਿਚ ਥੋੜ੍ਹੀ ਦੇਰ ਖੜੋਤ ਆਉਣ ਤੋਂ ਬਾਅਦ ਇਹ ਤਿਉਹਾਰ ਦੁਨੀਆ ਭਰ ਦੇ ਪੰਜਾਬੀਆਂ ਲਈ ਨਵਾਂ ਰੂਪ ਧਾਰ ਕੇ ਸਾਹਮਣੇ ਆਇਆ ਹੈ। ਲੋਹੜੀ ਤੋਂ ਬਾਅਦ ਤੀਆਂ ਅਜਿਹਾ ਦੂਜਾ ਤਿਉਹਾਰ ਹੈ ਜਿਸ ਨੂੰ ਫਿਰਕਾਪ੍ਰਸਤੀ ਨੇ ਨਹੀਂ ਪੋਹਿਆ। ਇਸੇ ਲਈ ਇਹ ਸਾਂਝਾ ਮਾਨਵੀ ਤਿਉਹਾਰ ਹੈ ਜਿਸ ਨੂੰ ਬਚਾਅ ਕੇ ਰੱਖਣਾ ਹਰ ਪੰਜਾਬੀ ਦਾ ਫਰਜ਼ ਹੈ।

## ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ ਬਣਾਇਆ

*(ਪਿਛਲੇ ਸਫੇ ਦੀ ਬਾਕੀ)*

ਦਿਬ ਦਿਸਟਿ ਪਰਗਾਸੁ ਕਰਿ  
ਲੋਕ ਵੇਦ ਗੁਰ ਗਿਆਨੁ ਪਛਾਣੈ।...  
ਸਾਧਸੰਗਤਿ ਮਿਲਿ ਪਤਿ ਪਰਵਾਣੈ॥8॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਵੱਖ ਵੱਖ ਦ੍ਰਿਸ਼ਟਾਂਤਾਂ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਗਊਆਂ ਦੇ ਕਈ ਰੰਗ ਹੁੰਦੇ ਹਨ, ਪਰ ਸਾਰੀਆਂ ਘਾਹ ਖਾ ਕੇ ਇੱਕੋ ਚਿੱਟੇ ਰੰਗ ਦਾ ਦੁੱਧ ਦਿੰਦੀਆਂ ਹਨ। ਇਸੇ ਤਰ੍ਹਾਂ ਬਨਸਪਤੀ ਵਿਚ ਅਨੇਕ ਕਿਸਮ ਦੇ ਰੁੱਖ ਹੁੰਦੇ ਹਨ, ਪਰ ਸਭ ਦੇ ਅੰਦਰ ਇੱਕੋ ਅੱਗ ਹੁੰਦੀ ਹੈ। ਬਹੁਤ ਸਾਰੇ ਲੋਕ ਰਤਨ ਆਦਿ ਕੀਮਤੀ ਪੱਥਰਾਂ ਨੂੰ ਦੇਖਦੇ ਹਨ, ਪਰ ਉਨ੍ਹਾਂ ਦਾ ਜੌਹਰੀ ਕੋਈ ਵਿਰਲਾ ਇੱਕ ਹੀ ਹੁੰਦਾ ਹੈ, ਜਿਸ ਨੂੰ ਉਨ੍ਹਾਂ ਦੀ ਪਛਾਣ ਜਾਂ ਪਰਖ ਹੁੰਦੀ ਹੈ। ਹੀਰੇ ਨੂੰ ਕੱਟਣ ਲਈ ਹੀਰੇ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਫਿਰ ਦੂਸਰੇ ਹੀਰਿਆਂ ਨਾਲ ਮਿਲ ਕੇ ਉਹ ਮਾਲਾ ਵਿਚ ਪਰੋਇਆ ਜਾਂਦਾ ਹੈ। ਇਸ ਤਰ੍ਹਾਂ ਗੁਰਮੁਖਾਂ ਦੀ ਸੰਗਤਿ ਵਿਚ ਜਾ ਕੇ ਮਨੁੱਖ ਦਾ ਮਨ ਗਿਆਨਵਾਨ ਹੋ ਜਾਂਦਾ ਹੈ ਅਤੇ ਗੁਰੁ-ਸ਼ਬਦ ਦੀ ਅੰਮ੍ਰਿਤ ਨਦਰਿ ਨਾਲ ਨਿਹਾਲ ਹੋ ਕੇ ਕਿਸੇ ਹੋਰ ਨਿਹਾਲਤਾ ਦੀ ਜ਼ਰੂਰਤ ਨਹੀਂ ਰਹਿੰਦੀ। ਉੱਤਮ ਸਰੀਰ ਉੱਤਮ ਦ੍ਰਿਸ਼ਟੀ ਵਾਲਾ ਹੋ ਕੇ ਫਿਰ ਪੂਰਨ ਬ੍ਰਹਮ ਦੇ ਅੰਗ-ਸੰਗਿ ਹੋ ਜਾਂਦਾ ਹੈ, ਉਹ ਆਪਣੇ ਅੰਦਰ ਦੈਵੀ ਜੋਤਿ ਦਾ ਅਨੁਭਵ ਕਰ ਲੈਂਦਾ ਹੈ। ਇਸ ਤਰ੍ਹਾਂ ਸਤਿਗੁਰੂ ਨਾਲ ਰਿਸ਼ਤਾ ਸਾਧਸੰਗਤਿ ਰਾਹੀਂ ਸਥਾਪਤ ਹੁੰਦਾ ਹੈ:

ਗਾਈ ਬਾਹਲੇ ਰੰਗ ਜਿਉ ਖੜ੍ਹ  
ਚਰਿ ਦੁਧੁ ਦੇਨਿ ਇਕ ਰੰਗੀ।  
ਬਾਹਲੇ ਬਿਰਖ ਵਣਾਸਪਤਿ  
ਅਗਨੀ ਅੰਦਰਿ ਹੈ ਬਹੁ ਰੰਗੀ।...  
ਸਾਧਸੰਗਤਿ ਸਤਿਗੁਰ ਸਹਲੰਗੀ॥9॥

## ਸਾਵਣ ਦੀਆਂ ਖੁਸ਼ੀਆਂ...

### ਸਾਵਣ ਦੋਹਰੇ

ਸਾਵਣ ਵਣ ਹਰੀਆਵਲੇ ਡੱਡੂਆਂ ਪਾਇਆ ਸ਼ੋਰ  
ਅੰਬਰ ਉਤੇ ਛਾ ਗਈਆਂ ਮੇਘ ਘਟਾਵਾਂ ਘਨਘੋਰ।

ਸਾਵਣ ਰਿਮਝਿਮ ਵਰਸਦਾ ਆਈ ਰੁੱਤ ਬਹਾਰ  
ਕੁਦਰਤ ਪੀਂਘ ਚੜ੍ਹਾ ਰਹੀ ਕਰ ਕੇ ਹਾਰ ਸ਼ਿੰਗਾਰ।

ਚਿੱਟੇ ਚਿੱਟੇ ਬਗਲੇ ਆ ਗਏ, ਦੇਖੋ ਬੰਨ ਕਤਾਰ  
ਕਾਲੇ ਕਾਲੇ ਮੇਘੜੇ ਨੇ ਧਰਤ ਨੂੰ ਦਿਤਾ ਏ ਠਾਰ।

ਕੋਇਲ ਕੂ ਕੂ ਬੋਲਦੀ, ਗਾਵੇ ਰਾਗ ਮਲ੍ਹਾਰ  
ਪੀਓ ਪੀਓ ਜਿੰਦ ਕੂਕਦੀ ਲੂੰ ਲੂੰ ਕਰੇ ਪੁਕਾਰ।

ਤੱਕ ਤੱਕ ਕੇ ਕਾਲੇ ਮੇਘ ਨੂੰ ਪੈਲਾਂ ਪਾਵਣ ਮੋਰ  
ਜਦੋਂ ਬਬੀਹਾ ਬੋਲਿਆ ਸੁਣ ਕੇ ਚੜ੍ਹ ਗਈ ਲੋਰ।

ਸਰਗਮ ਛੇੜੀ ਬੀਂਡਿਆਂ, ਡੱਡੂਆਂ ਦਿੱਤੀ ਥਾਪ  
ਇੰਜ ਜਾਪੇ ਜਿਉਂ ਗਾ ਰਹੀ ਕੁਦਰਤ ਰਾਣੀ ਆਪ।

ਹਰੇ ਰੰਗ ਦੇ ਕੱਪੜੇ ਲਏ ਹਨ ਵਨਸਪਤਿ ਨੇ ਪਾ  
ਹਰੀਆਂ ਫਸਲਾਂ ਝੂੰਮੀਆਂ ਤੱਕ ਮਸਤੀ ਗਈ ਛਾ।

ਸਾਵਣ ਝੜੀਆਂ ਲੱਗੀਆਂ ਧਰਤ ਗਈ ਨਸ਼ਿਆ  
ਵਰਖਾ ਵਿਚ ਨਹਾ ਰਹੀ ਏ ਚੰਚਲ ਸ਼ੋਖ ਹਵਾ।

ਸਾਵਣ ਬਿਜਲੀ ਕੜਕਦੀ ਕਾਲੀ ਬੋਲੀ ਰਾਤ  
ਪੀ ਪਰਦੇਸੀ ਜਿਨ੍ਹਾਂ ਦੇ ਕੌਣ ਪੁੱਛੇ ਹੁਣ ਬਾਤ।

ਮੱਛਰਾਂ ਫੌਜਾਂ ਚਾੜ੍ਹੀਆਂ ਖੂਬ ਚਲਾਵਣ ਡੰਗ  
ਜੀਵ ਜੰਤ ਸਭ ਤੜਪਦੇ ਛਿੜੀ ਅਨੋਖੀ ਜੰਗ।

ਟਟਹਿਣਿਆਂ ਦੀ ਟਿਮ ਟਿਮ ਮੱਛਰ ਭੀਂ ਭੀਂ ਗਾਉਣ  
ਮੱਖੀਆਂ ਭਿਣ ਭਿਣ ਕਰਦੀਆਂ ਰਾਗ ਸੁਣਾਉਣ।

ਭੱਬੂ ਕੁੱਤਿਆਂ ਨੇ ਲਾ ਲਏ ਹਨ ਵੱਟਾਂ ਉਤੇ ਢੇਰ  
ਫਿਰਨ ਗੰਡੋਏ ਫਰਸ਼ ਉਤੇ ਹੋ ਕੇ ਬੜੇ ਦਲੇਰ।

ਸਾਵਣ ਖੁਲ੍ਹ ਕੇ ਵਰਸਿਆ ਖੁਸ਼ ਹੋਇਆ ਕਿਰਸਾਨ  
ਸਰਸ ਗਈ 'ਸੁਰਜੀਤ' ਤੱਕ ਕੁਦਰਤ ਦਾ ਵਰਦਾਨ

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

### ਤੀਆਂ ਦਾ ਗੀਤ

ਸਾਉਣ ਦਾ ਮਹੀਨਾ, ਆਏ ਤੀਆਂ ਵਾਲੇ ਦਿਨ ਵੇ  
ਪੈਂਦੀ ਏ ਫੁਹਾਰ ਚੰਨਾ, ਆਣ ਛੇਤੀ ਛੇਤੀ ਮਿਲ ਵੇ।

ਪੀਂਘ ਦੇ ਹੁਲਾਰੇ ਨਾਲ, ਜਦੋਂ ਗੀਤ ਤੇਰਾ ਛੇੜਾਂ ਵੇ  
ਪੁੱਛਦੀਆਂ ਸਖੀਆਂ, ਨੀਂ ਕਿੱਥੇ ਹੈ ਢੋਲ ਤੇਰਾ ਵੇ?  
ਝੂਠੇ ਲਾ ਕੇ ਬਹਾਨੇ, ਵਕਤ ਲੰਘਾਵਾਂ ਵੇ  
ਵੱਢ ਵੱਢ ਖਾਵੇ ਮੈਨੂੰ ਝੋਰਾ ਤੇਰੇ ਬਿਨ ਵੇ  
ਸਾਉਣ ਦਾ ਮਹੀਨਾ...।

ਲੈ ਕੇ ਸੰਧਾਰਾ ਮੇਰਾ, ਜਦੋਂ ਵੱਡਾ ਵੀਰ ਆਇਆ ਸੀ  
ਭਰ ਕੇ ਉਹ ਟੋਕਰਾ, ਮੱਠੀਆਂ ਦਾ ਲਿਆਇਆ ਸੀ।  
ਮੱਥਾ ਟੇਕ ਸੱਸੜੀ ਨੂੰ ਆਖ ਸੁਣਾਇਆ ਵੇ  
ਸਜਦੇ ਨਾ ਭੈਣਾਂ ਬਿਨ ਪੇਕੇ ਇਹ ਦਿਨ ਵੇ  
ਸਾਉਣ ਦਾ ਮਹੀਨਾ...।

ਗਿੱਧੇ ਵਿਚ ਵੜ ਕੇ, ਮੈਂ ਗੇੜਾ ਦੇਹ ਬੋਲੀ ਪਾਈ ਵੇ  
ਸਹੇਲੀਆਂ ਦੇ ਨਾਲ ਨਾਲ, ਤਾਅਨੇ ਮਾਰੇ ਭਰਜਾਈ ਵੇ।  
ਵੀਰ ਵੀ ਹੋਇਆ ਅੱਜ ਕਲ੍ਹ ਚੁੱਪ ਚੁੱਪ ਵੇ  
ਕਾਹਦਾ ਹੱਕ ਪੇਕੇ ਮਾਪਿਆਂ ਦੇ ਬਿਨ ਵੇ  
ਸਾਉਣ ਦਾ ਮਹੀਨਾ...।

***-ਸੇਵਾ ਸਿੰਘ ਨੂਰਪੁਰੀ***

### ਬਿਸਕੁਟਾਂ ਦਾ ਪੀਪਾ

ਬਿਸਕੁਟਾਂ ਦਾ ਪੀਪਾ ਪੇਕਿਆਂ ਤੋਂ ਆਇਆ।  
ਜੁਗ-ਜੁਗ ਜੀਵੇ ਮੇਰੀ ਅੰਮੜੀ ਦਾ ਜਾਇਆ।

ਸ਼ਰੀਕਾਂ 'ਚ ਵੰਡਦੀ ਫਿਰੇ, ਫੁੱਲੀ ਨਾ ਸਮਾਵੇ।  
ਸੰਧਾਰਾ ਮੇਰਾ ਆਇਆ, ਸੋਹਲੇ ਪੇਕਿਆਂ ਦੇ ਗਾਵੇ।

ਚਾਹ 'ਚ ਡਬੋ ਕੇ ਬੱਚੇ ਚਾਅ ਨਾਲ ਖਾਂਦੇ ਨੇ।  
ਆਏ-ਗਏ ਪ੍ਰਾਹੁਣਿਆਂ ਦੇ, ਅੱਗੇ ਧਰੇ ਜਾਂਦੇ ਨੇ।

ਸਾਉਣ ਦਾ ਮਹੀਨਾ ਸਾਰਾ, ਚਾਵਾਂ ਨਾਲ ਲੰਘਦਾ।  
ਅਗਲੇ ਵਰ੍ਹੇ ਦੀ ਉਡੀਕ, ਮਨ ਰਹੇ ਸਦਾ ਮੰਗਦਾ।

ਇੰਨੀ ਹੀ ਲੋੜ ਹੈ, ਧੀ ਨੂੰ ਪਿਆਰ ਤੇ ਸਤਿਕਾਰ ਦੀ  
ਖੁਸ਼ੀ ਨਾਲ ਛੱਡ ਦਿੰਦੀ ਹੱਕ, ਸਭ ਵੀਰਾਂ ਉੱਤੋਂ ਵਾਰਦੀ।

***-ਦਵਿੰਦਰ ਕੌਰ***

# ਜਿੰਮੀ ਸ਼ੇਰਗਿੱਲ ਦਾ ਸਫਰ ਅਤੇ ਸੁਫਨਾ



ਅਦਾਕਾਰ ਜਿੰਮੀ ਸ਼ੇਰਗਿੱਲ ਨੇ ਹਿੰਦੀ ਫਿਲਮਾਂ ਵਿਚ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ ਫਿਲਮਸਾਜ਼ ਗੁਲਜ਼ਾਰ ਦੀ ਫਿਲਮ 'ਮਾਚਿਸ' ਨਾਲ 1996 ਵਿਚ ਕੀਤੀ ਸੀ। ਇਸ ਤੋਂ ਬਾਅਦ ਇਸ ਉਮਦਾ ਅਦਾਕਾਰ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਕਈ ਸਫਲ ਫਿਲਮਾਂ ਕੀਤੀਆਂ। ਜਿੰਮੀ ਦਾ ਕਹਿਣਾ ਹੈ ਕਿ ਉਸ ਦਾ ਸੁਫਨਾ ਸੀ ਕਿ ਗੁਲਜ਼ਾਰ ਸਾਹਿਬ ਕੋਈ ਅਜਿਹੀ ਫਿਲਮ ਬਣਾਉਣ ਜਿਸ ਵਿਚ ਉਸ ਨੂੰ ਕੰਮ ਕਰਨ ਦਾ ਮੌਕਾ ਮਿਲੇ ਅਤੇ ਉਸ ਦਾ ਸੁਫਨਾ 'ਮਾਚਿਸ' ਵਿਚ ਕੰਮ ਕਰਨ ਨਾਲ ਪੂਰਾ ਹੋਇਆ। ਇਸ ਫਿਲਮ ਦੌਰਾਨ ਉਸ ਨੇ ਗੁਲਜ਼ਾਰ ਤੋਂ ਬਹੁਤ ਕੁਝ ਸਿੱਖਿਆ ਅਤੇ ਇਨ੍ਹਾਂ ਸਾਰੀਆਂ ਹੀ ਗੱਲਾਂ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਇਆ ਵੀ ਹੈ। ਇਸੇ ਕਾਰਨ ਉਸ ਦੀ ਅਦਾਕਾਰੀ ਨਿੱਖਰੀ ਹੈ। ਇਸ ਤੋਂ ਬਾਅਦ ਜਿੰਮੀ ਨੇ ਫਿਲਮੀ ਦੁਨੀਆ ਵਿਚ ਆਪਣੇ ਪੈਰ ਜਮਾਏ। ਪੰਜਾਹ ਸਾਲਾ ਜਿੰਮੀ ਨੇ 'ਏ ਵੈਡਨਸਡੇਅ' ਤੇ 'ਸਪੈਸ਼ਲ 26' ਵਰਗੀਆਂ ਫਿਲਮਾਂ ਵਿਚ ਵਿਚ ਬਿਹਤਰੀਨ ਅਦਾਕਾਰੀ ਕੀਤੀ। ਉਹ ਹੁਣ ਤਕ 75 ਹਿੰਦੀ ਫਿਲਮਾਂ ਅਤੇ ਤਿੰਨ ਵੈੱਬ ਸੀਰੀਜ਼ ਵਿਚ ਕੰਮ ਕਰ ਚੁੱਕਾ ਹੈ। ***-ਸ਼ਿਵਰਾਜ ਸਿੰਘ***

# ਚਾਚਾ ਭਤੀਜਾ: ਅਭੈ ਦਿਓਲ ਅਤੇ ਕਰਨ ਦਿਓਲ





ਫਿਲਮ ਅਦਾਕਾਰ ਧਰਮਿੰਦਰ ਦਾ ਪੋਤਾ ਅਤੇ ਸਨੀ ਦਿਓਲ ਦਾ ਪੁੱਤਰ ਕਰਨ ਦਿਓਲ ਆਪਣੇ ਚਾਚੇ ਅਭੈ ਦਿਓਲ ਨਾਲ ਫਿਲਮ 'ਵੈਲੀ' ਵਿਚ ਕੰਮ ਕਰਨ ਲਈ ਕਾਫੀ ਉਤਸੁਕ ਹੈ। ਦੇਵਨ ਮੁੰਜਲ ਵੱਲੋਂ ਨਿਰਦੇਸ਼ਿਤ ਇਸ ਫਿਲਮ ਦਾ ਨਿਰਮਾਤਾ ਅਜੈ ਦੇਵਗਨ ਹੈ। ਕਰਨ ਨੂੰ ਇਹ ਸੁਫਨਾ ਸੱਚ ਹੋਣ ਵਰਗਾ ਲੱਗਦਾ ਹੈ ਜਿਸ ਨੂੰ ਉਹ ਜੀਵਨ ਭਰ ਯਾਦ ਰੱਖੇਗਾ। ਕਰਨ ਆਪਣੇ 'ਡਿੰਪੀ ਚਾਚਾ' ਨਾਲ ਕੰਮ ਕਰਨ ਲਈ ਬਹੁਤ ਉਤਸ਼ਾਹਿਤ ਹੈ। ਉਸ ਨੇ ਕਿਹਾ, "ਹਮੇਸ਼ਾ ਮੇਰੀ ਪਿੱਠ ਥਾਪੜਨ ਲਈ ਮੈਂ 'ਡਿੰਪੀ ਚਾਚਾ' ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਉਹ ਮੇਰੇ ਲਈ ਪ੍ਰੇਰਨਾ ਸਰੋਤ ਰਹੇ ਹਨ ਅਤੇ ਉਨ੍ਹਾਂ ਨਾਲ ਕੀਤੇ ਕੰਮ ਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ।" ਇਹ ਫਿਲਮ ਤੇਲਗੂ ਫਿਲਮ 'ਬਰੋਚੇਵਾਰੇਵਾਰੂਰਾ' ਦੀ ਰੀਮੇਕ ਹੈ। ਕੁਝ ਸਮੇਂ ਤੋਂ ਵੱਡੇ ਪਰਦੇ ਤੋਂ ਦੂਰ ਰਹੇ ਅਭੈ ਦਿਓਲ ਕਰਨ ਦਿਓਲ ਨਾਲ ਸਕਰੀਨ ਸਾਂਝੀ ਕਰਨਗੇ। ਫਿਲਮ 'ਪਲ ਪਲ ਦਿਲ ਕੇ ਪਾਸ' ਦੇ ਅਦਾਕਾਰ ਨੇ ਕਿਹਾ, "ਮੈਂ ਸਾਰਿਆਂ ਨੂੰ ਇਹ ਦਿਖਾਉਣ ਲਈ ਬਹੁਤ ਉਤਸੁਕ ਹਾਂ ਕਿ ਅਸੀਂ ਕੀ ਸ਼ੂਟ ਕਰ ਰਹੇ ਹਾਂ।"

ਕਰਨ ਦਿਓਲ ਦਾ ਕਹਿਣਾ ਹੈ ਕਿ ਆਪਣੀ ਪਹਿਲੀ ਫਿਲਮ 'ਪਲ ਪਲ ਦਿਲ ਕੇ ਪਾਸ' ਤੋਂ ਬਾਅਦ ਉਹਨੇ ਫਿਲਮੀ ਦੁਨੀਆ ਬਾਰੇ ਕਾਫੀ ਕੁਝ ਸਿੱਖਿਆ ਹੈ। ਕਰੋਨਾ ਬਾਰੇ ਪੁੱਛਣ 'ਤੇ ਉਹ ਦੱਸਦਾ ਹੈ ਕਿ ਕਰੋਨਾ ਵਾਇਰਸ ਕਾਰਨ ਹਰ ਖੇਤਰ ਨੂੰ ਮਾਰ ਪਈ ਹੈ। ਫਿਲਮ ਸੰਸਾਰ ਵੀ ਇਸ ਤੋਂ ਅਛੂਤਾ ਨਹੀਂ ਰਿਹਾ ਹੈ ਅਤੇ ਨਾ ਹੀ ਰਹਿ ਸਕਦਾ ਸੀ। ਹੁਣ ਹੌਲੀ-ਹੌਲੀ ਕਰਕੇ ਸਾਰੀਆਂ ਚੀਜ਼ਾਂ ਦੁਬਾਰਾ ਜ਼ਿੰਦਗੀ ਦਾ ਹਿੱਸਾ ਬਣ ਰਹੀਆਂ ਹਨ। ਫਿਲਮਾਂ ਵੀ ਬਣਨੀਆਂ ਸ਼ੁਰੂ ਹੋਈਆਂ ਹਨ। ਉਸ ਨੇ ਦੱਸਿਆ ਕਿ ਫਿਲਮ 'ਵੈਲੀ' ਵਿਚ ਉਹ ਬਿਲਕੁਲ ਨਵੀਂ ਦਿੱਖ ਵਿਚ ਦਿਖਾਈ ਦੇਵੇਗਾ ਅਤੇ ਇਹ ਫਿਲਮ ਉਸ ਦੇ ਕਰੀਅਰ ਵਿਚ ਬਹੁਤ ਅਹਿਮੀਅਤ ਰੱਖਦੀ ਹੈ।

ਕਰਨ ਦਿਓਲ ਨੂੰ ਸਭ ਤੋਂ ਜ਼ਿਆਦਾ ਚਾਅ ਤਾਂ ਆਪਣੇ ਚਾਚੇ ਅਭੈ ਦਿਓਲ ਨਾਲ ਕੰਮ ਕਰਨ ਦਾ ਹੈ। ਯਾਦ ਰਹੇ ਕਿ ਅਭੈ ਦਿਓਲ ਦਾ ਫਿਲਮੀ ਦੁਨੀਆ ਅੰਦਰ ਮੁਕਾਮ ਹੈ। ਉਹ ਫਿਲਮਾਂ ਖਾਤਰ ਕਦੀ ਵੀ ਪੈਸੇ ਜਾਂ ਸ਼ੁਹਰਤ ਪਿਛੇ ਨਹੀਂ ਦੌੜਿਆ ਅਤੇ ਉਸ ਨੇ ਆਪਣੀ ਮਰਜ਼ੀ ਦੀਆਂ ਫਿਲਮਾਂ ਕੀਤੀ ਹਨ। ਉਸ ਨੇ ਮਸਾਲਾ ਫਿਲਮਾਂ ਵਿਚ ਵੀ ਕੰਮ ਕੀਤਾ ਹੈ ਅਤੇ ਮੁੱਦਿਆਂ 'ਤੇ ਆਧਾਰਿਤ ਫਿਲਮਾਂ ਵੀ ਬਣਾਈਆਂ; ਉਸ ਦੀ ਕੋਈ ਫਿਲਮ ਚੱਲੀ ਹੋਵੇ ਜਾਂ ਨਾ ਪਰ ਉਸ ਦੀ ਹਰ ਫਿਲਮ ਦੀ ਚਰਚਾ ਜ਼ਰੂਰ ਹੋਈ ਹੈ। ਅਸਲ ਵਿਚ ਉਸ ਦੀ ਅਦਾਕਾਰੀ ਬਹੁਤ ਸਹਿਜ ਹੈ ਅਤੇ ਉਸ ਨੂੰ ਅਦਾਕਾਰੀ ਲਈ ਕਦੀ ਵੀ ਜ਼ੋਰ ਨਹੀਂ ਲਗਾਉਣਾ ਪੈਂਦਾ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕੋਈ ਸਾਧਾਰਨ ਜਿਹਾ ਨੌਜਵਾਨ ਆਪਣੀ ਭਾਵਨਾਵਾਂ ਪ੍ਰਗਟ ਕਰ ਰਿਹਾ ਹੈ।

ਇਨ੍ਹਾਂ ਗੱਲਾਂ ਕਰਕੇ ਹੀ ਉਹ ਪੂਰੇ ਦਿਓਲ ਪਰਿਵਾਰ ਤੋਂ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ। ਇਸੇ ਕਰਕੇ ਹੀ ਵੱਖ-ਵੱਖ ਫਿਲਮਸਾਜ਼ ਉਸ ਨੂੰ ਈਂ ਜ਼ਿਆਦਾ ਅਹਿਮੀਅਤ ਦਿੰਦੇ ਹਨ। ਉਹ ਆਪਣੀ ਹਰ ਫਿਲਮ ਅਤੇ ਹਰ ਕਿਰਦਾਰ ਖੁਭ ਕੇ ਕਰਦਾ ਹੈ ਅਤੇ ਪੂਰੀ ਜਾਨ ਪਾ ਦਿੰਦਾ ਹੈ। ਉਸ ਦੀ ਇਹੀ ਲਗਨ ਅਤੇ ਮਿਹਨਤ ਕਰਨ ਦਾ ਸੁਭਾਅ ਉਸ ਦੀ ਸਭ ਤੋਂ ਵੱਡੀ ਤਾਕਤ ਹੈ।

***-ਗੁਰਜੰਟ ਸਿੰਘ***

# ਦਿ ਕਨਵਰਜ਼ਨ: ਲਵ ਜਹਾਦ ਵਾਲੀ ਸਿਆਸਤ ਦਾ ਰੰਗ

ਫਿਲਮ 'ਦਿ ਕਨਵਰਜ਼ਨ' ਦਾ ਟਰੇਲਰ ਜਾਰੀ ਕਰ ਦਿੱਾ ਗਿਆ ਹੈ। ਫਿਲਮ ਭਾਰਤ 'ਚ ਜਾਤ ਅਤੇ ਧਰਮ ਤੋਂ ਬਾਹਰ ਹੁੰਦੇ ਪ੍ਰੇਮ ਵਿਆਹਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਦੀ ਹੈ। ਫਿਲਮ ਨਿਰਦੇਸ਼ਕ ਵਿਨੋਦ ਤਿਵਾੜੀ ਨੇ ਕਿਹਾ ਕਿ ਫਿਲਮ ਦੇ ਵਿਸ਼ੇ ਨਾਲ ਅਜੋਕੀ ਨੌਜਵਾਨ ਪੀੜ੍ਹੀ ਅੰਦਰ ਜਾਗਰੂਕਤਾ ਆਵੇਗੀ। 'ਦਿ ਕਨਵਰਜ਼ਨ' ਫਿਲਮ ਭਾਰਤ 'ਚ ਪ੍ਰੇਮ ਵਿਆਹ ਦੇ ਰਾਹ ਵਿਚ ਆਉਂਦੇ ਧਾਰਮਿਕ ਅੜਿੱਕਿਆਂ ਦੇ ਰੂ-ਬ-ਰੂ ਕਰਵਾਉਂਦੀ ਹੈ। ਵਿੰਧਿਆ ਤਿਵਾੜੀ, ਪ੍ਰਤੀਕ ਸ਼ੁਕਲਾ ਅਤੇ ਰਵੀ ਭਾਟੀਆ ਇਸ ਫਿਲਮ 'ਚ ਮੁੱਖ ਕਿਰਦਾਰਾਂ ਵਿਚ ਨਜ਼ਰ ਆਉਣਗੇ। ਫਿਲਮ ਅਗਲੇ ਮਹੀਨੇ ਰਿਲੀਜ਼ ਹੋਵੇਗੀ।

ਫਿਲਮ ਦੇ ਡਾਇਰੈਕਟਰ ਵਿਨੋਦ ਤਿਵਾੜੀ ਦਾ ਕਹਿਣਾ ਹੈ ਕਿ ਇਸ ਫਿਲਮ ਵਿਚ ਤਿਕੋਣਾ ਪਿਆਰ ਦਿਖਾਇਆ ਗਿਆ ਹੈ ਪਰ ਇਹ ਤਿਕੋਣਾ ਪਿਆਰ ਇੰਨਾ ਸਾਧਾਰਨ ਨਹੀਂ। ਇਸ ਅੰਦਰ ਬੜੀਆਂ ਗੁੰਝਲਾਂ ਹਨ। ਇਹ ਗੁੰਝਲਾਂ ਓਨੀਆਂ ਹੀ ਪੇਚੀਦਾ ਹਨ ਜਿੰਨਾ ਪੇਚੀਦਾ ਸਾਡਾ ਸਮਾਜ ਹੈ। ਅਸਲ ਵਿਚ ਜਿਥੇ ਵੀ ਧਰਮ ਅਤੇ ਜਾਤ ਦਾ ਮਸਲਾ ਆ ਜਾਂਦਾ ਹੈ, ਉਥੇ ਵੱਖ-ਵੱਖ ਮਸਲੇ ਇਸ ਤਰ੍ਹਾਂ ਹੀ ਪੇਚੀਦਾ ਹੋ ਜਾਂਦੇ ਹਨ।

ਚੇਤੇ ਰਹੇ ਕਿ ਭਾਰਤ ਦੀ ਚੁਣਾਵੀ ਸਿਆਸਤ ਅੰਦਰ ਧਰਮ ਅਤੇ ਜਾਤ ਦਾ ਆਪਣੀ ਭੂਮਿਕਾ ਰਹੀ ਹੈ। ਕੁਝ ਸਮਿਆਂ ਤੋਂ ਜਿਸ ਢੰਗ ਦੀ ਸਿਆਸਤ ਸਾਹਮਣੇ ਆਈ ਹੈ, ਉਸ ਨੇ ਸਮਾਜ ਅੰਦਰ ਬਹੁਤ ਡੂੰਘੀਆਂ ਤਰੇੜਾਂ ਪੈਦਾ ਕਰ ਦਿੱਤੀਆਂ ਹਨ। ਧਰਮ ਅਤੇ ਜਾਤ ਨੂੰ ਲੈ ਕੇ ਖੂਨੀ ਟਕਰਾ ਤੱਕ ਹੋ ਰਹੇ ਹਨ।




ਵਿਨੋਦ ਤਿਵਾੜੀ ਦਾ ਕਹਿਣਾ ਹੈ ਕਿ ਉਸ ਦੀ ਫਿਲਮ ਅਜਿਹੀ ਸਿਆਸਤ ਬਾਰੇ ਤਾਂ ਕੋਈ ਟਿੱਪਣੀ ਨਹੀਂ ਕਰਦੀ ਪਰ ਅਜਿਹੀ ਸਿਆਸਤ ਕਾਰਨ ਲੋਕਾਂ ਨੂੰ ਜਿਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨੂੰ ਇਸ ਫਿਲਮ ਵਿਚ ਸੂਖਮ ਅਤੇ ਭਾਵੁਕ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਲਾਕਾਰ ਹਰ ਮਸਲੇ ਨੂੰ ਆਪਣੇ ਢੰਗ ਨਾਲ ਵਿਚਾਰਦਾ ਹੈ ਅਤੇ ਆਪਣੇ ਹੀ ਢੰਗ ਨਾਲ ਪੇਸ਼ ਕਰਨ ਦਾ ਯਤਨ ਕਰਦਾ ਹੈ। ਫਿਲਮ ਜਿਸ ਮਸਲੇ ਨੂੰ ਸੰਬੋਧਤ ਹੈ, ਉਹ ਕੁਝ ਕਾਰਨਾਂ ਕਰਕੇ ਸਿਆਸਤ ਦੀ ਭੇਟ ਚੜ੍ਹ ਗਏ ਹਨ। ਇਸ ਕਰਕੇ ਇਸ ਫਿਲਮ ਵਿਚ ਸਿਆਸਤ ਦਾ ਅਜਿਹਾ ਰੰਗ-ਢੰਗ ਸਿੱਧੇ ਅਸਿੱਧੇ ਰੂਪ ਵਿਚ ਆਉਣਾ ਹੀ ਆਉਣਾ ਹੈ। ਫਿਰ ਵੀ ਯਤਨ ਕੀਤਾ ਗਿਆ ਹੈ ਕਿ ਇਸ ਮਸਲੇ ਨੂੰ ਤਿੰਨਾਂ ਕਿਰਦਾਰਾਂ ਦੀ ਜ਼ਿੰਦਗੀ ਨਾਲ ਜੋੜ ਕੇ ਪਾਠਕਾਂ ਨੂੰ ਕਹਾਣੀ ਸੁਣਾਈ ਜਾਵੇ।

ਉਸ ਨੇ ਕਿਹਾ ਕਿ ਉਸ ਦੇ ਨੇੜੇ-ਤੇੜੇ ਕੁਝ ਅਜਿਹੀ ਘਟਨਾਵਾਂ ਹੋਈਆਂ ਜਿਸ ਕਾਰਨ ਉਸ ਨੇ ਇਸ ਮਸਲੇ ਨੂੰ ਧਿਆਨ ਨਾਲ ਘੋਖਣਾ ਆਰੰਭ ਕੀਤਾ। ਜਿਉਂ-ਜਿਉਂ ਉਹ ਇਸ ਮਸਲੇ ਬਾਰੇ ਖੋਜਬੀਨ ਕਰਦਾ ਗਿਆ, ਇਸ ਪ੍ਰੋਜੈਕਟ ਹੋਰ ਵੀ ਜ਼ਿਆਦਾ ਖੁਭਦਾ ਗਿਆ ਅਤੇ ਆਖਰਕਾਰ ਉਸ ਨੇ ਇਸ ਮਸਲੇ 'ਤੇ ਫਿਲਮ ਬਣਾਉਣ ਦਾ ਫੈਸਲਾ ਕਰ ਲਿਆ।

ਇਸ ਮਸਲੇ ਬਾਰੇ ਛਿੜਨ ਵਾਲੇ ਸੰਭਾਵੀ ਝਗੜਿਆਂ ਬਾਰੇ ਵਿਨੋਦ ਤਿਵਾੜੀ ਨੇ ਕਿਹਾ ਕਿ ਜੇ ਤੁਸੀਂ ਸਮਾਜ ਅੰਦਰ ਰਹਿੰਦੇ ਹੋ ਅਤੇ ਨਿੱਠ ਕੇ ਕੰਮ ਵੀ ਕਰਦੇ ਹੋ ਤਾਂ ਤੁਹਾਡੀ ਪ੍ਰਸ਼ੰਸਾ ਜਾਂ ਨੁਕਤਾਚੀਨੀ ਹੋਣੀ ਹੀ ਹੁੰਦੀ ਹੈ। ਨੁਕਤਾਚੀਨੀ ਤੋਂ ਡਰ ਕੇ ਤੁਸੀਂ ਆਪਣਾ ਕੰਮ ਨਹੀਂ ਛੱਡ ਸਕਦੇ। ਉਂਜ ਵੀ ਅਜਿਹੇ ਮਸਲਿਆਂ ਉਤੇ ਤਾਂ ਵੱਧ ਤੋਂ ਵੱਧ ਕੰਮ ਹੋਣਾ ਚਾਹੀਦਾ ਹੈ ਤਾਂ ਕਿ ਲੋਕ ਅਜਿਹੇ ਮਸਲਿਆਂ ਬਾਰੇ ਵਧੇਰੇ ਜਾਗਰੂਕ ਹੋਣ ਅਤੇ ਆਪਣੇ ਸਮਾਜ ਨੂੰ ਚਾਰ ਕਦਮ ਅਗਾਂਹ ਲੈ ਕੇ ਜਾਣ।

ਵਿਨੋਦ ਤਿਵਾੜੀ ਦੀ ਫਿਲਮ ਬੜੀ ਤੇਜ਼ੀ ਨਾਲ ਬਣਾਈ ਜਾ ਰਹੀ ਹੈ। ਵਿਸ਼ਾ ਹੀ ਅਜਿਹਾ ਹੈ ਕਿ ਇਸ ਬਾਰੇ ਚਰਚਾ ਵੀ ਹੋ ਰਹੀ ਹੈ। ਹੁਣ ਦੇਖਣਾ ਇਹ ਹੈ ਕਿ ਫਿਲਮਸਾਜ਼ ਨੇ ਇਸ ਅਤਿ ਨਾਜ਼ੁਕ ਅਤੇ ਗੰਭੀਰ ਮਸਲੇ ਨੂੰ ਕਿੰਨੀ ਸੰਜੀਦਗੀ ਨਾਲ ਨਜਿੱਠਿਆ ਹੈ। ਸਭ ਦੀਆਂ ਨਜ਼ਰਾਂ ਹੁਣ ਇਸ ਫਿਲਮ ਵੱਲ ਲੱਗੀਆਂ ਹੋਈਆਂ ਹਨ। ***-ਆਮਨਾ ਸਿੰਘ***

# ਅਦਾਕਾਰਾ ਦੀਪਿਕਾ ਬਣੀ 'ਫਾਈਟਰ'



ਰਿਤਿਕ ਰੌਸ਼ਨ ਅਤੇ ਦੀਪਿਕਾ ਪਾਦੂਕੋਣ ਦੀਆਂ ਮੁੱਖ ਭੂਮਿਕਾਵਾਂ ਵਾਲੀ ਫਿਲਮ 'ਫਾਈਟਰ' 26 ਜਨਵਰੀ 2023 ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਵਾਇਆਕਾਮ 18 ਸਟੂਡੀਓਜ਼ ਨੇ ਫਿਲਮ ਦੀ ਰਿਲੀਜ਼ ਬਾਰੇ ਤਰੀਕ ਦਾ ਐਲਾਨ ਕਰ ਦਿੱਤਾ ਹੈ। ਡਾਇਰੈਕਟਰ ਸਿਧਾਰਥ ਆਨੰਦ ਦੀ ਇਸ ਫਿਲਮ ਨੂੰ ਪਹਿਲਾਂ ਸਤੰਬਰ 2022 ਵਿਚ ਰਿਲੀਜ਼ ਕਰਨ ਦੀ ਯੋਜਨਾ ਸੀ। 'ਫਾਈਟਰ' ਫਿਲਮ ਭਾਰਤੀ ਫੌਜਾਂ ਦੇ ਜਵਾਨਾਂ ਦੀ ਦੇਸ਼ਭਗਤੀ, ਕੁਰਬਾਨੀ ਅਤੇ ਬਹਾਦਰੀ ਨੂੰ ਸਮਰਪਿਤ ਹੈ। ਵਾਇਆਕਾਮ 18 ਸਟੂਡੀਓਜ਼ ਦੇ ਸੀ.ਓ.ਓ. ਅਜੀਤ ਅੰਧਾਰੇ ਨੇ ਟਵਿੱਟਰ ਰਾਹੀਂ ਫਿਲਮ ਦੀ ਰਿਲੀਜ਼ ਸਬੰਧੀ ਜਾਣਕਾਰੀ ਦਿੱਤੀ। ਆਪਣੀ ਇਸ ਫਿਲਮ ਲਈ ਦੀਪਿਕਾ ਪਾਦੂਕੋਣ ਬਹੁਤ ਉਤਸ਼ਾਹਿਤ ਹੈ। ***-ਰਾਧਿਕਾ***



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com